REPORT RESUMES

ED 010 486 04
PANJABI READER, LEVEL 2.
BY- VATUK, VED P.
COLORADO STATE UNIV., FORT COLLINS
REPORT NUMBER NDEA-VI-315-2 PUB DATE 64
CONTRACT OEC-3-14-008
EDRS PRICE MF-$0.63 HC-$17.00 425P.

DESCRIPTORS- *PANJABI, *LANGUAGES, POETRY, *LITERATURE, GLOSSARIES, *LANGUAGE INSTRUCTION, GRAMMAR, *WRITTEN LANGUAGE, FORT COLLINS, COLORADO

THIS SECOND-LEVEL READER IN THE PANJABI LANGUAGE CAN BE USED IN A SECOND- OR THIRD-YEAR COURSE AS A SUPPLEMENT TO CONVERSATIONAL MATERIALS, OR BY ITSELF IN A COURSE ON THE WRITTEN LANGUAGE. THE GRAMMAR APPENDIX INCLUDED IS IDENTICAL TO THAT FOUND IN THE FIRST-LEVEL PANJABI READER (ED 010 485). THE MAIN PORTION OF THE BOOK CONSISTS OF 23 UNITS, SELECTED FROM VARIOUS TYPES OF MODERN PROSE AND POETRY STYLES AND GRADATED ACCORDING TO DIFFICULTY. IN THE FINAL PORTION OF THE READER THERE ARE SELECTIONS FROM THE "GURU," SPECIFICALLY "GRANTH SAHIB," THE MAJOR RELIGIOUS WORK OF THE SIKH RELIGION. (JC)

ED010486

U. S. DEPARTMENT OF HEALTH, EDUCATION AND WELFARE
Office of Education
This document has been reproduced exactly as received from the person or organization originating it. Points of view or opinions stated do not necessarily represent official Office of Education position or policy.

PANJABI READER,

LEVEL II

Ved Prakash Vatuk

Colorado State University
Research Foundation
Fort Collins, Colorado
1964

This Reader was prepared pursuant to Contract No. OE-3-14-008 with the United States Office of Education, Department of Health, Education and Welfare.

PREFACE

This book is intended primarily for those students who have a speaking knowledge of Panjabi and a knowledge of Panjabi grammar. It can be used in a second or third year course as a supplement to conversational materials, or by itself in a course on the written language. Although it would be most suitable used in conjunction with other grammatical texts and dictionaries, a glossary and a brief grammatical appendix has been added to make the Reader self-sufficient. This book is the second part of a series of two Readers. Words already used in the Panjabi Reader - Level I are not included in the vocabulary lists and glossary, but the glossary from the first year Reader has been reprinted at the end of this book for the student's convenience. The grammatical appendix is identical to that found in the Panjabi Reader - Level I.

The main portion of this book consists of 23 units, selected from various types of modern prose and poetry styles and graded according to difficulty. Each unit includes notes on the translation of idioms or difficult constructions, lists of vocabulary and exercises relevant to the material read. The final portion of the Reader gives selections from the Guru: Granth Sahib, the major religious work of the Sikh religion, for students wishing an introduction to this older literary style.

None of the selections presented here have been edited for content, nor have they been chosen primarily for their artistic or substantive merit, although the more prominent Panjabi writers have been represented. The purpose has rather been to give a variety of styles and subject matter, and to introduce the student to the way of life and mode of thought of the Panjabi speaker, in so far as this is possible in so brief a work. Particularly in the non-fiction, the student should not necessarily regard the material read as authoritative or as representing the views of the compiler.

As in most languages, there is considerable diversity between written and spoken Panjabi. In the case of Panjabi, regional dialectical differences are many, and a "standard written language" is still in the formative stages. Depending upon the education and the literary intentions of the writer, Panjabi written style is influenced in varying degrees by the Sanskritization of Hindi, by the Persianized Urdu style, by his own dialectical usages, and, particularly in recent writing, by English. These influences are evident primarily in the vocabulary used, but show up in matters of grammar and syntax as well. Furthermore, the evolution of the Panjabi writing system has not yet reached the extent of standardization to be found in English. There are many variant spellings of words, certain letters are continually interchanged, the spelling of certain vowel combinations, doubling of consonants and consonant combinations is still fluid, and it is not uncommon to find the spelling of the same word within a paragraph appear in different forms. Since the student will have to cope with the vagaries of Panjabi spelling in any reading he does, no attempt has been made to standardize the spelling of the selections used. In general, no attempt has been made to teach "pure" or "correct" Panjabi, either in usage or spelling--the emphasis has entirely on the language as it is actually written.

I owe gratitude to many people for this Reader. First and foremost to the writers whose passages are used here and to the Department of Health, Education and Welfare of the United States Government, which made possible the writing of this book. I owe my thanks also to Drs. Roy Nelson, Maurice Albertson and George Olson of the Colorado State University Research Foundation for their valuable help, and to my wife, Sylvia Vatuk, who has been the main inspiration, typist, proof-reader, editor and many other things while this book was being written. In fact the Reader belongs to her as much as to me.

TABLE OF CONTENTS

I	ਘਰ ਵਿਚ ਸਤਿਆਗ੍ਰਹਿ — ਮਹਾਤਮਾਂ ਗਾਧੀ	1
II	ਸ਼ੂਨਿਗਰ ਦਾ ਮੇਲਾ — ਗੁਰਦਿਆਲ ਸਿੰਘ ਫੁੱਲ	9
III	ਪੰਜਾਬੀ ਸਾਹਿੱਤ ਦੀ ਕਹਾਣੀ — ਭਾਸ਼ਾ ਪ੍ਰਬੋਧ	18
IV	ਮੇਰਾ ਵਿਆਹ — ਤੇਜਾ ਸਿੰਘ	32
V	ਪਿੰਡ ਦੀ ਸਵੇਰ — ਬਿਸਨ ਸਿੰਘ ਉਪਾਸ਼ਕ	44
VI	ਅੰਮ੍ਰਿਤਸਰ — ਮਹਿੰਦਰ ਸਿੰਘ ਰੰਧਾਵਾ	53
VII	ਅਧੀ ਰਾਤ ਕਤਲ — ਕਰਤਾਰ ਸਿੰਘ ਦੁੱਗਲ	65
VIII	ਰਾਮ ਲਲਿਾ — ਬਲਵੰਤ ਸਿੰਘ ਗਾਰਗੀ	81
IX	ਦਾਵਾਨਲ — ਸੰਤੋਖ ਸਿੰਘ ਧੀਰ	95
X	ਸਵਰਾਜ ਕੀ ਹੈ — ਗੁਰਬਖਸ਼ ਸਿੰਘ	103
XI	ਅੱਗ ਲਗ ਗਈ — ਕਰਤਾਰ ਸਿੰਘ ਦੁੱਗਲ	116
XII	ਰਿਆਸਤੀ ਅਦਾਲਤ ਤੇ ਮਜਿਸਟ੍ਰੇਟ — ਦੀਵਾਨ ਸਿੰਘ ਮਫ਼ਤੂਲ	127
XIII	ਸਹਾਏ — ਮਿੰਤੋਂ	141
XIV	ਮੇਲੇ ਵਿੱਚ ਜੱਟ — ਧਨੀਰਾਮ ਚਾਤ੍ਰਿਕ	158
XV	ਤਲਾਸ਼ੀ — ਅਰਜਨ ਸਿੰਘ ਗੜਗੱਜ	165
XVI	ਪੰਜਾਬੀ ਕਹਾਣੀ —ਕੁਲਬੀਰ ਸਿੰਘ ਕਾਂਗ	178
XVII	੧੯੬੦ ਦੀ ਪਾਕਿਸਤਾਨੀ ਪੰਜਾਬੀ ਕਵਿਤਾ — ਜਗਤਾਰ ਸਿੰਘ	197
XVIII	ਰਾਂਝੇ ਦਾ ਘਰ ਛੱਡਣਾ — ਵਾਰਸਸ਼ਾਹ	215
XIX	ਪੰਜਾਬ ਦੀ ਬੁਰਮਗਤੀ ਦਾ ਇਤਿਹਾਸ — ਬਲਜੀਤ ਸਿੰਘ ਬੱਲੀ	222
XX	ਆਸ ਦਾ ਜਨਮ — ਸੰਤ ਸਿੰਘ ਸੇਖੋਂ	243
XXI	ਆਖਾਂ ਵਾਰਸਸ਼ਾਹ ਨੂੰ — ਅੰਮ੍ਰਿਤਾ ਪ੍ਰਿਤਮ	257
XXII	ਸਵਾ ਪੰਜ ਰੁਪਏ — ਮੋਹਨ ਸਿੰਘ	263
XXIII	ਮੇਰਾ ਪਾਕਿਸਤਾਨੀ ਸਫ਼ਰਨਾਮਾ — ਬਲਰਾਜ ਸਾਹਨੀ	281
XIV	SELECTIONS FROM GURU GRANTH SAHIB	303
	GLOSSARY	316
	GRAMMATICAL APPENDIX	i

UNIT I

ਘਰ ਵਿਚ ਸਤਿਆਗ੍ਰਹਿ*

ਮਹਾਤਮਾ ਗਾਂਧੀ

ਮੈਨੂੰ ਜੇਲ੍ਹ ਦਾ ਪਹਿਲਾ ਅਨੁਭਵ ਸੰਨ ੧੯੦੮ ਵਿਚ ਹੋਇਆ। ਉਸ ਵੇਲੇ ਮੈਂ ਦੇਖਿਆ ਕਿ ਜੇਲ੍ਹ ਵਿਚ ਕੈਦੀਆਂ ਪਾਸੋਂ ਜਿਨ੍ਹਾਂ ਨਿਯਮਾਂ ਦੀ ਪਾਲਣਾ ਕਰਵਾਈ ਜਾਂਦੀ ਹੈ, ਸੰਜਮੀ ਜਾਂ ਬ੍ਰਹਮਚਾਰੀ ਨੂੰ ਉਨ੍ਹਾਂ ਦੀ ਪਾਲਣਾ ਸਵੈ-ਇੱਛਿਆ-ਪੂਰਬਕ ਕਰਨੀ ਚਾਹੀਦੀ ਹੈ। ਜਿਵੇਂ ਕੈਦੀਆਂ ਨੂੰ ਸੂਰਜ ਅਸਤ ਤੋਂ ਪਹਿਲਾਂ ਪੰਜ ਵਜੇ ਖਾ ਲੈਣਾ ਹੁੰਦਾ ਹੈ, ਉਨ੍ਹਾਂ ਨੂੰ ਚਾਹ ਕਾਫ਼ੀ ਨਹੀਂ ਦਿੱਤੀ ਜਾਂਦੀ, ਲੂਣ ਖਾਣਾ ਹੋਵੇ ਤਾਂ ਅਲੱਗ ਲੈਣਾ ਹੁੰਦਾ ਹੈ ਤੇ ਸੁਆਦ ਲਈ ਤਾਂ ਕੁਝ ਖਾਧਾ ਹੀ ਨਹੀਂ ਜਾ ਸਕਦਾ।

ਸੋ ਜੇਲ੍ਹ ਤੋਂ ਛੁੱਟਣ ਮਗਰੋਂ ਮੈਂ ਤੁਰੰਤ ਫੇਰ ਫਾਰ ਕੀਤੇ। ਚਾਹ ਬਿਲਕੁਲ ਬੰਦ ਕਰ ਦਿੱਤੀ ਅਤੇ ਸ਼ਾਮ ਨੂੰ ਛੇਤੀ ਖਾਣ ਦੀ ਆਦਤ ਪਾਈ, ਜੋ ਅੱਜ ਸੁਭਾਵਿਕ ਹੋ ਗਈ ਹੈ।

ਪਰ ਇਕ ਅਜਿਹਾ ਪ੍ਰਸੰਗ ਬਣ ਗਿਆ, ਜਿਸ ਦੇ ਕਾਰਨ ਲੂਣ ਦਾ ਭੀ ਤਿਆਗ ਕੀਤਾ, ਜੋ ਲਗ ਪਗ ੧੦ ਸਾਲ ਤਾਂ ਅਖੰਡ ਭਾਵ ਨਾਲ ਕਾਇਮ ਰਿਹਾ। ਮੈਂ ਪੜ੍ਹਿਆ ਸੀ ਕਿ ਮਨੁੱਖ ਲਈ ਲੂਣ ਖਾਣਾ ਜ਼ਰੂਰੀ ਨਹੀਂ ਅਤੇ ਇਹ ਤਾਂ ਮੈਨੂੰ ਸੁੱਝਿਆ ਹੀ ਸੀ ਕਿ ਲੂਣ ਨਾ ਖਾਣ ਨਾਲ ਬ੍ਰਹਮਚਾਰੀ ਨੂੰ ਲਾਭ ਹੁੰਦਾ ਹੈ। ਮੈਂ ਇਹ ਭੀ ਪੜ੍ਹਿਆ ਅਤੇ ਅਨੁਭਵ ਕੀਤਾ ਸੀ ਕਿ ਕਮਜ਼ੋਰ ਸਰੀਰ ਵਾਲੇ ਨੂੰ ਦਾਲ ਨਹੀਂ ਖਾਣੀ ਚਾਹੀਦੀ ਪਰ ਮੈਂ ਉਨ੍ਹਾਂ ਨੂੰ ਤੁਰੰਤ ਨਾ ਛੱਡ ਸਕਿਆ। ਦੋਵੇਂ ਚੀਜ਼ਾਂ ਮੈਨੂੰ ਪਿਆਰੀਆਂ ਸਨ।

ਸ਼ਸਤ੍ਰ-ਕਿਰਿਆ ਤੋਂ ਕਸਤੂਰ ਬਾਈ ਦਾ ਜੋ ਲਹੂ ਵਹਿਣ ਬੰਦ ਹੋਇਆ ਸੀ, ਉਹ ਫੇਰ ਸ਼ੁਰੂ ਹੋ ਗਿਆ। ਕਿਸੇ ਤਰ੍ਹਾਂ ਬੰਦ ਹੀ ਨਹੀਂ ਸੀ ਹੁੰਦਾ। ਇਕੱਲੇ ਪਾਣੀ ਦੇ ਇਲਾਜ ਵਿਅਰਥ ਸਿੱਧ ਹੋਏ। ਦੂਜੀ ਦਵਾਈ ਕਰਨ ਦਾ ਆਗ੍ਰਹਿ ਨਹੀਂ ਸੀ। ਮੈਂ ਉਸ ਨੂੰ ਲੂਣ ਤੇ ਦਾਲ ਛੱਡਣ ਦੀ ਬੇਨਤੀ ਕੀਤੀ। ਬਹੁਤ ਮਨਾਉਣ ਤੇ ਭੀ ਉਹ ਮੰਨੀ ਨਹੀਂ। ਅੰਤ ਉਸ ਨੇ ਕਿਹਾ, 'ਦਾਲ ਅਤੇ ਲੂਣ ਛੱਡਣ ਲਈ ਤਾਂ ਕੋਈ ਤੁਹਾਨੂੰ ਕਹੇ ਤਾਂ ਤੁਸੀਂ ਆਪ ਭੀ ਨਾ ਛੱਡੋ।' ਮੈਨੂੰ ਦੁੱਖ ਭੀ ਹੋਇਆ ਅਤੇ ਖ਼ੁਸ਼ੀ ਭੀ। ਮੈਨੂੰ ਆਪਣਾ ਪ੍ਰੇਮ ਉਲਦਣ ਦਾ ਮੌਕਾ ਮਿਲਿਆ। ਉਸ ਦੇ ਹਰਸ਼-ਵੱਸ ਮੈਂ ਤੁਰੰਤ ਹੀ ਕਿਹਾ, 'ਮੈਨੂੰ ਬੀਮਾਰੀ ਹੋਵੇ ਤੇ ਵੈਦ ਜਿਸ ਚੀਜ਼ ਨੂੰ ਜਾਂ ਦੂਜੀ ਕਿਸੇ ਚੀਜ਼ ਨੂੰ ਛੱਡਣ ਲਈ ਕਹੇ ਤਾਂ ਮੈਂ ਜ਼ਰੂਰ ਛੱਡ ਦਿਆਂ ਪਰ ਜਾਹ ਮੈਂ ਤਾਂ ਇਕ ਸਾਲ ਲਈ ਲੂਣ ਤੇ ਦਾਲ ਦੋਵੇਂ ਛੱਡੇ। ਤੂੰ ਛੱਡ ਜਾਂ ਨਾ, ਉਹ ਅਲੱਗ ਗੱਲ ਹੈ।'

ਪਤਨੀ ਨੂੰ ਬਹੁਤ ਪਸ਼ਚਾਤਾਪ ਹੋਇਆ। ਉਹ ਕਹਿ ਉੱਠੀ ਮੈਨੂੰ ਮਾਫ਼ ਕਰੋ। ਤੁਹਾਡਾ ਸੁਭਾ ਜਾਣਦੀ ਹੋਈ ਭੀ ਮੈਂ ਕਹਿੰਦੀ ਕਹਿ ਗਈ। ਹੁਣ ਮੈਂ ਤਾਂ ਦਾਲ ਤੇ ਲੂਣ ਨਹੀਂ ਖਾਵਾਂਗੀ ਪਰ ਤੁਸੀਂ ਆਪਣੀ ਗੱਲ ਮੋੜ ਲਓ। ਇਹ ਤਾਂ ਮੇਰੇ ਲਈ ਬਹੁਤ ਹੀ ਵੱਡੀ ਸਜ਼ਾ ਹੋਵੇਗੀ।

ਮੈਂ ਕਿਹਾ, 'ਜੇ ਤੂੰ ਦਾਲ ਤੇ ਲੂਣ ਛੱਡੇਂਗੀ ਤਾਂ ਚੰਗਾ ਹੀ ਹੋਵੇਗਾ, ਪਰ ਮੈਂ ਲਈ ਹੋਈ ਪ੍ਰਤਿਗਿਆ ਮੋੜ ਨਹੀਂ ਸਕਦਾ। ਮਨੁੱਖ ਭੀ ਨਿਮਿੱਤ ਨਾਲ ਸੰਜਮ ਕਿਉਂ ਨਾ ਪਾਲੇ, ਉਸ ਵਿਚ ਲਾਭ ਹੀ ਹੈ।'

ਮੈਂ ਇਸ ਨੂੰ ਸਤਿਆਗ੍ਰਹਿ ਦਾ ਨਾਂ ਦੇਣਾ ਚਾਹੁੰਦਾ ਹਾਂ ਅਤੇ ਇਸ ਨੂੰ ਆਪਣੇ ਜੀਵਨ ਦੀਆਂ ਮਿੱਠੀਆਂ ਯਾਦਾਂ ਵਿਚੋਂ ਇਕ ਮੰਨਦਾ ਹਾਂ।

ਇਸ ਤੋਂ ਮਗਰੋਂ ਕਸਤੂਰ ਬਾਈ ਦੀ ਤਬੀਅਤ ਖ਼ੂਬ ਸੰਭਲੀ।

ਆਪ ਮੇਰੇ ਉਤੇ ਇਨ੍ਹਾਂ ਦੋਹਾਂ ਤਿਆਗਾਂ ਦਾ ਚੰਗਾ ਹੀ ਅਸਰ ਹੋਇਆ। ਤਿਆਗ ਮਗਰੋਂ ਲੂਣ ਜਾਂ ਦਾਲ ਦੀ ਚਾਹ ਤੀਕਰ ਆ ਰਹੀ। ਇੰਦ੍ਰੀਆਂ ਦੀ ਸ਼ਕਤੀ ਦਾ ਵਧੇਰੇ ਅਨੁਭਵ ਕਰਨ ਲੱਗਾ ਅਤੇ ਸੰਜਮ ਨੂੰ ਵਧਾਉਣ ਵੱਲ ਮਨ ਦੌੜਨ ਲੱਗਾ। ਵੈਦਿਕ ਦ੍ਰਿਸ਼ਟੀ ਤੋਂ ਦੋਹਾਂ ਦੇ ਤਿਆਗ ਬਾਰੇ ਦੋ ਮੱਤ ਹੋ ਸਕਦੇ ਹਨ ਪਰ ਮੈਨੂੰ ਇਸ ਵਿਚ ਕੋਈ ਸ਼ੰਕਾ ਹੀ ਨਹੀਂ ਕਿ ਸੰਜਮ ਦੀ ਦ੍ਰਿਸ਼ਟੀ ਤੋਂ ਦੋਹਾਂ ਚੀਜ਼ਾਂ ਦੇ ਤਿਆਗ ਵਿਚ ਲਾਭ ਹੀ ਹਨ। ਭੋਗੀ ਤੇ ਸੰਜਮੀ ਦੇ ਆਹਾਰ ਭਿੰਨ, ਉਨ੍ਹਾਂ ਦੇ ਰਸਤੇ ਭਿੰਨ ਹੋਣੇ ਚਾਹੀਦੇ ਚਾਹੀਦੇ ਹਨ। ਬ੍ਰਹਮ-ਚਰਜ ਦੀ ਪਾਲਣਾ ਕਰਨ ਦੀ ਚਾਹ ਰੱਖਣ ਵਾਲੇ ਭੋਗੀ ਦਾ ਜੀਵਨ ਬਿਤਾ ਕੇ ਬ੍ਰਹਮ-ਚਰਜ ਨੂੰ ਕਠਨ ਤੇ ਕਦੇ ਕਦੇ ਲਗ ਪਗ ਅਸੰਭਵ ਬਣਾ ਦੇਂਦੇ ਹਨ।

1.1 Phrases:

ਕੈਦੀਆਂ ਪਾਸੋਂ ਨਿਯਮਾਂ ਦੀ ਪਾਲਣਾ ਕਰਵਾਈ ਜਾਂਦੀ ਹੈ।	the rules which the prisoners are made to follow
ਇਕ ਅਜੀਹਾ ਪ੍ਰਸੰਗ ਬਣ ਗਿਆ	once it so happened
ਅਖੰਡ ਭਾਵ ਨਾਲ	continuously, without a break
ਇਕੱਲੇ ਪਾਣੀ ਦੇ ਇਲਾਜ ਵਿਅਰਥ ਸਿੱਧ ਹੋਏ	water (nature) cures alone were proved ineffective
ਪ੍ਰੇਮ ਉਲਦਣ ਦਾ ਮੌਕਾ	a chance to show (one's) love
ਤਬੀਅਤ ਖ਼ੂਬ ਸੰਭਲੀ	condition improved wonderfully

1.2 Vocabulary:

ਅਸਤ	setting of the sun (m.)
ਅਸੰਭਵ	impossible
ਅਖੰਡ	unbroken, continuous
ਅਜਿਹਾ	such
ਅਨੁਭਵ	experience (m.)
ਅਲੱਗ	separate
ਆਹਾਰ	food (m.)
ਆਗ੍ਰਹਿ	insistence (m.)
ਆਦਤ	habit (f.)
ਆਦਤ ਪਾਉਣਾ	to form a habit
ਇੰਦ੍ਰੀ	senses (f.)
ਇਲਾਜ	healing, cure, medicine, remedy (m.)
ਉਲਦਣਾ	to overturn, upset, reveal
ਸ਼ਸਤ੍ਰ-ਕਿਰਿਆ	operation (f.)
ਸ਼ਕਤੀ	strength (f.)
ਸ਼ੰਕਾ	doubt (f.)
ਸੰਜਮ	abstinence, sobriety (m.)
ਸੰਜਮੀ	abstemious, temperate, forbearing.
ਸਜ਼ਾ	punishment (f.)
ਸੰਭਲਨਾ	to be supported, to stand firm
ਸ਼ਰੀਰ	body (m.)
ਸਵੈ-ਇੱਛਿਆ-ਪੂਰਬਕ	willingly
ਸਿੱਧ	proven, valid
ਸੁਆਦ	taste (m.)
ਸੁਭਾਵਿਕ	natural
ਹਰਸ਼-ਵੱਸ	because of happiness
ਕਠਨ	hard

ਕਾਫ਼ੀ	coffee (f.)
ਕਾਰਨ	reason (m.)
ਕੈਦੀ	prisoner (m.)
ਗੱਲ ਮੋੜਨਾ	to take back one's words
ਚਾਹ	wish (f.)
ਛੁੱਟਣਾ	to be released
ਤਬੀਅਤ	condition, mood (f.)
ਤਿਆਗ	renunciation (m.)
ਤੀਬਰ	sharp, strong
ਤੁਰੰਤ	immediately
ਦੌੜਨਾ	to run
ਨਿਮਿੱਤ	reason, motive (m.)
ਨਿਯਮ	rule (m.)
ਪਸ਼ਚਾਤਾਪ	remorse, repentance, regret (m.)
ਪ੍ਰਸੰਗ	occasion, context, situation (m.)
ਪ੍ਰਤਿਗਿਆ	vow, promise (f.)
ਪਾਸੋਂ	from the side of, from
ਪਿਆਰਾ	favorite, beloved
ਫੇਰ ਫਾਰ	change (m.)
ਬੰਦ ਕਰਨਾ	to stop, discontinue
ਬ੍ਰਹਮ-ਚਰਜ	celibacy, chastity (m.)
ਬ੍ਰਹਮਚਾਰੀ	a religious student who observes celibacy (m.)
ਬਿਤਾਉਣਾ	to cause to pass, to spend
ਬੀਮਾਰੀ	sickness (f.)
ਭਿੰਨ	separate
ਭੋਗੀ	sensuous
ਮੱਤ	view, opinion (m.)

ਮਨਾਉਣਾ	to persuade
ਰਸਤਾ	way, path (m.)
ਲਹੂ	blood (m.)
ਲਗ ਪਗ	= ਲਗ ਤਗ
ਲਾਭ	gain, profit (m.)
ਲੂਣ	salt (m.)
ਵਹਿਣਾ	to flow
ਵਧਾਉਣਾ	to increase, enlarge, prolong (trans.)
ਵਿਅਰਥ	useless, meaningless
ਵੈਦਿਕ	medical

1.3 Answer the following questions in Panjabi:

੧. ਗਾਂਧੀ ਜੀ ਨੂੰ ਜੇਲ੍ਹ ਦਾ ਪਹਿਲਾ ਅਨੁਭਵ ਕਦੋਂ ਹੋਇਆ?
੨. ਗਾਂਧੀ ਜੀ ਨੂੰ ਜੇਲ੍ਹ ਦਾ ਕੀ ਅਨੁਭਵ ਹੋਇਆ?
੩. ਜੇਲ੍ਹ ਤੋਂ ਗਾਂਧੀ ਜੀ ਨੇ ਕੀ ਸਿਖਿਆ ਲਈ?
੪. ਲੂਣ ਤਿਆਗ ਗਾਂਧੀ ਜੀ ਨੇ ਕਦ ਤਕ ਕਿਤਾ?
੫. ਲੂਣ ਨਾ ਖਾਣ ਦਾ ਕੀ ਲਾਭ ਹੁੰਦਾ ਹੈ?
੬. ਗਾਂਧੀ ਜੀ ਨੇ ਲੂਣ ਤੇ ਦਾਲ ਇਕ ਸਾਲ ਲਈ ਕਿਉਂ ਛੱਡੇ?
੭. ਕਸਤੂਰਬਾ ਨੇ ਗਾਂਧੀ ਜੀ ਨੂੰ ਲੂਣ ਛੱਡਣ ਤੇ ਮਗਰੋਂ ਕੀ ਆਖਿਆ?
੮. ਗਾਂਧੀ ਜੀ ਤੇ ਲੂਣ ਅਤੇ ਦਾਲ ਤਿਆਗ ਦਾ ਕੀ ਅਸਰ ਹੋਇਆ?
੯. ਭੋਗੀ ਤੇ ਸੰਜਮੀ ਦੇ ਰਸਤੇ ਕੇਹੜੇ ਹੋਣੇ ਚਾਹੀਦੇ ਹਨ?
੧੦. ਸੰਜਮ ਦੀ ਦ੍ਰਿਸ਼ਟੀ ਨਾਲ ਲੂਣ ਅਤੇ ਦਾਲ ਦਾ ਤਿਆਗ ਕਿਵੇਂ ਕਿਹਾ ਜਾਂਦਾ ਹੈ?
੧੧. ਬ੍ਰਹਮਚਾਰੀ ਤੇ ਭੋਗੀ ਵਿਚ ਕੀ ਅੰਤਰ ਹੈ?
੧੨. ਭੋਗੀ ਦਾ ਜੀਵਨ ਤੇ ਬ੍ਰਹਮ-ਚਰਜ ਦਾ ਜੀਵਨ ਕੇਹੜਾ ਔਖਾ ਏ?
੧੩. ਭੋਗੀ ਵਾਸਤੇ ਬ੍ਰਹਮ-ਚਰਜ ਦਾ ਜੀਵਨ ਨਿਭਾਨਾ ਕਿਉਂ ਅਸੰਭਵ ਏ?

1.4 Fill in the blanks:

੧. ਉਸ —— ਜੇਲ੍ਹ ਵਿਚ ਕੈਦੀਆਂ —— ਇਨਹਾਂ ਨਿਯਮਾਂ ਦੀ ਪਾਲਣਾ —— ਜਾਂਦੀ ਸੀ।
੨. ਬ੍ਰਹਮਚਾਰੀ ਨੂੰ ਉਨ੍ਹਾਂ ਨਿਯਮਾਂ ਦੀ ਪਾਲਣਾ —— ਕਰਨੀ —— ਹੈ।
੩. ਲੂਣ ਖਾਣਾ ਹੋਵੇ —— ਪੁਛਣਾ ਹੁੰਦਾ ਹੈ।
੪. ਲੂਣ ਕਾ ਤਿਆਗ —— ੧੦ ਸਾਲ ਕਾਇਮ ਰਿਹਾ।
੫. ਮਨੁੱਖ ਲਈ —— ਪੜ੍ਹਨਾ ਜਰੂਰੀ ——।
੬. ਕਮਜ਼ੋਰ —— ਵਾਲੇ ਨੂੰ —— ਖਾਣਾ ਚਾਹੀਦਾ ਹੈ।
੭. —— ਪਾਸ ਹੀ ਨਹੀਂ —— ਹੁੰਦਾ।
੮. ਮੈਨੂੰ ਦੁੱਖ ਭੀ —— ਅਤੇ ਖ਼ੁਸ਼ੀ ——।
੯. ਗਾਂਧੀ ਜੀ ਦੀ ਪਤਨੀ ਨੂੰ ਬਹੁਤ —— ਹੋਇਆ।

੧੦. ਤੁਹਾਡਾ ਸੁਭਾ —— ਵੀ ਮੈਂ ਕਹਿੰਦਾ ਕਹਿ ਗਿਆ।

੧੧. ਮਨੁੱਖ ਨੂੰ —— ਪ੍ਰਤਿਗਿਆ ਮੋੜਨੀ —— ਹੈ।

੧੨. ਗਾਂਧੀ ਜੀ ਇਸ ਨੂੰ —— ਦਾ ਨਾਂ —— —— ਹਨ।

੧੩. ਆਪਦੇ —— ਇਨ੍ਹਾਂ —— ਦਾ ਕਿਹੜਾ ਅਸਰ ਹੋਇਆ?

੧੪. ਵੈਦਿਕ —— ਤੋਂ ਦੋ ਮੱਤ ਹੋ ਸਕਦੇ ਹਨ।

੧੫. ਅਧਿਆਪਕ ਤੇ —— ਦੇ ਆਹਾਰ —— ਹਨ।

1.5 Translate into Panjabi:

1. Last year I had my first experience of going to India.
2. If you have to read, take another book.
3. I began to make some changes in my plans.
4. It so happened that I had to go.
5. For ten years he worked continuously.
6. I read that too much sleep is not necessary for a man.
7. A weak-bodied man should not work too hard.
8. After the operation he felt good.
9. There was no way to stop it.
10. If someone tells you to go, will you do it?
11. I repented a great deal.
12. I cannot go back on my word.
13. No matter what he does he does not succeed.
14. The life, the food, the behavior of a student is different from that of a householder.
15. It is almost impossible.

1.6 ਜਾਂ is used to mean:

(1) or

ਰਾਮ ਜਾਂ ਨਾਨਕ ਉੱਥੇ ਜਾਂਦਾ ਸੀ	Ra:m or Na:nak went there

(2) whether...or

ਤੂੰ ਛੱਡ ਜਾਂ ਨਾ	whether you renounce or not

(3) either...or

ਦੁੱਧ ਲੈਂਦਾ ਸਾਂ ਜਾਂ ਪਾਣੀ	either I took milk or water

(4) that is, i.e.

ਸੰਜਮੀ ਜਾਂ ਬ੍ਰਹਮਚਾਰੀ ਨੂੰ ਉਨ੍ਹਾਂ ਦੀ ਪਾਲਣਾ ਕਰਨੀ ਚਾਹੀਦੀ ਹੈ	the abstemious, that is, the ascetic, should follow them

1.7 The phrase ਕਿਉਂ ਨਾ used in the following constructions can be translated into English as "no matter...":

ਕਿੱਥੇ ਵੀ(ਭੀ)... ਕਿਉਂ ਨਾ	no matter where
ਕੁਝ ਵੀ(ਭੀ)... ਕਿਉਂ ਨਾ	no matter what
ਕਦੀ ਵੀ(ਭੀ).. ਕਿਉਂ ਨਾ	no matter when
ਕਿਸੇ ਭੀ ਨਿਮਿੱਤ ਨਾਲ ਸੰਜਮ ਕਿਉਂ ਨਾ ਪਾਲੇ, ਉਸ ਵਿਚ ਲਾਭ ਹੀ ਹੈ	no matter why man follows restraint, there is only advantage in it

In the present tense the hortative form of the verb is used--in the past the past absolute.

Translate into Panjabi:

1. Read the first lesson or the third.
2. Whether you eat or not, I am going to eat.
3. No matter what I do, she is never pleased.
4. No matter where we went she did not like the people.
5. No matter when the bus came it was always full.
6. No matter why you work it is good for you.
7. Do you like to live in America or in India?

UNIT II

ਸ੍ਰੀ ਨਗਰ ਮੇਲਾ

ਗੁਰਦਿਆਲ ਸਿੰਘ ਫੁੱਲ

ਕਸ਼ਮੀਰ ਹਰ ਸਾਲ ਪਹਿਲੀ ਸਤੰਬਰ ਤੋਂ ੩੦ ਸਤੰਬਰ ਤੀਕ ਮੇਲਾ ਹੁੰਦਾ ਹੈ। ਉਂਞ ਤਾਂ ਸਾਰੀ ਮੰਡੀ ਜਿਸ ਵਿਚ ਕਸ਼ਮੀਰ ਦੀਆਂ ਬਣੀਆਂ ਚੀਜ਼ਾਂ, ਸ਼ਾਲਾਂ, ਅਖਰੋਟ ਦੀਆਂ ਬਣੀਆਂ ਚੀਜ਼ਾਂ, ਸ਼ਹਿਦ, ਕੇਸਰ, ਨਮਦੇ, ਲੋਈਆਂ, ਭੂਰੇ ਆਮ ਮਿਲਦੇ ਹਨ, ਸਦਾ ਲਗੀ ਰਹਿੰਦੀ ਹੈ। ਪਰ ਇਸ ਮਹੀਨੇ ਇਥੇ ਬਹੁਤ ਰੌਣਕ ਹੁੰਦੀ ਹੈ ਤੇ ਨੁਮਾਇਸ਼ ਵੀ ਲਗਦੀ ਹੈ। ਮੰਡੀ ਵਿਚ ਨਵੀਆਂ ਨਵੀਆਂ ਚੀਜ਼ਾਂ ਆਉਂਦੀਆਂ ਹਨ, ਰਾਗ ਰੰਗ ਹੁੰਦੇ ਰਹਿੰਦੇ ਹਨ। ਇਹ ਦਸ ਵਜੇ ਸਵੇਰੇ ਖੁਲ੍ਹਦੀ ਹੈ ਤੇ ਰਾਤ ਤੀਕ ਰਹਿੰਦੀ ਹੈ। ਅਸੀਂ ਸ਼ਾਮੀਂ ਮੰਡੀ ਵਿਚ ਗਏ, ਪਰ ਬਹੁਤੀਆਂ ਚੀਜ਼ਾਂ ਨਾ ਵੇਖ ਸਕੇ।

ਸਾਰਾ ਮਹੀਨਾ ਦਿਨ ਵੇਲੇ ਦੌੜਾਂ ਹੁੰਦੀਆਂ ਰੀਹੰਦੀਆਂ ਹਨ। ਰਾਤ ਨੂੰ ਕਵੀ ਦਰਬਾਰ ਮੁਸ਼ਾਹਰਾ ਰੂਪਕ, ਨਾਟਕ, ਨਾਚ ਹੁੰਦੇ ਰਹਿੰਦੇ ਹਨ।

ਤਿੰਨ ਸ਼ਾਮ ਨੂੰ ਕਸ਼ਮੀਰੀ ਨਾਟਕ ਹੋਣਾ ਸੀ, ਅਸੀਂ ਉਹ ਵੇਖਣ ਚਲੇ ਗਏ। ਇਸ ਦਾ ਪਰਬੰਧ ਖੁਲ੍ਹੇ ਮੰਡਪ ਵਿਚ ਸੀ। ਇਥੇ ਬਹੁਤ ਭੀੜ ਸੀ। ਡਰਾਮਾ ਕਸ਼ਮੀਰੀ ਵਿਚ ਸੀ। ਸਾਨੂੰ ਬੋਲੀ ਭਾਵੇਂ ਸਮਝ ਨਹੀਂ ਸੀ ਆਉਂਦੀ ਪਰ ਕਾਰਜ ਭਰਪੂਰ ਰਸ ਬਹੁਤ ਸੀ। ਕਸ਼ਮੀਰੀ ਨਾਚ ਸੋਹਣਾ ਸੀ। ਇਹ ਦਸ ਵਜੇ ਮੁਕਾ ਤੇ ਅਸੀਂ ਟਿਕਾਣੇ ਆਏ।

ਅਸੀਂ ਸਤੰਬਰ ਚਾਰ ਨੂੰ ਪਹਿਲੀ ਬਸ ਪਹਿਲਗਾਮ ਜਾਣਾ ਸੀ, ਪਰ ਛਬੀਲ ਸਿੰਘ ਤੋਂ ਸਾਨੂੰ ਪਤਾ ਲਗਾ ਕਿ ਅੰਮ੍ਰਿਤਸਰੋਂ ਸਾਡਾ ਪੰਜਾਹ ਦਾ ਮਨੀਆਰਡਰ ਆਇਆ ਹੋਇਆ ਹੈ ਇਸ ਲਈ ਮਨੀਆਰਡਰ ਲੈਣ ਲਈ ਸਾਨੂੰ ਅਟਕਣਾ ਪਿਆ।

ਚਾਰ ਵਜੇ ਜਦੋਂ ਅਸੀਂ ਮਨੀਆਰਡਰ ਲੈ ਕੇ ਮੁੜੇ ਤੇ ਨਮਾਇਸ਼ ਵਲ ਜਾ ਰਹੇ ਸਾਂ ਰਾਹ ਵਿਚ ਸਾਨੂੰ ਮੇਰਾ ਪੁਰਾਣਾ ਸ਼ਾਗਿਰਦ ਧਰਮ ਸਿੰਘ ਮਿਲਿਆ, ਜਿਹੜਾ ੧੯੩੯ ਵਿਚ ਖਾਲਸਾ ਕਾਲਜ ਪੜ੍ਹਦਾ ਸੀ ਤੇ ਹੁਣ ਉਹ ਉਧਮ ਪੁਰ ਐਸ. ਡੀ. ਓ. (ਐਮ. ਈ. ਐਸ.) ਲਗਾ ਹੋਇਆ ਸੀ ਤੇ ਹਫਤੇ ਦੀ ਛੁਟੀ ਲੈ ਕੇ ਕਸ਼ਮੀਰ ਦੀ ਸੈਰ ਕਰਨ ਆਇਆ ਸੀ। ਇਹ ਮੁੰਡਾ ਸੀ, ਜਿਹੜਾ ਸਾਧਾਂ ਸੰਤਾਂ ਦਾ ਬਹੁਤ ਪਿਆਰਾ ਸੀ ਤੇ ਇਕ ਵਾਰੀ ਹਰੀ ਸਿੰਘ ਸਾਧ ਨੂੰ ਉਡੀਕਦਾ ਸੀ। ਜਦ ਉਹ ਆਇਆ ਤੇ ਇਹ ਸਫਾਲ ਮੁੰਡਿਆਂ ਦੇ ਸਾਹਮਣੇ ਉਸ ਦੇ ਚਰਨਾਂ ਤੇ ਢਹਿ ਪਿਆ ਸੀ ਤੇ ਕਾਫੀ ਚਿਰ ਉਥੇ ਪਿਆ ਰਿਹਾ ਸੀ। ਜਿਸ ਘਟਨਾ ਤੋਂ ਮੈਂ 'ਝੁਕਿਆ ਕਿਉਂ ਨਾ ਤੇ ਕਿਦਾਂ ਝੁਕਦਾ' ਦੋ ਕਵਿਤਾਵਾਂ ਲਿਖੀਆਂ ਸਨ।

ਉਹ ਬਚਿਆਂ ਸਮੇਤ ਦਰਬਾਰ ਚਲੇ ਗਏ ਤੇ ਅਸੀਂ ਨੁਮਾਇਸ਼ ਚਲੇ ਗਏ। ਨੁਮਾਇਸ਼ ਵਿਚ ਬਹੁਤ ਰੌਣਕ ਸੀ। ਕਸ਼ਮੀਰ ਦੀ ਉਪਜ ਫਲ, ਮੇਵੇ, ਕਸ਼ਮੀਰ ਦੀ ਕਾਰਾਗਰੀ, ਕਢਾਈ ਚਿਤਾਈ, ਚਿਤਰਕਾਰੀ, ਮੜ੍ਹਾਈ, ਉਨਾਈ ਦੇ ਵਖ ਵਖ ਕਲਾਤਮਕ ਨਮੂਨਿਆਂ ਨਾਲ ਤੇ ਸ਼ਹਿਦ ਦੀਆਂ ਬੋਤਲਾਂ ਨਾਲ ਦੁਕਾਨਾਂ ਸਜੀਆਂ ਹੋਈਆਂ ਸਨ। ਅਸੀਂ ਇਕੱਲੀ ਇਕੱਲੀ ਦੁਕਾਨ ਤੇ ਪਈਆਂ ਲੋਈਆਂ ਸ਼ਾਲਾਂ, ਬਲਾਊਜ਼, ਕੋਟੀਆਂ, ਕੋਟ ਤੇ ਉਨ੍ਹਾਂ ਉਤੇ ਕੀਤਾ ਕੰਮ ਵੇਖਿਆ। ਅਸੀਂ ਤਿੰਨ ਫੁਟ ਲੰਮਾ ਘੀਆ, ਅਧ ਸੇਰ ਦਾ ਸੇਬ ਖਰਬੂਜੇ ਜਿਡੀ ਮਿਰਚ, ਸੇਬ ਜਿਡਾ ਲਸਣ, ਸੌ ਤੋਂ ਵਧ ਕਿਸਮਾਂ ਦੇ ਅੰਬਰੀ ਸੇਬ, ਬਾਨਵੇਂ ਭਾਂਤ ਦੇ ਅਖਰੋਟ, ਇਕ ਇਕ ਫੁਟ ਘੇਰੇ ਦਾ ਲਾਲ ਡੈਲੀਆ, ਚੌਦਾ ਇੰਚ ਦੇ ਲਗ ਪਗ ਛਲੀਆਂ, ਕੇਸਰ ਦੀਆਂ ਤੁਰੀਆਂ, ਅਖਰੋਟ ਦੇ ਖਿਡੌਣੇ, ਤਿਪਾਈਆਂ, ਹਥ ਦੇ ਬਣੇ ਗਲੀਚੇ ਆਦਿ ਵੇਖ ਕੇ ਕਸ਼ਮੀਰ ਦੀ ਧਰਤੀ ਤੇ ਉਸ ਧਰਤੀ ਦੇ ਬੰਦਿਆਂ ਦੀ ਕਲਾਤਮਕ ਸੂਝ ਦਾ ਜਸ ਗਾਉਣ ਲਗ ਪਏ। ਅਸੀਂ ਹਰ ਰਾਜੇ ਦੇ ਸਮੇਂ ਦੀ ਕਲਾ ਦਾ ਵਖ ਵਖ ਨਮੂਨਾ ਵੇਖਿਆ। ਇਕ ਗਲੀਚੇ ਉਤੇ ਕਸ਼ਮੀਰ ਦਾ ਨਕਸ਼ਾ ਬਣਿਆ ਹੋਇਆ ਸੀ, ਇਹ ਸਭ ਕੁਝ ਉਨਾਈ ਵਿਚ ਸੀ। ਉਸ ਸਮੇਂ ਦੇ ਭਾਂਡੇ ਤੇ ਉਨ੍ਹਾਂ ਉਤੇ ਕੀਤਾ ਕੰਮ ਵੇਖ ਕੇ ਦੰਗ ਰਹਿ ਗਏ। ਹਰ ਦੁਕਾਨ ਤੇ ਨਵਾਂ ਨਮੂਨਾ ਸੀ ਸ਼ਾਲਾਂ ਦਾ, ਗਾਬੇ ਦਾ, ਗਲੀਚੇ ਦਾ, ਕੋਟੀ ਦਾ। ਗਾਬਾ ਕਸ਼ਮੀਰ ਦੀ ਅਦੁਤੀ ਚੀਜ਼ ਹੈ। ਪੁਰਾਣੀ ਲੋਈ ਉਤੇ ਹਰ ਨਾਲ ਬਹੁਤ ਸੋਹਣੇ ਫੁਲ ਬਣਾਏ ਹੋਏ ਹੁੰਦੇ ਹਨ। ਹੇਠਾਂ ਕਪੜਾ ਲਾਇਆ ਹੋਇਆ ਹੁੰਦਾ ਹੈ, ਇਹ ਫਰਸ਼ ਤੇ ਵਿਛਾਉਣ ਦੇ ਕੰਮ ਆਉਂਦਾ ਹੈ। ਪੀਕੋ ਸਟੂਡੀਓ ਦੇ ਖਿਚੇ ਰੰਗਦਾਰ ਕਸ਼ਮੀਰ ਦ੍ਰਿਸ਼ ਵੇਖ ਕੇ ਭੁਖ ਲਹਿੰਦੀ ਸੀ। ਜੀਅ ਕਰਦਾ ਸੀ ਖਰੀਦਣ ਨੂੰ ਪਰ ਛੋਟੀ ਜੇਹੀ ਫਰੇਮ ਕੀਤੀ ਫੋਟੂ ਦਾ ਸੌ ਰੁਪਿਆ ਮੁਲ ਸੀ। ਇਕ ਤੇ ਮੇਰੇ ਹਥ ਦੇ ਬਣੇ ਸਾਇੰਸ ਚਾਰਟਾਂ ਵਰਗੇ ਬਹੁਤ ਸਾਰੇ ਚਾਰਟ ਲਗੇ ਹੋਏ ਸਨ। ਮੈਂ ਵੇਖਕੇ ਹੈਰਾਨ ਹੋ ਗਿਆ ਕਿ ਇਹ ਕਿਥੋਂ ਆ ਗਏ। ਪੁਛਣ ਤੇ ਪਤਾ ਲਗਾ ਕਿ ਇਹ 'ਦੀ ਸਟੈਂਟਰਡ ਅੰਬਾਲਾ ਸਿਟੀ ਦੀ ਫਰਮ' ਦੇ ਹਨ, ਮੈਂ ਉਨ੍ਹਾਂ ਨੂੰ ਇਹ ੧੯੫੦ ਵਿਚ ਬਣਾ ਕੇ ਦਿਤੇ ਸਨ। ਸ਼ਾਮ ਨੂੰ ਅਸੀਂ ਕਸ਼ਮੀਰੀਆਂ ਦਾ ਹੋਰ ਨਾਚ ਵੇਖਿਆ ਤੇ ਉਨ੍ਹਾਂ ਦੀਆਂ ਕਵਾਲੀਆਂ ਸੁਣੀਆਂ।

2.1 Phrases

ਐਮ. ਡੀ. ਓ. ਲਗਾ ਹੋਇਆ ਸੀ	was employed as sub-divisional officer
ਜਸ ਗਾਉਣ ਲਗ ਪਏ	began to praise
ਵਿਛਾਉਣ ਦੇ ਕੰਮ ਆਉਂਦਾ ਹੈ	is used for spreading

2.2 The following are English words found in the text:

ਸਟੂਡੀਓ , ਸਾਇੰਸ, ਕਾਲਜ, ਚਾਰਟ, ਦੀ ਸਟੈਂਟਰਡ ਅੰਬਾਲਾ ਸਿਟੀ ਦੀ ਫਰਮ (The Standard Ambala City Firm), ਫਰੇਮ, ਫੋਟੂ (photo), ਬਲਾਊਜ਼ (blouse), ਬੋਤਲ (bottle), ਇੰਚ, ਫੁਟ , ਡਰਾਮਾ, ਮਨੀਆਰਡਰ (money-order)

2.3 Vocabulary:

ਅਖਰੋਟ	walnut (m.)
ਅਟਕਣਾ	to stop (intr.)
ਅਦੁਤੀ	unique
ਅੰਬਰੀ	pertaining to the sky, huge
ਇਕੱਲਾ ਇਕੱਲਾ	each
ਉਂਞ	=ਉਂਜ
ਉਂਞ ਤਾਂ	although
ਉਣਾਈ	weaving (f.)
ਉਪਜ	product (f.)
ਸ਼ਹਿਦ	honey (m.)
ਸਜੀ ਹੋਣਾ	to be decorated
ਸਕਲ	all
ਸਮੇਤ	including, with
ਸ਼ਾਗਿਰਦ	pupil, student (m.)
ਸਾਧ	sadhu, ascetic (m.)
ਸ਼ਾਮੀਂ	in the evening, evening (adj.)
ਸ਼ਾਲ	shawl (m.)
ਸੇਬ	apple (m.)
ਸੇਰ	seer, a measure of weight (m.)
ਕਸ਼ਮੀਰੀ	Kashmiri (adj.), Kashmiri language (f.)

ਕਢਾਈ	embroidery (f.)
ਕਲਾਤਮਕ	artistic
ਕਵਾਲੀ	a kind of song (f.)
ਕਵੀ ਦਰਬਾਰ	poetry symposium (m.)
ਕਾਰਜ	act (m.)
ਕਾਰਾਗਰੀ	handicraft (f.)
ਕਿਸਮ	kind (f.)
ਕੇਸਰ	saffron (m.)
ਕੋਟੀ	jacket, short coat (f.)
ਖਰਬੂਜਾ	melon (m.)
ਖਾਲਸਾ	Sikh (m.)
ਖਿਡੌਣਾ	toy (m.)
ਖੁਲ੍ਹਨਾ	to open (intr.)
ਖੁਲ੍ਹਾ	open, spacious
ਗਲੀਚਾ	woolen rug (m.)
ਗਾਬਾ	a type of rug (m.)
ਘਟਨਾ	event (m.)
ਘੀਆ	squash (m.)
ਘੇਰਾ	circumference, circle (m.)
ਚਰਨ	foot (m.)
ਚਿਤਰਕਾਰੀ	painting, photography (f.)
ਚਿਤਾਈ	engraving (f.)
ਛਲੀ	ear of corn (f.)
ਝੁੱਕਣਾ	to bow, bend
ਟਿਕਾਣਾ	place (m.)
ਡੈਲੀਆ	basket (f.)
ਤਿਪਾਈ	three-legged stool (f.)

ਤੀਕ	to, up to, until; ਤੋਂ ...ਤੀਕ from . . . to
ਤੁਰੀ	a type of squash (f.)
ਦੰਗ ਰਹਿ ਜਾਣਾ	to be astonished
ਦ੍ਰਿਸ਼	scene (m.)
ਦੁਕਾਨ	shop (f.)
ਦੌੜ	race, running (f.)
ਧਰਤੀ	ground, earth, land (f.)
ਨਕਸ਼ਾ	map (m.)
ਨਮਦਾ	felt (m.)
ਨਮੂਨਾ	example, model (m.)
ਨਾਟਕ	play, drama (m.)
ਨੁਮਾਇਸ਼	exhibit (f.)
ਫ਼ਰਸ਼	floor (m.)
ਫਲ	fruit (m.)
ਫੁਲ	flower (m.)
ਬਸ	bus (f.)
ਭਰਪੂਰ	full of
ਭਾਂਡਾ	pottery (m.)
ਭਾਂਤ	type, kind (f.)
ਭੂਰੇ ਆਮ	out in the open
ਮੰਡਪ	temporary, open shed or booth (m.)
ਮੰਡੀ	market (f.)
ਮੜ੍ਹਾਈ	covering or coating with leather, gold, silver (f.)
ਮਿਰਚ	chili pepper (f.)
ਮੁਸ਼ਾਹਰਾ	Urdu poetry symposium (m.)
ਮੁੱਕਣਾ	to end (intr.)
ਮੁਲ	price (m.)
ਮੇਲਾ	fair (m.)

ਰਸ	enjoyment, pleasure, sweetness, juice (m.)
ਰੰਗ	color (m.)
ਰੰਗਦਾਰ	colorful
ਰਾਗ ਰੰਗ	festivity, diversion, pleasure (m.)
ਰੂਪਕ	skit, small drama (m.)
ਰੌਣਕ	splendor, glitter (f.)
ਲਸਨ	garlic (m.)
ਲਹਿਣਾ	to descend, come down, subside ਦੁਖ ਲਹਿਣਾ
ਲੋਈ	woolen shawl (f.)
ਲੌਣਾ	= ਲਾਉਣਾ
ਵਿਛਾਉਣਾ	to spread

2.3 Answer the following questions in Panjabi:

੧. ਕਸ਼ਮੀਰ ਵਿਚ ਕਦੋਂ ਮੇਲਾ ਹੁੰਦਾ ਹੈ?
੨. ਨੁਮਾਇਸ਼ ਅਤੇ ਮੰਡੀ ਵਿਚ ਕੀ ਮਿਲਦੀ ਹੈ?
੩. ਮੰਡੀ ਮੇਲੇ ਦੇ ਦਿਨਾਂ ਨੂੰ ਕਦੋਂ ਖੁਲਦੀ ਹੈ ਅਤੇ ਕਦੋਂ ਬੰਦ ਹੁੰਦੀ ਹੈ?
੪. ਦਿਨ ਵੇਲੇ ਕੀ ਹੁੰਦਾ ਹੈ ਤੇ ਰਾਤ ਵੇਲੇ ਕਿਹੜਾ ਪ੍ਰੋਗਰਾਮ ਹੁੰਦਾ ਹੈ?
੫. ਕਸ਼ਮੀਰੀ ਨਾਟਕ ਕਦੋਂ ਹੋਣਾ ਸੀ?
੬. ਕਸ਼ਮੀਰੀ ਨਾਟਕ ਵਿਚ ਲੇਖਕ ਨੇ ਕੀ ਕੀ ਡਿੱਠਾ?
੭. ਲੇਖਕ ਨੂੰ ਅਪਣਾ ਚਾਰ ਸਤੰਬਰ ਦਾ ਪ੍ਰੋਗਰਾਮ ਕਿਉਂ ਬਦਲਨਾ ਪਿਆ?
੮. ਰਾਹ ਵਿਚ ਲੇਖਕ ਨੂੰ ਕੌਣ ਮਿਲਿਆ ?
੯. ਧਰਮ ਸਿੰਘ ਕੌਣ ਸੀ ਅਤੇ ਕੀ ਕਰਦਾ ਸੀ?
੧੦. ਧਰਮ ਸਿੰਘ ਕਿਸਦੇ ਚਰਨਾਂ ਤੇ ਝੁਕਿਆ ਸੀ?
੧੧. ਕਸ਼ਮੀਰ ਦੀ ਨੁਮਾਇਸ਼ ਵਿਚ ਕੀ ਕੀ ਸੀ?
੧੨. ਇਕ ਗਲੀਚੇ ਤੇ ਕਿਸਦਾ ਨਕਸ਼ਾ ਬਣਿਆ ਹੋਇਆ ਸੀ?
੧੩. ਪੁਰਾਣੀ ਲੋਈ ਨੂੰ ਕਿਵੇਂ ਸੁੰਦਰ ਬਣਾਕੇ ਕੰਮ ਲਈ ਤਿਆਰ ਕੀਤਾ ਜਾਂਦਾ ਹੈ?
੧੪. ਸ਼ਾਮ ਨੂੰ ਲੇਖਕ ਨੇ ਹੋਰ ਕੀ ਵੇਖਿਆ?
੧੫. ਲੇਖਕ ਨੇ ੧੯੫੦ ਵਿਚ ਕੀ ਬਣਾਇਆ ਸੀ?
੧੬. ਸਾਇੰਸ ਚਾਰਟ ਵਰਗੇ ਚਾਰਟ ਕਿਸਦੇ ਬਣਾਏ ਹੋਏ ਸਨ?

2.4 Fill in the blanks:

੧. _____ ਹਰ ਸਾਲ _____ ਤੋਂ ਦਿਸੰਬਰ _____ ਮੇਲਾ _____ ਹੈ।
੨. ਇਸ ਦਿਨ ਇੱਥੇ _____ ਹੁੰਦੀ ਹੈ।
੩. _____ ਸ਼ਾਮ ਨੂੰ _____ ਨਾਟਕ ਹੋਣਾ _____।
੪. ਨਾਟਕ ਦਾ ਪਰਬੰਧ _____ ਮੰਡਪ ਵਿਚ ਸੀ।
੫. ਬੋਲੀ ਭਾਵੇਂ _____ ਆਉਂਦੀ _____ ਕਾਰਜ ਭਰਪੂਰ ਰਸ ਸੀ।
੬. ਅਸੀਂ _____ ਨੂੰ ਇਮਤਿਹਾਨ _____ ਕਰਨਾ ਸੀ।
੭. ਤੁਹਾਡਾ _____ ਦਾ ਮਨੀਆਰਡਰ ਆਇਆ _____।
੮. ਉਹ ਬਨਾਰਸ _____ ਲਗਾ _____ ਸੀ।

੯. ਅਸੀਂ ਕਸ਼ਮੀਰ ਦਾ ਜਸ _____ ਪਏ ।

੧੦. ਹਰ ਰਾਜੇ ਦੇ ਸਮੇਂ ਦੀ ਕਲਾ ਦਾ _____ ਨਮੂਨਾ _____।

੧੧. ਤਾੜਾਂ ਉੱਤੇ _____ ਕੰਮ ਵੇਖ ਕੇ ਦੰਗ _____।

੧੨. ਗਾਬਾ ਕਸ਼ਮੀਰ ਦੀ ____ ਚੀਜ਼ ਹੈ।

੧੩. ਇਹ ਫਰਸ ਤੇ _____ ਕੰਮ ਆਉਂਦਾ ਹੈ।

੧੪. ਮੇਰੇ ਹਥ ਦੀ _____ ਕਿਤਾਬਾਂ _____ ਸਨ।

੧੫. ਸ਼ਾਮ _____ ਉਨ੍ਹਾਂ ਦੀਆਂ ਕਵਾਲੀਆਂ _____।

2.5 Translate into Panjabi:

1. Every year in our village there is a fair from the 6th of April to the 13th of April.
2. There everything made there is sold in the open market.
3. There is also an exhibition--it is splendid.
4. It opens at 9 o'clock in the morning and remains open until evening.
5. We went to the evening play.
6. He studies all day for the whole month.
7. At night we sleep.
8. I was to speak that night at 8:30.
9. A poetry symposium was to take place in an open shed.
10. Although we did not understand the language, we enjoyed the play.
11. He was working there as a teacher.
12. I went there on a week's vacation.
13. We began to praise his artistic talent.
14. Kawa:li: is a unique type of poetry of India and Pakistan.
15. Seeing the work done on the blanket, we were surprised.

2.6 The suffix -ਈ is most commonly used as follows:

(1) To make a noun from another noun:

to indicate an occupation:	ਚਿਤ੍ਰਕਾਰ painter	ਚਿਤ੍ਰਕਾਰੀ painting
the language of a place:	ਕਸ਼ਮੀਰ Kashmir	ਕਸ਼ਮੀਰੀ Kashmiri
the diminutive:	ਪਹਾੜ mountain	ਪਹਾੜੀ little mountain
the feminine:	ਲੁਹਾਰ blacksmith	ਲੁਹਾਰੀ blacksmith's wife

(2) To make an adjective from a noun:

to indicate place-relationship:	ਕਸ਼ਮੀਰ Kashmir	ਕਸ਼ਮੀਰੀ a Kashmiri
worthiness (English -able):	ਦਰਸ਼ਨ view	ਦਰਸ਼ਨੀ worth seeing
quality :	ਕ੍ਰੋਧ anger	ਕ੍ਰੋਧੀ angry
belonging or pertaining to:	ਕਿਤਾਬ book	ਕਿਤਾਬੀ bookish

(3) To make an abstract noun from an adjective:

ਹੈਰਾਨ	surprised	ਹੈਰਾਨੀ	surprise

(4) To make a collective noun from a numeral:

ਪਚੀਸ	twenty-five	ਪਚੀਸੀ	unit of twenty-five

(5) To make a noun from an adverb:

ਜਲਦ	soon	ਜਲਦੀ	haste

(6) To make an adjective from an adverb:

ਜਰੂਰ	surely	ਜਰੂਰੀ	necessary

Add the suffix -ਈ to the following words, give the meanings of the resulting words, and use them in your own sentences:

ਸੰਜਮ, ਅਨੁਭਵ, ਕਮਜ਼ੋਰ, ਪ੍ਰੇਮ, ਬੀਮਾਰ, ਤਿਆਗ, ਭੋਗ, ਜੀਵਨ, ਕੇਸਰ, ਨੁਮਾਇਸ਼, ਰਾਗ, ਅੰਬਰ, ਕਾਰੀਗਰ, ਅਖ਼ੀਰ, ਆਸ਼ਰਮ, ਆਜ਼ਾਦ, ਉਦਾਸ ਉਦਯੋਗ, ਉੱਪਰ, ਸਰਕਾਰ, ਹਿੰਦ, ਰੂਸ, ਹਿਮਾਇਤ, ਖ਼ੁਸ਼, ਖੇਤ, ਚੋਰ

UNIT III

ਪੰਜਾਬੀ ਸਾਹਿੱਤ ਦੀ ਕਹਾਣੀ*

(੧੯੦੦ ਈਸਵੀ ਤਕ)

ਪੰਜਾਬੀ ਇਕ ਬਹੁਤ ਹੀ ਪੁਰਾਣੀ ਬੋਲੀ ਹੈ। ਕਈ ਵਿਦਵਾਨਾਂ ਦਾ ਖ਼ਿਆਲ ਹੈ ਕਿ ਇਹ ਅਸਲ ਵਿਚ ਵੈਦਕ ਬੋਲੀ ਦਾ ਹੀ ਇਕ ਬਦਲਵਾਂ ਰੂਪ ਹੈ। ਇਸ ਬੋਲੀ ਦੇ ਮੁਢਲੇ ਸਾਹਿੱਤ ਨੂੰ ਕਈ ਲੋਕ-ਕਵੀਆਂ, ਨਾਥਾਂ, ਰਿਸ਼ੀਆਂ, ਮੁਨੀਆਂ, ਸੰਤਾਂ, ਭਗਤਾਂ, ਤੇ ਸੂਰਮਿਆਂ ਨੇ ਆਪਣੇ ਮਿਠੇ ਤੇ ਅਮਰ ਗੀਤਾਂ, ਸਲੋਕਾਂ, ਵਾਰਾਂ, ਤੇ ਕਿਸਿਆਂ ਨਾਲ ਅਮਰ ਕੀਤਾ। ਆਰੀਆਂ ਦੇ ਸਮੇਂ ਵਿਚ ਵੀ ਪੰਜਾਬ ਦੀ ਰਮਣੀਕ ਧਰਤੀ ਤੇ ਕਈ ਗ੍ਰੰਥ, ਸ਼ਾਸਤਰ ਤੇ ਵੇਦ ਆਦਿ ਉਚਾਰੇ ਗਏ ਭਾਵੇਂ ਇਨ੍ਹਾਂ ਗ੍ਰੰਥਾਂ ਤੇ ਵੇਦਾਂ ਆਦਿ ਦੀ ਬੋਲੀ ਸੰਸਕ੍ਰਿਤ ਹੈ, ਪਰ ਫਿਰ ਵੀ ਇਸ ਤੋਂ ਕਈ ਇਹ ਅਨੁਮਾਨ ਲਾਉਂਦੇ ਹਨ ਕਿ ਵੇਦਾਂ ਦੀ ਭਾਸ਼ਾ ਹੀ ਸ਼ਾਇਦ ਉਸ ਸਮੇਂ ਵਿਚ ਪੰਜਾਬ ਵਾਸੀਆਂ ਦੀ ਜਨ-ਭਾਸ਼ਾ ਸੀ। ਇਸੇ ਕਰਕੇ ਕਈ 'ਰਿਗ ਵੇਦ' ਨੂੰ ਹੀ ਪੰਜਾਬੀ ਦੀ ਸਭ ਤੋਂ ਪਹਿਲੀ ਰਚਨਾ ਮੰਨਦੇ ਹਨ।

ਸਾਡਾ ਦੇਸ਼, ਖ਼ਾਸ ਕਰਕੇ ਪੰਜਾਬ, ਸਦੀਆਂ ਤੋਂ ਹੀ ਸੈਂਕੜੇ ਵਿਦੇਸ਼ੀ ਹੱਲਿਆਂ ਦਾ ਸ਼ਿਕਾਰ ਰਿਹਾ ਅਤੇ ਇਥੇ ਕਈ ਜਰਵਾਣਿਆਂ ਤੇ ਧਾੜਵੀਆਂ ਨੇ ਲੁਟ-ਮਾਰ ਕੀਤੀ ਤੇ ਦੇਸ਼ ਨੂੰ ਹਰ ਤਰ੍ਹਾਂ ਤਬਾਹ ਕਰਨ ਦੇ ਯਤਨ ਕੀਤੇ। ਕਈ ਧਾੜਵੀ ਲੋਕ ਇਥੋਂ ਦੇ ਹੀ ਵਸਨੀਕ ਬਣ ਗਏ ਅਤੇ ਉਨ੍ਹਾਂ ਦੇ ਪ੍ਰਭਾਵ ਨਾਲ ਪੰਜਾਬ ਦੀ ਲੋਕ-ਬੋਲੀ ਤੇ ਕਾਫ਼ੀ ਅਸਰ ਪਿਆ।

ਮੁਸਲਮਾਨਾਂ ਦੇ ਆਉਣ ਤੋਂ ਪਹਿਲਾਂ ਪੰਜਾਬ ਦੇ ਇਲਾਕੇ ਨੂੰ ਸਪਤ-ਸਿੰਧੂ ਕਿਹਾ ਜਾਂਦਾ ਸੀ, ਪਰ ਯਾਰਵੀਂ ਸਦੀ ਈਸਵੀ ਵਿਚ ਮੁਸਲਮਾਨ ਹਮਲਾ-ਆਵਰਾਂ ਨੇ ਇਸ ਰਾਜ ਨੂੰ ਆਪਣੀ ਬੋਲੀ ਵਿਚ ਪੰਜਾਬ ਕਿਹਾ। ਮੁਸਲਮਾਨਾਂ ਦੇ ਆਉਣ ਤੋਂ ਪਹਿਲਾਂ, ਕਾਫ਼ੀ ਚਿਰ ਤੋਂ, ਪੰਜਾਬ ਵਿਚ ਨਾਥਾਂ ਤੇ ਜੋਗੀਆਂ ਦਾ ਜ਼ੋਰ ਰਿਹਾ। ਇਨ੍ਹਾਂ ਨਾਥਾਂ ਤੇ ਕੰਨਪਾਟੇ-ਜੋਗੀਆਂ ਨੇ ਆਪਣੇ ਮੱਤ ਦਾ ਪ੍ਰਚਾਰ ਕਵਿਤਾ ਰਾਹੀਂ ਕੀਤਾ। ਇਨ੍ਹਾਂ ਦੀਆਂ ਰਚਨਾਵਾਂ ਦੀ ਭਾਸ਼ਾ ਪੁਰਾਤਨ ਪੰਜਾਬੀ ਹੈ, ਪਰ ਫਿਰ ਵੀ ਕਈ ਸ਼ਬਦ ਆਧੁਨਿਕ ਪੰਜਾਬੀ ਬੋਲੀ ਨਾਲ ਮਿਲਦੇ ਜੁਲਦੇ ਹਨ। ਨਾਥ ਜੋਗੀਆਂ ਵਿਚੋਂ ਗੋਰਖ ਨਾਥ ਚਰਪਟ ਨਾਥ ਤੇ ਪੂਰਨ ਨਾਥ ਦੇ ਨਾਂ ਬੜੇ ਪ੍ਰਸਿਧ ਹਨ ਅਤੇ ਇਨ੍ਹਾਂ ਦੀ ਬਾਣੀ ਸਲੋਕ, ਸਾਖੀਆਂ ਤੇ ਸ਼ਬਦਾਂ ਦੇ ਰੂਪ ਵਿਚ ਮਿਲਦੀ ਹੈ। ਨੌਵੀਂ ਤੇ ਦਸਵੀਂ ਸਦੀ ਦੇ ਬਹੁਤ ਸਾਰੇ ਨਾਥ ਤੇ ਜੋਗੀ

ਹਠ-ਯੋਗ ਦੇ ਪ੍ਰਚਾਰਕ ਸਨ ਅਤੇ ਲੱਖਾਂ ਹੀ ਲੋਕ ਇਨ੍ਹਾਂ ਨੂੰ ਧਾਰਮਿਕ ਆਗੂ ਮੰਨਦੇ ਸਨ। ਕੁਝ ਸਮੇਂ ਮਗਰੋਂ ਇਨ੍ਹਾਂ ਦੇ ਚੇਲਿਆਂ ਦੀ ਇਖ਼ਲਾਕੀ ਗਿਰਾਵਟ ਵੇਖ ਕੇ ਲੋਕਾਂ ਦਾ ਵਿਸ਼ਵਾਸ਼ ਇਸ ਮੱਤ ਤੋਂ ਘਟਦਾ ਗਿਆ। ਇਸ ਸਮੇਂ ਵਿਚ ਹੀ ਲੋਕ-ਗੀਤ ਰਚਨੇ ਸ਼ੁਰੂ ਹੋ ਗਏ। ਅੱਜ ਪੰਜਾਬੀ ਵਿਚ ਅਜਿਹੇ ਕਈ ਲੋਕ-ਗੀਤ ਲੋਕ ਬੁਝਾਰਤਾਂ ਤੇ ਅਖਾਣ ਆਂਦਿ ਮਿਲਦੇ ਹਨ ਜਿਨ੍ਹਾਂ ਤੋਂ ਉਸ ਸਮੇਂ ਦੀ ਆਰਥਿਕ ਧਾਰਮਿਕ ਤੇ ਸਮਾਜਿਕ ਹਾਲਤ ਦਾ ਪਤਾ ਲਗਦਾ ਹੈ।

ਮੁਸਲਮਾਨਾਂ ਦੇ ਆਉਣ ਸਮੇਂ ਪੰਜਾਬ ਰਾਜ ਕਈ ਛੋਟੀਆਂ ਛੋਟੀਆਂ ਰਿਆਸਤਾਂ ਵਿਚ ਵੰਡਿਆ ਹੋਇਆ ਸੀ ਅਤੇ ਇਨ੍ਹਾਂ ਰਿਆਸਤਾਂ ਦੇ ਆਗੂ ਜਾਂ ਰਾਜੇ ਆਪੋ ਵਿਚ ਲੜਾਈਆਂ ਕਰਦੇ ਰਹਿੰਦੇ ਸਨ। ਇਨ੍ਹਾਂ ਲੜਾਈਆਂ ਵਿੱਚ ਸੂਰਬੀਰਾਂ ਤੇ ਸੂਰਮਿਆਂ ਨੂੰ ਉਤਸਾਹ ਦੇਣ ਲਈ ਕਈ ਬੀਰ ਰਸ ਦੀਆਂ ਵਾਰਾਂ ਵੀ ਲਿਖੀਆਂ ਗਈਆਂ। ਮੁਸਲਮਾਨ ਹਾਕਮਾਂ ਨੇ ਸੂਫ਼ੀ ਤੇ ਮੂਸਲਮਾਨੀ ਮੱਤ ਦਾ ਪ੍ਰਚਾਰ ਕਰਨ ਲਈ ਕਈਆਂ ਪੀਰਾਂ ਤੇ ਸੂਫ਼ੀ ਫ਼ਕੀਰਾਂ ਨੂੰ ਆਪਣੇ ਨਾਲ ਹੀ ਲੈ ਆਂਦਾ ਸੀ। ਇਨ੍ਹਾਂ ਵਿਚੋਂ ਬਾਬਾ ਫ਼ਰੀਦ ਸ਼ਕਰਗੰਜ ਦਾ ਨਾਂ ਬੜਾ ਪ੍ਰਸਿਧ ਹੈ।ਬਾਬਾ ਫ਼ਰਾਦ ਜੀ ਨੇ ਥਾਂ ਥਾਂ ਤੇ ਫਿਰ ਕੇ ਲਹਿੰਦੀ ਵਿੱਚ, ਜੋ ਪੰਜਾਬੀ ਦੀ ਇਕ ਉਪ-ਭਾਖ਼ਾ ਹੈ, ਸਿੱਖਿਆ ਦਿੱਤੀ। ਆਪ ਨੇ ਸੂਫ਼ੀਆਂ ਤੇ ਆਮ ਲੋਕਾਂ ਅੰਦਰ ਵਿਛੋੜਾ ਤੇ ਪ੍ਰੇਮ ਪੈਦਾ ਕਰਨ ਲਈ ਲਹਿੰਦੀ ਵਿੱਚ ਹੀ ਸਲੋਕ ਉਚਾਰੇ, ਜਿਹੜੇ ਕਿ ਕੁਝ ਕੁ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ। ਭਾਵੇਂ ਇਨ੍ਹਾਂ ਸਲੋਕਾਂ ਦੀ ਬੋਲੀ ਲਹਿੰਦੀ ਹੈ ਅਤੇ ਇਸ ਤੇ ਫ਼ਾਰਸੀ ਦਾ ਪ੍ਰਭਾਵ ਹੈ ਪਰ ਫਿਰ ਵੀ ਇਹ ਬੋਲੀ ਬੜੀ ਸਰਲ, ਮਿੱਠੀ ਤੇ ਅੱਜ ਦੀ ਪੰਜਾਬੀ ਦੇ ਬਹੁਤ ਨੇੜੇ ਹੈ। ਹਰੇਕ ਸਲੋਕ ਵਿਚ ਕੋਈ ਨਾ ਕੋਈ ਉੱਚੀ ਸਿੱਖਿਆ ਬੰਦ ਹੈ।

ਇਨ੍ਹਾਂ ਦਿਨਾਂ ਵਿਚ ਹੀ ਭਾਰਤ ਵਿਚ ਭਗਤੀ-ਲਹਿਰ ਚਲ ਰਹੀ ਸੀ ਜਿਹੜੀ ਕਿ ਕੁਝ ਸਮੇਂ ਮਗਰੋਂ ਗੁਰੂ ਨਾਨਕ ਦੇਵ ਜੀ ਨਾਲ ਪੰਜਾਬੀ ਵਿਚ ਰੂਪਮਾਨ ਹੋਈ। ਗੁਰੂ ਨਾਨਕ ਦੇਵ ਜੀ ਨੇ ਅਤੇ ਉਨ੍ਹਾਂ ਤੋਂ ਮਗਰੋਂ ਗੁਰੂ ਅੰਗਦ ਦੇਵ, ਗੁਰੂ ਰਾਮ ਦਾਸ ਤੇ ਗੁਰੂ ਅਰਜਨ ਦੇਵ ਜੀ ਨੇ ਵੀ ਬਾਣੀ ਰਚੀ। ਇਹ ਸਾਰੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਗੁਰੂ ਗ੍ਰੰਥ ਸਾਹਿਬ ਪੰਜਾਬੀ ਭਾਸ਼ਾ ਦਾ ਇਕ ਮਹਾਨ ਉੱਚ-ਕੋਟੀ ਦਾ ਸਾਹਿਤਕ ਗ੍ਰੰਥ ਹੈ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਧਾਰਮਿਕ ਆਰਥਿਕ ਤੇ ਸਮਾਜਿਕ ਕੁਰੀਤੀਆਂ, ਜ਼ਾਤ-ਪਾਤ ਦੀਆਂ ਵੰਡਾਂ ਤੇ ਵਹਿਮਾਂ ਆਦਿ ਦਾ ਜ਼ੋਰਦਾਰ ਖੰਡਨ ਕੀਤਾ ਗਿਆ ਹੈ ਅਤੇ

ਮਨੁੱਖ ਨੂੰ ਮੋਹ ਮਾਇਆ ਤੋਂ ਉੱਚੇ ਉੱਠ ਕੇ ਨਿਰਾਕਾਰ ਪ੍ਰਭੂ ਦਾ ਨਾਮ ਜਪਣ ਅਤੇ ਇਕ ਆਸ਼ਾਵਾਦੀ ਪੂਰਣ ਗੁਰਸਿਖ ਵਾਂਗ ਜੀਵਨ ਬਿਤਾਉਣ ਦਾ ਉਪਦੇਸ਼ ਦਿੱਤਾ ਗਿਆ ਹੈ।

ਗੁਰੂ ਸਹਿਬਾਨ ਨੇ ਕਈ ਤਰ੍ਹਾਂ ਦੇ ਕਾਵਿ ਰੂਪਾਂ, ਰਸਾਂ ਤੇ ਰਾਗਾਂ ਵਿਚ ਬਾਣੀ ਰਚ ਕੇ ਅਤੇ ਗਵਾਂਢੀ ਬੋਲੀਆਂ ਦੇ ਹਜ਼ਾਰਾਂ ਸ਼ਬਦਾਂ ਨੂੰ, ਤਤਸਮ ਜਾਂ ਤਦਭਵ ਰੂਪ ਵਿਚ ਵਰਤ ਕੇ ਪੰਜਾਬੀ ਬੋਲੀ ਤੇ ਸਾਹਿੱਤ ਨੂੰ ਵਿਕਸਤ ਕੀਤਾ।

ਗੁਰੂ ਗੋਬਿੰਦ ਸਿੰਘ ਦੀ ਬਾਣੀ 'ਦਸਮ ਗ੍ਰੰਥ' ਵਿਚ ਮਿਲਦੀ ਹੈ। ਗੁਰੂ ਗੋਬਿੰਦ ਸਿੰਘ ਨੇ ਆਪਣੀਆਂ ਰਚਨਾਵਾਂ ਵਿਚ ਫ਼ਾਰਸੀ, ਅਰਬੀ, ਸੰਸਕ੍ਰਿਤ ਤੇ ਬ੍ਰਿਜ ਭਾਸ਼ਾ ਦੀ ਬਹੁਤ ਵਰਤੋਂ ਕੀਤੀ ਹੈ ਪਰ 'ਚੰਡੀ ਦੀ ਵਾਰ' ਨਿਰੋਲ ਪੰਜਾਬੀ ਵਿਚ ਹੈ। ਸਿਖ ਗੁਰੂਆਂ ਤੋਂ ਛੁਟ, ਗੁਰੂ-ਘਰ ਨਾਲ ਸੰਬੰਧਤ ਅਤੇ ਹਰ ਕਈ ਸੰਤਾਂ, ਸਾਧਾਂ ਤੇ ਸ਼ਰਧਾਲੂਆਂ ਨੇ ਵੀ ਗੁਰਮਤ ਦੇ ਪ੍ਰਚਾਰ ਲਈ ਪੰਜਾਬੀ ਭਾਸ਼ਾ ਵਿਚ ਸਾਹਿਤ ਰਚਿਆ। ਇਨ੍ਹਾਂ ਵਿਚ ਭਾਈ ਗੁਰਦਾਸ ਜੀ ਦੀਆਂ ਵਾਰਾਂ ਕਾਫ਼ੀ ਮਸ਼ਹੂਰ ਹਨ।

ਇਸ ਸਮੇਂ ਤਕ ਪੰਜਾਬੀ ਵਾਰਤਕ ਵੀ ਆਪਣੇ ਨਿਖਾਰ ਵਿਚ ਆਉਣੀ ਸ਼ੁਰੂ ਹੋ ਗਈ ਸੀ। ਉਂਝ ਪੰਜਾਬੀ ਵਾਰਤਕ ਦੇ ਕੁਝ ਨਮੂਨੇ ਦਸਵੀਂ, ਯਾਰਵੀਂ ਤੇ ਬਾਰਵੀਂ ਸਦੀ ਦੀਆਂ ਰਚਨਾਵਾਂ ਵਿਚੋਂ ਮਿਲਦੇ ਹਨ ਪਰ ਉਸ ਵਿਚ ਯੋਜਕ ਤੇ ਸੰਬੰਧਕ ਨਹੀਂ ਵਰਤੇ ਗਏ ਹਨ ਅਤੇ ਕਈ ਕਿਰਿਆਵਾਂ ਵੀ ਅਪਭਰੰਸ਼ ਪ੍ਰਾਕ੍ਰਿਤ ਜਾਂ ਅਰਬੀ ਤੇ ਫ਼ਾਰਸੀ ਵਾਲੀਆਂ ਹਨ। ਗੁਰੂ-ਕਾਲ ਵਿੱਚ ਵਾਰਤਕ ਸਾਹਿਤ ਦੀਆਂ ਕਈ ਵੰਨਗੀਆਂ, ਜਿਵੇਂ, ਬਚਨ, ਸਾਖੀਆਂ ਟੀਕੇ, ਤੇ ਗੋਸ਼ਟਾਂ ਆਦਿ ਹੋਂਦ ਵਿਚ ਆਈਆਂ। ਗੁਰੂ ਨਾਨਕ ਸਾਹਿਬ ਦੇ ਜੀਵਨ ਬਾਰੇ ਲਿਖੀ ਗਈ 'ਪੁਰਾਤਨ ਜਨਮ ਸਾਖੀ' ਦਾ ਰਚਨ ਕਾਲ, ਮੈਕਾਲਫ਼ ਸਾਹਿਬ ਅਨੁਸਾਰ ੧੫੨੨ ਈਸਵੀ ਹੈ। ਇਸ ਤੋਂ ਛੁੱਟ 'ਭਾਈ ਬਾਲੇ ਵਾਲੀ ਜਨਮ ਸਾਖੀ', 'ਜਪ-ਪਰਮਾਰਥ', 'ਹਾਜ਼ਰ ਨਾਮ', 'ਛੱਜੂ ਦਾ ਗੀਤ', 'ਮਹਾਤਮਾਂ', ਅਤੇ ਭਾਈ ਮਨੀ ਸਿੰਘ, ਜਿਹੜੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਇਕ ਉੱਘੇ ਵਿਦਵਾਨ ਤੇ ਸਿੱਖ-ਮੱਤ ਦੇ ਪਰਚਾਰਕ ਸਨ, ਦੀਆਂ ਲਿਖੀਆਂ ਵਾਰਤਕ-ਪੁਸਤਕਾਂ ਅਰਥਾਤ, 'ਭਗਤ ਰਤਨਾਵਲੀ' ਤੇ 'ਗਿਆਨ ਰਤਨਾਵਲੀ' ਆਦਿ ਵੀ ਕਾਫ਼ੀ ਪ੍ਰਸਿੱਧ ਵਾਰਤਕ ਰਚਨਾਵਾਂ ਹਨ। ਕਈ ਵਿਦਵਾਨਾਂ ਦਾ ਅਨੁਮਾਨ ਹੈ ਕਿ 'ਪ੍ਰੇਮ ਸੁਮਾਰਗ' ਤੇ 'ਸਾਖੀਆਂ ਅੱਡਣਸ਼ਾਹ' ਵੀ ਇਸ ਕਾਲ ਵਿਚ ਲਿਖੀਆਂ ਗਈਆਂ ਸਨ। ਸਮੁੱਚੇ ਤੌਰ ਤੇ ਇਸ ਸਮੇਂ ਦੀ ਵਾਰਤਕ ਦਾਰਸ਼ਨਿਕ ਤੇ ਅਲੰਕਾਰਕ ਹੈ।

ਸਿੱਖ ਮੱਤ ਤੇ ਸਿੱਖ ਸਾਹਿਤ ਦਾ ਲੋਕਾਂ ਉਤੇ ਕਾਫ਼ੀ ਤੇ ਡੂੰਘਾ ਪ੍ਰਭਾਵ ਪਿਆ। ਪਰ ਇਸ ਦੇ ਨਾਲ ਨਾਲ ਮੁਸਲਮਾਨੀ ਹਕੂਮਤ ਹੋਣ ਕਾਰਨ ਸੂਫ਼ੀ ਮੱਤ ਦਾ ਵੀ ਜ਼ੋਰ ਰਿਹਾ। ਬਾਬਾ ਫ਼ਰਾਦ ਤੋਂ ਮਗਰੋਂ ਸ਼ਾਹ ਹੁਸੈਨ, ਬੁਲ੍ਹੇ ਸ਼ਾਹ, ਸੁਲਤਾਨ ਬਾਹੂ ਤੇ ਅਲੀ ਹੈਦਰ ਆਦਿ ਪ੍ਰਸਿਧ ਸੂਫ਼ੀ ਫ਼ਕੀਰ ਹੋਏ ਅਤੇ ਇਨ੍ਹਾਂ ਨੇ ਰੱਬੀ-ਪ੍ਰੀਤ ਦਆਂ ਕਾਫ਼ੀਆਂ ਤੇ ਸਿਹਰਫ਼ੀਆਂ ਆਦਿ ਦੁਆਰਾ, ਠੇਠ ਤੇ ਸਰਲ ਪੰਜਾਬੀ ਵਿੱਚ ਡੂੰਘੇ ਆਤਮਕ ਭੇਦ ਸਮਝਾਏ। ਕਈ ਲੋਕ ਅਜੇ ਵੀ ਸ਼ਾਹ ਹੁਸੈਨ ਤੇ ਬੁਲ੍ਹੇ ਸ਼ਾਹ ਦੀਆਂ ਕਾਫ਼ੀਆਂ ਬੜੇ ਸ਼ੌਕ ਨਾਲ ਗਾਉਂਦੇ ਹਨ।

ਲੋਕਾਂ ਦੇ ਦਿਲਪਰਚਾਵੇ ਲਈ, ਫ਼ਾਰਸੀ, ਮਸਨਵੀਆਂ ਦੇ ਪ੍ਰਭਾਵ ਅਧੀਨ ਕਈ ਕਿੱਸੇ ਵੀ ਲਿਖੇ ਗਏ। ਇਨ੍ਹਾਂ ਕਿੱਸਿਆਂ ਵਿਚ ਪਿਆਰ-ਕਹਾਣੀਆਂ ਦਾ ਬੜਾ ਸੁਆਦ ਨਾਲ ਵਰਣਨ ਕੀਤਾ ਗਿਆ ਹੈ। ਸਭ ਤੋਂ ਪਹਿਲਾਂ ਦਮੋਦਰ ਨੇ ਹੀਰ ਦਾ ਕਿੱਸਾ ਲਿਖਿਆ ਜਿਹੜਾ ਕਿ ਸਾਹਿੱਤਕ ਗੁਣਾਂ ਕਰਕੇ ਕਾਫ਼ੀ ਸਲਾਹਿਆ ਜਾਂਦਾ ਹੈ। ਇਸ ਤੋਂ ਮਗਰੋਂ ਹੀਰ ਤੇ ਸੈਂਕੜੇ ਕਿੱਸੇ ਬਹੁਤ ਪਰਸਿਧ ਹਨ। ਪੀਲੂ ਦਾ 'ਮਿਰਜ਼ਾ ਸਾਹਿਬਾ' ਅਤੇ ਸਿੱਖ ਰਾਜ ਸਮੇਂ ਹੋਏ ਹਾਸ਼ਮ ਕਵੀ ਦੀ 'ਸੱਸੀ' ਵੀ ਉਚ ਕੋਟੀਆਂ ਦੇ ਕਿਸਿਆਂ ਵਿਚੋਂ ਹਨ, ਸਿੱਖ ਰਾਜ ਸਮੇਂ ਇਕ ਹੋਰ ਰਚਨਾ 'ਵਾਰ ਨਾਦਰ ਸ਼ਾਹ' ਅਤੇ ਸਿਖ ਰਾਜ ਤੋਂ ਮਗਰੋਂ ਸ਼ਾਹ ਮੁਹੰਮਦ ਦਾ ਲਿਖਿਆ 'ਜੰਗ ਨਾਮਾ' ਵੀ ਕਾਫ਼ੀ ਪ੍ਰਸਿਧ ਹੈ।

ਸਿੱਖ ਰਾਜ ਦੇ ਸਮੇਂ ਕੁਝ ਕੁ ਡਾਇਰੀਆਂ ਤੇ ਇਤਿਹਾਸਕ ਪੁਸਤਕਾਂ ਜਿਵੇਂ ਕਿ 'ਅਦਲੇ ਅਕਬਰੀ', 'ਅਕਬਰਨਾਮਾ' ਤੇ 'ਮਹਾਰਾਜੇ ਦੀ ਡਾਇਰੀ' ਆਦਿ ਵਾਰਤਕ ਪੁਸਤਕਾਂ ਲਿੱਖੀਆਂ ਨਈਆਂ।

ਸਿੱਖ ਰਾਜ ਤੋਂ ਮਗਰੋਂ, ਰਾਜਸੀ ਗੜ-ਬੜ ਕਾਰਣ, ਕਈ ਸਾਲ ਪੰਜਾਬੀ ਵਿਚ ਕੋਈ ਬਹੁਤੇ ਉਚੇ ਪੱਧਰ ਦਾ ਸਾਹਿੱਤ ਨਾ ਰਚਿਆ ਜਾ ਸਕਿਆ। ਆਮ ਕਵੀਆਂ ਨੇ ਕਿੱਸੇ ਹੀ ਲਿਖੇ, ਪਰ ਇਹ ਕਿੱਸੇ 'ਵਾਰਸ', 'ਪੀਲੂ' ਤੇ ਹਾਸ਼ਮ ਦੇ ਕਿਸਿਆਂ ਦਾ ਮੁਕਾਬਲਾ ਨਾ ਕਰ ਸਕੇ। ਪੰਜਾਬ ਦੇ ਲੋਕੀਂ ਇਨ੍ਹਾਂ ਕਿਸਿਆਂ ਨੂੰ ਪੜ੍ਹ, ਸੁਣ ਕੇ ਆਪਣੀ ਸਾਹਿੱਤਕ ਚੇਟਕ ਪੂਰੀ ਕਰਦੇ ਰਹੇ। ਅੰਗਰੇਜ਼ਾਂ ਨਾਲ ਈਸਾਈ, ਪਾਦਰੀ ਵੀ ਆਏ। ਈਸਾਈ ਮੱਤ ਦਾ ਪਰਚਾਰ ਕਰਨ ਲਈ ਉਨ੍ਹਾਂ 'ਬਾਈਬਲ' ਦਾ ਪੰਜਾਬੀ ਵਿਚ ਅਨੁਵਾਦ ਕਰਵਾਇਆ। ਅੰਗਰੇਜ਼ਾਂ ਨੂੰ ਪੰਜਾਬੀ ਪੜ੍ਹਾਉਣ ਲਈ ਕੁਝ ਪੋਥੀਆਂ ਤੇ ਕੋਸ਼ ਤਿਆਰ ਕੀਤੇ ਗਏ। ਛਾਪੇਖ਼ਾਨੇ ਦੇ ਆਉਣ ਨਾਲ ਫਿਰ ਕਈ ਪੁਸਤਕਾਂ ਦੇ ਅਨੁਵਾਦ ਛਪਣੇ ਸ਼ੁਰੂ ਹੋ ਗਏ।

ਅੰਗਰੇਜ਼ੀ ਸਾਹਿੱਤ, ਸਿੰਘ ਸਭਾ ਲਹਿਰ ਅਤੇ ਹੋਰ ਰਾਜਸੀ ਤੇ ਧਾਰਮਿਕ ਲਹਿਰਾਂ ਦੇ ਪ੍ਰਭਾਵ ਅਧੀਨ ਫਿਰ ਬੜੀ ਤੇਜ਼ੀ ਨਾਲ ਸਾਹਿੱਤ ਸਿਰਜਨਾ ਹੋਣੀ ਸ਼ੁਰੂ ਹੋ ਗਈ।

ਵੀਹਵੀਂ ਸਦੀ ਤੇ ਪਹਿਲੇ ਕੁਝ ਸਾਲਾਂ ਵਿਚ ਹੀ ਛੋਟੀਆਂ ਕਵਿਤਾਵਾਂ, ਆਧੁਨਿਕ ਵਾਰਤਕ, ਜੀਵਨੀਆਂ, ਨਾਵਲ, ਨਾਟਕ, ਨਿਕੀ ਕਹਾਣੀ, ਇਕਾਂਗੀ, ਪੜਚੋਲ ਆਦਿ ਲਿਖਣੇ ਸ਼ੁਰੂ ਹੋ ਗਏ। ਭਾਈ ਵੀਰ ਸਿੰਘ ਨੇ ਇਸ ਕੰਮ ਵਿਚ ਪਹਿਲ ਕੀਤੀ। ਇਸ ਲਈ ਉਨ੍ਹਾਂ ਨੂੰ ਆਧੁਨਿਕ ਪੰਜਾਬੀ ਸਾਹਿੱਤ ਦਾ ਮੋਢੀ ਕਿਹਾ ਜਾਂਦਾ ਹੈ। ਭਾਵੇਂ ਪਿਛਲੀਆਂ ਸਦੀਆਂ ਦੇ ਮੁਕਾਬਲੇ ਵਿਚ ਅੱਜ ਕਲ੍ਹ ਪੰਜਾਬੀ ਸਾਹਿਤ ਵਿਚ ਬੜੀ ਤੇਜ਼ੀ ਨਾਲ ਸਰਬੰਗੀ ਵਾਧਾ ਹੋ ਰਿਹਾ ਹੈ ਪਰ ਫਿਰ ਵੀ ਅਸੀਂ ੧੯ਵੀਂ ਸਦੀ ਤਕ ਰਚੇ ਗਏ ਪੰਜਾਬੀ ਸਾਹਿੱਤ ਤੇ ਉਸ ਦੇ ਉਚੇ ਸਾਹਿੱਤਕ ਗੁਣਾਂ ਕਰਕੇ, ਹਰ ਤਰ੍ਹਾਂ ਨਾਲ ਮਾਣ ਕਰ ਸਕਦੇ ਹਾਂ।

3.1 Phrases

ਨਾਥਾਂ ਤੇ ਜੋਗੀਆਂ ਦਾ ਜ਼ੋਰ ਰਿਹਾ	Na:ths and Jogi:s were dominant
ਲੱਖਾਂ ਹੀ ਲੋਕ	lakhs of people
ਜਿਹੜੇ ਕਿ ਕੁਝ ਕੁ	some of which
ਗੁਰੂ ਨਾਨਕ ਦੇਵ ਜੀ ਨਾਲ ਪੰਜਾਬੀ ਵਿਚ ਰੂਪਮਾਨ ਹੋਈ	was expressed in Panjabi by Guru: Na:nak Dev
ਜ਼ੋਰਦਾਰ ਖੰਡਨ ਕੀਤਾ ਗਿਆ ਹੈ	is vigorously condemned, refuted
ਮੋਹ ਮਾਇਆ ਤੋਂ ਉੱਚੇ ਉੱਠ ਕੇ	rising above attachment and illusion
ਆਸ਼ਾਵਾਦੀ ਪੂਰਣ ਗੁਰਸਿਖ ਵਾਂਗ ਜੀਵਨ ਬਿਤਾਉਣ ਦਾ ਉਪਦੇਸ਼ ਦਿੱਤਾ ਗਿਆ ਹੈ	it is taught to live according to the teaching of the Guru:s, full of optimism
ਸਿਖ ਗੁਰੂਆਂ ਤੋਂ ਛੁਟ	besides the Sikh Guru:s
ਸਮੁੱਚੇ ਤੌਰ ਤੇ	on the whole
ਦੇ ਪ੍ਰਭਾਵ ਅਧੀਨ	under the influence

3.2 Vocabulary:

ਅਖਾਣ	saying (m.)
ਅਨੁਵਾਦ	translation (m.)
ਅਪਭਰੰਸ਼	Apabhramša language (f.)
ਅਮਰ	immortal
ਅਰਥਾਤ	that is
ਅਲੰਕਾਰਕ	decorative, using many figures of speech
ਆਸ਼ਾਵਾਦੀ	hopeful, optimistic
ਆਤਮਕ	spiritual
ਆਧੁਨਿਕ	modern
ਆਰਥਿਕ	economic
ਆਰੀਆ	Aryan (m.)
ਇਕਾਗੀ	one act play (m.)
ਇਖ਼ਲਾਕੀ	moral
ਇਤਿਹਾਸਕ	historical
ਈਸਵੀ	A.D., Christian era (f.)
ਉੱਘਾ	well-known
ਉੱਚ-ਕੋਟੀ	high standard (m.)
ਉਚਾਰਨਾ	to pronounce
ਉਤਸਾਹ	courage, enthusiam, zeal (m.)
ਉਪਭਾਸ਼ਾ	dialect (f.)
ਸੰਸਕ੍ਰਿਤ	Sanskrit (f.)
ਸਹਿਬਾਨ	plural of ਸਾਹਿਬ
ਸਦੀ	century (f.)
ਸਪਤ-ਸਿੰਧੂ	land of seven rivers (m.)
ਸ਼ਬਦ	word (m.)
ਸੰਬੰਧਕ	relative word (in grammar) (m.)

ਸੰਬੰਧਤ	related
ਸਮੁੱਚਾ	whole
ਸਮੁੱਚੇ ਤੌਰ ਤੇ	on the whole
ਸ਼ਰਧਾਲੂ	devotee (m.)
ਸਰਬੰਗੀ	all around, in all parts
ਸਰਲ	simple
ਸਲਾਹਣਾ	to praise
ਸਲੋਕ	šloka, Sanskrit couplet (m.)
ਸਾਹਿੱਤ	literature (m.)
ਸਾਹਿਤਕ	literary
ਸਾਖੀ	treatise, moral poem (f.)
ਸਾਮਾਜਿਕ	social
ਸਿਹਰਫੀ	a particular kind of poem (f)
ਸਿਖਿਆ	education, preaching (f.)
ਸਿਰਜਨਾ	creation (f.)
ਸੁਆਦ	gusto (m.)
ਸੂਫ਼ੀ	Sufi (a Muslim sect) (m.)
ਸੂਰਬੀਰ	brave person, hero (m.)
ਸੂਰਮਾ	hero (m.)
ਸ਼ੌਕ	fondness (m.)
ਹਕੂਮਤ	government (f.)
ਹਠਯੋਗ	Hathayoga (m.)
ਹਮਲਾ-ਆਵਰ	invader (m.)
ਹੱਲਾ	attack, invasion (m.)
ਹਾਲਤ	condition (f.)
ਹੋਂਦ	existence (f.)
ਕੰਨਪਾਟਾ	having pierced ears
ਕਾਫ਼ੀ	a particular kind of poem (f.)

ਕਾਲ	time (m.)
ਕਾਵਿ	epic (m.)
ਕਿਸਾ	story, tale (m.)
ਕਿਰਿਆ	verb (f.)
ਕੁਰੀਤੀ	bad custom (f.)
ਕੋਸ਼	dictionary (m.)
ਖ਼ਾਸ ਕਰਕੇ	particularly
ਗੜ ਬੜ	turmoil, upheaval (f.)
ਗਿਰਾਵਟ	fall (f.)
ਗੀਤ	lyric, song (m.)
ਗੁਰਸਿਖ	preaching of the Gurus (f.)
ਗੁਰਮਤ	religion of the Gurus, Sikhism (m.)
ਗੋਸ਼ਟ	plot, association (m.)
ਘੱਟਣਾ	to become less, decrease
ਚੇਟਕ	relish, fondness, love (f.)
ਚੇਲਾ	follower, pupil (m.)
ਛੰਡਣਾ	to clean by shaking, winnow, sift.
ਛਪਣਾ	to be printed
ਛਾਪੇਖਾਨਾ	printing press (m.)
ਜਨਭਾਸ਼ਾ	dialect (lit. people's language) (f.)
ਜੱਪਣਾ	to recite (the name of the Lord)
ਜਰਵਾਣਾ	powerful
ਜੋਗੀ	ascetic, Yogi (m.)
ਜ਼ੋਰਦਾਰ	forceful
ਟੀਕਾ	commentary (f.)
ਠੇਠ	pure
ਡਾਇਰੀ	diary (f.)
ਡੂੰਘਾ	deep

ਤਤਸਮ	original (form of the Sanskrit word)
ਤਦਭਵ	altered, changed (form of the Sanskrit word)
ਤਬਾਹ	destroyed
ਤੇਜ਼ੀ	speed (f.)
ਦਸਮ ਗ੍ਰੰਥ	tenth book (of the Guru: Granth Sahib)
ਦਰਜ	recorded
ਦਾਰਸ਼ਨਿਕ	philosophical
ਦਿਲ ਪਰਚਾਵਾ	entertainment (m.)
ਦੁਆਰਾ	by
ਧਾਰਮਿਕ	religious
ਧਾੜਵੀ	plunderer (m.)
ਨਾਟਕ	play, drama (m.)
ਨਾਥ	sa:dhu belonging to a religious sect called Na:tha: (m.)
ਨਾਵਲ	novel (m.)
ਨਿਖਾਰ	purification (m.)
ਨਿਰਾਕਾਰ	formless
ਨਿਰੌਲ	pure
ਪਹਿਲ	starting (f.)
ਪਹਿਲ ਕਰਨਾ	to start, to be first
ਪੱਧਰ	standard (m.)
ਪ੍ਰਸਿਧ	famous
ਪ੍ਰਚਾਰ	propaganda, proselytizing (m.)
ਪ੍ਰਚਾਰਕ	preacher (m.)
ਪ੍ਰਭਾਵ	influence (m.)
ਪ੍ਰਭੂ	Lord, God (m.)
ਪ੍ਰਾਕ੍ਰਿਤ	Prakrit language (f.)
ਪੜਚੋਲ	investigation, criticism (f.)
ਪਾਦਰੀ	Christian priest, minister (m.)
ਪਿਛਲਾ	last

ਪੀਰ	Muslim saint (m.)
ਪੁਰਾਤਨ	old (not new)
ਪੂਰਣ	= ਪੂਰਨ
ਪੋਥੀ	book (f.)
ਫ਼ਾਰਸੀ	Persian (f.)
ਬਚਨ	saying (m.)
ਬੰਦ	closed, hidden
ਬਦਲਵਾਂ	changed, altered
ਬ੍ਰਿਜ ਭਾਸ਼ਾ	Brij language (f.)
ਬਾਈਬਲ	Bible (f.)
ਬਾਣੀ	saying (generally in poems) (f.)
ਬੀਰ	bravery (m.)
ਭਗਤ	devotee (m.)
ਭਗਤੀ-ਲਹਿਰ	Bhakti (devotional) movement (f.)
ਭਾਸ਼ਾ	language (f.)
ਬੁਝਾਰਤ	riddle (f.)
ਮਸ਼ਹੂਰ	famous
ਮਸਨਵੀ	a particular kind of poem (f.)
ਮਹਾਨ	great
ਮੱਤ	(religious) sect (m.)
ਮਨਣਾ	to regard, consider
ਮਾਇਆ	illusion, Maya (f.)
ਮਿਲਨਾ ਜੁਲਨਾ	to resemble
ਮੁਕਾਬਲਾ	comparison (m.)
ਮੁਢਲਾ	early, beginning
ਮੁਨੀ	sage, saint (m.)
ਮੋਹ	attachment (m.)
ਮੋਢੀ	(here) leader (m.)
ਯੋਜਕ	conjunction (in grammar) (m.)

ਰਸ	poetic flavor (m.)
ਰਚਣਾ	to create, to write
ਰਚਨਾ	writing, creation, piece of work (f.)
ਰੱਬੀ-ਪ੍ਰੀਤ	love of God (f.)
ਰਮਣੀਕ	beautiful
ਰਿਸ਼ੀ	rishi, seer (m.)
ਰਿਗਵੇਦ	Rigveda (m.)
ਰੂਪਮਾਨ	shaped, appearing
ਲਹਿੰਦੀ	a dialect of Panjabi (f.)
ਲਹਿਰ	movement (f.)
ਲੜਾਈ	battle, fight (f.)
ਲੋਕ-ਕਵੀ	folk poet (m.)
ਵਸਨੀਕ	inhabitant (m.)
ਵਹਿਮ	superstition (m.)
ਵੰਨਗੀ	sample (f.)
ਵਰਣਨ	description (m.)
ਵਰਤਣਾ	to use
ਵਰਤੋਂ	use (f.)
ਵਾਸੀ	inhabitant (m.)
ਵਾਰ	song of praise (m.)
ਵਾਧਾ	increase, development (m.)
ਵਾਰਤਕ	short story (f.)
ਵਿਕਸਤ	developed
ਵਿਤਾਉਣਾ	= ਬਿਤਾਉਣਾ
ਵਿਦੇਸ਼ੀ	foreign
ਵੇਦ	Veda (m.)
ਵੈਦਕ	Vedic

3.3 Answer the following questions in Panjabi:

੧. ਪੰਜਾਬੀ ਕਦੋਂ ਦੀ ਬੋਲੀ ਹੈ?
੨. ਕਈ ਵਿਦਵਾਨ ਪੰਜਾਬੀ ਦਾ ਪਹਿਲਾ ਰੂਪ ਕਿਸਨੂੰ ਮੰਨਦੇ ਹਨ?
੩. ਪੰਜਾਬ ਨੂੰ ਕਿਸ ਤਰ੍ਹਾਂ ਦੀ ਹਾਲਤਾਂ ਤੋਂ ਗੁਜ਼ਰਨਾ ਪਿਆ?
੪. ਮੁਸਲਮਾਨਾਂ ਦੇ ਆਉਣ ਤੋਂ ਪਹਿਲਾਂ ਪੰਜਾਬ ਨੂੰ ਕੀ ਕਿਹਾ ਜਾਂਦਾ ਸੀ?
੫. ਮੁਸਲਮਾਲਾਂ ਦੇ ਆਉਣ ਤੋਂ ਪਹਿਲਾਂ ਪੰਜਾਬ ਵਿਚ ਕਿਸਦਾ ਜੋਰ ਸੀ?
੬. ਪੰਜਾਬ ਨਾਂ ਕਿਸ ਨੇ ਦਿੱਤਾ?
੭. ਨਾਥਾਂ ਦੀਆਂ ਰਚਨਾਵਾਂ ਕਿਸ ਤਰ੍ਹਾਂ ਦੇ ਰੂਪ ਵਿਚ ਮਿਲਦੀ ਹਨ?
੮. ਬੀਰ ਰਸ਼ ਦੀਆਂ ਕਵਿਤਾਵਾਂ ਕਦੋਂ ਅਤੇ ਕਿਉਂ ਲਿਖੀਆਂ ਵਈਆਂ ਸਨ?
੯. ਸੂਫ਼ੀਆਂ ਦੇ ਸ਼ਲੋਕ ਕਿਸ ਤਰ੍ਹਾਂ ਦੇ ਹਨ?
੧੦. ਭਗਤੀ ਲਹਿਰ ਦੇ ਕਿਹੜੇ ਗੁਰੂ ਹਨ?
੧੧. ਗੁਰੂ ਗ੍ਰੰਥ ਸਾਹਿਬ ਵਿਚ ਕੀ ਲਿਖਿਆ ਹੈ?
੧੨. ਗੁਰੂ ਗ੍ਰੰਥ ਸਾਹਿਬ ਵਿਚ ਕਿਸ ਦਾ ਖੰਡਨ ਕੀਤਾ ਗਿਆ ਹੈ?
੧੩. ਮਨੁੱਖ ਵਾਸਤੇ ਗੁਰੂ ਗ੍ਰੰਥ ਸਾਹਿਬ ਵਿਚ ਕੀ ਉਪਦੇਸ਼ ਦਿੱਤੇ ਗਏ ਹਨ?
੧੪. ਗੁਰੂ ਰਾਮ ਦਾਸ ਕਿਉਂ ਮਸ਼ਹੂਰ ਹਨ?
੧੫. ਸਿੱਖ ਮੱਤ ਦਾ ਲੋਕਾਂ ਉਤੇ ਕੀ ਪ੍ਰਭਾਵ ਪਿਆ?

3.4 Fill in the blanks:

੧. —— ਖਿਆਲ ਹੈ ਕਿ ਇਸ ਬੋਲੀ ਦੇ ਸਾਹਿੱਤ ਨੂੰ —— ਨੇ ਅਮਰ ——।
੨. ਆਰੀਆਂ ਦੇ ਸਮੇਂ —— ਕਈ ਗ੍ਰੰਥ ਲਿਖੇ ਗਏ।
੩. ਇਥੇ ਕਈ —— ਨੇ ਲੁਟ ਮਾਰ ——।
੪. —— ਦੇ ਆਉਣ —— ਪਹਿਲਾਂ ਇਸ ਰਾਜ ਨੂੰ —— ਕਿਹਾ ਜਾਂਦਾ ਸੀ।
੫. ਕੁਝ ਸਮੇਂ —— ਲੋਕਾਂ ਦਾ ਵਿਸ਼ਵਾਸ ਇਸ ਮੱਤ —— ਘਟਦਾ ਗਿਆ।
੬. ਇਨ੍ਹਾਂ ਵਿਚੋਂ —— ਦਾ ਨਾਂ ਬੜਾ —— ਹੈ।
੭. ਆਪ ਨੇ ਆਮ ਲੋਕਾਂ —— ਪ੍ਰੇਮ ਪੈਦਾ —— ਲਈ ਸਲੋਕ ——।
੮. ਇਹ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ —— ਹੈ।
੯. ਭਾਰਤ ਵਿਚ ਭਗਤੀ-ਲਹਿਰ ——।
੧੦. ਬਾਣੀ ਵਿਚ ਕੁਰੀਤੀਆਂ ਦਾ —— ਖੰਡਨ —— ਗਿਆ ਹੈ।

੧੧. —— ਤੌਰ ਤੇ ਇਹ ਵਾਰਤਕ ਦਾਰਸ਼ਨਿਕ ਤੇ ਅਲੰਕਾਰਕ ਹੈ।
੧੨. ਸਿਖ ਰਾਜ ਦੇ ਸਮਾਂ —— ਪੁਸਤਕਾਂ ਲਿਖੀਆਂ ——।
੧੩. ਈਸਾਈ ਮੱਤ ਦਾ ਪ੍ਰਚਾਰ —— ਲਈ ਉਨ੍ਹਾਂ ਬਾਈਬਲ ਦਾ ਪੰਜਾਬੀ ਵਿਚ ——।
੧੪. ੧੯ਵੀਂ ਸਦੀ ਤਕ ਦੇ ਸਾਹਿੱਤ ਤੇ ਉਚੇ ਸਾਹਿੱਤਕ ਗੁਣਾਂ —— ਮਾਣ ਕਰ —— ਹਾਂ।

3.5 Translate into Panjabi:

1. According to many scholars, Italian is the changed form of a Latin dialect.
2. Many invaders had become inhabitants of this country.
3. What was America called before the arrival of Europeans?
4. For a long time Congress has been dominant in India.
5. America is divided into 50 states.
6. Even so, many old words are found in American English.
7. After some time it came to Panjab with Guru: Na:nak.
8. Guru: ji: has used many words of other languages, but this book is written in "pure" Panjabi.
9. At this time the Su:fi:s were writing a lot.
10. People still sing the poetry of the old poets with great enthusiasm.
11. Love stories are described with great gusto in the book.
12. Because of the political tumult not much could be written for many years.
13. Under the influence of English a new type of literature is being produced.
14. For this reason he is called the foremost Panjabi poet.

3.6 Use the following phrases in your own sentences:

ਖ਼ਾਸ ਕਰਕੇ ਪਰ ਫਿਰ ਵੀ ਕਾਫ਼ੀ ਚਿਰ ਤੋਂ ਜਨ-ਭਾਸ਼ਾ
ਉਪ-ਭਾਖਾ ਸਮੁੱਚੇ ਤੌਰ ਤੇ ਤੋਂ ਮਗਰੋਂ ਅਧੀਨ ਵਿਚ

3.7 The suffix -ਕ is used in many ways in Panjabi--two usages occur frequently in this unit:

(1) To make an adjective from a noun. This is derived from the Sanskrit suffix -ਇਕ, and sometimes both forms are found in Panjabi:

ਸਾਹਿੱਤ	ਸਾਹਿੱਤਕ
ਧਰਮ	ਧਾਰਮਕ/ਧਾਰਮਿਕ*
ਦਰਸ਼ਨ	ਦਾਰਸ਼ਨਿਕ*
ਅਲੰਕਾਰ	ਅਲੰਕਾਰਕ*
ਸਮਾਜ	ਸਮਾਜਕ/ਸਮਾਜਿਕ*
ਅਰਥ	ਆਰਥਕ/ਆਰਥਿਕ*

* In Sanskrit if the first syllable contained a short vowel it was lengthened with the addition of -ਇਕ; in Panjabi this convention is followed only if all syllables are short.

(2) To indicate a "doer", roughly the same as English "-er"/ "-or":

ਪ੍ਰਚਾਰ	ਪ੍ਰਚਾਰਕ
ਪਾਠ	ਪਾਠਕ
ਲੇਖ	ਲੇਖਕ

Add the suffix -ਕ to the following, give the meanings of the resulting words, and use them in your own sentences:

ਇਤਿਹਾਸ, ਨਾਸ਼, ਵੇਦ, ਉਪਦੇਸ਼, ਸ਼ਬਦ, ਰਾਜਨੀਤਿ, ਵਪਾਰ, ਸੁਭਾਵ, ਪਰਬੰਧ

UNIT IV

ਮੇਰਾ ਵਿਆਹ

ਤੇਜਾ ਸਿੰਘ

ਪੜ੍ਹਾਈ ਦੇ ਕਾਰਨ ਮੈਂ ਆਮ ਤੌਰ ਤੇ ਘਰ ਵਾਲਿਆਂ ਤੋਂ ਵਿਛੜਿਆ ਰਿਹਾ ਸਾਂ। ਅੰਮ੍ਰਿਤਸਰ ਜਾਣ ਤੇ ਤਾਂ ਉਹਨਾਂ ਨੂੰ ਮੇਰਾ ਥਹੁ ਪਤਾ ਵੀ ਨਹੀਂ ਸੀ ਰਿਹਾ। ਇਕ ਦਿਨ ਮੇਰੇ ਪਿਤਾ ਜੀ ਅਚਨਚੇਤ ਆ ਬਹੁੜੇ ਅਤੇ ਮਿਲਦਿਆਂ ਹੀ ਕਹਿਣ ਲਗੇ ਕਿ ਆਓ ਪਿੰਡ ਚਲੀਏ, ਉਥੇ ਤੁਹਾਡਾ ਵਿਆਹ ਰਚਾਇਆ ਹੈ। ਮੈਂ ਬਤੇਰੀ ਨਾਂਹ ਨੁਕਰ ਕੀਤੀ ਅਤੇ ਕਿਹਾ ਕਿ ਪੜ੍ਹਾਈ ਪੂਰੀ ਕਰਨ ਤੱਕ ਮੈਨੂੰ ਨਾ ਛੇੜੋ, ਪਰ ਉਹ ਨਾ ਮੰਨੇ। ਕਹਿਣ ਲਗੇ, ਅਗੇ ਕਈ ਵਰ੍ਹਿਆਂ ਦਾ ਵਿਛੋੜਾ ਰਿਹਾ ਹੈ। ਜੇ ਹੁਣ ਨਾਂਹ ਕੀਤੀ ਤਾਂ ਇਹ ਵਿਛੋੜਾ ਸਦੀਵੀ ਹੋ ਜਾਏਗਾ। ਮੈਨੂੰ ਜਾਣਾ ਪਿਆ।

ਮੈਂ ਕਿਸੇ ਦੋਸਤ ਨੂੰ ਵੀ ਨਾ ਦਸਿਆ, ਅਤੇ ਕਾਲਜੋਂ ਤਿੰਨ ਦਿਨ ਦੀ ਛੁਟੀ ਲੈਕੇ ਅਤੇ ਹੱਥ ਵਿਚ ਟ੍ਰਿਗਨੋਮੈਟਰੀ ਦੀ ਕਿਤਾਬ ਫੜ ਕੇ ਪਿਤਾ ਜੀ ਦੇ ਨਾਲ ਟੁਰ ਪਿਆ। ਪਿੰਡ ਅਪੜ ਕੇ ਵੇਖਿਆ ਕਿ ਜੰਞ ਦੀ ਤਿਆਰੀ ਹੋ ਰਹੀ ਹੈ। ਰਾਤੀਂ ਰੀਤੀ ਮੂਜਬ ਰੁਸਕੇ ਆਪਣੇ ਗਵਾਂਢੀ ਜੈ ਕਿਸ਼ਨ ਦੇ ਘਰ ਬੈਠਾ। ਉਥੋਂ ਕੁੜੀਆਂ "ਬੋਲ ਮਰ੍ਹਾਜ ਚਾਲ ਮਰ੍ਹਾਜਾ ਕਿਹੜੇ ਵੇਲੇ ਦੀ ਖਲੀਆਂ"। ਗਾਉਣ ਗਾਂਦੀਆਂ ਮੈਨੂੰ ਘਰ ਮੋੜ ਲਿਆਈਆਂ। ਤਾਰਿਆਂ ਦੀ ਛਾਵੇਂ ਊਠਾਂ ਤੇ ਚੜ੍ਹ ਕੇ ਜੰਞ ੧੯ ਰੋਹ ਪੈਡਾ ਮਾਰ ਕੇ ਲੌਢੇ ਵੇਲੇ ਗੁਜਰਖਾਨ ਪਹੁੰਚ ਗਈ।

ਮੈਨੂੰ ਕੇਸਰੀ ਰੰਗ ਦਾ ਜਾਮਾ ਅਤੇ ਲਾਚਾ ਪੁਆਇਆ ਗਿਆ ਅਤੇ ਹਥ ਲੋਹੇ ਦੀ ਖੂੰਡੀ ਦੇ ਕੇ ਗੜ ਦੇ ਕੋਲੋਂ ਜੰਞ ਦੇ ਅਗੇ ਅਗੇ ਤੋਰਿਆ ਗਿਆ। ਜੰਞ ਵਿਚੋਂ ਕਿਸੇ ਨੂੰ ਸ਼ਬਦ ਪੜ੍ਹਨੇ ਨਹੀਂ ਸਨ ਆਉਂਦੇ, ਇਸ ਲਈ ਸ਼ਰਮੋ-ਕੁਸ਼ਰਮੀ ਇਹ ਕੰਮ ਵੀ ਲਾੜੇ ਨੂੰ ਹੀ ਕਰਨਾ ਪਿਆ। ਢੋਲ ਤੇ ਤੂਤੀਆਂ ਦੀ ਘਨਘੋਰ ਵਿਚ ਅਸੀਂ ਵਿਆਹ ਵਾਲੇ ਘਰ ਤਕ ਗਏ। ਅਗੋਂ ਪੇਸ਼ਕਾਰੇ ਤੇ ਮਿਲਨੀ ਮਗਰੋਂ ਜੰਞ ਨੂੰ ਰੋਟੀ ਖੁਆ ਕੇ ਜੰਞ-ਘਰ ਵਿਚ ਟਿਕਾਇਆ ਗਿਆ। ਮੈਂ ਗੁਆਂਢ ਵਿਚ ਆਪਣੀ ਮਾਮੀ ਦੀਵਾਨ-ਦਈ ਦੀ ਭੈਣ ਜੈਦਈ ਦੇ ਘਰ ਸੁਤਾ। ਮੈਨੂੰ ਕਿਹਾ ਗਿਆ ਕਿ ਸਵੇਰੇ ਸੱਤ ਵਜੇ ਦੀਵਾਨ ਲਗੇਗਾ ਅਤੇ ਮੈਨੂੰ ਵਕਤ ਸਿਰ ਜਗਾ ਕੇ ਦੀਵਾਨ-ਅਸਥਾਨ ਲੈ ਜਾਣਗੇ। ਮੈਂ ਸਵੇਰੇ ਹੀ ਉਠ ਬੈਠਾ ਅਤੇ ਲੱਗਾ ਬੁਲਾਣ ਵਾਲੇ ਦੀ ਉਡੀਕ ਕਰਨ। ਕੀਰਤਨ ਦੀ ਅਵਾਜ਼ ਆਉਂਦੀ ਰਹੀ। ਤੂਤੀਆਂ ਦੀ ਅਵਾਜ਼ ਵੀ ਆਉਂਦੀ ਰਹੀ। ਪਰ ਮੈਨੂੰ ਲੈਣ ਲਈ ਕੋਈ ਨਾ ਆਇਆ। ਮੈਂ ਸੋਚੀਂ ਪੈ ਗਿਆ,

ਏਹਨਾਂ ਸਿੰਘ ਸਭੀਆਂ ਦਾ ਕੀ ਭਰੋਸਾ ਹੈ! ਨਾ ਜਾਣੀਏ ਮਤਾਂ ਮੇਰੇ ਬਿਨਾਂ ਹੀ ਵਿਆਹ ਪੜ੍ਹਾ ਛਡਣ। ਅੰਤ ਉਡੀਕ ਮੁਕੀ ਅਤੇ ਨੌਂ ਕੁ ਵਜੇ ਮੈਨੂੰ ਦੀਵਾਨ ਵਿਚ ਲੈ ਗਏ ਅਤੇ ਮੇਰੇ ਇਕ ਹਮ-ਨਾਮ ਨੇ ਵਿਆਹ ਅਨੰਦ-ਰੀਤੀ ਨਾਲ ਪੜ੍ਹਾਇਆ। ਉਸ ਦਾ ਹੋਰ ਕੋਈ ਸਿਖਿਆ ਮੈਨੂੰ ਯਾਦ ਨਹੀਂ, ਕੇਵਲ ਇਤਨਾ ਕੁ ਯਾਦ ਹੈ ਕਿ ਗੁਸਾ ਆ ਜਾਏ ਤਾਂ ਠਰੁੰਮੇ ਨਾਲ ਗੱਲ ਸਮਝਾ ਦੇਣੀ, ਕਿਧਰੇ ਹੱਥ ਵਿਚ ਸੋਟਾ ਫੜ ਕੇ ਕੁਟਣ ਨਾ ਲਗ ਪੈਣਾ। ਸਿਖਿਆ ਦੇਣ ਵਾਲੇ ਦੇ ਹੱਥ ਵਿਚ ਵਿੰਗਾ-ਤੜਿੰਗਾ ਸੋਟਾ ਸੀ ਜੋ ਉਹ ਭੁਆ ਭੁਆ ਕੇ ਦਹਿੜ੍ਹਾ ਰਿਹਾ ਸੀ।

ਡੋਲੀ ਟੁਰਨ ਵੇਲੇ ਕੁੜੀਆਂ ਨੇ ਜੋ ਗੀਤ ਗਾਇਆ ਉਸ ਨਾਲ ਮੇਰੀਆਂ ਅੱਖਾਂ ਵਿਚ ਹੰਝੂ ਆ ਗਏ। ਮੈਨੂੰ ਵੇਖ ਕੇ ਸਾਰੇ ਹੱਸਣ ਲਗੇ "ਔਹ ਵੇਖੋ ਲਾੜਾ ਵੀ ਰੋ ਪਿਆ ਜੇ।"

ਮੁੜਦੀ ਵੇਰ ਮੈਂ ਘੋੜੀ ਤੇ ਸਾਂ ਅਤੇ ਜੰਞ ਊਠਾਂ ਤੇ। ਤਾਰਿਆਂ ਦੀ ਛਾਂਵੇ ਅਡਿਆਲੇ ਪਹੁੰਚੇ। ਰਾਤ ਦੀ ਰੋਟੀ ਅਡਿਆਲੇ ਦੇ ਕੋਲ ਇਕ ਢੱਕੀ ਉਤੇ ਵਸਦੀ ਢੋਕ ਝਾਮਰੇ ਵਿਚ ਇਕ ਮੁਸਲਮਾਨ ਦੋਸਤ ਦੇ ਘਰ ਸੀ। ਉਥੋਂ ਵਿਹਲੇ ਹੋ ਕੇ ਆਪਣੇ ਘਰ ਪ੍ਰਵੇਸ਼ ਕੀਤਾ। ਰਾਤ ਨੂੰ ਦੰਪਤੀ ਕਾ ਡੇਰਾ ਇਕ ਅੰਦਰਲੀ ਕੋਠੜੀ ਵਿਚ ਸੀ। ਕੁੜੀ ਨੇ ਮਸ਼ਕਰੀ ਕੀਤੀ। ਉਹ ਇਹ ਕਿ ਮੈਨੂੰ ਪਰਤਾਲਣ ਲਈ ਸਰ੍ਹਾਣੇ ਹੇਠ ਪਤਾਸੇ ਰਖ ਦਿਤੇ ਸਵੇਰੇ ਉਠ ਕੇ ਮੈਂ ਹਸਦਿਆਂ ਹਸਦਿਆਂ ਕੁੜੀਆਂ ਨੂੰ ਦਸਿਆ ਕਿ ਵੇਖ ਲਓ ਤੁਹਾਡੇ ਪਤਾਸੇ ਸਾਬਤ ਸਬੂਤ ਹਨ।

ਰੋਟੀ ਖਾਕੇ ਮੈਂ ਘੋੜੀ ਤੇ ਚੜਕੇ ਰਾਵਲਪਿੰਡੀ ਤੁਰ ਪਿਆ। ਨਾਲ ਵਹੁਟੀ ਅਤੇ ਪਿਤਾ ਜੀ ਸਨ। ਸ਼ਾਮ ਨੂੰ ਗੱਡੀ ਤੇ ਚੜ੍ਹਕੇ ਗੁਜਰਖਾਨ ਆਉਣਾ ਸੀ। ਸਾਨੂੰ ਦੋਹਾਂ ਨੂੰ ਇੰਟਰ ਦੇ ਡੱਬੇ ਵਿੱਚ ਬਿਠਾਇਆ ਗਿਆ ਵਹੁਟੀ (ਧੰਨ ਕੌਰ) ਇਕ ਬਾਰੀ ਅੱਗੇ ਬੈਠੀ ਸੀ ਤੇ ਮੈਂ ਦੂਜੀ ਬਾਰੀ ਦੇ ਅੱਗੇ, ਇਕੱਲੇ ਹੀ ਸਾਂ, ਪਰ ਚੁਪ-ਚੁਪੀਤੇ। ਉਹ ਬਾਹਰ ਵੇਖ ਰਹੀ ਸੀ ਤੇ ਮੈਂ ਉਸ ਵਲ ਕਦੀ ਚੋਰ-ਅੱਖੀਏਂ – ਕਦੀ ਕਨੱਖੀਏਂ – ਵੇਖ ਲੈਂਦਾ ਸਾਂ । ਉਸ ਵੇਲੇ ਮੇਰੇ ਮਨ ਦੀ ਆਰਸੀ ਵਿਚੋਂ ਤਰ੍ਹਾਂ ਤਰ੍ਹਾਂ ਦੇ ਨਾਵਲਾਂ ਤੇ ਨਾਟਕਾਂ ਦੀਆਂ ਨਾਇਕਾਂ ਲੰਘ ਰਹੀਆਂ ਸਨ। ਕਿਥੇ ਉਹ ਤੇ ਕਿਥੇ ਇਹ ਨੱਥ ਵਾਲੀ! ਕੀ ਮੇਰੀ ਕਿਸਮਤ ਇਉਂ ਲਿਖੀ ਸੀ? ਮੇਰਾ ਸਾਰਾ ਪੜ੍ਹਿਆ-ਪੜ੍ਹਾਇਆ ਯੂਰਪੀਨ ਸਾਹਿੱਤ ਆਪਣੀ ਹਿੰਦੀ ਕਿਸਮਤ ਨੂੰ ਕਬੂਲਣ ਵਿਚ ਰੋਕ ਪਾ ਰਿਹਾ ਸੀ। ਮੇਰਾ ਮਨ ਤਾਂ ਸਕਾਟ ਤੇ ਸੈਕਸ਼ਪੀਅਰ ਦੇ ਪਾਤਰਾਂ ਵਿੱਚ ਵਿਚਰ ਰਿਹੀ ਸੀ ਅਤੇ ਅੱਖਾਂ ਘਰੋਗੀ ਅਸਲੀਅਤ ਨੂੰ ਵੇਖ ਕੇ ਕਰਾਹਤ ਮਹਿਸੂਸ ਕਰ ਰਹੀਆਂ ਸਨ।

ਅੰਤ ਗੱਡੀ ਮਾਣਕਿਆਲੇ ਪਹੁੰਚੀ। ਧੰਨ ਨੇ ਉਡੀਕ ਉਡੀਕ ਕੇ ਪਹਿਲ ਕੀਤੀ ਅਤੇ ਮੇਰੇ ਕੋਲ ਆ ਕੇ ਝੋਲੀ ਵਿਚੋਂ ਨਿਉਜੇ ਕੱਢ ਕੇ ਕਹਿਣ ਲੱਗੀ, 'ਨਿਉਜੇ ਖਾਓਗੇ?' ਮੈਂ

ਕਿਹਾ, 'ਨਹੀਂ, ਮੈਂ ਨਿਉਜੇ ਨਹੀਂ ਖਾਦਾ।' ਉਹ ਪਿੱਛੇ ਹੱਟ ਕੇ ਆਪਣੀ ਥਾਂ ਤੇ ਜਾ ਬੈਠੀ। ਕੁਝ ਮਿੰਟਾਂ ਮਗਰੋਂ ਉਹ ਰਹਿਰਾਸ ਸਾਹਿਬ ਦੇ ਪਾਠ ਵਿੱਚ ਰੁਝ ਗਈ। ਅਰਦਾਸ ਉਸ ਨੇ ਆਪਣੇ ਮੂੰਹ ਵਿਚ ਹੀ ਕਰ ਲਈ, ਮਤੇ ਮੈਂ ਉਸ ਨਾਲ ਸ਼ਾਮਲ ਆ ਹੋਵਾਂ।

ਗੁਜਰਖਾਨ ਪਹੁੰਚ ਕੇ ਉਸ ਨੇ ਘੁੰਡ ਕੱਢ ਲਿਆ ਅਤੇ ਅੱਗੋਂ ਆਉਣ ਵਾਲੇ ਸਬੰਧੀਆਂ ਦੀ ਡਾਰ ਵਿੱਚ ਰਲ ਗਈ। ਮੈਂ ਉਪਰੇ ਦਾ ਉਪਰਾ ਹੀ ਰਿਹਾ, ਅਤੇ ਰਾਤ ਨੂੰ ਗੱਡੀ ਤੇ ਚੜ੍ਹ ਕੇ ਅੰਮ੍ਰਿਤਸਰ ਪਹੁੰਚ ਗਿਆ। ਮੇਰੇ ਸਾਥੀਆਂ ਨੇ ਮੇਰੇ ਵਿਚ ਕੋਈ ਤਬਦੀਲੀ ਨਾ ਵੇਖੀ। ਓਹੋ ਮੈਂ ਤੇ ਓਹੋ ਟ੍ਰਿਗਨੋਮੈਟਰੀ ਦੀ ਕਿਤਾਬ। ਮੈਂ ਤਾਂ ਮਹਿੰਦੀ ਵੀ ਨਹੀਂ ਲੁਆਈ — ਕੇਵਲ ਖੱਬੇ ਹੱਥ ਦੀ ਤਲੀ ਉਤੇ T.S. ਦਾ ਨਿਸ਼ਾਨ ਬਣਵਾ ਲਿਆ ਸੀ। ਜਦ ਤਕ ਇਹ ਨਿਸ਼ਾਨ ਨ੍ਹਾਉਣ ਧੋਣ ਨਾਲ ਨਾ ਲਹਿ ਗਿਆ, ਤਦ ਤਕ ਮੈਂ ਆਪਣਾ ਖੱਬਾ ਹੱਥ ਘੁਟ ਕੇ ਹੀ ਚਲਦਾ ਰਿਹਾ।

ਐਫ਼. ਏ. ਦਾ ਇਮਤਿਹਾਨ ਦੇਣ ਤਕ ਮੈਂ ਕੋਈ ਖ਼ਤ ਨਾ ਲਿਖਿਆ ਅਤੇ ਨਾ ਹੀ ਵਹੁਟੀ ਨੂੰ ਮਿਲਣ ਗਿਆ। ਜਦ ਮੈਂ ਸੰਤ ਸਿੰਘ ਸੁਖਾ ਸਿੰਘ ਸਕੂਲ ਦਾ ਹੈੱਡਮਾਸਟਰ ਲੱਗ ਕੇ ਸਕੂਲ ਦੇ ਕੋਲ ਹੀ ਰਾਗੀ ਤਖ਼ਤ ਸਿੰਘ ਦੇ ਘਰ ਇਕ ਕਮਰੇ ਵਿਚ ਰਹਿਣ ਲੱਗਾ, ਤਾਂ ਇਕ ਗੱਲ ਵਾਪਰੀ ਜਿਸ ਕਰ ਕੇ ਮੈਨੂੰ ਆਪਣੇ ਘਰੋਂ ਕਿਸੇ ਨੂੰ ਬੁਲਾਣ ਦੀ ਲੋੜ ਪਈ। ਮੈਨੂੰ ਬੁਖ਼ਾਰ ਹੋ ਗਿਆ। ਦਿਨ ਐਤਵਾਰ ਦਾ ਸੀ। ਕੋਈ ਚਪੜਾਸੀ ਵੀ ਨੇੜੇ ਨਹੀਂ ਸੀ। ਦਵਾਈ ਕੌਣ ਲਿਆਉਂਦਾ। ਔਖਾ ਸੌਖਾ ਹੋ ਕੇ ਮੈਂ ਆਪਣੀ ਏ ਜੀ ਨੂੰ ਤਾਰ ਭਿਜਵਾ ਦਿੱਤੀ ਕਿ ਮੈਂ ਬੀਮਾਰ ਪਿਆ ਹਾਂ, ਇਸ ਲਈ ਝਟ ਪਟ ਆ ਜਾਓ। ਉਨ੍ਹਾਂ ਮੌਕਾ ਤਾੜ ਕੇ ਧੰਨ ਕੌਰ ਨੂੰ ਭੇਜ ਦਿੱਤਾ। ਇਸ ਤਰ੍ਹਾਂ ਸਾਡਾ ਮੇਲ ਹੋ ਗਿਆ। ਮੈਨੂੰ ਇਕ ਦਿਨ ਦੀ ਵਰਤੋਂ ਨੇ ਹੀ ਦੱਸ ਦਿੱਤਾ ਕਿ ਮੈਂ ਜਿਸ ਦੁਨੀਆਂ ਦੇ ਸੁਫ਼ਨੇ ਲੈਂਦਾ ਰਿਹਾ ਸਾਂ, ਉਹ ਮੇਰੀ ਨਹੀਂ ਸੀ, ਇਕ ਬਿਗਾਨੀ ਮ੍ਰਿਗ-ਤ੍ਰਿਸ਼ਨਾ ਸੀ। ਅਸਲ ਦੁਨੀਆਂ ਤਾਂ ਆਪ ਬਨਾਣੀ ਪੈਂਦੀ ਹੈ, ਇਸ ਲਈ ਸਮਿਗਰੀ ਸਾਡੇ ਕੋਲ ਹੀ ਹੁੰਦੀ ਹੈ, ਪਰ ਅਸੀਂ ਉਸਨੂੰ ਅਪਣਾਂਦੇ ਨਹੀਂ ਤੇ ਬਾਹਰ ਭਟਕਦੇ ਫਿਰਦੇ ਹਾਂ।

4.1 Phrases

ਮੈਂ ਬਥੇਰੀ ਨਾਂਹ ਨੁਕਰ ਕੀਤੀ	tried to dissuade
ਕਿਹੜੇ ਵੇਲੇ ਦੀ ਖਲੀਆਂ	how long we have been waiting!
ਤਾਰਿਆਂ ਦੀ ਛਾਵੇਂ	under the light of the stars
ਏਹਨਾਂ ਸਿੰਘ ਸਭੀਆਂ ਦਾ ਕੀ ਭਰੋਸਾ ਹੈ	how can you trust all these Sikhs?

ਨਾ ਜਾਣਿਏ ਮਤਾਂ ਮੇਰੇ ਬਿਨਾਂ ਹੀ ਵਿਆਹ ਪੜ੍ਹਾ ਛਡਣ	you never know -- they might hold the wedding ceremony without me
ਕਿਧਰੇ ਕੁਟਣ ਨਾ ਲਗ ਪੈਣਾ	lest you begin to beat
ਉਥੋਂ ਵਿਹਲੇ ਹੋਕੇ	having become free from there
ਦੰਪਤੀ ਦਾ ਠੇਰਾ ਸੀ	the couple stayed, the couple was put up
ਘਰੋਗੀ ਅਸਲਿਅਤ	the reality at hand
ਘੁੰਡ ਕੱਢ ਲਿਆ	she veiled (her face)
ਮੈਂ ਓਪਰੇ ਦਾ ਓਪਰਾ ਹੀ ਰਿਹਾ	I remained a stranger (as before)
ਹੈੱਡਮਾਸਟਰ ਲੱਗ ਕੇ	having become headmaster
ਔਖਾ ਸੌਖਾ ਹੋਕੇ	somehow or other, with mixed feelings

4.2 Vocabulary

ਅਸਲੀਅਤ	reality (f.)
ਅਚਨਚੇਤ	suddenly , unexpectedly
ਅੰਦਰਲਾ	inner
ਅਨੰਦ-ਰੀਤੀ	happy ceremony (f.)
ਅਪੜਨਾ	to reach
ਅਰਦਾਸ	request (f.)
ਆਮ ਤੌਰ ਤੇ	generally
ਆਰਸੀ	mirror-set ring (f.)
ਔਖਾ ਸੌਖਾ	difficult and easy
ਇੰਟਰ	Intermediate, a junior college certificate
ਇਮਤਿਹਾਨ	examination (m.)
ਊਟ	camel (m.)
ਓਪਰਾ	other, strange
ਸੰਬੰਧੀ	relative
ਸਭੀ	= ਸਭ ਹੀ
ਸਮਿਗਰੀ	material (f.)
ਸਰ੍ਹਾਣਾ	pillow (m.)
ਸਾਥੀ	companion (m.)

ਸਾਬਤ ਸਬੂਤ	completely whole, firm, unbroken
ਸਿਰ	ahead
ਸੋਚੀਂ	in worry
ਹਮ-ਨਾਮ	of the same name
ਹੰਝੂ	tear (m.)
ਕਨੱਖੀ	squint (f.)
ਕਬੂਲਣਾ	to accept
ਕਮਰਾ	room (m.)
ਕਰਾਹਤ	abomination, disgust (f.)
(ਦੇ) ਕਾਰਨ	because of
ਕੀਰਤਨ	religious recital (m.)
ਕੁਟਣਾ	to pound
ਕੇਸਰੀ	of saffron color (adj.)
ਕੋਠੜੀ	room (f.)
ਖਲਾ	= ਖੜਾ
ਖੂੰਡੀ	nail, spike (f.)
ਗੱਡੀ	train (f.)
ਗੜ੍ਹ	castle, fort (m.)
ਗੁਆਂਢ	neighborhood (f.)
ਗੁਸਾ	anger (m.)
ਘਨਘੋਰ	loud, thundering noise (f.)
ਘਰ ਵਾਲੇ	relatives (m.)
ਘਰੋਗੀ	homemade
ਘੁੱਟਣਾ	to press down
ਘੁੰਡ	veil (m.)
ਚਪੜਾਸੀ	messenger, servant (m.)
ਚੜ੍ਹਨਾ	to ride, climb, mount
ਚਾਲਨਾ	to cause to move

ਚੁਪ-ਚੁਪੀਤਾ	quiet, silent
ਛਾਉਂ	shade (f.)
ਛਾਵੇਂ (ਛਾਵੇ)	in the shade
ਛੇੜਨਾ	to bother, to touch
ਜੰਞ (ਜੰਝ)	party accompanying the bridegroom to the bride's home on the occasion of marriage (f.)
ਜਾਮਾ	coat reaching to the ankles (m.)
ਝਟਪਟ	immediately
ਝੋਲੀ	bag (f.)
ਟਿਕਾਉਣਾ	to station, to put up
ਠਰ੍ਹੰਮਾ	calmness, peace (m.)
ਡੱਬਾ	carriage, railway compartment (m.)
ਡਾਰ	line (f.)
ਡੇਰਾ	camp (m.)
ਡੋਲੀ	palanquin (f.)
ਢੱਕੀ	narrow passage between two hills, gorge (f.)
ਢੋਲ	drum (m.)
ਤਬਦੀਲੀ	change (f.)
ਤਲੀ	bottom, palm (of hand), sole (of foot) (f.)
ਤਾਰ	wire, telegram (m.)
ਤਾਰਾ	star (m.)
ਤਾੜਨਾ	to know, figure out, realize
ਤਿਆਰੀ	preparation (f.)
ਤੂਤੀ	an instrument (f.)
ਤੋਰਨਾ	to cause to go, set out, walk
ਤੌਰ	way, manner (f.)
ਥਹੁ	factual

ਦੰਪਤੀ	couple (m.)
ਦਰਿੜ੍ਹਾਨਾ	to make firm, to hit hard
ਦੀਵਾਨ	council (m.) ਦੀਵਾਨ ਲੱਗਣਾ to meet, have a gathering
ਦੀਵਾਨ-ਅਸਥਾਨ	guest house (m.)
ਨ੍ਹਾਉਣਾ	to bathe
ਨੱਥ	nose-ring (f.)
ਨਾਇਕਾ	heroine (f.)
ਨਾਂਹ	saying no, refusal (f.)
ਨਾਂਹ ਨੁਕਰ	saying no, no, etc. (f.)
ਨਿਉਜ਼ਾ	a type of sweet (m.)
ਨੁਕਰ	see ਨਾਂਹ ਨੁਕਰ
ਪਹੁੰਚਣਾ, ਪਹੁੰਚ ਜਾਣਾ	to reach
ਪਤਾਸਾ	a kind of sweet, candy (m.)
ਪਰਤਾਲਣਾ	to investigate, examine, test
ਪ੍ਰਵੇਸ਼	entrance (m.)
ਪੜ੍ਹਾਈ	study (f.)
ਪਾਠ	recital (m.)
ਪਾਤਰ	character in a novel or drama (m.)
ਪਿਆ	dear, husband (m.)
ਪੁਆਉਣਾ	to dress someone else
ਪੇਸ਼ਕਾਰ	agent, one who introduces (m.)
ਪੈਂਡਾ	road (m.)
ਪੈਂਡਾ ਮਾਰਨਾ	to cover a distance
ਬਹੁੜਨਾ	to come again, to return
ਬਹੂਟੀ	wife (f.)
ਬਤੇਰੀ	plenty
ਬਾਰੀ	window (f.)
ਬਿਗਾਨਾ	other's

ਬੁਖ਼ਾਰ	fever (m.)
ਬੇ	wife (f.)
ਭਰੋਸਾ	trust, faith (m.)
ਭਿਜਵਾਉਣਾ	to cause to be sent
ਭੁਆਉਣਾ	to cause to revolve, to swing around
ਮਸ਼ਕਰੀ	jesting (f.)
ਮਹਿਸੂਸ ਕਰਨਾ	to feel
ਮਹਿੰਦੀ	henna (f.)
ਮਤਾਂ	lest
ਮਤੇ	although, but
ਮਰੂਆ	= ਮਰੂਆਦਾਰ
ਮ੍ਰਿਗ-ਤ੍ਰਿਸ਼ਨਾ	mirage (f.)
ਮਾਮੀ	mother's brother's wife (f.)
ਮਿਲਦਿਆਂ ਹੀ	just after meeting, just after seeing
ਮਿਲਣੀ	meeting (f.)
ਮੂਜਬ	because of
ਮੇਲ	union (m.)
ਮੋੜਨਾ	to turn back
ਮੋੜ ਲਿਆਉਣਾ	to turn back
ਯੂਰਪੀਨ	European
ਰਚਾਉਣਾ	to arrange
ਰਾਗੀ	singer (m.)
ਰੀਤੀ	custom (f.)
ਰੁੱਸਣਾ	to be annoyed
ਰੁੱਝਣਾ	to be absorbed, engaged
ਲੰਘਣਾ	to cross over, to pass
ਵਰਤਾਉਣਾ	to use
ਬਾਣਾ	costume, dress (m.)

ਲਾੜਾ	bridegroom (m.)
ਲੋਹਾ	iron (m.)
ਲੋਢੇ ਵੇਲੇ	three hours before sunrise, about 3 A.M.
ਵਸਤੀ	habitation (f.)
ਵਹੁਟੀ	wife (f.)
ਵਕਤ	time (m.)
ਵਕਤ ਸਿਰ	ahead of time
ਵਾਪਰਨਾ	to happen, occur
ਵਿਹਲਾ	free, not busy, at leisure
ਵਿੰਗਾ-ਤੜਿੰਗਾ	crooked, uneven
ਵਿਛੜਨਾ	to be separated
ਵੇਰ	= ਵਾਰ

4.3 Answer the following questions in Panjabi:

੧. ਲੇਖਕ ਆਪਣੇ ਘਰ ਵਾਲਿਆਂ ਤੋਂ ਕਿਉਂ ਵਿਛੁੜਾ ਰਿਹਾ?
੨. ਲੇਖਕ ਦੇ ਪਿਤਾ ਜੀ ਨੇ ਅਚਨਚੇਤ ਆਕੇ ਕੀ ਦਸਿਆ?
੩. ਲੇਖਕ ਨੇ ਆਪਣੇ ਪਿਤਾ ਜੀ ਦੀ ਗੱਲ ਸੁਣਕੇ ਕੀ ਕੀਤਾ?
੪. ਪਿੰਡ ਅਪੜਕੇ ਲੇਖਕ ਨੇ ਕੀ ਦੇਖਿਆ?
੫. ਲੇਖਕ ਦੀ ਜੰਞ ਕਿਥੇ ਤੇ ਕਿੰਨੀ ਕੁ ਦੂਰ ਗਈ?
੬. ਲੇਖਕ ਨੂੰ ਜੰਞ ਵਿਚ ਕੀ ਪੁਆਇਆ ਗਿਆ ਤੇ ਕਿਵੇਂ ਤੋਰਿਆ ਗਿਆ?
੭. ਜੰਞ ਵਿਚ ਗੁਟਕਾ ਕਿਸ ਕੋਲੋਂ ਪੜ੍ਹਾਇਆ ਗਿਆ?
੮. ਜੰਞ ਨੂੰ ਕਿੱਥੇ ਟਿਕਾਇਆ ਗਿਆ?
੯. ਲੇਖਕ ਨੂੰ ਰਾਤੀਂ ਕਿਥੇ ਸੁਲਾਇਆ ਗਿਆ?
੧੦. ਲੇਖਕ ਨੂੰ ਕਿੰਨੇ ਕੁ ਵਜੇ ਵਿਆਹ ਕਰਾਣ ਨੂੰ ਸੱਦਿਆ?
੧੧. ਡੋਲੀ ਟੁਰਨ ਵੇਲੇ ਲੇਖਕ ਦੀ ਅੱਖਾਂ ਵਿਚ ਹੰਝੂ ਕਿਉਂ ਆ ਗਏ?
੧੨. ਰਸਤੇ ਵਿਚ ਰਾਤ ਦੀ ਰੋਟੀ ਕਿੱਥੇ ਖਾਧੀ?
੧੩. ਟੰਪੜੀ ਦਾ ਡੇਰਾ ਕਿੱਥੇ ਲਗਾਇਆ ਗਿਆ ?
੧੪. ਰੋਟੀ ਖਾਣ ਤੋਂ ਮਗਰੋਂ ਲੇਖਕ ਪਿਤਾ ਜੀ ਤੇ ਵਹੁਟੀ ਕਿੱਥੇ ਗਏ?
੧੫. ਗੁੱਜਰਖਾਨ ਕਦੋਂ ਜਾਣਾ ਸੀ?
੧੬. ਟੰਪੜੀ ਨੂੰ ਗੱਡੀ ਵਿਚ ਕਿਥੇ ਬਿਠਾਇਆ ਗਿਆ?
੧੭. ਲੇਖਕ ਨੇ ਵਹੁਟੀ ਨੂੰ ਵੇਖ ਕੇ ਕੀ ਸੋਚਿਆ?
੧੮. ਲੇਖਕ ਕਦੋਂ ਅਮ੍ਰਿਤਸਰ ਪਹੁੰਚ ਗਿਆ?
੧੯. ਚੰਨਕੌਰ ਦੇ ਲੇਖਕ ਕੋਲ ਆਣ ਤੋਂ ਬਾਦ ਲੇਖਕ ਦੇ ਮਨ ਵਿਚ ਕੀ ਵਿਚਾਰ ਆਇਆ?

4.4 Fill in the blanks:

੧. —— ਦੇ ਜਾਗਣ ਤੁਰ —— ਰਿਹਾ ——।
੨. ਆਉ ਮਿੱਤ ——, ਤੁਸੀ ਵਿਆਹ ——।
੩. ਹੱਥ ਵਿਚ —— ਤੇ ਤੁਰ —— ਪਿਤਾ ਜੀ —— ਤੁਰ ——।
੪. ਮਿੱਤ ਵਿਚੋਂ ਕਿਸੇ —— —— ਕਦੀਂ ਨਸ ਆਉਂਦੇ।
੫. ਲੇਖਕ ਨੂੰ ਵੇਖ —— ਜਾਂਦੇ —— ਲੱਗੇ।

੬. ਰਾਤ ਨੂੰ ਸਾਡਾ ਡੇਰਾ —— ਵਿਚ ਸੀ।
੭. ਕਿਥੇ ਉਹ ਤੇ —— ਇਹ।
੮. ਉਹ ਗੁਰੂ ਗ੍ਰੰਥ ਸਾਹਿਬ ਦੇ —— ਵਿਚ —— ਗਈ।
੯. ਓਹੋ ਮੈਂ ਤੇ —— ਸਕੂਲ।
੧੦. ਉਸ ਨੇ ਘੁੰਡ —— ਅਤੇ ਸਬੰਧੀਆਂ ਵਿਚ —— ਗਈ।
੧੧. ਮੈਂ ਉਸ ਸਕੂਲ ਵਿਚ ਹੈਡਮਾਸਟਰ —— ਸੀ।
੧੨. —— —— ਹੋ ਕੇ ਮੈਂ ਆਪਣੇ —— ਨੂੰ ਤਾਰ ——।
੧੩. —— ਦੀ ਰੋਟੀ —— ਸੀ।
੧੪. ਸਿਖਿਆ ਦੇਣ —— ਦੇ ਹੱਥ ਵਿਚ —— ਸੀ।
੧੫. ਉਹ ਨੇ ਉਡੀਕ —— ਕੇ ਪਹਿਲ ਕੀਤੀ।

4.5 Translate into Panjabi:

1. Because of studying I did not go home.
2. After they reached New York no one ever heard from them.
3. I did not even tell my father when I went on a three-day vacation.
4. The preparation of the marriage party had already begun.
5. I was dressed in a coat and trousers.
6. No one in the gathering knew how to write.
7. This work had to be done by the student himself.
8. The sound of the bell kept coming.
9. I was worried; you can't trust these people.
10. At the time of our departure the girls sang a song.
11. Along with me were my father and my wife.
12. We both sat in the compartment, alone and quiet.
13. I remained just an outsider there.
14. Until my examination I neither wrote a letter nor went to see her.

4.6 The verb ਰਹਿਣਾ is used in three ways, to express:

(1) Continuance of an action for some time (present participle of verb of action, ਰਹਿਣਾ conjugated for appropriate tense)

ਅਵਾਜ਼ ਆਉਂਦੀ ਰਹੀ	the sound kept coming
ਮੈਂ ਚਲਦਾ ਰਹਾਂਗਾ	I will keep walking

(2) Action in process at a given time (stem of verb of action, past participle of ਰਹਿਣਾ , ਹੋਣਾ conjugated for tense)

ਉਹ ਬਾਹਰ ਵੇਖ ਰਹੀ ਸੀ	she was looking outside
ਤਿਆਰੀ ਹੋ ਰਹੀ ਹੈ	preparation is being made

(3) The meaning "to remain", "to stay", "to live"

ਮੈਂ ਓਪਰਾ ਦਾ ਓਪਰਾ ਹੀ ਰਿਹਾ	I remained just an outsider
ਮੈਂ ਘਰ ਵਾਲਿਆਂ ਤੋਂ ਵਿਛੜਿਆ ਰਿਹਾ	I stayed separated from my relatives
ਮੈਂ ਉੱਥੇ ਰਹਿੰਦਾ ਸੀ	I lived there, I was living there

Translate the following:

1. He kept crying all night.
2. We were reading our Panjabi lesson in the class.
3. They will stay at a hotel in New York.
4. He lived in that house in this village.
5. He went to college but remained stupid.
6. I stayed in a house where my friends live.
7. They keep on singing until someone tells them to stop.
8. Nanak kept teaching until he died.
9. People were dying of famine.
10. Where did you stay all night?

UNIT V

ਪਿੰਡ ਦੀ ਸਵੇਰ

ਬਿਸ਼ਨ ਸਿੰਘ ਉਪਾਸ਼ਕ

'ਘੁਲਿਆ' ਚੌਕੀਦਾਰ ਥੜ੍ਹੇ ਤੇ, ਬੈਠਾ ਪਿਆ ਊਂਘਲਾਵੇ ।
'ਮਣਸੋ' ਝੀਰੀ ਖੂਹ ਦੇ ਅੰਦਰ, ਡੋਲ ਪਈ ਲਮਕਾਵੇ।

'ਸੰਤੂ' ਚਾਚਾ ਨੱਕੇ ਮੋੜੇ, ਗਾਧੀ ਜੁੜਿਆ ਬੋਤਾ।
'ਹਿੰਮਤ ਸਿਹੁੰ' ਨੇ ਹਿੰਮਤ ਕਰ ਕੇ, ਲਾ ਲਿਆ ਅੱਧਾ ਜੋਤਾ।

'ਮੀਣਾ-ਬੌਲਦ' ਕੋਹਲੂ ਅਗੇ, ਪਿੱਛੇ 'ਬੁਧੂ' ਤੇਲੀ।
ਅਜੇ ਤੀਕ ਵੀ ਲੰਬੜਾਂ ਵਾਲੀ, ਮਹਿਕੇ ਪਈ ਹਵੇਲੀ।

ਪਿੱਪਲ ਹੇਠ ਪਲੋਤੀ ਜੁੰਡਲੀ, ਸਾਥੀ ਤਾਈਂ ਉਡੀਕੇ।
ਅਹਿ ਲਉ, ਔਣੋਂ ਵਾਲਾ ਆ ਗਿਆ, ਤੁਰ ਪਏ [illegible] [illegible]।

ਲੱਲੂ ਆਤੂੰ ਇਕਰਾਰ ਤੇ ਆ ਕੇ, ਟੁਟੀਆਂ ਪਿਆਰ-ਤਣਾਵਾਂ।
ਸੰਤਾਂ ਦੀ ਕੁਟੀਆ 'ਚੋਂ ਤੁਰਿਆ, [illegible] ਇਕ ਪਰਛਾਵਾਂ।

ਚੀਨਾ-ਕੁਕੜ ਬਾਂਗਾਂ ਦੇਵੇ, [illegible] ਜਾਵ [illegible]।
ਮੌਤ ਕਹੇ ਆ ਤੇਰੇ ਸਿਰ ਤੇ, [illegible] ਮੌਜ [illegible]।

'[illegible]' ਪ੍ਰੋਹਿਤ ਨਾਵੇ, ਰਾਮ ਨਾਮ ਦੀਆਂ ਤਾਨਾਂ।
ਹਉਕਾ ਭਰ ਕੇ '[illegible]' ਆਖੇ, 'ਦਾਤਾ' ਤੇਰੀਆਂ ਸ਼ਾਨਾਂ।

[illegible], [illegible], ਗੋਹਾ, ਕੂੜਾ, [illegible] [illegible] '[illegible]' ।
[illegible] ਨਾਲ ਦੁਧ ਦਾ [illegible], [illegible] ਪਈ '[illegible]' ।

'[illegible]' '[illegible]' [illegible] [illegible] [illegible] [illegible] [illegible]।
'[illegible]' ਅਪਣੀ [illegible] [illegible], [illegible] [illegible] [illegible]

ਚਾਟੀ ਵਿਚ ਮਧਾਣੀ ਛਣਕੇ, ਬਾਹੀਂ ਰੰਗਲਾ ਚੂੜਾ।
ਤੂਤ ਤੇ ਏਨਾ ਤਿਲੀਅਰ ਬੋਲੇ, ਮਾਣ-ਜੁਆਨੀ ਕੂੜਾ।

ਲੰਘਦਾ, ਲੰਘਦਾ ਮੇਲ ਨਾਨਕਾ, ਮਿੱਠੜੇ ਗੀਤ ਖਿਲਾਰੇ।
ਆਪੋ ਆਪਣੇ ਅਨ-ਜਲ ਦੀ ਵਲ, ਜਾ ਰਹੇ ਪੰਛੀ ਸਾਰੇ।

ਸੱਜ-ਵਿਆਹੀ ਕੁਦਰਤ ਰਾਣੀ, ਚੜ੍ਹਿਆ ਰੂਪ ਸਵਾਇਆ।
ਸੂਹਾ-ਚੀਰਾ ਬੰਨ੍ਹ ਕੇ ਸੂਰਜ, ਹਾਸੇ ਵੰਡਦਾ ਆਇਆ।

ਚੁੱਗਣ ਤੁਰ ਪਿਆ ਚੜ੍ਹਦੇ ਵਲ ਨੂੰ, ਸਾਰੇ ਪਿੰਡ ਦਾ ਚਾਉਣਾ।
ਘੁੰਗਰੂਆਂ, ਟੱਲੀਆਂ 'ਚੋਂ ਗੂੰਜੇ, ਰਾਗ ਕਿਹਾ ਮਨ-ਭਾਉਣਾ।

ਸਰਘੀ-ਸੁਰਖ਼ ਦੁਪੱਟਾ ਲੈ ਕੇ , ਲੰਘ ਗਈ ਨਖ਼ਾਂ ਭਰਦੀ।
ਛਾਹ-ਵੇਲਾ ਲੈ ਤੁਰ ਪਈ 'ਬਚਨੋਂ' ਠੁਮਕ ਠੁਮਕ ਕਰਦੀ।

ਘੱਲ ਦਿਤੇ ਲਾਵਾਂ ਦਾ ਸੱਦਾ, ਕਰਨੇ ਕੁਲ ਤਿਆਰੀ।
ਵਜੇ ਵਾਲਿਆਂ ਵਜੇ ਅੰਦਰ, ਕੂਕ ਸੁਰੀਲੀ ਮਾਰੀ।

ਮੁੰਡੇ ਕੁੜੀਆਂ ਵਲ ਮਦਰਸੇ, ਵਗ ਪਏ ਵਾਹੋ-ਦਾਹੀ।
ਹੌਲੀਆਂ ਭਾਰੀਆਂ ਪੰਡਾਂ ਲੈ ਕੇ, ਪਰਤ ਪਏ ਨੇ ਪਾਹੀ।

ਘੁੰਮਣ, ਚਹਿਕਣ, ਟੱਪੇ, ਕੁੱਦੇ, ਗਭਰੂ ਤੇ ਮੁਟਿਆਰਾਂ।
ਧਰਤੀ ਦੀ ਹਰਿਆਲੀ ਉਤੇ, ਝੂਟੇ ਲੈਣ ਬਹਾਰਾਂ।

ਹੱਟੀਆਂ ਦੇ ਬੂਹਿਆਂ ਨੂੰ ਲੱਗੇ, ਖੁਲ੍ਹ ਗਏ ਨੇ ਤਾਲੇ।
ਟਾਹਰਾਂ ਮਾਰਨ ਬਹਿ ਗਏ ਆ ਕੇ, [illegible] ਖੇਡਣ ਵਾਲੇ।

ਜਾ ਬੈਠਾ ਮੈਂ ਖੂਹੀ [illegible], ਪਿੰਡ ਦਾ ਗੇੜਾ ਲਾ ਕੇ ।
ਪੇਂਡੂ [illegible] ਕਿਤਾ, [illegible] 'ਲੱਸੀ' ਪਿਲਾ ਕੇ।

[illegible] ਆਖੇ [illegible] '[illegible]', ਆਪਣੀ [illegible] 'ਮੇਲਾ'।
ਇਹ ਪਿੰਡਾਂ ਦਾ ਸਾਦਾ ਜੀਵਨ, ਸ਼ਹਿਰਾਂ ਦੇ ਵਿਚ [illegible] ਨਾ।

Note: The words enclosed in single quotation marks are names and nicknames

5.1 Phrases

ਆਪੋ ਆਪਣੇ ਅਨ-ਜਲ ਦੀ ਜਾ ਰਹੇ ਪੱਛੀ ਸਾਰੇ	all the birds are going toward their nourishment, sustenance-- "birds" is used figuratively to mean "people". The thought implied here is that it is the desire for food which impels people, or the need for food which it is their fate to eat.
ਚੜਿਆ ਰੂਪ ਸਵਾਇਆ	she looks so beautiful

5.2 Vocabulary

ਅਹਿ	aye!
ਅਜੇ ਤੀਕ ਵੀ	right up to now, as yet
ਅਨ-ਜਲ	food and water, bread and butter
ਅਮਲੀ	drug addict (m.)
ਉਘਲਾਉਣਾ	to doze off
ਉਡਣਾ	to fly
ਸੱਜਣਾ	to decorate oneself, to dress up
ਸਰਘੀ	food eaten early in the morning during Ramadan (f.)
ਸ਼ਰਾਬੀ	alcoholic (m.)
ਸਵਾਇਆ	one and one-quarter times, plenty
ਸ਼ਿਤਾਬੀ	clever
ਸੁਕੜ	bony, weak
ਸੁਰਖ਼	red
ਸੂਰਾ-ਚੀਰਾ	turban or crown of the heroes (m.)
ਸੇਕਣਾ	to warm, to foment, to blow to ignite
ਹਉਕਾ	= ਹੂੰਕਾ
ਹੱਟੀ	shop (f.)
ਹਰਿਆਲੀ	greenness (f.)

ਹੂੰਝਣਾ	to sweep
ਕਰਮੰਡਲ	small pail or bucket (m.)
ਕਰਮਾਂ-ਵਾਲਾ	fortunate
ਕਿੱਲੀ	pail (f.)
ਕੁਕੜ	rooster (m.)
ਕੁਟੀਆ	cottage (f.)
ਕੁਦਰਤ	nature (m.)
ਕੂੜਾ	rubbish (m.)
ਕੋਹਲੂ	oil press, sugar press (m.)
ਖਲੋਣਾ	to stand, stop
ਖਲੋਤਾ	past part. of ਖਲੋਣਾ
ਖਿਲਾਰਨਾ	to scatter
ਗਭਰੂ	young man (m.)
ਗਾਧੀ	seat occupied by the ox driver of a mill or well(f.)
ਗੂੰਜਣਾ	to resound
ਗੇੜਾ	circuit (m.)
ਘੱਲਣਾ	to send
ਘੁੰਗਰੂ	small belt worn by dancers (m.)
ਘੁੰਮਣਾ	to wander, take a walk
ਗੋਹਾ	cowdung (m.)
ਚਹਿਕਣਾ	to talk or sing sweetly and happily
ਚਾਉਣਾ	herd of cattle (m.)
ਚਾਟੀ	earthen churn (f.)
ਚੀਨਾ	red (applied to chickens)
ਚੁੱਗਣਾ	to graze
ਚੂਹੜਾ	sweeper (m.)
ਚੂੜਾ	set of bracelets (m.)
"ਜੋਂ"	= ਜਿਵੇਂ

ਚੌਕੀਦਾਰ	watchman (m.)
ਛਣਕਣਾ	to jingle, ring
ਛਾਹ	buttermilk (f.)
ਛਾਹ-ਵੇਲਾ	breakfast time (m.)
ਛਿਕੜੀ	game, similar to chess, played with cowrie shells (f.)
ਜੁੰਡਲੀ	a company of fakirs (f.)
ਜੁੜਨਾ	to be employed (used for animals)
ਜੋਤਾ	one plowing of a field (m.)
ਝੀਰੀ	woman of the water-carrier caste (f.)
ਝੂਟਾ	swing (m.)
ਟੱਲੀ	bell (f.)
ਟਾਹਰ	loud call (m.)
ਟਿੰਡ	earthen bucket of a Persian wheel (f.)
ਠੁਮਕ ਠੁਮਕ	with graceful gait
ਡੋਲ	bucket (m.)
ਤਣਵਾਂ	tent (m.)
ਤਾਈਂ	to
ਤਾਨ	tune, melody (f.)
ਤਾਲਾ	lock (m.)
ਤਿਲਿਅਰ	a kind of bird (m.)
ਤੂਤ	mulberry tree (m.)
ਥੜ੍ਹਾ	terrace, mound to sit on (m.)
ਦੁਧ (ਦੁੱਧ)	milk (m.)
ਦੁਪੱਟਾ	shawl, scarf (m.)
ਦੋਹਿਰਾ	double
ਧੂਣੀ	small ignited pile of chaff (f.)
ਨਿੱਕੜਾ	small
ਨੱਕਾ	edge, fore part (m.)
ਪੰਡ	bundle, load (m.)

ਪਰਛਾਵਾਂ	shadow (m.)
ਪ੍ਰੋਹਿਤ	family priest (m.)
ਪਿੱਪਲ	pipal tree (m.)
ਪੇਂਡੂ	belly (m.)
ਫੂਕ	breath (f.)
ਫੂਕ ਮਾਰਨਾ	to blow
ਬਹਾਰ	breeze, spring (f.)
ਬੰਦਣਾ	to take hold of
ਬਾਂਗ	crowing (f.)
ਬੂਹਾ	door (m.)
ਬੋਤਾ	small camel (m.)
ਬੌਲਦ	ox (m.)
ਮਹਿਕਣਾ	to be fragrant
ਮਦਰਸਾ	school (m.)
ਮਧਾਣੀ	revolving churn-staff (f.)
ਮਨ-ਭਾਉਂਦਾ	pleasing to the heart
ਮੀਣਾ	having horns which point downwards
ਮੁਟਿਆਰ	young woman (f.)
ਮੇਲ	mail-train (m.)
ਮੈਨਾ	mynah bird (f.)
ਰੰਗਲਾ	colorful
ਲੰਮਢ	tall person (m.)
ਲਮਕਾਉਣਾ	to hang up, suspend
ਲਾਂਘ	step, pace (f.)
ਲਾਵਾ	hired reaper (m.)
ਲੈਸੁਣ	listen!
ਵਸਾਉਣਾ	to found, to settle (trans.)
ਵੱਗਣਾ	to run
ਵਾਹੋ-ਦਾਹੀ	instantly

5.3 Rewrite the poem in Panjabi prose order and write a summary in English.

5.4 Translate into Panjabi:

1. Life in the village is simple.
2. It is not found in the city.
3. In the morning some people get up--others keep drowsing.
4. Girls go to get water, hanging their buckets into the well.
5. The oil man began walking after his ox.
6. His oil mill makes him happy, gives him work, and feeds his family.
7. Under the pi:pal tree someone is waiting.
8. The priest recited the name of Ra:m.
9. People are going toward the city or toward their village.
10. The sun is coming out and sweet songs are resounding in the village.
11. The girls and boys are running toward their school.
12. The grasscutter had come back from the fields.
13. I came from the city.
14. The shops' doors are opened.
15. I like village life, simple and sweet.

5.5 In this poem the form [illegible] , [illegible] , etc., has been used instead of the simple present [illegible], [illegible] . This form is also found in Old Hindi poetry and in folk-songs.

Change all such forms that you can find in this text to the simple present form.

5.6 A number of suffixes, all having a meaning similar to the English suffix "-er" / "-or", may be seen in this text.

[illegible]	[illegible] happiness	[illegible] one who is happy
[illegible]	[illegible] watch, guard	[illegible] watchman
[illegible]	[illegible] fate, fortune	[illegible] one who is fortunate
[illegible]	[illegible] grass	[illegible] grass-cutter
[illegible]	[illegible] to worship	[illegible] worshipper

In your previous reading find more such words which contain one of these suffixes. Use them in your own sentences.

5.7 The particle [illegible] has the following meanings:

(1) "also"	[illegible]	he came also
(2) "even"	[illegible]	even so
	[illegible]	not even he
	[illegible]	even until now
(3) "-ever"	[illegible]	whatever
	[illegible]	wherever

ਕਦੀ ਵੀ	whenever
ਕਿਸੇ ਵੀ ਕਾਰਣ	for whatever reason

Translate into Panjabi:

1. Even he did not write to us.
2. Whatever you do, I am with you.
3. Wherever you go, he will also go.
4. Whoever came, I did not see him.
5. For whatever reason, not even his father helped him.
6. Whenever the beggar came we gave him a pice.
7. Even a saint cannot always speak the truth.
8. I tell you to do this, whoever you are.
9. Even until now he remembers his fried.
10. Even so, he was a man like you.

UNIT VI

ਅੰਮ੍ਰਿਤਸਰ

ਇਹ ਸ਼ਹਿਰ ਉਮਰ ਵਿਚ ਤਾਂ ਭਾਵੇਂ ਚਾਰ ਕੁ ਸੌ ਸਾਲ ਹੀ ਪੁਰਾਣਾ ਹੈ, ਪਰ ਆਪਣੀ ਇਤਿਹਾਸਕ, ਧਾਰਮਕ ਅਤੇ ਵਪਾਰਕ ਮਹੱਤਤਾ ਕਰਕੇ ਇਹ ਪੰਜਾਬ ਵਿਚ ਸਭ ਤੋਂ ਜ਼ਿਆਦਾ ਪਰਸਿੱਧ ਹੈ। ਇਸ ਦੀ ਨੀਂਹ ਸਿੱਖਾਂ ਦੇ ਤੀਸਰੇ ਗੁਰੂ ਅਮਰਦਾਸ ਦੀ ਆਗਿਆ ਅਨੁਸਾਰ ਚੌਥੇ ਗੁਰੂ ਰਾਮਦਾਸ ਨੇ ਹਾੜ ੧੬੨੧ ਬਿਕਰਮੀ, ਜੂਨ ਸੰਨ ੧੫੬੪ ਨੂੰ ਇਥੇ ਸੰਤੋਖਸਰ ਨਾਮੀ ਤਾਲ ਪੁਟਵਾ ਕੇ ਰੱਖੀ ਸੀ। ਕਹਿੰਦੇ ਹਨ ਕਿ ਪਰਾਚੀਨ ਰਿਖੀਆਂ ਦੇ ਸਮੇਂ ਇਹ ਇਕ ਤਪਸਥਾਨ ਹੁੰਦਾ ਸੀ ਅਤੇ ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਨੇ ਵੀ ਇੱਥੇ ਚਰਨ ਪਾਏ ਸਨ। ਸੰਤੋਖਸਰ ਦੀ ਪੁਟਾਈ ਦੇ ਦਸ ਸਾਲ ਪਿੱਛੋਂ ਗੁਰੂ ਰਾਮਦਾਸ ਨੇ ਸੰਮਤ ੧੬੩੧ ਬਿ. (ਸੰਨ ੧੫੭੪ ਈ.) ਵਿਚ ਇੱਥੇ ਪਿੰਡ 'ਚੱਕ ਗੁਰੂ' ਬੰਨ੍ਹਿਆ ਅਤੇ ਅੰਮ੍ਰਿਤਸਰ ਨਾਮੀ ਤਾਲ ਪੁਟਵਾਇਆ ਜੋ ਗੁਰੂ ਅਰਜਨ ਦੇ ਸਮੇਂ ਮੁਕੰਮਲ ਹੋਇਆ। ਸ਼ਹਿਰ ਦਾ ਨਾਉਂ ਸ਼ੁਰੂ ਵਿਚ ਰਾਮਦਾਸ ਪੁਰਾ ਸੀ, ਪਰ ਪਿੱਛੋਂ ਸਰੋਵਰ ਅਤੇ ਸ਼ਹਿਰ ਦੋਹਾਂ ਦਾ ਨਾਉਂ ਅੰਮ੍ਰਿਤਸਰ ਪਰਸਿੱਧ ਹੋ ਗਿਆ। ਹੌਲੀ ਹੌਲੀ ਇੱਥੇ ਵੱਖ ਵੱਖ ਜਾਤਾਂ ਅਤੇ ਕਿੱਤਿਆਂ ਦੇ ਲੋਕ ਆ ਆਬਾਦ ਹੋਏ ਅਤੇ ਬਾਹਰੋਂ ਲੋਕਾਂ ਦੀ ਆਵਾਜਾਈ ਨਾਲ ਰੌਣਕ ਵਧਦੀ ਗਈ। ਹੁਣ ਅੰਮ੍ਰਿਤਸਰ ਸਿੱਖਾਂ ਦਾ ਧਾਰਮਕ ਕੇਂਦਰ ਬਣ ਗਿਆ ਅਤੇ ਦੇਸ ਵਿਚ ਥਾਂ ਥਾਂ ਹਿੰਦੂ ਅਤੇ ਮੁਸਲਮਾਨ ਸਿੱਖ ਬਣਨੇ ਆਰੰਭ ਹੋ ਗਏ ਅਤੇ ਗੁਰੂ ਅਰਜਨ ਦੀ ਪ੍ਰਧਤਾ ਫੈਲ ਗਈ। ਇਹ ਗੱਲ ਜਹਾਂਗੀਰ ਬਾਦਸ਼ਾਹ ਸਹਾਰ ਨਾ ਸਕਿਆ। ਉਸ ਨੇ ਗੁਰੂ ਅਰਜਨ ਦੇ ਧਾਰਮਕ ਪਰਚਾਰ ਨੂੰ ਬੰਦ ਕਰਨ ਜਾਂ ਉਨ੍ਹਾਂ ਨੂੰ ਮੁਸਲਮਾਨ ਬਣਾਉਣ ਦੀ ਵਿਚਾਰ ਧਾਰੀ ਹੋਈ ਸੀ, ਪਰ ਕੋਈ ਬਿਧ ਨਾ ਬਣੀ। ਅੰਤ ਆਪਣੇ ਪੁੱਤਰ ਖ਼ੁਸਰੋ ਦੀ ਬਗ਼ਾਵਤ ਵੇਲੇ ਝੂਠੀਆਂ ਵੂਜ਼ਾਂ ਦੇ ਆਧਾਰ ਉਤੇ ਗੁਰੂ ਸਾਹਿਬ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਤਸੀਹੇ ਦੇ ਦੇ ਕੇ ਸ਼ਹੀਦ ਕਰ ਦਿਤਾ। ਛੇਵੇਂ ਗੁਰੂ ਹਰਿਗੋਬਿੰਦ ਤੋਂ ਬਾਦ ਕੋਈ ਗੁਰੂ ਸਾਹਿਬ ਅੰਮ੍ਰਿਤਸਰ ਨਹੀਂ ਰਹੇ।

ਸੰਨ ੧੭੦੯ ਦੀ ਵਿਸਾਖੀ ਨੂੰ ਅੰਮ੍ਰਿਤਸਰ ਵਿਚ ਕੁਝ ਸਿੰਘਾਂ ਅਤੇ ਚੂਹੜ ਮੱਲ ਖੱਤਰੀ ਦੇ ਆਦਮੀਆਂ ਵਿਚ ਨਿਗੂਣੀ ਜਿਹੀ ਗੱਲ ਤੋਂ ਤਕਰਾਰ ਹੋ ਗਿਆ। ਇਸ ਗੱਲ ਨੂੰ ਵਧਾ ਚੜ੍ਹਾ ਮੱਲ ਨੇ ਲਾਹੌਰ ਦੇ ਨਾਇਬ ਸੂਬੇਦਾਰ ਅਸਲਮ ਖ਼ਾਨ ਪਾਸ ਨਾਲਸ਼ ਜਾ ਕੀਤੀ ਅਤੇ ਪੱਟੀ ਦੇ ਅਮੀਨ ਹਰਿ ਸਹਾਇ ਦੇ ਨਾਉਂ ਪਰਵਾਨਾ ਲੈ ਆਇਆ। ਇਹ

ਦੋਨੋਂ ਸਿੰਘਾਂ ਉਤੇ ਆ ਪੜੇ ਅਤੇ ਉਨ੍ਹਾਂ ਨੂੰ ਮਾਰ ਕੁਟ ਕੇ ਅੰਮ੍ਰਿਤਸਰੋਂ ਕੱਢ ਦੇਣ ਦੇ ਮਨਸੂਬੇ ਕਰਨ ਲੱਗੇ, ਪਰ ਲੜਾਈ ਵਿਚ ਹਰਿ ਸਹਾਇ ਮਾਰਿਆ ਗਿਆ। ਇਹ ਸੁਣ ਕੇ ਅਸਲਮ ਖ਼ਾਨ ਨੇ ਸਿੰਘਾਂ ਦੇ ਵਿਰੁਧ ਨੁਸ਼ਹਿਰਾ ਪੰਨੂਆਂ ਦੇ ਚੌਧਰੀ ਦੇਵੇ ਨੂੰ ਸਰਕਾਰੀ ਕ਼ੁਮਕ ਦੇ ਕੇ ਭੇਜਿਆ, ਪਰ ਉਹ ਵੀ ਸਿੰਘਾਂ ਪਾਸੋਂ ਹਾਰ ਖਾ ਕੇ ਭੱਜ ਨਿਕਲਿਆ। ਗੁਰੂ ਗੋਬਿੰਦ ਸਿੰਘ ਦੇ ਜੋਤੀ ਜੋਤ ਸਮਾ ਜਾਣ ਤੋਂ ਬਾਦ ਇਹ ਪਹਿਲੀ ਟੱਕਰ ਸੀ ਜੋ ਮੁਗ਼ਲ ਸਰਕਾਰ ਅਤੇ ਸਿੰਘਾਂ ਦੇ ਵਿਚਕਾਰ ਹੋਈ। ਇਸ ਵਿਚ ਪਰਾਪਤ ਹੋਈ ਫ਼ਤਿਹ ਨੇ ਸਿੰਘਾਂ ਦੇ ਹੌਂਸਲੇ ਵਧਾ ਦਿੱਤੇ ਅਤੇ ਉਹ ਅਗਲੀਆਂ ਟੱਕਰਾਂ ਲਈ ਤਿਆਰ ਹੋ ਗਏ।

ਬੰਦਾ ਸਿੰਘ ਦੇ ਵੇਲੇ ਅੰਮ੍ਰਿਤਸਰ ਵਿਚ ਮੁਗ਼ਲਾਂ ਨਾਲ ਸਿੰਘਾਂ ਦੀ ਕੋਈ ਲੜਾਈ ਨਹੀਂ ਹੋਈ। ਅਗਲਾ ਪਰਸਿੱਧ ਵਾਕਿਆ ਇੱਥੋਂ ਲਾਹੌਰ ਦੇ ਹਾਕਮ ਜ਼ਕਰੀਆ ਖ਼ਾਨ ਵੇਲੇ ਸ੍ਰੀ ਹਰਿਮੰਦਰ (ਦਰਬਾਰ) ਸਾਹਿਬ ਦੇ ਗ੍ਰੰਥੀ ਅਤੇ ਪਰਸਿੱਧ ਸਿੱਖ ਵਿਦਵਾਨ ਭਾਈ ਮਨੀ ਸਿੰਘ ਦੀ ਸੰਨ ੧੭੯੧ ਵਿਚ ਗ੍ਰਿਫ਼ਤਾਰੀ ਸੀ। ਇਨ੍ਹਾਂ ਨੂੰ ਲਾਹੌਰ ਲਿਜਾ ਕੇ ਬੰਦ ਬੰਦ ਕੱਟ ਕੇ ਕਤਲ ਕਰ ਦਿੱਤਾ ਗਿਆ। ਇਸ ਵੇਲੇ ਸਿੱਖਾਂ ਦੀ ਕਤਲ ਆਮ ਦੇ ਹੁਕਮ ਜਾਰੀ ਹੋਏ ਹੋਏ ਸਨ ਅਤੇ ਗਸ਼ਤੀ ਫ਼ੌਜਾਂ ਪਿੰਡਾਂ ਅਤੇ ਝੱਲਾਂ ਬੇਲਿਆਂ ਵਿਚ ਉਨ੍ਹਾਂ ਦੀ ਭਾਲ ਕਰਦੀਆਂ ਫਿਰਦੀਆਂ ਸਨ, ਅੰਮ੍ਰਿਤਸਰ ਦੇ ਇਰਦ ਗਿਰਦ ਪਹਿਰੇ ਲੱਗੇ ਹੋਏ ਸਨ ਅਤੇ ਹਰ ਆਉਂਦਾ ਜਾਂਦਾ ਸਿੰਘ ਫੜ ਲਿਆ ਜਾਂਦਾ ਅਤੇ ਲਾਹੌਰ ਲਿਜਾ ਕੇ ਤਸੀਹੇ ਦੇ ਕੇ ਕਤਲ ਕਰ ਦਿੱਤਾ ਜਾਂਦਾ ਸੀ। ਇਸ ਬਿਖੜੇ ਜ਼ਮਾਨੇ ਵਿਚ ਹਜ਼ਾਰਾਂ ਸਿੰਘ ਕਤਲ ਹੋ ਗਏ ਅਤੇ ਬਹੁਤ ਸਾਰੇ ਦੇਸ ਛੱਡ ਕੇ ਪਹਾੜਾਂ ਅਤੇ ਜੰਗਲਾਂ ਵਿਚ ਦਿਨ-ਕਟੀ ਕਰਨ ਲੱਗੇ। ਇਸ ਵੇਲੇ ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਅਤੇ ਇਸ਼ਨਾਨ ਦੇ ਅਭਿਲਾਖੀ ਸਿੱਖ ਦੂਰੋਂ ਹੀ ਘੋੜਿਆਂ ਪਰ ਸਰਪਟ ਆਉਂਦੇ ਅਤੇ ਪਹਿਰੇਦਾਰਾਂ ਨੂੰ ਚੀਰਦੇ ਹੋਏ ਸਣੇ ਘੋੜਿਆਂ ਦੇ ਸਰੋਵਰ ਵਿਚ ਟੁੱਭੀਆਂ ਮਾਰਦੇ ਨਿਕਲ ਜਾਂਦੇ। ਕਈ ਰਸਤੇ ਵਿਚ ਹੀ ਸ਼ਹੀਦ ਹੋ ਜਾਂਦੇ, ਪਰ ਜੋ ਫੜੇ ਵੀ ਜਾਂਦੇ ਉਹ ਵੀ ਖਿੜੇ ਮੱਥੇ ਅਤਿ ਦੇ ਤਸੀਹੇ ਅਤੇ ਮੌਤ ਕਬੂਲ ਕਰ ਲੈਂਦੇ, ਪਰ ਧਰਮ ਤਿਆਗਣਾ ਪਰਵਾਨ ਨਾ ਕਰਦੇ। ਕਤਲਾਮਾਂ ਦਾ ਇਹ ਦੌਰ ਨਵੰਬਰ ਸੰਨ ੧੭੫੩ ਵਿਚ ਲਾਹੌਰ ਦੇ ਹਾਕਮ ਮੀਰ ਮੰਨੂ ਦੇ ਅੰਤਲੇ ਦਿਨਾਂ ਤਕ ਚਲਦਾ ਰਿਹਾ।

ਇਸ ਬਿਖੜੇ ਜ਼ਮਾਨੇ ਵਿਚ ਖ਼ਾਲਸੇ ਦੇ ਦੋ ਦਲ (ਬੁੱਢਾ ਦਲ ਅਤੇ ਤਰੁਣਾ ਦਲ) ਅਤੇ ਪੰਜ ਜਥੇ ਬਣੇ ਜੋਬਾਦ ਵਿਚ ਮਿਸਲਾਂ ਦਾ ਰੂਪ ਧਾਰ ਗਏ। ਅਹਿਮਦ ਸ਼ਾਹ ਦੁੱਰਾਨੀ ਦੇ ਹੱਲਿਆਂ ਵੇਲੇ ਜਦ ਸਿੰਘਾਂ ਨੇ ਪੈਰ ਪੈਰ ਉੱਤੇ ਉਸ ਦਾ ਟਾਕਰਾ ਕਰਨਾ ਸ਼ੁਰੂ ਕਰ ਦਿੱਤਾ ਤਾਂ ਉਸ ਨੇ ਛਿੱਥਾ ਪੈ ਕੇ ਦੋ ਵਾਰੀ ਦਰਬਾਰ ਸਾਹਿਬ ਢੁਹਾ ਦਿੱਤਾ। ਪਹਿਲੀ ਵਾਰੀ ਚੌਥੇ

ਹੱਲੇ ਵੇਲੇ ਸੰਨ ੧੭੫੭ ਵਿਚ ਅਤੇ ਦੂਸਰੀ ਵਾਰੀ ਵੱਡੇ ਘਲੂਘਾਰੇ ਤੋਂ ਬਾਦ ਅਪਰੈਲ ੧੭੬੨ ਨੂੰ ਜਦ ਕਿ ਦੁੱਰਾਨੀ ਨੇ ਹਰਿਮੰਦਰ ਸਾਹਿਬ ਨੂੰ ਬਾਰੂਦ ਨਾਲ ਉੜਾ ਦਿੱਤਾ, ਬੂੰਗੇ ਢੂਹਾ ਦਿੱਤੇ ਅਤੇ ਸਰੋਵਰ ਨੂੰ ਬੂੰਗਿਆਂ ਦੇ ਮਲਬੇ ਅਤੇ ਕਤਲ ਕੀਤੇ ਗਏ ਬੰਦਿਆਂ ਅਤੇ ਗਾਈਆਂ ਦੀਆਂ ਲਹੂ ਭਰੀਆਂ ਲੋਥਾਂ ਤੇ ਹੱਡੀਆਂ ਨਾਲ ਪੂਰ ਦਿੱਤਾ। ਤੀਸਰੀ ਵਾਰੀ ਅਹਿਮਦ ਸ਼ਾਹ ਨੇ ਆਪਣੇ ਸੱਤਵੇਂ ਹੱਲੇ ਵੇਲੇ ਸੰਨ ੧੭੬੪ ਵਿਚ ਦਰਬਾਰ ਸਾਹਿਬ ਉੱਤੇ ਆ ਧਾਵਾ ਕੀਤਾ ਜਦ ਕਿ ਪਹਿਲੀ ਦਸੰਬਰ ਨੂੰ ਸ਼ਾਹ ਦੀ ਛਤੀ ਹਜ਼ਾਰ ਫੌਜ ਦੇ ਟਾਕਰੇ ਬਾਬਾ ਗੁਰਬਖ਼ਸ਼ ਸਿੰਘ ਦੀ ਜਥੇਦਾਰੀ ਹੇਠ ਤੀਹ ਸਿੰਘ ਬੂੰਗਿਆਂ ਵਿਚੋਂ ਛਾਲਾਂ ਮਾਰਦੇ ਉੱਤਰੇ ਅਤੇ ਸਾਰਿਆਂ ਦੇ ਸਾਰੇ ਗੁਰੂ ਦੇ ਨਾਉਂ ਉਤੇ ਜਾਨਾਂ ਵਾਰ ਗਏ।

ਮਾਰਚ ਸੰਨ ੧੭੬੫ ਦੇ ਅੰਤ ਵਿਚ ਅਹਿਮਦਸ਼ਾਹ ਦੇ ਅਫ਼ਗ਼ਾਨਿਸਤਾਨ ਵਲ ਨੂੰ ਮੂੰਹ ਮੋੜਨ ਦੀ ਦੇਰ ਹੀ ਸੀ ਕਿ ਸੰਮਤ ੧੮੨੨ ਦੀ ਵਿਸਾਖੀ (੧੦ ਅਪਰੈਲ ੧੭੬੫) ਵਾਲੇ ਦਿਨ ਸਿੰਘਾਂ ਨੇ ਅੰਮ੍ਰਿਤਸਰ ਗੁਰਮਤਾ ਸੋਧ ਕੇ ੧੬ ਅਪਰੈਲ ਨੂੰ ਲਾਹੌਰ ਉੱਤੇ ਕਬਜ਼ਾ ਕਰ ਲਿਆ। ਇਸ ਨਾਲ ਪੰਜਾਬ ਉਤੇ ਬਦੇਸੀ ਹੱਲਿਆਂ ਨੂੰ ਠੱਲ੍ਹ ਪੈ ਗਈ ਅਤੇ ਮਿਸਲਦਾਰ ਸਰਦਾਰਾਂ ਵੇਲੇ ਅੰਮ੍ਰਿਤਸਰ ਦੀ ਮੁੜ ਉਸਾਰੀ ਹੋ ਗਈ। ਮਹਾਰਾਜਾ ਰਣਜੀਤ ਸਿੰਘ ਵੇਲੇ ਰਾਜ ਦਾ ਮੁਖ ਅਸਥਾਨ ਤਾਂ ਭਾਵੇਂ ਲਾਹੌਰ ਸੀ, ਪਰ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਪ੍ਰਭਤਾ ਚੜ੍ਹਦੀਆਂ ਕਲਾਂ ਵਿਚ ਹੁੰਦੀ ਗਈ।

ਮਾਰਚ ੧੮੪੯ ਵਿਚ ਪੰਜਾਬ ਵਿਚ ਅੰਗਰੇਜ਼ੀ ਰਾਜ ਹੋ ਗਿਆ। ਰਾਜ ਖੁੱਸ ਜਾਣ ਨਾਲ ਸਿੱਖਾਂ ਵਿਚ ਜੋ ਨਿਰਾਸਤਾ ਛਾ ਗਈ ਸੀ ਉਸ ਨੇ ਸਿੱਖਾਂ ਦੀ ਰੁਚੀ ਨੂੰ ਧਰਮ-ਪਰਚਾਰ ਅਤੇ ਵਿਦਿਆ-ਪਰਚਾਰ ਵਲ ਮੋੜਿਆ। ੧੮੭੩ ਵਿਚ ਪਹਿਲੀ ਸਿੰਘ ਸਭਾ ਇੱਥੇ ਕਾਇਮ ਹੋਈ ਅਤੇ ਇਹ ਲਹਿਰ ਹੋਰ ਥਾਈਂ ਵੀ ਪਸਰ ਗਈ ਅਤੇ ੧੮੯੨ ਵਿਚ ਇੱਥੇ ਖ਼ਾਲਸਾ ਕਾਲਜ ਦੀ ਨੀਂਹ ਧਰੀ ਜਾਣ ਨਾਲ ਛੇਤੀ ਹੀ ਹਰ ਪਾਸੇ ਸਿੱਖ ਸਕੂਲ ਖੁਲ੍ਹਣੇ ਸ਼ੁਰੂ ਹੋ ਗਏ। ਪਰ ਰਾਜਸੀ ਜਾਗਰਤ ਦੀ ਜਾਗ ਜ਼ਿਆਦਾ ਕਰਕੇ ਅਪਰੈਲ ੧੯੧੯ ਵਿਚ ਹੋਏ ਜੱਲ੍ਹਿਆਂ ਵਾਲੇ ਬਾਗ਼ ਦੇ ਹਾਦਸੇ ਤੋਂ ਬਾਦ ਲਗੀ। ਨਵੰਬਰ ੧੯੨੦ ਵਿਚ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਅਤੇ ਦਸੰਬਰ ਵਿਚ ਸ਼੍ਰੋਮਣੀ ਅਕਾਲੀ ਦਲ ਕਾਇਮ ਹੋਣ ਨਾਲ ਅੰਮ੍ਰਿਤਸਰ ਗੁਰਦੁਆਰਾ ਸੁਧਾਰ ਲਹਿਰ ਦਾ ਕੇਂਦਰ ਬਣ ਗਿਆ ਅਤੇ ਸਰਕਾਰ ਨਾਲ ਟੱਕਰ ਸ਼ੁਰੂ ਹੋ ਗਈ। ਇਸ ਸੰਬੰਧ ਵਿਚ ਚਾਬੀਆਂ ਦਾ ਮੋਰਚਾ ਅਤੇ ਗੁਰੂ ਕਾ ਬਾਗ਼ ਅੰਮ੍ਰਿਤਸਰ ਅਤੇ ਜੈਤੋ (ਰਾਜ ਨਾਭਾ) ਦੇ ਮੋਰਚੇ ਇਤਿਹਾਸਕ ਮਹੱਤਤਾ ਰਖਦੇ ਹਨ। ੧੯੨੫ ਵਿਚ ਗੁਰਦੁਆਰਾ ਐਕਟ ਪਾਸ ਹੋ ਜਾਣ ਨਾਲ ਸਿੱਖਾਂ ਦੀ ਸਰਕਾਰ ਨਾਲ ਧਾਰਮਕ ਟੱਕਰ ਤਾਂ ਖ਼ਤਮ ਹੋ ਗਈ, ਪਰ

ਆਪਸ ਵਿਚ ਧੜੇਬੰਦੀ ਪੈਦਾ ਹੋ ਗਈ ਜੋ ਬਾਦ ਵਿਚ ਕੋਝੀ ਸ਼ਕਲ ਅਖ਼ਤਿਆਰ ਕਰ ਗਈ।

੧੯੪੭ ਦੇ ਫ਼ਸਾਦਾਂ ਵਿਚ ਅੱਗਾਂ ਨਾਲ ਹੋਈ ਢਹਿ ਢੁਆਈ ਨਾਲ ਇਸ ਸ਼ਹਿਰ ਦਾ ਬਹੁਤ ਨੁਕਸਾਨ ਹੋਇਆ, ਪਰ ਇਕ ਇਹ ਫ਼ਾਇਦਾ ਵੀ ਹੋਇਆ ਕਿ ਸ਼ਹਿਰ ਦੇ ਖ਼ੁਲ੍ਹੇ ਅਤੇ ਖ਼ੂਬਸੂਰਤ ਬਣਨ ਦਾ ਮੌਕਾ ਬਣ ਗਿਆ ਜੋ ਸ਼ਾਇਦ ਹੋਰ ਕਿਸੇ ਤਰ੍ਹਾਂ ਨਾ ਬਣਦਾ।

ਸ੍ਰੀ ਦਰਬਾਰ ਸਾਹਿਬ, ਬਾਬਾ ਅਟੱਲ, ਖਾਲਸਾ ਕਾਲਜ, ਜੱਲ੍ਹਿਆਂਵਾਲਾ ਬਾਗ਼, ਰਾਮ ਬਾਗ਼ ਆਦਿ ਅਸਥਾਨਾਂ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਤੋਂ ਬਿਨਾਂ ਇਥੇ ਸ਼ਹਿਰੋਂ ਲਹਿਦੀ ਵਲ ਦੁਰਗਿਆਣਾ ਮਦਰ ਹੈ ਜੋ ਹਰਿਮਦਰ ਸਾਹਿਬ ਦੇ ਨਮੂਨੇ ਉੱਤੇ ਬਣਾਇਆ ਗਿਆ ਹੈ।

6.1 Phrases

ਥਾਂ ਥਾਂ	place to place, here and there
ਕੋਈ ਬਿਧ ਨਾ ਬਣੀ	no way could be found, no efforts succeeded
ਸਿੰਘਾਂ ਪਾਸੋਂ ਹਾਰ ਖਾਕੇ	having suffered defeat at the hands of the Sikhs
ਜੋਤੀ ਜੋਤ ਸਮਾ ਜਾਣ ਤੋਂ ਬਾਦ	after the death of
ਪੈਰ ਪੈਰ ਉੱਤੇ	at every step
ਅ. ਦੇ ਮੂੰਹ ਮੋੜਨ ਦੀ ਦੇਰ ਹੀ ਸੀ	no sooner had A. turned back
ਚੜ੍ਹ ਦੀਆਂ ਕਲਾਂ ਵਿਚ	on the rise
ਜੱਲ੍ਹਿਆਂ ਵਾਲਾ ਬਾਗ਼	Jalliã:wa:la: Garden, wherein in 1919 the British General Dyer opened fire on a public meeting, killing tousands of unarmed people
ਕੌੜੀ ਸ਼ਕਲ ਅਖ਼ਤਿਆਰ ਕਰ ਗਈ	became bitter, took a bitter form
ਨੀਂਹ ਰਖੀ ਸੀ	was founded

6.2 Vocabulary

ਅਖ਼ਤਿਆਰ ਕਰਨਾ	to take
ਅਗਲਾ	next
ਅੰਤਲਾ	last
ਅਤਿ	excess (f.)
ਅਭਿਲਾਖੀ	desirous
ਅਮੀਨ	commissioner (m.)
ਆਗਿਆ	command (f.)
ਆਧਾਰ	base, basis (m.)
ਆਰੰਭ	= ਅਰੰਭ
ਆਵਾਜਾਈ	arrival and departure (f.)
ਇਸ਼ਨਾਨ	ritual bath (m.)
ਇਰਦਗਿਰਦ	around
ਉਸਾਰੀ	constructing, building (f.)
ਉਡਾ ਦੇਣਾ	to blast, to blow up
ਉੱਤਰਨਾ	to descend, to come to battle
ਊਜ	suspicion (f.)
ਸਹਾਰਨਾ	to bear, tolerate
ਸ਼ਹੀਦ	martyr (m.)
ਸਰੋਵਰ	lake, pond, pool (m.)
ਸਮਾਉਣਾ	to be dissolved, to die
ਸਰਪਟ	gallop (f.)
ਸਰੋਮਣੀ	most prominent
ਸੁਧਾਰ	reform (m.)
ਸੂਬੇਦਾਰ	chief of state (m.)
ਸੋਧਣਾ	to determine what is auspicious
ਹਾਦਸਾ	shock (m.)
ਹਾਰ ਖਾਣਾ	to take defeat

ਹੌਲੀ ਹੌਲੀ	gradually
ਕੱਢਣਾ	to expel, throw out
ਕਤਲਾਮ	general slaughter (m.)
ਕਬੂਲ ਕਰਨਾ	to accept
ਕਲਾ	grandeur, the waxing of the moon (f.)
ਕਾਇਮ ਹੋਣਾ	to be founded
ਕਿੱਤਾ	occupation (m.)
ਕੁੱਟਣਾ	to pound
ਕੁਮਕ	supplies (f.)
ਕੋਝਾ	defective
ਖਿੜਣਾ	to laugh, to bloom
ਖ਼ੂਬਸੂਰਤ	beautiful
ਗਸ਼ਤੀ	patrolling (adj.)
ਗ੍ਰੰਥੀ	well versed in the Guru: Granth Sa:hib
ਗ੍ਰਿਫਤਾਰ ਕਰਨਾ	to arrest
ਗ੍ਰਿਫਤਾਰੀ	arrest (f.)
ਗੁਰਮਤਾ	consultation (m.)
ਘਲੂਘਾਰਾ	great destruction (m.)
ਚੱਕ	plot of ground, small village (m.)
ਛਾਉਣਾ, ਛਾ ਜਾਣਾ	to spread over, cover, cloud over
ਛਾਲ	leaping (f.)
ਛਿੱਥਾ	angry
ਛੇਵਾਂ	sixth
ਜਥਾ	group (m.)
ਜਥੇਦਾਰੀ	leadership (f.)
ਜ਼ਮਾਨਾ	time, age, world (m.)
ਜਾਗ	awakening (f.)
ਜਾਗਰਤ	awakening (f.)

ਜਾਨ	life (f.)
ਜੋਤੀ ਜੋਤ	light of lights (f.)
ਝੱਲ	madness (m.)
ਟੱਕਰ	encounter (f.)
ਟਾਕਰਾ	encounter (m.)
ਟੁੰਭੀ	dive (f.)
ਠੱਲ੍ਹ	end, stoppage (f.)
ਢੁਹਾਉਣਾ	to cause to be demolished
ਤਸੀਹਾ	torment, torture (m.)
ਤਕਰਾਰ	fight (f.)
ਤਪਸਥਾਨ	place of doing penance (m.)
ਤਰੁਣਾ	young
ਤਾਲ	pond, pool, tank (m.)
ਦਲ	group, party (m.)
ਦਿਨ-ਕਟੀ ਕਰਨਾ	to pass through difficult times, to pass the days with difficulty
ਦੌਰ	time, circuit, sway (m.)
ਧੜੇਬੰਦੀ	splintering, splitting (f.)
ਧਾਵਾ	assault, attack, raid (m.)
ਨਾਇਬ	sub-deputy (m.)
ਨਾਮੀ	named
ਨਾਲਸ਼	complaint, suit (f.)
ਨਿਕਲ ਜਾਣਾ	to pass through
ਨਿਗੁਣਾ	worthless, without virtue
ਨਿਰਾਸਤਾ	distress (f.)
ਨੀਂਹ	foundation (f.)
ਨੁਕਸਾਨ	damage (m.)
ਪਸਰਨਾ	to spread

ਪਹਾੜ	mountain (m.)
ਪਹਿਰਾ	guard, watch (m.)
ਪੱਟੀ	quarter, area, zone (f.)
ਪਟਵਾਉਣਾ	to fill in
ਪਰਬੰਧਕ	managing
ਪ੍ਰਭਤਾ	dominance (f.)
ਪਰਵਾਨ ਕਰਨਾ	to choose
ਪਰਵਾਨਾ	warrant (m.)
ਪੁਟਾਈ	filling in (f.)
ਪੂਰਨਾ	to fill, complete
ਫ਼ਸਾਦ	riot (f.)
ਫ਼ਤਿਹ	victory (f.)
ਫ਼ਾਇਦਾ	advantage (m.)
ਫ਼ੌਜ	army (f.)
ਬਗ਼ਾਵਤ	rebellion (f.)
ਬੰਦ	joint (m.)
ਬਾਰੂਦ	gunpowder (f.)
ਬਿਖੜਾ	difficult
ਬਿਧ	arrangement, way, manner (f.)
ਬੂੰਗਾ	buildings surrounding the tank of Amritsar (m.)
ਬੇਲਾ	wilderness (m.)
ਭੱਜ ਨਿਕਲਨਾ	to run away
ਭਾਲ ਕਰਨਾ	to watch
ਮਹੱਤਤਾ	importance (f.)
ਮਨਸੂਬਾ	dream, desire (m.)
ਮਲਬਾ	ruins, fragments, dust (m.)
ਮਿਸਲ	allegiance (f.)
ਮਿਸਲਦਾਰ	army officer under the authority of a ra:ja: (m.)

ਮੁਕੰਮਲ	complete
ਮੁੜ ਉਸਾਰੀ	rebuilding (f.)
ਮੋਰਚਾ	entrenchment (m.)
ਲਹਿੰਦਾ	west
ਲਹਿਦੀ ਵਲ	on the west side, in a westerly direction
ਲੋਥ	lump of flesh (f.)
ਰਿਖੀ	rishi, seer (m.)
ਵਧਾ ਚੜ੍ਹਾ ਕੇ	having exaggerated
ਵਪਾਰਕ	pertaining to business, trade (adj.)
ਵਲ	side, direction (f.)
ਵਾਕਿਆ	event (m.)
ਵਾਰ ਜਾਣਾ	to sacrifice
ਵਿਚਕਾਰ	between , amidst

6.3 Answer the following questions in Panjabi:

੧. ਅੰਮ੍ਰਤਸਰ ਕਿਉਂ ਪ੍ਰਸਿੱਧ ਹੈ?
੨. ਅੰਮ੍ਰਤਸਰ ਦੀ ਨੀਂਹ ਕਿੰਨੇ ਤੇ ਕਦੋਂ ਰੱਖੀ ਸੀ?
੩. ਗੁਰੂ ਨਾਨਕ ਦੇ ਬਾਰੇ ਕੀ ਕਿਹਾ ਜਾਂਦਾ ਹੈ?
੪. ਇਥੋਂ ਦਾ ਤਾਲ ਕਿਸ ਨੇ ਪੁਟਵਾਇਆ ਸੀ?
੫. ਕਿਸ ਦੇ ਤਾਲ ਨੂੰ ਕਿਸ ਨੇ ਮੁਕੰਮਲ ਕਰਵਾਇਆ ਸੀ?
੬. ਪਹਿਲੇ ਇਸ ਦਾ ਨਾਉਂ ਕੀ ਸੀ?
੭. ਇਥੋਂ ਦੀ ਆਬਾਦੀ ਕਿਵੇਂ ਬਦਲੀ ਗਈ?
੮. ਹੁਣ ਅੰਮ੍ਰਤਸਰ ਕਿਸ ਦਾ [illegible] ਬਣ ਗਿਆ ਹੈ?
੯. ਜਹਾਂਗੀਰ ਬਾਦਸ਼ਾਹ ਕੀ ਨਾ ਸਹਾਰ ਸਕਿਆ?
੧੦. ਜਹਾਂਗੀਰ ਬਾਦਸ਼ਾਹ ਨੇ ਸਿੱਖਾਂ ਤੇ ਕੀ ਜੁਲਮ ਕੀਤੇ?
੧੧. ਚੁੜਨਮਲ ਖਤਰੀ ਨੇ ਸਿੱਖਾਂ ਦੇ ਵਿਰੁੱਧ ਕੀ ਕੀਤਾ?
੧੨. ਅਸਲਮ ਖਾਨ ਨੇ ਸਿੱਖਾਂ ਦੇ ਵਿਰੁੱਧ ਕੀ ਕੀਤਾ?
੧੩. ਸਬਦੇ ਗ੍ਰਖਿ ਨਾਲ ਲਹੌਰ ਵਿਚ ਕਿਵੇਂ ਸਲੂਕ ਹੋਇਆ?
੧੪. ਹਰ ਸਿੱਖ ਨਾਲ ਕੀ ਸਲੂਕ ਕੀਤਾ ਜਾਂਦਾ ਸੀ ?
੧੫. ਕਤਲ ਕਤਲਾਮਾਂ ਦਾ ਦੋਰ ਕਦੋਂ ਤਕ ਚਲਦਾ ਰਿਹਾ?
੧੬. ਅਹਮਦਸ਼ਾਹ ਦੋਗਲੀ ਨੇ ਅੰਤ ਵਿਚ ਕੀ ਕੀਤਾ?
੧੭. ਅਹਮਦਸ਼ਾਹ ਦੋਗਲੀ ਨੇ ਕਦੋਂ ਅਫ਼ਗਾਨਿਸਤਾਨ ਵਲ ਮੂੰਹ ਮੋੜਿਆ?
੧੮. ਸਿੰਘਾਂ ਨੇ ਕਦੋਂ ਲਹੌਰ ਤੇ ਕਬਜ਼ਾ ਕੀਤਾ?
੧੯. ਕਦੋਂ ਪੰਜਾਬ ਵਿਚ ਅੰਗਰੇਜ਼ਾਂ ਦਾ ਰਾਜ ਹੋਇਆ?
੨੦. ਰਾਜਸੀ ਜਾਗਰਤ ਦੀ ਜਾਗ ਕਦੋਂ ਆਈ?
੨੧. ਗੁਰੂ ਦੁਵਾਰਾ ਈਕਟ ਕਦੋਂ ਪਾਹ ਹੋਇਆ?
੨੨. ਅੰਮ੍ਰਤਸਰ ਵਿਚ ਕਿਹੜੇ ਕਿਹੜੇ ਸਥਾਨ ਵੇਖਣ ਜੋਗ ਹਨ?

6.4 Fill in the blanks:

੧. —— ਇਹ ਸ਼ਹਿਰ ਚਾਰ ਸਾਲ —— ਪੁਰਾਣਾ ਹੈ, ਪਰ ਇਹ ਪੰਜਾਬ ਵਿਚ —— ਜਿਆਦਾ —— ਹੈ।

੨. ਫ਼ਿਲਡਲਫ਼ਿਆ ਦੀ ਨੀਂਹ —— ਨੇ —— ਨੂੰ ਰੱਖੀ ਸੀ।

੩. —— ਸਰੋਵਰ ਅਤੇ ਸ਼ਹਿਰ —— ਦਾ ਨਾਉਂ —— ਪਰਸਿੱਧ ਹੋ ਗਿਆ।

੪. ਬਾਹਰੋਂ ਲੋਕਾਂ ਦੀ —— ਨਾਲ ਰੌਣਕ—— ਰਹੀ।

੫. ਆਦਮੀਆਂ ਵਿਚ ਨਿਗੁਣੀ —— ਗੱਲ —— ਤਕਰਾਰ ਹੋ ਗਿਆ।

੬. ਉੱਥੇ ਪਹਿਰੇ ਲੱਗੇ ਹੋਏ ਸਨ ਅਤੇ —— —— ਸਿੰਘਾਂ —— ਫੜ ਲਿਆ ਜਾਂਦਾ।

੭. —— ਸਾਰੇ ਦੇਸ ਛੱਡ ਕੇ ਜੰਗਲਾਂ ਵਿਚ —— ਕਰਨ ਲੱਗੇ।

੮. ਉਸਦੇ ਮੂੰਹ ਮੋੜਨ ਦੀ ਦੇਰ —— ਸੀ ਕਿ ਸਿੰਘਚ ਨੇ ਲਾਹੋਰ —— ਕਬਜ਼ਾ ਕਰ ——।

੯. ਰਾਜ ਦਾ ਮੁਖ ਅਸਥਾਨ —— —— ਵਾਸ਼ਿੰਗਟਨ ਹੈ ਪਰ ਨਿਉਆਰਕ ਦੀ ਪ੍ਰਭਤਾ —— —— —— ਵਿਚ ਹੈ।

੧੦. ਰਾਜ ਖੁਸ ਜਾਣ ਨਾਲ —— ਵਿਚ ਨਿਰਾਸਤਾ ——।

੧੧. ਰਾਜਸੀ —— ਦੀ ਜਾਗ —— ਕਰਕੇ ੧੯੧੯ ਵਿਚ ਹੋਈ।

੧੨. ਸਿੱਖਾਂ ਵਿਚ —— ਵਿਚ ਧੜੇਬੰਦੀ —— ।

੧੩. ਸ਼ਹਿਰ ਦੇ —— ਅਤੇ ਖ਼ੂਬਸੂਰਤ —— ਦਾ ਮੌਕਾ ਬਣ ਗਿਆ।

6.5 Translate into Panjabi:

1. Although our country is not very old, it is the most powerful in the world.
2. It is said that the city's name was Ra:mda:s Pur in the beginning.
3. But nothing came of it.
4. From place to place riots occurred between Hindus and Muslims.
5. After the sixth Guru: no guru: lived in Amritsar.
6. For a petty reason they quarrelled.
7. Both of these children were murdered.

8. The hopelessness which shadowed the Sikhs turned their interest toward religion.
9. The political awakening came largely after the second war.
10. The dissension later took critical form.

6.6 Doubling of words is a common device in Panjabi. The following examples occur in the text:

ਹੌਲੀ	lightly, slowly (adv.)	ਹੌਲੀ ਹੌਲੀ	gradually (adv.)
ਵੱਖ	separate (adj.)	ਵੱਖ ਵੱਖ	(each) separately (adv.)
ਥਾਂ	place (n.)	ਥਾਂ ਥਾਂ	from place to place (adv. phrase)
ਬੰਦ	joint (n.)	ਬੰਦ ਬੰਦ	bit by bit (adv. phrase)

The past participle of verbs is similarly doubled:

ਹੋਏ ਸਨ	he had become	ਹੋਏ ਹੋਏ ਸਨ	hardly had he become, he had just become (polite)
ਮਰੇ ਸਨ	he had died	ਮਰੇ ਮਰੇ ਸਨ	hardly had he died, he had just died (polite)

Similar in meaning to the latter construction is ਦੇਰ ਹੀ . . . ਕਿ:

ਉਸਦੇ ਆਣ ਦੀ ਦੇਰ ਹੀ ਸੀ ਕਿ . . . no sooner had he come than. . .
ਸਾਡੇ ਜਾਣ ਦੀ ਦੇਰ ਹੀ ਹੈ ਕਿ . . . no sooner do we go than. . .

Translate into Panjabi:

1. Gradually the sound increased.
2. The children came to school separately.
3. They murdered the guru:'s children, cutting them bit by bit.
4. Hardly had the father died, than they divided his money among themselves.
5. Gradually the travellers went separately from place to place.
6. No sooner had we slept than the baby began to cry.

UNIT VII

ਅਧੀ ਰਾਤ ਕਤਲ

ਕਰਤਾਰ ਸਿੰਘ ਦੁੱਗਲ

ਤਾਈ ਗਣੇਸ਼ੀ ਮਰ ਗਈ। ਤਾਈ ਗਣੇਸ਼ੀ ਨੂੰ ਕਿਸੇ ਮਾਰ ਸੁਟਿਆ। ਤਾਈ ਗਣੇਸ਼ੀ ਦਾ ਕਿਸੇ ਗਲਾ ਘੋਪ ਦਿੱਤਾ। ਤਾਈ ਗਣੇਸ਼ੀ ਨੂੰ ਸੁੱਤੇ ਪਏ ਕੋਈ ਵਢ ਗਿਆ। ਤਾਈ ਗਣੇਸ਼ੀ ਦੇ ਟੁਕੜੇ ਕਰ ਦਿੱਤੇ ਵਏ। ਤਾਈ ਗਣੇਸ਼ੀ ਲਹੂ ਦੀ ਛੰਨ ਵਿਚ ਪਈ ਹੈ। ਵਿਚਾਰੀ ਤਾਈ ਤਾਈ ਗਣੇਸ਼ੀ!

ਤੇ ਫੇਰ ਇਹ ਖ਼ਬਰ ਥਾਣੇ ਤਕ ਪੁਜ ਗਈ।

ਲੋਕੀਂ ਹੈਰਾਨ, ਘਰ ਵਾਲੇ ਹੱਕੇ ਬੱਕੇ ਸਨ। ਇਹ ਹੋ ਕੀ ਗਿਆ ਸੀ! ਚੰਗੀ ਭਲੀ ਸੁਤੀ ਸੀ। ਸਤ-ਤੇ-ਵੀਹ ਖੈਰੀਂ ਸਨ ਉਹਦੇ। ਕੋਈ ਕਹਿੰਦਾ ਕਲ੍ਹ ਮੈਨੂੰ ਉਥੇ ਮਿਲੀ ਸੀ। ਕੋਈ ਕਹਿੰਦਾ ਕਲ੍ਹ ਮੈਨੂੰ ਇਹ ਕਹਿ ਰਹੀ ਸੀ। ਸ਼ਾਮੀਂ ਡੰਗਰਾਂ ਦਾ ਉਸ ਗੁਤਾਵਾ ਕੀਤਾ। ਫੇਰ ਮਹਿੰਕਾਂ ਦਾ ਦੁੱਧ ਚੋਇਆ। ਫੇਰ ਮੰਦਰ ਗਈ। ਮੁੜ ਕੇ ਉਸ ਰੋਟੀ ਖਾਧੀ। ਪਹਿਲੇ ਸਾਰੇ ਟੱਬਰ ਨੂੰ ਵਰਤਾਂਦੀ ਰਹੀ। ਫਿਰ ਉਸ ਚੌਂਕਾ-ਚੁਲ੍ਹਾ ਸਾਂਭਿਆ। ਸਿਆਲੇ ਦੀਆਂ ਰਾਤਾਂ ਇਧਰੋਂ ਦਿਨ ਲਹਿੰਦਾ ਉਧਰ ਰਾਤ ਹੋ ਜਾਂਦੀ ਤੇ ਫੇਰ ਉਹ ਆਪਣੀ ਮੰਜੀ 'ਤੇ ਜਾ ਲੇਟੀ। ਸਾਰਾ ਦਿਨ ਘਰ ਦੇ ਆਹਰ ਲਗੀ ਮੰਜੀ 'ਤੇ ਪਈ ਤੇ ਸੌਂ ਗਈ।

ਘਰ ਵਾਲੇ, ਬਾਹਰ ਵਾਲੇ ਮੁੜ ਮੁੜ ਪ੍ਰੀਤੋ ਤੋਂ ਪੁੱਛਦੇ, ਇਹ ਹੋ ਕੀ ਗਿਆ ਸੀ। ਪ੍ਰੀਤੋ ਦੇ ਕਮਰੇ ਵਿਚ ਹੀ ਤੇ ਗਣੇਸ਼ੀ ਸੌਂਦੀ ਸੀ। ਇਕ ਪਾਸੇ ਪ੍ਰੀਤੋ ਦਾ ਪਲੰਘ ਉਸ ਦਾ ਮੇਜ਼, ਕਿਤਾਬਾਂ ਕਾਪੀਆਂ ਦੀ ਅਲਮਾਰੀ ਤੇ ਸਾਹਮਣੀ ਨੁਕਰ ਵਿਚ ਤਾਈ ਕਣੇਸ਼ੀ ਦਾ ਮੰਜੀ ਹੁੰਦੀ ਸੀ। ਪੜ੍ਹਨ ਲਿਖਣ ਨੂੰ ਵੀ ਕੁੜੀ ਪ੍ਰੀਤੋ ਅਧੀ ਅਧੀ ਰਾਤ ਤੀਕ ਪੜ੍ਹਦੀ ਰਹਿੰਦੀ, ਉਸ ਦਾ ਮਾਸਟਰ ਉਸ ਨੂੰ ਪੜ੍ਹਾਉਣ ਆਇਆ ਰਹਿੰਦਾ ਤੇ ਤਾਈ ਗਣੇਸ਼ੀ ਜੁਆਨ ਜਹਾਨ ਕੁੜੀ ਦੇ ਸੰਗ ਲਈ ਉਹਦੇ ਕਮਰੇ ਵਿਚ ਆ ਪੈਂਦੀ। ਮੁੜ ਮੁੜ ਲੋਕੀਂ ਪ੍ਰੀਤੋ ਤੋਂ ਪੁੱਛਦੇ ਤੇ ਪ੍ਰੀਤੋ ਡੌਰ-ਭੌਰ ਅੱਖੀਆਂ ਹਰ ਕਿਸੇ ਦੇ ਮੂੰਹ ਵਲ ਵੇਖ ਛੱਡਦੀ, ਉਹਨੂੰ ਕੁਝ ਸਮਝ ਨਹੀਂ ਆ ਰਹੀ ਸੀ।

ਇਕ ਤੇ ਪ੍ਰੀਤੋ ਦੇ ਕਮਰੇ ਵਿਚ ਉਹ ਮੋਈ, ਦੂਜਾ ਤਾਈ ਗਣੇਸ਼ੀ ਨੇ ਪ੍ਰੀਤੋ ਨੂੰ ਪਾਲਿਆ ਸੀ, ਜਿਵੇਂ ਉਹਦੀ ਕੁਖੋਂ ਜਾਈ ਹੋਵੇ। ਤਾਈ ਗਣੇਸ਼ੀ ਬਾਲ ਵਿਧਵਾ ਸੀ। ਦਸ ਸਾਲ ਦੀ ਸੀ ਤੇ ਉਹਦਾ ਵਿਆਹ ਹੋਇਆ, ਯਾਰਾਂ ਸਾਲ ਦੀ ਸੀ ਤੇ ਉਹਦਾ ਘਰ

ਤੇ ਉਹ ਚੰਗੀ ਤਾਈ ਗਣੇਸ਼ੀ ਸੁਤੀ ਸੁਤੀ ਤੁਰ ਮਰ ਗਈ। ਕਿਸੇ ਨੂੰ ਇਤਬਾਰ ਨਾ ਆਉਂਦਾ ਕਿ ਉਹ ਮਰ ਗਈ ਸੀ ।

ਕੋਈ ਕਹਿੰਦੇ ਕੋਈ ਬਾਹਰੋਂ ਆ ਕੇ ਉਹਦਾ ਗਲਾ ਘੋਪ ਗਿਆ ਸੀ। ਬਾਹਰੋਂ ਕੋਈ ਕਿਵੇਂ ਆਉਂਦਾ? ਰਾਤ ਦੇ ਬਾਰਾਂ ਵਜੇ ਤੀਕ ਤੇ ਪ੍ਰੀਤੋ ਦਾ ਮਾਸਟਰ ਉਹਨੂੰ ਪੜ੍ਹਾਂਦਾ ਰਿਹਾ ਸੀ। ਇਮਤਿਹਾਨਾਂ ਦੇ ਦਿਨ ਸਾਰੀ ਸਾਰੀ ਰਾਤ ਪ੍ਰੀਤੋ ਅਜ ਕਲ੍ਹ ਪੜ੍ਹਦੀ ਰਹਿੰਦੀ। ਕਾਲਜ ਦੀ ਪੜ੍ਹਾਈ ਕੋਈ ਸੌਖੀ ਹੁੰਦੀ ਏ। ਤੇ ਉਧਰੋਂ ਮਾਸਟਰ ਜੀ ਗਏ, ਪ੍ਰੀਤੋ ਬਾਹਰ ਡਿਉਢੀ ਦਾ ਦਰਵਾਜ਼ਾ ਬੰਦ ਕਰ ਕੇ ਆਈ, ਤੇ ਮੁੜ ਕੇ ਉਸ ਵੇਖਿਆ ਸਾਈ ਗਣੇਸ਼ੀ ਠੰਡੀ-ਯਖ਼ ਤਖ਼ਤੇ-ਦਾ-ਤਖ਼ਤਾ ਪਈ ਸੀ। ਤੇ ਪ੍ਰੀਤੋ ਨੇ ਢਾਹ-ਕਲੱਪਾ ਪਾ ਦਿੱਤਾ। ਨਾਲੇ ਜੇ ਕੋਈ ਬਾਹਰੋਂ ਆਉਂਦਾ ਤਾਂ ਉਸ ਦੇ ਗਹਿਣੇ ਨਾ ਲਾਹ ਕੇ ਲਿਜਾਂਦਾ। ਤਾਈ ਗਣੇਸ਼ੀ ਦੇ ਗੋਖੜੂ, ਉਹਦੀਆਂ ਵਾਲੀਆਂ, ਉਹਦੀਆਂ ਛਾਪਾਂ ਉਂਜ-ਦੀਆਂ-ਉਂਜ ਸਨ। ਕਿਸੇ ਨੇ ਉਨ੍ਹਾਂ ਨੂੰ ਹੱਥ ਨਹੀਂ ਲਾਇਆ ਸੀ।

ਕੋਈ ਕਹਿੰਦੇ, ਤਾਈ ਗਣੇਸ਼ੀ ਨੇ ਕੁਝ ਖਾ ਲਿਆ ਸੀ। ਮੌਹਰਾ ਖਾ ਕੇ ਆਪਣੇ-ਆਪ ਨੂੰ ਖ਼ਤਮ ਕਰ ਲਿਆ ਸੀ। ਕਾਹਨੂੰ? ਜੇ ਕੁਝ ਖਾਣਾ ਹੁੰਦਾ ਤਾਂ ਉਦੋਂ ਨਾ ਖਾਂਦੀ ਜਦੋਂ ਡਾਢੇ ਰੱਬ ਨੇ ਉਸ ਤੋਂ ਉਹਦਾ ਖ਼ਾਵੰਦ ਖੋਹ ਲਿਆ ਸੀ, ਜਿਸ ਦਾ ਉਸ ਅਜੇ ਮੂੰਹ ਤਕ ਨਹੀਂ ਡਿੱਠਾ ਸੀ। ਜੇ ਕੁਝ ਖਾਣਾ ਹੁੰਦਾ ਤਾਂ ਓਦੋਂ ਨਾ ਖਾਂਦੀ, ਜਦੋਂ ਆਪਣੀ ਜੁਆਨੀ ਵਿਚ ਉਸ ਤੋਂ ਆਪਣਾ-ਆਪ ਸਾਂਭਿਆਂ ਨਹੀਂ ਸੰਭਲਦਾ ਸੀ। ਆਪਣੇ ਕੱਦ-ਕੋਠੇ ਨੂੰ ਉਹ ਝੁਕਾ ਝੁਕਾ ਕੇ ਥਕ ਹਾਰ ਜਾਂਦੀ ਸੀ। ਜੇ ਕੁਝ ਖਾਣਾ ਹੁੰਦਾ ਤਾਂ ਉਦੋਂ ਨ ਖਾਂਦੀ ਜਦੋਂ ਉਹਦੀ ਜੁਆਨੀ ਉਹਦੇ ਵੇਖਦੇ ਵੇਖਦੇ ਉਹਦੇ ਹਥੋਂ ਖਿਸਕ ਗਈ ਤੇ ਉਹਦੇ ਅਰਮਾਨ ਉਂਜ ਦੇ ਉਂਜ ਕੁਆਰੇ ਉਹਦੀ ਛਾਤੀ ਵਿਚ ਡੱਕੇ ਪਏ ਰਹਿ ਕਏ। ਹੁਣ ਕਿਉਂ ਉਸ ਕੁਝ ਖਾਣਾ ਸੀ?

ਤੇ ਕੋਈ ਕਹਿੰਦਾ ਉਸ ਨੂੰ ਕਿਸੇ ਕੁਝ ਦੇ ਦਿੱਤਾ ਸੀ। ਤੇ ਜੋ ਕੋਈ ਵੀ ਇਹ ਸੋਚਦਾ ਉਹਦੀ ਨਜ਼ਰ ਘਰ ਵਾਲਿਆਂ 'ਤੇ ਜਾਂਦੀ। ਹੁਣ ਜਦੋਂ ਉਹਦੇ ਦੇਵਰ ਦੇ ਬੱਚੇ ਜੁਆਨ ਹੋ ਗਏ ਸਨ, ਉਹਨੂੰ ਤਾਈ ਗਣੇਸ਼ੀ ਦੇ ਹਿੱਸੇ ਦੀ ਲੋੜ ਸੀ। ਮਰ ਕੇ ਭਾਵੇਂ ਉਹਦੇ ਨਾਂ ਦੀ ਜਾਇਦਾਦ ਉਸ ਨੂੰ ਹੀ ਮਿਲਦੀ, ਪਰ ਪਤਾ ਨਹੀਂ ਉਸ ਕਦੋਂ ਮਰਨਾ ਸੀ। ਤੇ ਉਹਦੇ ਦੇਵਰ ਦੀਆਂ ਪੀਆਂ ਕੋਠੇ ਦੀਆਂ ਕੋਠਾ ਹੋ ਗਈਆਂ ਸਨ। ਪੁੱਤਰ ਵਿਆਹੁਣ ਵਰ੍ਹਣ ਜੋਗੇ ਸਨ। ਤੇ ਜਿਹੜੇ ਇੰਜ ਸੋਚਦੇ, ਉਨ੍ਹਾਂ ਨੂੰ ਪ੍ਰੀਤੋ ਦੇ ਪਿਤਾ ਦੀਆਂ ਨਜ਼ਰਾਂ ਵਿਚ ਲੱਖ

ਵਾਲਾ ਮਰ ਗਿਆ। ਤੇ ਤਾਈ ਗਣੇਸ਼ੀ ਨੇ ਸਬਰ-ਸ਼ੁਕਰ ਕਰ ਲਿਆ। ਸਾਰੀ ਉਮਰ ਆਪਣੀ ਦਰਾਣੀ ਦੇ ਬੱਚਿਆਂ ਨੂੰ ਪਾਲਦੀ ਰਹੀ, ਸਾਰੀ ਉਮਰ ਘਰ ਦੇ ਮਾਲ ਦੇ ਖਲਜਗਣ ਵਿਚ ਮਿੱਟੀ ਨਾਲ ਮਿੱਟੀ ਹੁੰਦੀ ਰਹੀ। ਤੇ ਫੇਰ ਚੁਪਾਤੇ ਹੀ ਉਹ ਤੁਰ ਗਈ। ਬੁੱਢੀ ਸੀ, ਪਰ ਇਤਨੀ ਬੁੱਢੀ ਵੀ ਨਹੀਂ ਕਿ ਇੰਜ ਨ ਸਿਰ ਦੁੱਖੇ ਨਾ ਪਿੰਡਾ ਤਤਾ ਹੋਏ ਤੇ ਕੋਈ ਤੁਰ ਪਏ।

ਹਰ ਕੋਈ ਹੈਰਾਨ ਸੀ। ਘੁਰ ਘੁਰ ਲੋਕੀਂ ਗੱਲਾਂ ਕਰਦੇ ਸਨ। ਜਿੰਨੇ ਮੂੰਹ ਉਤਨੀਆਂ ਗੱਲਾਂ। ਕੋਈ ਕੁਝ ਕਹਿੰਦਾ ਸੀ, ਕਈ ਕੁਝ।

ਤਾਈ ਗਣੇਸ਼ੀ ਦੇ ਪ੍ਰਸ਼ੰਸਕ ਵੀ ਤੇ ਗਲੀ ਗਲੀ ਸੀ। ਘਰ ਘਰ ਵਿਚ ਉਸ ਸਹੇਲਮੱਤੇ ਪਾਲੇ ਹੋਏ ਸਨ। ਕਿਸੇ ਨੂੰ ਕੁਝ ਦੇ ਰਹੀ, ਕਿਸੇ ਦੇ ਕੁਝ ਭੇਜ ਰਹੀ। ਦੁੱਧ-ਦਹੀਂ ਦੀਆਂ ਸਾਂਝਾਂ। ਖ਼ੁਸ਼ੀ ਗ਼ਮੀ ਦੀਆਂ ਸਾਂਝਾਂ। ਹਰ ਕਿਸੇ ਦੇ ਕੰਮ ਆਂਦੀ, ਹਰ ਕਿਸੇ ਦੇ ਕੰਮ ਆ ਕੇ ਖ਼ੁਸ਼ ਹੁੰਦੀ। ਰੱਬ ਤੋਂ ਡਰਨ ਵਾਲੀ ਤਾਈ ਗਣੇਸ਼ੀ। ਰੱਬ ਨੇ ਉਸ ਨੂੰ ਕੁਝ ਵੀ ਨਹੀਂ ਦਿੱਤਾ ਸੀ। ਤੇ ਸਾਰੀ ਉਮਰ ਉਸ ਰੱਬ ਦੀ ਭਗਤੀ ਵਿਚ ਕਟ ਲਈ ਸੀ। ਸਵੇਰੇ ਸ਼ਾਮ ਮੰਦਰ ਜਾਂਦੀ। ਭਗਵਾਨ ਦੀ ਆਰਤੀ ਜੜ੍ਹਾਂਦੀ। ਘੰਟਿਆਂ-ਬਧੀ ਅੱਖਾਂ ਮੀਟ ਸਮਾਧੀ ਵਿਚ ਅੰਤਰ ਧਿਆਨ ਪਈ ਰਹਿੰਦੀ। ਕਦੀ ਕਿਸੇ ਦਾ ਉਸ ਬੁਰਾ ਨਹੀਂ ਚਿਤਵਿਆ ਸੀ। ਕਦੀ ਕਿਸੇ ਉਹਨੂੰ ਕਿਸੇ ਦੀ ਨਿੰਦਾ ਕਰਦੇ ਨਹੀਂ ਸੁਣਿਆ ਸੀ। ਕਦੀ ਕੋਈ ਮੈਲਾ ਸੰਕਲਪ ਤੁਸ ਮਨ ਵਿਚ ਨਹੀਂ ਲਿਆਂਦਾ ਸੀ। ਤਾਈ ਗਣੇਸ਼ੀ ਚੁਟਕੀ ਪਾਂਦੀ ਤੇ ਦੁਖਣ ਤੇ ਆਈਆਂ ਅੱਖੀਆਂ ਚੰਗੀਆਂ -ਭਲੀਆਂ ਹੋ ਜਾਂਦੀਆਂ, ਤਾਈ ਗਣੇਸ਼ੀ ਟੂਣਾ ਕਰਦੀ ਤੇ ਰੋਗੀਆਂ ਦੇ ਰੋਗ ਛਡ ਜਾਂਦੇ।

ਪ੍ਰੀਤੋ ਨੂੰ ਤੇ ਤਾਈ ਗਣੇਸ਼ੀ ਨੇ ਆਪਣੀ ਜਿੰਦ-ਜਾਨ ਬਣਾ ਲਿਆ ਸੀ। ਉਧਰ ਜੰਮੀ ਤੇ ਇਧਰ ਇਹਨੂੰ ਸੰਭਾਲ ਲਿਆ। ਬਸ ਦੁਧ ਪਾਣ ਮਾਂ ਕੋਲ ਜਾਂਦੀ ਸੀ। ਸੌਂਦੀ ਵੀ ਤਾਈ ਗਣੇਸ਼ੀ ਕੋਲ, ਤਾਈ ਕਣੇਸ਼ੀ ਹੀ ਉਸ ਦਾ ਮਲਢਮੂਤ ਸਾਂਭਦੀ ਸੀ। ਤੇ ਫੇਰ ਪ੍ਰੀਤੋ ਵਡੀ ਹੋਈ, ਸਾਰੇ ਉਹਦੇ ਕੰਮ ਤਾਈ ਗਣੇਸ਼ੀ ਕਰਦੀ ਸੀ। ਫੇਰ ਪ੍ਰੀਤੋ ਜੁਆਨ ਹੋਈ, ਉਹਦੀ ਹਰ ਲੋੜ ਤਾਈ ਗਣੇਸ਼ੀ ਪੂਰੀ ਕਰਦੀ। ਤੇ ਤਾਈ ਗਣੇਸ਼ੀ ਉਸ ਨੂੰ 'ਪੁੱਤਰ, ਪੁੱਤਰ' ਕਹਿ ਕੇ ਨਾ ਰਜਦੀ। ਲੱਖ ਪ੍ਰੀਤੋ ਦੀਆਂ ਖ਼ਾਤਰਾਂ ਹੁੰਦੀਆਂ। ਲੱਖ ਪ੍ਰੀਤੋ ਦੀਆਂ ਰੱਖਾਂ ਹੁੰਦੀਆਂ। ਮਜਾਲ ਏ ਉਹਦਾ ਮੱਥਾ ਵੀ ਤੱਤਾ ਹੋ ਜਾਏ ਤਾਈ ਗਣੇਸ਼ੀ ਫਿਕਰ ਕਰਦੀ ਝੱਲੀ ਹੋ ਜਾਂਦੀ। ਹਮੇਸ਼ਾ ਚੰਗੀਆਂ ਚੰਗੀਆਂ ਨਸੀਹਤਾਂ ਪ੍ਰੀਤੋ ਨੂੰ ਕਰਦੀ ਰਹਿੰਦੀ, ਚੰਗੇ ਰੱਬ ਤੋਂ ਡਰ ਕੇ ਰਹਿਣਾ ਚਾਹੀਦਾ ਏ। ਚੰਗਾ ਆਚਰਨ ਚੰਗੇ ਰੱਬ ਦੇ ਨੇੜੇ ਬੰਦੇ ਨੂੰ ਰਖਦਾ ਏ।

ਫ਼ਰੇਬ ਤੇ ਲੱਖ ਕੂੜ ਚਿਤਰੇ ਹੋਏ ਵਿਖਾਈ ਦਿੰਦੇ। ਹਰ ਉਹਦੀ ਹਰਕਤ ਤੇ ਉਨ੍ਹਾਂ ਨੂੰ ਸ਼ਕ ਹੁੰਦਾ। ਹਰ ਉਹਦੀ ਗੱਲ ਦਾ ਲੋਕੀਂ ਮਨ-ਮਰਜ਼ੀ ਦਾ ਮਤਲਬ ਕਢ ਲੈਂਦੇ।

ਤੇ ਪ੍ਰੀਤੋ, ਕਾਲਜ ਦੀ ਪੜ੍ਹਾਈ ਕਰ ਰਈ ਕੁੜੀ ਸਭ ਕੁਝ ਵੇਖ ਰਹੀ ਸੀ, ਸਭ ਕੁਝ ਸੁਣ ਰਹੀ ਸੀ। ਹੱਕੀ ਬੱਕੀ ਫਟੀਆਂ ਫਟੀਆਂ ਨਜ਼ਰਾਂ ਉਸ ਨੂੰ ਕੁਝ ਸਮਝ ਨਹੀਂ ਆ ਰਿਹਾ ਸੀ। ਵਿਹੜੇ ਵਿਚੋਂ ਸੁਫ਼ੇ ਵਿਚ, ਸੁਫ਼ੇ ਵਿਚੋਂ ਵਿਹੜੇ ਵਿਚ ਡੌਰ-ਭੌਰ ਉਹ ਆ ਜਾ ਰਹੀ ਸੀ।

ਤੇ ਫੇਰ ਥਾਣੇਦਾਰ ਆਇਆ। ਇਕ ਨਜ਼ਰ ਉਸ ਤਾਈ ਗਣੇਸ਼ੀ ਨੂੰ ਵੇਖਿਆ ਤੇ ਸਿਰ ਮਾਰਨ ਲਗ ਪਿਆ। "ਇਹ ਤੇ ਅਣ-ਆਈ ਮੌਤ ਮਰੀ ਹੈ। ਇਹ ਤੇ ਅਣ-ਆਈ ਮੌਤ ਮਰੀ ਹੈ।" ਮੁੜ ਮੁੜ ਉਹ ਕਹਿੰਦਾ।

ਤਾਈ ਕਣੇਸ਼ੀ ਦੇ ਡਿਹਲੇ ਇੰਜ ਸਨ ਜਿਵੇਂ ਫਟ ਕੇ ਬਾਹਰ ਆ ਰਹੇ ਹੋਣ। ਪਲਕਾਂ ਟੱਡੀਆਂ ਹੋਈਆਂ। ਚਿਹਰਾ ਜਿਵੇਂ ਕਿਸੇ ਜ਼ਬਰਦਸਤ ਹੈਰਤ ਵਿਚ ਐਂਠਿਆ ਹੋਇਆ। ਹੱਥ ਜਿਵੇਂ ਅਸਹਿ ਬੇਬਸੀ ਵਿਚ ਜਕੂੜੇ ਹੋਏ। ਦੰਦ ਭੀਂਚੇ ਹੋਏ, ਟੰਗਾਂ, ਬਾਹਵਾਂ ਆਕੜੀਆਂ ਹੋਈਆਂ।

ਥਾਣੇਦਾਰ ਹੁਕਮ ਦੇ ਕੇ ਗਿਆ ਕਿਬੁੱਢੀ ਦਾ ਸਸਕਾਰ ਨਾ ਕੀਤਾ ਜਾਏ। ਉਸ ਉਤੇ ਖ਼ਬਰ ਦੇਣੀ ਸੀ।

ਇਕ ਘਰ ਦਾ ਬੰਦਾ ਮਰ ਗਿਆ। ਦੂਜਾ ਪੁਲਸ ਪਿਛੇ ਪੈ ਗਈ ਸੀ। ਘਰ ਵਾਲੇ ਬੜੇ ਪ੍ਰੇਸ਼ਾਨ ਸਨ।

ਲੋਕਾਂ ਨੇ ਜਦੋਂ ਥਾਣੇਦਾਰ ਦੀ ਗੱਲ ਸੁਣੀ ਤਾਂ ਹਰ ਨੁਕਰ, ਹਰ ਕੋਨੇ ਵਿਚ ਘੁਸਰ-ਮੁਸਰ ਜ਼ਿਆਦਾ ਹੋਣ ਲਗ ਪਈ। ਹਰ ਕੋਈ ਆਪਣੀਆਂ ਕਿਆਸ ਆਰਾਈਆਂ ਲਾਣ ਲਗਾ। "ਮੈਂ ਨਹੀਂ ਕਹਿੰਦਾ ਸਾਂ?" ਹਰ ਕੋਈ ਇਕ ਦੂਜੇ ਨੂੰ ਵੇਖ ਕੇ ਕਹਿੰਦਾ ਤੇ ਫੇਰ ਲੋਕੀਂ ਗਣੇਸ਼ੀ ਦੇ ਦੇਵਰ ਨੂੰ ਹੀ ਹੀਰੀਆਂ ਦੇਣ ਲਗ ਪਏ।ਤੇ ਘਰਵਾਲਿਆਂ ਨੂੰ ਜ਼ਿਮੀਂ ਥਾਂ ਨਹੀਂ ਦਿੰਦੀ ਸੀ ਕਿ ਉਸ ਵਿਚ ਗੱਡ ਜਾਣ।

ਤਾਈ ਗਣੇਸ਼ੀ ਦੀ ਲਾਡਲੀ ਪ੍ਰੀਤੋ ਵੇਖਦੀ ਤੇ ਉਸ ਦਾ ਜੀਅ ਕਰਦਾ ਆਪਣਾ ਮੂੰਹ-ਮੱਥਾ ਕੰਧ ਨਾਲ ਮਾਰ ਮਾਰ ਕੇ ਆਪਣੇ ਆਪ ਨੂੰ ਕੁਝ ਕਰ ਲਵੇ।

ਫਿਰ ਪੁਲਸ ਦਾ ਕੋਈ ਅਫ਼ਸਰ ਆਇਆ। ਉਹਦੇ ਨਾਲ ਡਾਕਟਰ ਸੀ। ਕਿਤਨਾ ਚਿਰ ਬੰਦ ਕਮਰੇ ਵਿਚ ਉਹ ਮੁਲਾਹਜ਼ਾ ਕਰਦੇ ਰਹੇ। ਕਿਤਨਾ ਚਿਰ ਅੰਦਰ ਘੁਰ ਘੁਰ ਹੁੰਦੀ ਰਹੀ। ਡਾਕਟਰ ਦੀ ਵੀ ਰਾਇ ਸੀ ਤੇ ਪੁਲਸ ਕਪਤਾਨ ਦੀ ਵੀ ਰਾਇ ਸੀ ਕਿ ਲਾਸ਼ ਨੂੰ

ਹਸਪਤਾਲ ਲਿਜਾਇਆ ਜਾਏ ਤਾਂ ਜੋ ਚੀਰ ਫਾੜ ਕੇ ਮਾਮਲੇ ਦੀ ਪੂਰੀ ਤਫ਼ਤੀਸ਼ ਹੋ ਸਕੇ। ਤੇ ਜਾਂਦੇ ਹੋਏ ਪੁਲਸ ਕਪਤਾਲ ਨੇ ਹੁਕਮ ਦਿੱਤਾ, ਪ੍ਰੀਤੋ ਦੇ ਪਿਤਾ ਨੂੰ ਹੱਥ-ਕੜੀ ਲਾ ਲਈ ਜਾਏ।

ਉਹਦੇ ਮੂੰਹੋਂ ਇਹ ਨਿਕਲਿਆ ਤੇ ਘਰ ਵਿਚ ਚਾਹ-ਕਲੱਪਾ ਪੈ ਗਿਆ। ਇਹ ਕੀ ਹਨੇਰ ਹੋਣ ਵਾਲਾ ਸੀ। ਪਿਉ ਦਾਦੇ ਦੀ ਰਖੀ-ਰਖਾਈ ਇੱਜ਼ਤ ਮਿੱਟੀ ਵਿਚ ਮਿਲ ਕੇ ਰਹਿ ਜਾਵੇਗੀ।

ਪਰ ਇਸ ਤੋਂ ਪੇਸ਼ਤਰ ਕਿ ਸਿਪਾਹੀ ਪ੍ਰੀਤੋ ਦੇ ਪਿਤਾ ਨੂੰ ਹੱਥ-ਕੜੀ ਲਾ ਸਕੇ, ਪ੍ਰੀਤੋ ਆਪਣੇ ਪਿਤਾ ਨੂੰ ਝਟ-ਦੇ ਝਟ ਲਈ ਬਾਹੋਂ ਫੜ ਕੇ ਅੰਦਰ ਲੈ ਵਈ।

ਸੁਫ਼ੇ ਦਾ ਦਰਵਾਜ਼ਾ ਭਾੜ ਪ੍ਰੀਤੋ ਨੇ ਸਾਰੀ ਗੱਲ ਆਪਣੇ ਪਿਤਾ ਨੂੰ ਦੱਸ ਦਿਤੀ।

"ਕਲ੍ਹ ਰਾਤ ਮਾਸਟਰ ਜੀ ਬੜੇ ਲੇਟ ਆਏ ਸਨ।ਪੜ੍ਹਾਂਦੇ ਪੜ੍ਹਾਂਦੇ ਉਨ੍ਹਾਂ ਨੂੰ ਹੋਰ ਦੇਰ ਹੋ ਗਈ। ਤਾਈ ਗਣੇਸ਼ੀ ਹਰ ਰੋਜ਼ ਦੀ ਤਰ੍ਹਾਂ ਸਾਹਮਣੀ ਮੰਜੀ 'ਤੇ ਆ ਕੇ ਪੈ ਗਈ ਸੀ। ਲੇਟਦਿਆਂ ਸਾਰ ਸੌਂ ਗਈ।ਵਿਚ ਵਿਚ ਹਰ ਰੋਜ਼ ਦੀ ਤਰ੍ਹਾਂ ਸਾਨੂੰ ਉਹਦੇ ਘੁਰਾੜੇ ਸੁਣਾਈ ਦਿੰਦੇ ਰਹੇ। ਤੇ ਫੇਰ ਮਾਸਟਰ ਜੀ ਦੇ ਜਾਣ ਦਾ ਵੇਲਾ ਹੋਇਆ। ਉਹ ਕੁਰਸੀ ਤੋਂ ਉਠੇ ਤੇ ਹਰ ਰੋਜ਼ ਦੀ ਤਰ੍ਹਾਂ ਮੈਂ ਵੀ ਉਠੀ ਤਾਂ ਜੋ ਬਾਹਰ ਡਿਉਢੀ ਨੂੰ ਕੁੰਡੀ ਲਾ ਆਵਾਂ। ਤੇ ਫੇਰ ਪਤਾ ਨਹੀਂ ਕੀ ਹੋਇਆ, ਮੈਨੂੰ ਲਗਾ ਜਿਵੇਂ ਮੈਂ ਮਾਸਟਰ ਜੀ ਦੀਆਂ ਬਾਹਵਾਂ ਵਲ ਧਰੂੰਹਦੀ ਜੀ ਰਹੀ ਹੋਵਾਂ। ਆਪਣੇ ਆਪ ਮੈਂ ਉਨ੍ਹਾਂਦੀ ਛਾਤੀ ਨਾਲ ਜਾ ਲਗੀ। ਮੈਨੂੰ ਆਪਣੇ ਮਾਸਟਰ ਜੀ ਬੜੇ ਚੰਗੇ ਲਗਦੇ ਨੇ। ਮੈਂ ਉਨ੍ਹਾਂ ਦੀ ਛਾਤੀ ਨਾਲ ਲਗੀ ਤੇ ਸਾਡੀਆਂ ਬੁੱਲ੍ਹੀਆਂ ਬੁੱਲ੍ਹੀਆਂ ਇਕ ਦੂਜੇ ਨਾਲ ਜੁੜ ਗਈਆਂ। ਤੇ ਫਿਰ ਪਤਾ ਨਹੀਂ ਕਿਤਨਾ ਚਿਰ ਅਸੀਂ ਇਕ ਦੂਜੇ ਦੇ ਗਲ ਲਗੇ ਦੀਵਾਨਿਆਂ-ਹਾਰ ਪਿਆਰ ਕਰਦੇ ਰਹੇ। ਅਧੀ ਰਾਤ ਹੋ ਗਈ ।. ਤੇ ਜਦੋਂ ਸਾਡੀ ਗਲਵੱਕੜੀ ਖੁਲ੍ਹੀ , ਮੈਂ ਪਰਤ ਕੇ ਵੇਖਿਆ, ਸਾਹਮਣੀ ਮੰਜੀ 'ਤੇ ਲੇਟੀ ਤਾਈ ਗਣੇਸ਼ੀ ਦੀਆਂ ਅੱਖਾਂ ਬਿਟ ਬਿਟ ਟੱਡੀਆਂ ਹੋਈਆਂ ਸਨ। ਮੈਂ ਵੀ ਵੇਖਿਆ, ਮਾਸਟਰ ਜੀ ਨੇ ਵੀ ਵੇਖਿਆ। ਤੇ ਅਸੀਂ ਘਬਰਾਏ ਹੋਏ, ਬਾਹਰ ਬਰਾਂਡੇ ਵਿਚ ਨਿਕਲ ਗਏ। ਸਾਨੂੰ ਕੁਝ ਨਹੀਂ ਸਮਝ ਆ ਰਹੀ ਸੀ। ਤਾਵਲੇ ਤਾਵਲੇ, ਸਹਿਮੇ ਸਹਿਮੇ ਮਾਸਟਰ ਜੀ ਚਲੇ। ਮੈਂ ਝਿਝਕਦੀ, ਖਿੜਕਦੀ ਮੁੜ ਕਮਰੇ ਵਿਚ ਆਈ, ਤਾਈ ਗਣੇਸ਼ੀ ਦੇ ਪੈਰੀਂ ਪੈ ਕੇ ਉਸ ਤੋਂ ਆਪਣੇ ਆਪ ਨੂੰ ਮਾਫ਼ ਕਰਵਾ ਲਵਾਂ, ਪਰ ਤਾਈ ਗਣੇਸ਼ੀ ਤੇ ਉਂਜ ਫਟੀਆਂ ਫਟੀਆਂ ਨਜ਼ਰਾਂ ਵੇਖ ਰਹੀ ਸੀ। ਤੇ ਮੈਂ ਅਗੇ ਹੋ ਕੇ ਤੱਕਿਆ, ਤਾਈ ਗਣੇਸ਼ੀ ਦਿਆਂ ਡਿਹਲਿਆਂ ਵਿਚ ਰੌਸ਼ਨੀ ਨਹੀਂ ਸੀ। ਘਬਰਾ ਕੇ ਮੈਂ ਤਾਈ ਗਣੇਸ਼ੀ ਨੂੰ

ਬੁਲਾਇਆ – 'ਤਾਈ! ਤਾਈ!' ਕੋਈ ਜੁਆਬ ਨਹੀਂ ਸੀ। ਫੇਰ ਮੈਂ ਉਸ ਦੇ ਮੂੰਹ ਨੂੰ ਹੱਥ ਲਾਇਆ – ਠੰਡਾ ਯਖ਼ ਤੇ ਸੀ। ਉਹਦਾ ਅੰਗ ਅੰਗ ਆਕੜਿਆ ਹੋਇਆ ਸੀ। ਤੇ ਫਿਰ ਮੇਰੀ ਚੀਕ ਨਿਕਲ ਗਈ ਤੇ ਸਾਰਾ ਘਰ 'ਕੱਠਾ ਹੋਇਆ। ਕਸੂਰ ਮੇਰਾ ਹੈ। ਸਾਰਾ ਕਸੂਰ ਮੇਰਾ ਹੈ।"

ਹੱਕਾ-ਬੱਕਾ ਸੁਣ ਰਿਹਾ ਪ੍ਰੀਤੋ ਦੇ ਪਿਤਾ ਨੇ ਆਪਣੀ ਧੀ ਦੇ ਮੂੰਹ 'ਤੇ ਹੱਥ ਰਖ ਉਸ ਨੂੰ ਚੁਪ ਕਰਵਾ ਦਿਤਾ। ਉਹਦੀਆਂ ਪਲਕਾਂ ਹੰਝੂਆਂ ਨਾਲ ਛਲਛਲਾ ਰਹੀਆਂ ਸਨ। ਸਾਰੀ ਉਮਰ ਸਤ-ਧਰਮ ਵਿਚ ਰਹੀ, ਸਤ-ਧਰਮ ਲਈ ਆਪਣੀ ਸਾਰੀ ਉਮਰ ਕੁਰਬਾਨ ਕਰ, ਆਪਣੀ ਪ੍ਰੀਤੋ ਦੀ ਇਹ ਕਰਤੂਤ ਗੋਲੀ ਵਾਂਗ ਤਾਈ ਗਣੇਸ਼ੀ ਦੀ ਛਾਤੀ 'ਤੇ ਜਾ ਲਗੀ ਸੀ। ਤੇ ਉਸ ਦੀਆਂ ਅੱਖੀਆਂ ਖੁਲ੍ਹੀਆਂ ਦੀਆਂ ਖੁਲ੍ਹੀਆਂ ਰਹਿ ਗਈਆਂ। ਇਕੋ ਵਾਰ ਖੁਲ੍ਹੀਆਂ, ਜਿਵੇਂ ਉਨ੍ਹਾਂ ਨੂੰ ਵਿਸ਼ਵਾਸ ਨਹੀਂ ਆਇਆ, ਤੇ ਉਹ ਹੋਰ ਖੁਲ੍ਹੀਆਂ। ਤੇ ਫਿਰ ਉਂਜ ਦੀਆਂ ਉਂਜ ਫਟੀਆਂ ਦੀਆਂ ਫਟੀਆਂ ਰਹਿ ਗਈਆਂ।

ਪ੍ਰੀਤੋ ਦੀ ਮਰਜ਼ੀ ਸੀ ਉਹ ਸੱਚੀ ਗੱਲ ਸਭ ਨੂੰ ਦਸ ਦੇਵੇ, ਪੁਲਸ ਦੇ ਸਾਹਮਣੇ ਸਭ ਕੁਝ ਕਬੂਲ ਕਰ ਲਏ।

ਪ੍ਰੀਤੋ ਦੇ ਪਿਤਾ ਦੀਆਂ ਅੱਖੀਆਂ ਵਿਚੋਂ ਇਕ ਝੜੀ ਅਥਰੂਆਂ ਦੀ ਵਸ ਰਹੀ ਸੀ। "ਨਹੀਂ, ਨਹੀਂ! ਕੁਆਰੀ ਕੁੜੀ ਦੀ ਇੱਜ਼ਤ, ਇਹ ਕਿਵੇਂ ਹੋ ਮਕਦਾ ਸੀ? ਨਹੀਂ, ਨਹੀਂ, ਇਹ ਨਹੀਂ ਹੋ ਸਕਦਾ।" ਪ੍ਰੀਤੋ ਦੇ ਪਿਤਾ ਨੇ ਆਪਣੇ ਆਪ ਨੂੰ ਬਾਹਰ ਪੁਲਸ ਦੇ ਹਵਾਲੇ ਕਰ ਦਿਧਾ। ਤੇ ਉਸ ਨੂੰ ਹੱਥਕੜੀ ਲਾ ਦਿਤੀ ਗਈ।

ਇਧਰੋਂ ਦਿਨ ਲਹਿੰਦਾ ਉਧਰ ਰਾਤ ਹੋ ਜਾਂਦੀ	from this side came the day, on the other it became night, i.e., the days were short
ਡੌਰ-ਭੌਰ ਅੱਖੀਆਂ ਹਰ ਕਿਸੇ ਦੇ ਮੂੰਹ ਵਲ ਛੱਡਦੀ	with bloodshot eyes she just looked at everyone
ਜਿਵੇਂ ਉਹਦੀ ਕੁਖੋਂ ਜਾਈ ਹੋਵੇ	as if she had been born from her own womb
ਮਿੱਟੀ ਨਾਲ ਮਿੱਟੀ ਹੁੰਦੀ ਰਹੀ	worked the fingers to the bone
ਸਬਜ-ਸ਼ੁਕਰ ਕਰ ਲਿਆ	was reconciled (to her fate)
ਤੇ ਫੇਰ ਚੁਪਾਤੇ ਹੀ ਉਹ ਤੁਰ ਗਈ	then quietly passed away
ਜਿੰਨੇ ਮੂੰਹ ਉਤਨੀਆਂ ਗੱਲਾਂ	as many talks as there were mouths, i.e. everyone had his own theory

ਹਰ ਕਿਸੇ ਦੇ ਕੱਮ ਆਂਦੀ	helped everyone
ਦੁਖਣ ਤੇ ਆਈਆਂ ਅੱਖੀਆਂ	diseased eyes
ਮਲਛਮੂਤ ਸਾਂਭਦੀ ਸੀ	changed her diapers
ਕੋਈ ਸੌਖੀ ਹੁੰਦੀ ਹੈ	is very hard, is not easy
ਤੁੰਜ-ਦੀਆਂ-ਤੁੰਜ	intact
ਹੱਥ ਲਾਇਆ	touched
ਓਦੋਂ/ਉਦੋਂ ਨਾ ਖਾਂਦੀ	would not have eaten at that time?
ਕੋਠੇ ਦੀਆਂ ਕੋਠੀਆਂ ਹੋ ਗਈਆਂ ਸਨ	had grown big, stout and strong

7.2 Vocabulary

ਅਸਹਿ	intolerable
ਅਣ-ਆਈ	unnatural
ਅੰਤਰਧਿਆਨ	lost, absorbed, hidden
ਅਧੀ ਰਾਤ	midnight (f.)
ਅਫਸਰ	officer (m.)
ਅਰਮਾਨ	longing (m.)
ਅਲਮਾਰੀ	cupboard, wardrobe (f.)
ਆਹਰ	worry (m.)
ਆਚਾਰਨ	conduct (m.)
ਆਰਤੀ	a ritual of worship, worship (f.)
ਆਰਾਈ	adornment (f.)
ਐਂਠਣਾ	to get stiff, to cramp, to strut
ਇੰਜ	thus, the same
ਇਤਬਾਰ	trust, belief (m.)
ਓਦੋਂ	at that time
ਸੰਸਕਾਰ	sacrament, (here) cremation (m.)
ਸਹਿਮਣਾ	to hesitate, to be frightened
ਸਹੇਲ ਮੱਤਾ	feeling of friendship (f.)
ਸੰਕਲਪ	resolution (m.)

ਸੰਗ	companionship (m.)
ਸਤ ਧਰਮ	true religion (m.)
ਸਬਰ-ਸ਼ੁਕਰ	resignation (lit., endurance and thanks) (m.)
ਸਮਾਧੀ	meditation, Samadhi (f.)
ਸਾਂਝ	sharer, partner (m.)
ਸਿਆਲਾ	winter (m.)
ਸ਼ੁਫ਼ਾ	page (m.)
ਸੌਖਾ	easy, gentle
ਹੱਕਾ ਬੱਕਾ	perplexed
ਹੱਥ ਕੜੀ	handcuff (f.)
ਹਰਕਤ	misbehavior (f.)
ਹਵਾਲੇ ਕਰਨਾ	to turn over to
ਹੀਰੀ	middle finger (f.)
ਹੈਰਤ	astonishment, perplexity (f.)
ਕਸੂਰ	fault (m.)
ਕੱਠਾ	gathered
ਕਤਲ	murder (m.)
ਕੱਦ-ਕੋਠਾ	body (lit., room of [her] size) (m.)
ਕੰਧ	wall (f.)
ਕਪਤਾਨ	captain (m.)
ਕਰਤੂਤ	deed (f.)
ਕਿਆਸ	theory, hypothesis, inference (f.)
ਕੁਆਰਾ	bachelor (m.)
ਕੁੰਡੀ	chain (f.)
ਕੁਰਸੀ	chair (f.)
ਕੁਰਬਾਨ ਕਰਨਾ	to sacrifice
ਕੋਨਾ	corner (m.)
ਖ਼ਬਰ	news (f.)
ਖਲਜਗਣ	calamity (m.)

ਖ਼ਾਤਰ	care, regard (f.)
ਖਾਪਣਾ	to exhaust, wear out
ਖ਼ਾਵੰਦ	husband (m.)
ਖਿਸਕਣਾ	to slip away
ਖੁੱਲ੍ਹਾ	opened
ਖ਼ੈਰੀ	well-wisher (m.)
ਖੋਹਣਾ	to snatch away
ਗੱਡਣਾ	to be buried, to bury oneself
ਗਂਮੀ	sorrow (f.)
ਗਲਵੱਕੜੀ	necking, embracing (f.)
ਗਲੀ	street, alley (f.)
ਗੁਤਾਵਾ	cattle mash (m.)
ਗੋਖੜੂ	a wrist ornament (m.)
ਘਰ ਵਾਲਾ	husband (m.)
ਘੁਸਰ-ਮੁਸਰ	whisper (f.)
ਘੁਰ ਘੁਰ	whisper (f.)
ਘੁਰਨਾ	to gaze, stare
ਘੁਰਾੜਾ	snoring (m.)
ਘੋਪਣਾ	to suffocate (trans.) ਗਲਾ ਘੋਪਣਾ to strangle
ਚਿਤਰਨਾ	to paint a picture
ਚਿਤਾਉਣਾ	to think, wish
ਚੀਕ	shriek, cry (f.)
ਚੀਰਫਾੜ	post-mortem (f.)
ਚੁਟਕੀ	pinch (f.)
ਚੁਪਾਤੇ ਹੀ	quietly
ਚੋਣਾ	to milk
ਚੋਂਕਾ	kitchen, dining room (m.)
ਛਲਛਲਾਣਾ	to overflow

ਛਾਤੀ	breast (f.)
ਛਾਪਾ	silver or golden ring (f.)
ਜਕੜਨਾ	to tie tightly
ਜ਼ਬਰਦਸਤ	forceful, strong
ਜ਼ਿਆਦਾ	more, much
ਜਿੰਦ-ਜਾਨ	living soul, dearest (f.)
ਜ਼ਿਮੀਂ	earth (f.)
ਜੁਆਨ ਜਹਾਨ	young, youthful
ਝੱਲੀ	basket (f.)
ਝੜੀ	stream (f.)
ਝਿਝਕਣਾ	to hesitate
ਝੁਕਾਣਾ	to bend
ਟੰਗ	leg (f.)
ਟੱਡਣਾ	to be stretched, to be open
ਟੁਕੜਾ	piece (m.)
ਟੂਣਾ	charm (m.)
ਠੰਡਾ	cold
ਡੱਕਣਾ	to hide
ਡੰਗਰ	cattle (m.)
ਡਾਢਾ	powerful
ਡਿਉਢੀ	porch, front gate (f.)
ਡਿਹਲਣਾ	to stream
ਢੰਨ	pile (f.)
ਢਾਹ-ਕਲੱਪਾ ਮਾਰਨਾ	to mourn, crying loudly and bitterly
ਤਖ਼ਤ	plank, board (m.)
ਤਤਾ (ਤੱਤਾ)	hot, warm
ਤਫ਼ਤੀਸ	inspection (f.)
ਤਾਈ	father's elder brother's wife (f.)
ਤਾਵਲੇ ਤਾਵਲੇ	quickly

ਥੱਕਣਾ	to be tired
ਥਾਣਾ	police station (m.)
ਥਾਣੇਦਾਰ	chief constable (m.)
ਥਿੜਕਣਾ	totremble
ਦਰਾਣੀ	husband's younger brother's wife (f.)
ਦੁੱਧ-ਦਹੀਂ	milk and yogurt (f.)
ਦੇਵਰ	husband's younger brother (m.)
ਧਰੂੰਹਣਾ	to tear off
ਨਸੀਹਤ	exhortation (f.)
ਨਿੰਦਾ	back-biting, defamation (f.)
ਨੁਕਰ	corner (m.)
ਪ੍ਰਸ਼ੰਸਕ	admirer (m.)
ਪਰਤਣਾ	to turn back
ਪ੍ਰੇਸ਼ਾਨ	pained, troubled
ਪਲਕ	eye-lid (f.)
ਪਲੰਘ	large cot (m.)
ਪੜ੍ਹਾਉਣਾ	to teach
ਪਿੰਡਾ	body (m.)
ਪੁਲਸ	police (f.)
ਪੇਸ਼ਤਰ	before
ਫੱਟਾ	wide-open
ਫ਼ਰੇਬ	deceit (m.)
ਬੱਧ	closed
ਬਰਾਂਡਾ	porch, verandah (m.)
ਬਾਂਹ	arm (f.)
ਬਾਲ ਵਿਧਵਾ	child widow (f.)
ਬਿਟਬਿਟ	popping (protruding)
ਬੁੱਲ੍ਹੀ	lip (f.)

ਬੇਬਸੀ	helplessness (f.)
ਭਲਾ	well
ਭੀਚਣਾ	to press
ਭੀੜਨਾ	to close
ਮਹਿੰਗਾ	buffalo (f.)
ਮਜਾਲ	power, daring (f.)
ਮੰਜੀ	small cot (f.)
ਮਤਲਬ	meaning (m.)
ਮਲ-ਮੂਤ	excrement (m.)
ਮਾਸਟਰ	teacher (m.)
ਮਾਰ ਸੁੱਟਣਾ	to kill
ਮਾਲ	wealth, goods (m.)
ਮੁਲਾਹਜ਼ਾ	consultation (m.)
ਮੈਲਾ	dirty
ਮੌਹਰਾ	a kind of poison (m.)
ਮੌਤ	death (f.)
ਯਖ਼	ice, frost (m.)
ਰੱਖ	care, protection (f.)
ਰੱਜਣਾ	to be satisfied, to be filled
ਰਾਇ	opinion (f.)
ਰੋਸ਼ਨੀ	light (f.)
ਰੋਗ	sickness (m.)
ਰੋਗੀ	sick man (m.)
ਲਾਸ਼	corpse (f.)
ਲਾਡਲਾ	beloved
ਲੇਟ	late
ਲੇਟਣਾ	to lie down
ਵੱਢਣਾ	to cut, reap, bite, kill

ਵਰ੍ਹਣਾ	to marry
ਵਰਤਾਉਣਾ	to distribute
ਵਾਲੀ	earring (f.)
ਵਿਆਹੁਣਾ	to arrange for marriage
ਵਿਹੜਾ	courtyard (m.)
ਵੀਵਾਨਿਆਂ-ਹਾਰ	madly, intensely

7.3 Answer the following questions in Panjabi:

੧. ਕੌਣ ਮਰ ਗਈ ਸੀ ਤੇ ਕਿਵੇਂ ਮੋਈ ਸੀ?
੨. ਤਾਈ ਦੇ ਮਰਨ ਤੋਂ ਬਾਦ ਕੀ ਹੋਇਆ?
੩. ਤਾਈ ਦੇ ਮਰਨ ਤੋਂ ਬਾਦ ਲੋਕੀਂ ਕੀ ਕਹਿਣ ਲੱਗੇ?
੪. ਸ਼ਾਮ ਨੂੰ ਤਾਈ ਨੇ ਕੀ ਕੁਝ ਕੀਤਾ ਸੀ?
੫. ਘਰ ਵਾਲੇ ਤੇ ਬਾਹਰ ਵੱਲੋਂ ਕਿਸਦੇ ਕੋਲੋਂ ਮੁੜ ਮੁੜ ਕੇ ਪੁੱਛਦੇ ਸਨ?
੬. ਤਾਈ ਕਿੱਥੇ ਸੁਤੀ ਹੋਈ ਸੀ?
੭. ਮੁੜ ਮੁੜ ਲੋਕੀਂ ਤਾਈ ਦੇ ਬਾਰੇ ਪ੍ਰੀਤੋ ਕੋਲੋਂ ਕਿਉਂ ਪੁੱਛਦੇ ਸਨ?
੮. ਤਾਈ ਵਿਧਵਾ ਕਦੋਂ ਹੋਈ ਸੀ?
੯. ਤਾਈ ਪ੍ਰੀਤੋ ਨੂੰ ਕਿਵੇਂ ਰਖਦੀ ਸੀ?
੧੦. ਤਾਈ ਨੇ ਆਪਣੇ ਪਤੀ ਦੇ ਮਰਨ ਪਿੱਛੋ ਕਿਵੇਂ ਦਿਨ ਬਿਤਾਏ?
੧੧. ਤਾਈ ਲੋਕੀਂ ਨਾਲ ਕਿਵੇਂ ਰਹਿੰਦੀ ਸੀ?
੧੨. ਤਾਈ ਨੇ ਪ੍ਰੀਤੋ ਨੂੰ ਕਿਵੇਂ ਪਾਲਿਆ ਸੀ?
੧੩. ਪ੍ਰੀਤੋ ਰਾਤੀਂ ਕਿੰਨੇ ਵੱਜੇ ਤਕ ਜਾਗਦੀ ਰਹੀ ਤੇ ਕੀ ਕਰਦੀ ਰਹੀ?
੧੪. ਥਾਣੇਦਾਰ ਨੇ ਆਕੇ ਕੀ ਕਿਹਾ?
੧੫. ਪ੍ਰੀਤੋ ਨੇ ਆਪਣੇ ਪਿਤਾ ਨੂੰ ਕੀ ਦੱਸਿਆ?
੧੬. ਪ੍ਰੀਤੋ ਦੇ ਪਿਤਾ ਨੇ ਪੁਲਸ ਨੂੰ ਕੀ ਕਿਹਾ?

7.4 Fill in the blanks:

੧. ਤਾਈ ਗਣੇਸ਼ੀ ਦਾ ਚੋਰ ਨੇ ਸੁੱਤੇ —— ਗਲਾ —— ——।
੨. ਘਰ ਵਾਲੇ ਮੁੜ —— ਉਸ ਤੋਂ ਪੁਛਦੇ ਇਹ ਹੋ ਕੀ ਗਿਆ ਸੀ।
੩. ਘਰ ਵਾਲੇ ਹੱਕੇ —— ਸਨ, ਚੰਗੀ —— ਸੁੱਤੀ ਸੀ।
੪. ਤਾਈ ਗਣੇਸ਼ੀ ਦੀ ਚੁਟਕੀ ਤੇ —— ਅੱਖੀਆਂ —— ਭਲੀਆਂ ——।
੫. ਪ੍ਰੀਤੋ ਨੂੰ —— ਤਾਈ ਨੇ ਆਪਣੀ —— ਜਾਨ ਬਣਾ —— ਸੀ।
੬. ਉਧਰ ਤਾਈ ਮੋਈ ਤੇ —— ਪ੍ਰੀਤੋ —— ——।

੭. ਇਮਤਿਹਾਨਾਂ ਦੇ ਦਿਨ —— —— ਰਾਤ ਅਸੀਂ ਪੜ੍ਹਦੇ ——।

੮. ਪੁੱਤਰ ਵਿਆਹੁਣ —— —— ਸਨ।

੯. ਕਾਲਜ ਦੀ ਪੜ੍ਹਾਈ ਕਰ —— ਮੁੰਡਾ ਸਭ —— ਵੇਖ —— ਸੀ।

੧੦. ਬੁੱਢੇ ਦਾ ਸੰਸਕਾਰ —— ਕੀਤਾ ——।

੧੧. ਜਾਂਦੇ —— ਪੁਲਸ ਕਪਤਾਨ ਨੇ ਹੁਕਮ —— ਪਿਤਾ ਨੂੰ ਹਥ ਕੜੀ —— ——।

੧੨. ਮੈਂ ਵੀ ਉਠਿਆ ਤਾਂ ਜੋ ਬਾਹਰ ਡਿਉਢੀ ਨੂੰ ਕੁੰਡੀ —— ——।

੧੩. ਪਰ ਉਹ ਤਾਂ ਉਂਜ ਦੀ —— ਫਟੀਆਂ —— ਨਜਰਾਂ ਵੇਖ —— ਸੀ।

੧੪. ਉਹਦਾ ਅੰਗ —— ਆਕੜਿਆ —— ਸੀ।

੧੫. ਉਸ ਦੀਆਂ ਅਖੀਆਂ ਖੁਲ੍ਹੀਆਂ ਦੀਆਂ —— ਰਹਿ ——।

7.5 Translate into Panjabi:

1. A stream of water flowed from his eyes.
2. She screamed and the whole neighborhood gathered.
3. Hurriedly we went out to the porch.
4. The prestige of our forefathers will mingle with the dust.
5. They did not have a place to bury themselves.
6. Whispers increased at every corner.
7. He glanced once at her and began to shake his head.
8. Some would speak, some would give her something.
9. If she had to eat, she should have eaten before.
10. She always advised her well.
11. Her whole life was spent in devotion to God.
12. And then this news reached him.
13. In the evening she milked the cows.
14. Again and again they asked what had happened.
15. She brought the child up, just as if he had been born from her own womb.

7.6 Study the following:

ਤਾਈ ਉਂਜ ਦੀ ਉਂਜ ਵੇਖ ਰਹੀ ਸੀ	Auntie was looking just like that, was looking in just the same way
ਅਖੀਆਂ ਖੁਲ੍ਹੀਆਂ ਦੀਆਂ ਖੁਲ੍ਹੀਆਂ ਰਹਿ ਗਈਆਂ	her eyes remained right open
ਉਹ ਬੱਚੇ ਦਾ ਬੱਚਾ ਰਿਹਾ	he remained just a child (he never grew up)
ਬੈਠੇ ਦਾ ਬੈਠਾ (ਹੀ)	just sitting (without moving)
ਮਾਸਟਰ ਦਾ ਮਾਸਟਰ (ਹੀ)	just a teacher
ਉੱਥੇ ਦਾ ਉੱਥੇ (ਹੀ)	right there

In this construction a word is repeated, with ਦਾ, ਦੇ, ਦੀ, ਦੀਆਂ, ਦਿਆ, to give an intensive emphasis, which often can be translated in English as "right" or "just" in the sense that they are used in the above examples. The particle ਹੀ may also occur. Translate the following into Panjabi:

1. All day long he sat right there.
2. He was just walking without knowing his destination.
3. His father tried to teach him, but he was just stupid.
4. Come right here and let me see what you are holding.
5. "You are just a child", she said, "how can you find it?"
6. Why do you always speak just like that?
7. I saw my coat right there on the bed this morning.
8. She saw him, just standing quietly in the shadows.

UNIT VIII

ਰਾਮ ਲੀਲਾ

ਬਲਵੰਤ ਗਾਰਗੀ

ਪੰਦਰ੍ਹਵੀਂ ਸੋਲ੍ਹਵੀਂ ਸਦੀ ਵਿਚ ਭਗਤੀ ਲਹਿਰ ਸਾਰੇ ਹਿੰਦੁਸਤਾਨ ਵਿਚ ਫੈਲ ਗਈ। ਕੀਰਤਨਾਂ, ਜਲੂਸਾਂ, ਪਰਭਾਤ-ਫੇਰੀਆਂ ਅਤੇ ਸੰਗੀਤ-ਨਾਟਾਂ ਰਾਹੀਂ ਇਸ ਦਾ ਪਰਚਾਰ ਹੋਣ ਲੱਗਾ। ਉੱਤਰ ਪ੍ਰਦੇਸ਼ ਵਿਚ ਰਾਮ ਲੀਲਾ ਤੇ ਕ੍ਰਿਸ਼ਨ ਲੀਲਾ ਹੋਂਦ ਵਿਚ ਆਈਆਂ।

ਰਾਮ ਲੀਲਾ ਨੂੰ ਖੇਡਣ ਵਿਚ ਚੌਦਾਂ ਦਿਨ ਲਗਦੇ ਹਨ। ਕਥਾਕਾਰ ਚੌਪਈਆਂ ਗਾਉਂਦਾ ਹੈ ਤੇ ਖਿੰਡੇ ਹੋਏ ਨਾਟਕ-ਕਰਮ ਨੂੰ ਜੋੜਦਾ ਹੈ। ਹਰ ਰਾਤ ਰਾਮਾਇਣ ਦਾ ਇਕ ਨਿਸ਼ਚਤ ਭਾਗ ਖੇਡਿਆ ਜਾਂਦਾ ਹੈ। ਖੇਡਣ ਵਾਲਿਆਂ ਦੇ ਮੁਕਟ-ਚਿਹਰੇ, ਤਾਜ ਅਤੇ ਸ਼ਿੰਗਾਰ ਸੁਨਹਿਰੇ ਤੇ ਰਾਂਗਲੇ ਹੁੰਦੇ ਹਨ। ਉਨ੍ਹਾਂ ਦੀਆਂ ਮਖ਼ਮਲ ਤੇ ਰੇਸ਼ਮ ਦੀਆਂ ਸਿਲਮੇ ਸਿਤਾਰੇ ਵਾਲੀਆਂ ਪੁਸ਼ਾਕਾਂ ਝਿਲਮਿਲ ਝਿਲਮਿਲ ਕਰਦੀਆਂ ਹਨ। ਕਾਰਜ ਇਕ ਥਾਂ ਤੋਂ ਦੂਜੀ ਥਾਂ ਬੜੀ ਤੇਜ਼ੀ ਨਾਲ ਤੁਰਦਾ ਹੈ।

ਰਾਮ ਲੀਲਾ ਵਿਚ ਦ੍ਰਿਸ਼ਾਂ ਦੀ ਤਰਤੀਬ ਪੱਛਮੀ ਚੌਖਟੇਜੜੇ ਮੰਚ ਵਾਲੀ ਨਹੀਂ। ਪੱਛਮੀ ਮੰਚ ਵਿਚ ਦ੍ਰਿਸ਼ਾਂ ਦੀ ਵਿਥ-ਸੂਝ ਯਥਾਰਥਕ ਹੈ। ਰਾਮ ਲੀਲਾ ਵਿਚ ਇੱਕੋ ਵੇਲੇ ਕਈ ਪੱਧਰਾਂ ਉੱਤੇ ਵਖ ਵਖ ਦ੍ਰਿਸ਼ ਸਜਾ ਦਿਤੇ ਜਾਂਦੇ ਹਨ। ਜਦੋਂ ਜਨਕ ਦੇ ਦਰਬਾਰ ਵਿਚ ਸੀਤਾ ਦਾ ਸਵੇਂਬਰ ਹੋ ਰਿਹਾ ਹੁੰਦਾ ਹੈ ਤਾਂ ਅਸੀਂ ਨਾਲ ਨਾਲ ਉਸ ਜੰਗਲ ਦਾ ਦ੍ਰਿਸ਼ ਵੀ ਤੱਕਦੇ ਹਾਂ ਜਿਥੇ ਪਹਿਲਾਂ ਰਾਮ ਤੇ ਲਛਮਣ ਨੇ ਰਾਖ਼ਸ਼ ਮਾਰੇ ਹੁੰਦੇ ਹਨ। ਇਕ ਪੱਧਰ ਰਾਮ ਤੇ ਰਾਵਣ ਦਾ ਯੁਧ ਹੋ ਰਿਹਾ ਹੈ ਅਤੇ ਦੂਜੀ ਪੱਧਰ ਉੱਤੇ ਸੀਤਾ ਅਸ਼ੋਕ ਵਾਟਿਕਾ ਵਿਚ ਬੈਠੀ ਨਜ਼ਰ ਆਉਂਦੀ ਹੈ। ਕਲਾਕਾਰਾਂ ਦੀ ਸਮੂਹ-ਬਣਤਰ, ਉਨ੍ਹਾਂ ਦੇ ਰੰਗ, ਘਟਨਾਵਾਂ ਦੀ ਤਰਤੀਬ ਅਤੇ ਵਖਰੇ ਦ੍ਰਿਸ਼ਾਂ ਦਾ ਵਖਰੇ ਪੱਧਰਾਂ ਉੱਤੇ ਇਕੋ ਵਾਰ ਨਜ਼ਰ ਆਉਣਾ ਅੱਖਾਂ ਨੂੰ ਬੜਾ ਸੁਹਾਉਂਦਾ ਹੈ। ਇਹ ਬਹੁ-ਪੱਧਰੀ ਵਿਥ-ਸੂਝ ਸਾਡੇ ਪ੍ਰਾਚੀਨ ਅਜੰਤਾ ਦਿਆਂ ਕੰਧ-ਚਿੱਤਰਾਂ ਤੇ ਮਧ ਕਾਲ ਦੇ ਕਲਾਕਾਰਾਂ ਦੀਆਂ ਮੂਰਤਾਂ ਵਿਚ ਨਜ਼ਰ ਆਉਂਦੀ ਹੈ। ਸਤਾਰ੍ਹਵੀਂ ਅਠਾਰ੍ਹਵੀਂ ਸਦੀ ਦੇ ਰਾਜਿਸਥਾਨ ਅਤੇ ਕਾਂਗੜੇ ਦੀਆਂ ਪਹਾੜੀ ਰਿਆਸਤਾਂ ਦੇ ਚਿੱਤਰਕਾਰਾਂ ਦੀਆਂ ਮੂਰਤਾਂ ਵੀ ਇਸੇ ਪਰੰਮਪਰਾ ਵਿਚ ਹਨ।

ਇਹ ਬਹੁ-ਪੱਧਰੀ ਦ੍ਰਿਸ਼-ਤਰਤੀਬ ਬੜੀ ਸੁਚੱਜੀ ਕਲਾ ਹੈ। ਇਸ ਸਾਦਗੀ ਵਿਚ ਬੜੀ ਸਿਆਣਪ ਲੁਕੀ ਹੋਈ ਹੈ। ਪੱਛਮ ਦੇ ਬਹੁਤ ਸਾਰੇ ਅਜੋਕੇ ਨਿਰਦੇਸ਼ਕਾਂ ਨੇ ਇਸ ਨਾਟਕੀ ਜਾਚ ਨੂੰ ਵਰਤਿਆ ਹੈ। ਖੁਲ੍ਹੇ ਰੰਗ ਮੰਚ ਉੱਤੇ ਉਹ ਵੀ ਕਈ ਵਾਰ ਵਖ ਵਖ

ਥਾਵਾਂ ਉੱਤੇ ਦ੍ਰਿਸ਼ ਸਜਾ ਦਿੰਦੇ ਹਨ ਅਤੇ ਜਿਸ ਥਾਂ ਕਾਰਜ ਹੁੰਦਾ ਹੈ ਉਥੇ ਬਿਜਲੀ ਦਾ ਚਾਨਣ ਸੁਟ ਕੇ ਉਸੇ ਥਾਂ ਨੂੰ ਉਜਾਗਰ ਕਰਦੇ ਹਨ। ਪ੍ਰਸਿੱਧ ਰੂਸੀ ਨਿਰਦੇਸ਼ਕ ਮਾਇਰ-ਹੋਲਡ ਨੇ ਇਸ ਸਦੀ ਦੇ ਤੀਜੇ ਦਹਾਕੇ ਵਿਚ ਕਈ ਤਜਰਬੇ ਕੀਤੇ। ਪੈਰਸ ਤੇ ਨਿਊ ਯਾਰਕ ਵਿਚ ਕਈ ਚੋਟੀ ਦੇ ਨਿਰਦੇਸ਼ਕਾਂ ਨੇ ਵੀ ਨਾਟਕ ਇਸ ਤਰ੍ਹਾਂ ਖੇਡੇ ਕਿ ਇੱਕੋ ਵਾਰੀ ਕਈ ਝਾਕੀਆਂ ਦਰਸ਼ਕਾਂ ਦੇ ਇਰਦ ਗਿਰਦ ਬਿਨਾਂ ਪਰਦੇ ਸਜਾ ਦਿਤੀਆਂ ਜਾਂਦੀਆਂ। ਇਸ ਤਰ੍ਹਾਂ ਦਰਸ਼ਕ ਨਾਟਕ ਦੇ ਕਾਰਜ ਵਿਚ ਘਿਰੇ ਬੈਠੇ ਹੁੰਦੇ ਹਨ ਅਤੇ ਉਨ੍ਹਾਂ ਦਾ ਖੇਡਣ ਵਾਲਿਆਂ ਨਾਲ ਸਿੱਧਾ ਸਬੰਧ ਬਝਦਾ ਹੈ। ਨਾਟਕ ਖੇਡਣ ਦੀ ਇਹ ਬਹੁ-ਰੰਗੀ ਤੇ ਬਹੁ-ਪੱਧਰੀ ਜਾਚ ਹਿੰਦੁਸਤਾਨ ਦੇ ਲੋਕ-ਨਾਟਕਾਂ ਵਿਚ ਸਦੀਆਂ ਤੋਂ ਵਰਤੀ ਜਾ ਰਹੀ ਹੈ।

ਦੁਸਹਿਰੇ ਦੇ ਤਿਉਹਾਰ ਵੇਲੇ ਰਾਮ ਲੀਲਾ ਦੇ ਮੈਦਾਨ ਵਿਚ ਰਾਵਣ, ਕੁੰਭਕਰਣ ਤੇ ਮੇਘਨਾਦ ਦੇ ਉੱਚੇ ਪੁਤਲੇ ਖੜੇ ਹੁੰਦੇ ਹਨ। ਇਹ ਪੁਤਲੇ ਮੂੰਹ ਖੋਲ੍ਹਦੇ ਹਨ, ਸਿਰ ਹਿਲਾਉਂਦੇ ਹਨ ਅਤੇ ਵਡੀਆਂ ਵਡੀਆਂ ਅੱਖਾਂ ਘੁਮਾਉਂਦੇ ਹਨ। ਦੁਸਹਿਰੇ ਵਾਲੇ ਦਿਨ ਰਾਮ ਦੀ ਵਿਜੈ ਅਤੇ ਰਾਵਣ ਦੀ ਹਾਰ ਉੱਤੇ ਰਾਮ ਲੀਲਾ ਮੁੱਕਦੀ ਹੈ। ਕਾਗ਼ਜ਼ ਦੇ ਪੁਤਲਿਆਂ ਨੂੰ ਅੱਗ ਲਾ ਕੇ ਸਾੜਿਆ ਜਾਂਦਾ ਹੈ। ਗੋਲੇ ਛੁਟਦੇ ਹਨ, ਅੱਗ ਦੇ ਲੂੰਬੇ ਭੜਕਦੇ ਹਨ, ਅਤੇ ਪੁਤਲਿਆਂ ਦੇ ਫਲੂਸੜੇ ਉਡ ਜਾਂਦੇ ਹਨ। ਸਾਰਾ ਮੇਲਾ ਇਸ ਜਿੱਤ ਉੱਤੇ ਖ਼ੁਸ਼ੀ ਘਰਾਂ ਨੂੰ ਮੁੜਦਾ ਹੈ। ਇਸੇ ਤਰ੍ਹਾਂ ਮੈਕਸੀਕੋ ਦੇ ਪਿੰਡਾਂ ਵਿਚ ਈਸਟਰ ਦੇ ਤਿਉਹਾਰ ਉੱਤੇ ਈਸਾ ਦੇ ਜੀਵਨ ਬਾਰੇ ਲੋਕ-ਨਾਟਕ ਖੇਡੇ ਜਾਂਦੇ ਹਨ। ਇਸ ਮੌਕੇ ਉੱਤੇ ਜੂਡਸ (ਜਿਸ ਈਸਾ ਨੂੰ ਧੋਖਾ ਦੇ ਕੇ ਮਰਵਾਇਆ ਸੀ) ਦਾ ਪੁਤਲਾ ਰਾਵਣ ਵਾਂਗ ਗੋਲਿਆਂ ਤੇ ਆਤਸ਼-ਬਾਜ਼ੀਆਂ ਨਾਲ ਸਾੜਿਆ ਜਾਂਦਾ ਹੈ।

ਬਨਾਰਸ ਕੋਲ ਰਾਮਨਗਰ ਵਿਚ ਖੇਡੀ ਜਾਂਦੀ ਰਾਮ ਲੀਲਾ ਸਾਰੇ ਭਾਰਤ ਵਿਚ ਪ੍ਰਸਿੱਧ ਹੈ। ਇਸ ਦਾ ਸਾਰਾ ਖ਼ਰਚਾ ਮਹਾਰਾਜਾ ਬਨਾਰਸ ਦਿੰਦਾ ਹੈ। ਲਗ ਭਗ ਸੱਤ ਮੀਲਾਂ ਦੇ ਘੇਰੇ ਵਿਚ ਰਾਮ ਲੀਲਾ ਖੇਡੀ ਜਾਂਦੀ ਹੈ। ਰਾਮਾਇਣ ਵਿਚ ਵਾਪਰੀਆਂ ਘਟਨਾਵਾਂ ਦੇ ਮੁਖ ਅਸਥਾਨਾਂ ਲਈ ਕਈ ਮੰਚ ਪਹਿਲਾਂ ਹੀ ਪੱਕੇ ਤੌਰ ਉੱਤੇ ਬਣਾਏ ਜਾਂਦੇ ਹਨ। ਜਿਵੇਂ: ਅਯੁਧਿਆ, ਜਨਕਪੁਰੀ, ਸਰਜੂ ਨਦੀ, ਪੰਚਵਟੀ, ਰਣਭੂਮੀ, ਲੰਕਾ। ਜਿਉਂ ਜਿਉਂ ਕਹਾਣੀ ਅੱਗੇ ਤੁਰਦੀ ਹੈ ਤੇ ਅਭਿਨਯ-ਅਸਥਾਨ ਬਦਲਦਾ ਹੈ, ਨਾਲੋ ਨਾਲ ਦਰਸ਼ਕ ਇਕ ਅਸਥਾਨ ਤੋਂ ਦੂਜੇ ਅਸਥਾਨ ਉੱਤੇ ਜਾਂਦੇ ਹਨ। ਇਸ ਰਾਮ ਲੀਲਾ ਨੂੰ ਖੇਡਣ ਵਿਚ ਚਾਲ੍ਹੀ ਦਿਨ ਲਗਦੇ ਹਨ। ਕਥਾਕਾਰ ਤੁਲਸੀ-ਰਚਿਤ 'ਰਾਮਚਰਿਤਮਾਨਸ' ਦੀਆਂ ਚੌਪਈਆਂ ਵਰਤਦਾ ਹੈ।

ਮੰਚ ਦੇ ਤਿੰਨੇ ਪਾਸੇ ਪੰਜ ਛੇ ਹਜ਼ਾਰ ਦਰਸ਼ਕ ਬੈਠਦੇ ਹਨ। ਨਾਟਕ ਸ਼ੁਰੂ ਹੋਣ ਤੋਂ ਰਤਾ ਕੁ ਪਹਿਲਾਂ ਮਹਾਰਾਜਾ, ਉਸ ਦਾ ਪਰਵਾਰ, ਮਿਤਰ ਅਤੇ ਚੋਣਵੇਂ ਅਤਿਥੀ ਹਾਥੀਆਂ ਉੱਤੇ ਆਉਂਦੇ ਹਨ। ਸਜੇ ਹੋਏ ਹਾਥੀਆਂ ਦੀ ਕਤਾਰ ਬੜੇ ਸਲੀਕੇ ਨਾਲ ਅਰਧ ਚੱਕਰ ਵਿਚ ਦਰਸ਼ਕਾਂ ਦੇ ਪਿੱਛੇ ਖੜੀ ਹੋ ਜਾਂਦੀ ਹੈ। ਸੰਸਕ੍ਰਿਤ ਸ਼ਾਸਤ੍ਰਾਂ ਦਾ ਵਿਦਿਵਾਨ ਅਤੇ ਪ੍ਰਾਚੀਨ ਨ੍ਰਿਤ ਅਤੇ ਨਾਟ ਵਿੱਦਿਆ ਵਿਚ ਨਿਪੁੰਨ ਮਹਾਰਾਜਾ ਇਸ ਰਾਮ ਲੀਲਾ ਦਾ ਨਿਰਮਾਤਾ ਹੁੰਦਾ ਹੈ। ਉਹ ਹਾਥੀ ਉੱਤੇ ਬੈਠਾ ਕਰੜੀ ਨਿਗਾਹ ਨਾਲ ਸਭ ਕੁਝ ਤੱਕਦਾ ਹੈ। ਜੇ ਕੋਈ ਕਲਾਕਾਰ ਮੰਚ ਉੱਤੇ ਪ੍ਰਵੇਸ਼ ਕਰਨ ਜਾਂ ਅਲੋਪ ਹੋਣ ਵੇਲੇ ਕਿਸੇ ਤਰ੍ਹਾਂ ਉੱਕ ਜਾਂਦਾ ਹੈ ਜਾਂ ਵਾਰਤਾਲਾਪ ਤੇ ਅਭਿਨਯ ਵਿਚ ਕੋਈ ਗ਼ਲਤੀ ਕਰਦਾ ਹੈ ਤਾਂ ਉਹ ਕਲਾਕਾਰ ਨੂੰ ਦੂਜੇ ਦਿਨ ਇਸ ਭੁਲ ਦੀ ਚਿਤਾਵਣੀ ਕਰਾਉਂਦਾ ਹੈ।

ਹਾਥੀਆਂ ਦੇ ਹੇਠ ਹੀ ਉੱਚੀ ਚੌਕੀ ਉੱਤੇ ਕਥਾਕਾਰ ਬੈਠਦਾ ਹੈ। ਉਸ ਦੇ ਨਾਲ ਹੀ ਢੋਲ, ਛੈਣੇ ਤੇ ਬੰਸਰੀਆਂ ਵਜਾਉਣ ਵਾਲੇ ਬੈਠੇ ਹੁੰਦੇ ਹਨ। ਜਦ ਕਥਾਕਾਰ ਤੁਲਸੀ ਦਾਸ ਦੀਆਂ ਚੌਪਈਆਂ ਗਾਉਂਦਾ ਹੈ ਤਾਂ ਇਕ ਦਮ ਚਾਰੇ ਪਾਸੇ ਚੁੱਪ ਛਾ ਜਾਂਦੀ ਹੈ। ਦਰਸ਼ਕ ਧਾਰਮਕ ਪਰਭਾਵ ਥਲੇ ਬਿਲਕੁਲ ਖ਼ਾਮੋਸ਼ ਹੁੰਦੇ ਹਨ। ਕਥਾਕਾਰ ਦੀ ਉੱਚੀ ਭਰਵੀਂ ਆਵਾਜ਼ ਦਰਸ਼ਕਾਂ ਦੇ ਸਿਰਾਂ ਉਤੋਂ ਗੂੰਜਦੀ ਹੋਈ ਜਾਂਦੀ ਹੈ। ਮੰਚ ਉੱਤੇ ਕਲਾਕਾਰ ਬੁਤ ਬਣੇ ਹੁੰਦੇ ਹਨ। ਜਦੋਂ ਕਥਾਕਾਰ ਚੌਪਈਆਂ ਗਾ ਚੁਕਦਾ ਹੈ ਤਾਂ ਕਲਾਕਾਰ ਇਨ੍ਹਾਂ ਨੂੰ ਸਥਾਨਕ ਵਾਰਤਾਲਾਪ ਵਿਚ ਦੁਹਰਾਉਂਦੇ ਤੇ ਅਭਿਨਯ ਕਰਦੇ ਹਨ।

ਜਦੋਂ ਦ੍ਰਿਸ਼ ਬਦਲਦਾ ਹੈ – ਜਿਵੇਂ ਅਸ਼ੋਕ ਵਾਟਿਕਾ ਤੋਂ ਰਾਵਣ ਦਾ ਦਰਬਾਰ – ਤਾਂ ਦਰਸ਼ਕਾਂ ਨੇ ਇਸ ਨਵੀਂ ਥਾਂ ਪੁੱਜਣਾ ਹੁੰਦਾ ਹੈ। ਸਭ ਤੋਂ ਪਹਿਲਾਂ ਮਹਾਰਾਜਾ ਦਾ ਹਾਥੀ ਸੁੰਡ ਚੁਕ ਕੇ ਸਲਾਮੀ ਦਿੰਦਾ ਤੇ ਤੁਰਨ ਦਾ ਇਸ਼ਾਰਾ ਕਰਦਾ ਹੈ। ਹਾਥੀਆਂ ਦੀ ਕਤਾਰ ਪਿੱਛੋਂ ਦਰਸ਼ਕਾਂ ਵਿਚ ਭਾਜੜ ਪੈ ਜਾਂਦੀ ਹੈ ਤੇ ਉਹ ਚੰਗੀ ਥਾਂ ਮੱਲਣ ਲਈ ਦੌੜ ਪੈਂਦੇ ਹਨ। ਰਾਮ ਚੰਦਰ ਦਾ ਅਯੁਧਿਆ ਤੋਂ ਬਨਵਾਸ ਜਾਣ ਵੇਲੇ ਸਰਜੂ ਨਦੀ ਪਾਰ ਕਰਨ ਦਾ ਦ੍ਰਿਸ਼ ਬਹੁਤ ਕਰੁਣਾ-ਮਈ ਹੈ। ਇਸ ਸੱਤ ਮੀਲ ਦੇ ਘੇਰੇ ਵਿਚ ਇਕ ਛੋਟੀ ਜੇਹੀ ਨਦੀ ਵਗਦੀ ਹੈ ਜਿਸ ਨੂੰ ਦਰਸ਼ਕ ਸਚ ਮੁਚ ਦੀ ਸਰਜੂ ਮੰਨ ਲੈਂਦੇ ਹਨ। ਖੇਵਟ ਰਾਮ, ਲਛਮਣ ਤੇ ਸੀਤਾ ਨੂੰ ਬੇੜੀ ਵਿਚ ਬਿਠਾ ਕੇ ਨਦੀ ਪਾਰ ਕਰਦਾ ਹੈ। ਬੇੜੀ ਨੂੰ ਦੂਰ ਜਾਂਦਿਆਂ ਤੱਕ ਕੇ ਕੰਢੇ ਉੱਤੇ ਖੜੇ ਦਰਸ਼ਕ ਭਾਵੁਕਤਾ ਵਿਚ ਉਸੇ ਤਰ੍ਹਾਂ ਹੀ ਰੋਣ ਲਗ ਜਾਂਦੇ ਹਨ ਜਿਵੇਂ ਰਾਮ ਦੇ ਬਨਵਾਸ ਉੱਤੇ ਅਯੁਧਿਆ-ਵਾਸੀ ਰੋਏ ਸਨ। ਲੰਕਾ-ਦਹਿਨ ਵਰਗੇ ਭੜਕਦੇ ਤੇ ਦਰਸ਼ਨੀ ਦ੍ਰਿਸ਼ਾਂ ਉੱਤੇ, ਜਿਥੇ ਆਤਿਸ਼ਬਾਜ਼ੀ ਚਲਦੀ ਹੈ, ਤੀਹ ਤੀਹ ਹਜ਼ਾਰ ਲੋਕਾਂ ਦਾ ਇੱਕਠ ਆ ਜੁੜਦਾ ਹੈ। ਇਸ ਪ੍ਰਕਾਰ ਦਾ ਨਾਟਕੀ ਦ੍ਰਿਸ਼ – ਜਿਸ

ਵਿਚ ਹਜ਼ਾਰਾਂ ਦਰਸ਼ਕ ਨਾਟਕ ਦਾ ਇਕ ਅੰਗ ਬਣ ਕੇ ਯੁੱਧ ਦੀਆਂ ਰੀਤਾਂ-ਰਸਮਾਂ ਵਿਚ ਹਿੱਸਾ ਲੈਣ ਅਤੇ ਚਮਕਦੇ ਮੁਕਟ ਚਿਹਰਿਆਂ ਤੇ ਬਸਤਰਾਂ ਵਿਚ ਸਜੇ ਹੋਏ ਸੈਂਕੜੇ ਕਲਾਕਾਰ ਵਿਸ਼ਾਲ ਮੰਚ ਉਤੇ ਚਾਲ੍ਹੀ ਦਿਨ ਤੀਕ ਅਤੇ ਕਵਿਤਾ ਵਿਚ ਗੁੰਦ੍ਹੇ ਨਾਟਕ ਨੂੰ ਖੇਡਣ— ਦੁਨੀਆਂ ਵਿਚ ਹੋਰ ਕਿਤੇ ਨਹੀਂ ਮਿਲਦਾ।

ਰਾਮ ਲੀਲਾ ਵੇਲੇ ਮਹਾਰਾਜਾ ਹਰ ਰੋਜ਼ ਰਾਮ, ਲਛਮਣ ਤੇ ਸੀਤਾ ਦੀ ਆਰਤੀ ਉਤਾਰਦਾ ਹੈ। ਰਾਮ ਨਗਰ ਵਿਚ ਦੋ ਸੌ ਸਾਲ ਤੋਂ ਰਾਮ ਲੀਲਾ ਦੀ ਇਹ ਪੰਰਪਰਾ ਤੁਰੀ ਆਉਂਦੀ ਹੈ। ਜਦੋਂ ਮਹਾਰਾਜਾ ਬਨਾਰਸ ਦੀ ਰਿਆਸਤ ਖ਼ਤਮ ਨਹੀਂ ਸੀ ਹੋਈ, ਉਦੋਂ ਹੋਰਾਂ ਮਹਿਕਮਿਆਂ ਵਾਂਗ ਰਾਮ ਲੀਲਾ ਦਾ ਵੀ ਬਾਕਾਇਦਾ ਇਕ ਮਹਿਕਮਾ ਸੀ ਜਿਸ ਦਾ ਇਕ ਸਕੱਤ੍ਰ ਤੇ ਕਈ ਉਪ-ਸਕੱਤ੍ਰ ਸਨ।

ਉਨ੍ਹੀਵੀਂ ਸਦੀ ਦੀਆਂ ਪਾਰਸੀ ਕੰਪਨੀਆਂ ਦੇ ਪਰਭਾਵ ਥੱਲੇ ਰਾਮ ਲੀਲਾ ਵੀ ਚੌਖਟੇ-ਰੜੇ ਮੰਚ ਉੱਤੇ ਖੇਡੀ ਜਾਣ ਲਗੀ। ਅਜ ਕਲ ਸ਼ਹਿਰਾਂ ਤੇ ਕਸਬਿਆਂ ਵਿਚ ਰਾਮ ਲੀਲਾ ਆਮ ਕਰਕੇ ਇਸੇ ਤਰ੍ਹਾਂ ਖੇਡੀ ਜਾਂਦੀ ਹੈ। ਅਜੋਕੇ ਪ੍ਰਸਿੱਧ ਨਿਰਦੇਸ਼ਕਾਂ ਨੇ ਇਸ ਨੂੰ ਸੰਗੀਤ-ਨਾਟ ਅਤੇ ਨ੍ਰਿਤ-ਨਾਟ ਦੇ ਰੂਪਾਂ ਵਿਚ ਵੀ ਪੇਸ਼ ਕੀਤਾ ਹੈ। ਉਦੇ ਸ਼ੰਕਰ ਨੇ ਇਸ ਨੂੰ ਪਰਛਾਵਾਂ-ਨਾਟ ਦਾ ਰੂਪ ਦਿਤਾ ਹੈ। ੧੯੫੦ ਵਿਚ ਸਚਿਨ ਸ਼ੰਕਰ ਅਤੇ ਨਰੇਂਦ੍ਰ ਸ਼ਰਮਾ (ਦੋਵੇਂ ਉਦੇ ਸ਼ੰਕਰ ਕੇ ਸ਼ਿਸ਼) ਨੇ ਇਕ ਬਹੁਤ ਸੁੰਦਰ ਤੇ ਦਿਲ ਖਿੱਚਵੀਂ ਰਾਮ ਲੀਲਾ ਨ੍ਰਿਤ-ਸੰਗੀਤ ਵਿਚ ਖੇਡੀ। ਸ਼ਾਂਤੀ ਬਰਧਨ ਨੇ ੧੯੫੨ ਵਿਚ ਰਾਮਾਇਣ ਉੱਤੇ ਪੁਤਲੀਆਂ ਦਾ ਨ੍ਰਿਤ-ਨਾਟ' ਸਿਰਜਿਆ ਜਿਸ ਵਿਚ ਆਦਮੀ ਤੇ ਤੀਵੀਆਂ ਮੁਕਟ-ਚਿਹਰੇ ਲਾ ਕੇ ਪੁਤਲੀਆਂ ਵਾਂਗ ਨੱਚਦੇ ਹਨ।

ਇਨ੍ਹਾਂ ਕਾਮਯਾਬੀਆਂ ਤੋਂ ਪ੍ਰੇਰਨਾ ਲੈ ਕੇ ਨਿਊ ਦਿੱਲੀ ਵਿਚ ਭਾਰਤੀਯ ਕਲਾ ਕੇਂਦਰ ਨੇ ੧੯੫੭ ਵਿਚ ਬੜੀ ਵਿਸ਼ਾਲ ਰਾਮ ਲੀਲਾ ਰਚੀ। ਦਸਹਿਰੇ ਦੇ ਤਿਉਹਾਰ ਉੱਤੇ ਉਨ੍ਹਾਂ ਅਰਧ ਚੱਕਰ ਵਿਚ ਤਿੰਨ-ਭਾਗਾ ਮੰਚ ਬਣਾਇਆ। ਪਿਛਲੇ ਚਾਰ ਵਰ੍ਹਿਆਂ ਤੋਂ ਹਰ ਦਸਹਿਰੇ ਦੇ ਅਵਸਰ ਉੱਤੇ ਭਾਰਤੀਯ ਕਲਾ ਕੇਂਦਰ ਇਹ ਨ੍ਰਿਤ-ਨਾਟ ਖੇਡਦਾ ਆਇਆ ਹੈ। ਹਰ ਰਾਤ ਸੱਤ ਸੱਤ ਹਜ਼ਾਰ ਦਰਸ਼ਕਾਂ ਸਾਹਮਣੇ ਇਸ ਮੰਚ ਉਤੇ ਉਹ ਰਾਮ ਲੀਲਾ ਦਾ ਨ੍ਰਿਤ-ਨਾਟ ਖੇਡਦੇ ਹਨ। ਕਥਾਕਾਰ ਦੇ ਗੀਤ ਤੋਂ ਲੀਲਾ ਆਰੰਭ ਹੁੰਦੀ ਹੈ। ਉਹ ਵਿਚ ਵਿਚ ਗਾ ਕੇ ਆਉਣ ਵਾਲੀਆਂ ਘਟਨਾਵਾਂ ਦੀ ਪੇਸ਼ਗੋਈ ਕਰਦਾ, ਕਾਰਜ ਨੂੰ ਅਗੇ ਤੋਰਦਾ ਅਤੇ ਜਜ਼ਬੇ ਦੇ ਪ੍ਰਭਾਵ ਨੂੰ ਡੂੰਘੇਰਾ ਕਰਦਾ ਹੈ।

ਇਕ ਵੱਡੇ ਮੈਦਾਨ ਵਿਚ, ਜੋ ਪੁਰਾਣੀ ਦਿੱਲੀ ਤੇ ਨਿਊ ਦਿੱਲੀ ਦੇ ਵਿਚਕਾਰ ਹੈ, ਰਾਮ ਲੀਲਾ ਦਾ ਮੇਲਾ ਲਗਦਾ ਹੈ। ਰਾਵਣ, ਕੁੰਭਕਰਣ ਅਤੇ ਮੇਘਨਾਦ ਦੇ ਪੁਤਲੇ ਖੜੇ ਹੁੰਦੇ ਹਨ। ਇਨ੍ਹਾਂ ਪੁਤਲਿਆਂ ਨੂੰ ਬਹੁਤ ਚਿਰ ਤੋਂ ਮੁਸਲਮਾਨ ਆਤਿਸ਼ਬਾਜ਼ ਬਣਾਉਂਦੇ ਆਏ ਹਨ। ਦਿੱਲੀ ਵਿਚ ਹੁਣ ਵੀ ਇਹੋ ਰੀਤ ਹੈ। ਇਸ ਰਾਮ ਲੀਲਾ ਉਤੇ ਲੱਖਾਂ ਰੁਪਏ ਖ਼ਰਚ ਆਉਂਦੇ ਹਨ। ਇਹ ਖ਼ਰਚ ਵਡੇ ਵਡੇ ਵਿਉਪਾਰੀ ਤੇ ਸ਼ਾਹੂਕਾਰ ਕਰਦੇ ਹਨ। ਕੋਈ ਪੰਜ ਲੱਖ ਆਦਮੀ ਇਸ ਮੇਲੇ ਵਿਚ ਸ਼ਾਮਲ ਹੁੰਦਾ ਹੈ।

8.1 Phrases

ਖਿੰਡੇ ਹੋਏ ਨਾਟਕ-ਕਰਮ ਨੂੰ ਜੋੜਦਾ ਹੈ	unites the disunited sequences of the play
ਭਾਜੜ ਪੈ ਜਾਂਦੀ ਹੈ	fleeing takes place
ਰਾਮ, ਲਛਮਣ ਤੇ ਸੀਤਾ ਦੀ ਆਰਤੀ ਉਤਾਰਦਾ ਹੈ	performs the ceremony of worship for Ra:ma, LakšmaNa and Si:ta: by moving lighted lamps and camphor on a tray circularly around them
ਪਰੰਪਰਾ ਤੁਰੀ ਆਉਂਦੀ ਹੈ	tradition continues
ਖਰਚ ਆਉਂਦੇ ਹਨ	are spent

8.2 Vocabulary

ਅਸਥਾਨ	place (m.)
ਅਸ਼ੋਕ ਵਾਟਿਕਾ	Ašok Garden, where Sita: was placed by Ra:vaN
ਅੱਗ	fire (f.)
ਅਜੋਕਾ	of today, contemporary
ਅਤਿਥੀ	guest (m.)
ਅਭਿਨਯ	acting (m.)
ਅਰਧ	half
ਅਲੋਪ	hidden
ਆਤਿਸ਼ਬਾਜ਼ੀ	fireworks (f.)
ਆਮ ਕਰਕੇ	generally
ਇਸ਼ਾਰਾ	indication (m.)
ਇੱਕਠ	gathered
ਇਕ ਦਮ	right away, at that moment
ਉੱਕਣਾ	to err
ਉਜਾਗਰ	illuminated
ਉਪ-ਸਕੱਤ੍ਰ	deputy secretary (m.)
ਸਕੱਤ੍ਰ	secretary (m.)
ਸਥਾਨਕ	local
ਸੰਗੀਤ-ਨਾਟ	musical play (m.)
[illegible]	[illegible]
ਸੰਬੰਧ	relation (m.)
ਸਮੂਹ -ਬਣਤਰ	group organization, group arrangement (f.)
ਸਲਾਮੀ	salute (f.)
ਸਲੀਕਾ	manners, etiquette (m.)
ਸਵੈਂਬਰ	Swayambara, in which a woman chose a husband from a group of men (m.)
ਸ਼ਾਹੂਕਾਰ	rich man, moneylender (m.)

ਸਾੜਨਾ	to burn, to decay or rot in water
ਸਿਆਣਪ	cleverness, prudence (f.)
ਸਿਸ਼	pupil (m.)
ਸਿੰਗਾਰ	make-up (m.)
ਸਿਤਾਰਾ	star (m.)
ਸਿੱਧਾ	straight, simple, uncomplicated
ਸਿਰਜਣਾ	to create
ਸਿਲਮਾ	sequin (m.)
ਸੁਹਾਉਣਾ	beautiful
ਸੁੰਡ	elephant's trunk (f.)
ਸੁਨਹਿਰਾ	golden
ਹਿਲਾਉਣਾ	to shake, swing
ਕਸਬਾ	town (m.)
ਕਤਾਰ	line (f.)
ਕਥਾਕਾਰ	story writer, story teller (m.)
ਕੰਧ-ਚਿਤਰ	wall-painting, backdrop (m.)
ਕੰਪਨੀ	company (f.)
ਕ੍ਰਮ	order, sequence (m.)
ਕ੍ਰਿਸ਼ਨ ਲੀਲਾ	a dramatic presentation of the life of Krišna (f.)
ਕਰੁਣਾ-ਮਈ	full of compassion
ਕਲਾਕਾਰ	artist (m.)
ਕਾਮਯਾਬੀ	success (f.)
ਕਾਰਜ	deed (m.)
ਖ਼ਰਚ	expenditure (m.)
ਖ਼ਰਚਾ	expenditure (m.)
ਖ਼ਾਮੋਸ਼	quiet
ਖੇਵਟ	boatman (m.)
ਗਲਤੀ	mistake (f.)
ਗੁੰਨ੍ਹਣਾ	to knead, to weave

ਗੋਲਾ	bomb (m.)
ਘੜਨਾ	to make
ਘਿਰਨਾ	to be surrounded
ਘੁਮਾਉਣਾ	to encircle
ਘੇਰਾ	circle (m.)
ਚੱਕਰ	circle (m.)
ਚਮਕਣਾ	to shine
ਚਾਨਣ	light, moonlight (m.)
ਚਿਹਰਾ	mask (m.)
ਚਿਤਰਕਾਰ	painter (m.)
ਚਿਤਾਵਣੀ	warning (f.)
ਚੁੱਪ ਛਾ ਜਾਣਾ	to be completely silent
ਚੋਟੀ	top (f.)
ਚੋਣਵਾਂ	selected
ਚੌਕੀ	seat, guard (f.)
ਚੌਖਟਾ-ਜੜਾ	framed
ਚੌਪਈ	a poetic meter (m.)
ਛੈਣੇ	cymbals (m. pl.)
ਜਜ਼ਬਾ	feeling, enthusiasm (m.)
ਜਲੂਸ	procession (m.)
ਜਾਚ	device (f.)
ਜਿੱਤ	victory (f.)
ਝਾਕੀ	scenery (f.)
ਝਿਲਮਿਲ	flickering, glittering
ਡੂੰਘੇਰਾ ਕਰਨਾ	to deepen
ਤਜੁਰਬਾ	experiment (m.)
ਤਰਤੀਬ	order (f.)
ਤਾਜ	crown (m.)

ਤਿਉਹਾਰ	festival (m.)
ਤਿੰਨ-ਭਾਗਾ	three-part (adj.)
ਤੀਵੀ	woman, wife (f.)
ਦਹਾਕਾ	decade (m.)
ਦਰਸ਼ਕ	viewer (m.)
ਦਰਸ਼ਨੀ	worth seeing (adj.)
ਦਿਲ-ਖਿੱਚਵਾਂ	attractive
ਦੁਹਰਾਉਣਾ	to repeat
ਨੱਚਣਾ	to dance
ਨ੍ਰਿਤ	dance (m.)
ਨ੍ਰਿਤ-ਨਾਟ	dance-play (m.)
ਨਿਊ ਦਿੱਲੀ	New Delhi
ਨਿਸ਼ਚਤ	fixed, decided, certain
ਨਿਗਾਹ	glance (f.)
ਨਿਪੁੰਨ	expert, clever
ਨਿਰਦੇਸ਼ਕ	director (m.)
ਨਿਰਮਾਤਾ	maker, creator (m.)
ਪਹਾੜੀ	mountain (adj.)
ਪੱਛਮ	west (m.)
ਪੱਧਰ	open platform (m.)
ਪਰਛਾਵਾਂ-ਨਾਟ	shadow play (m.)
ਪਰਭਾਤ-ਫੇਰੀ	morning circuit, march around the village or city in the morning (f.)
ਪਰਮਪਰਾ	tradition (f.)
ਪ੍ਰਾਚੀਨ	ancient
ਪ੍ਰੇਰਨਾ	inspiration (f.)
ਪਾਰ ਕਰਨਾ	to take across
ਪੁਸ਼ਾਕ	dress (f.)
ਪੁਤਲਾ	effigy (m.)

ਪੁਤਲੀ	puppet (f.)
ਪੇਸ਼ਗੋਈ ਕਰਨਾ	to present
ਫੈਲਨਾ	to spread
ਬਸਤੂ	thing (f.)
ਬੰਸਰੀ	flute (f.)
ਬਨਵਾਸ	exile into the forest (m.)
ਬਾਕਾਇਦਾ	as usual, according to the rules, regular
ਬਿਜਲੀ	lightening (f.)
ਬੁਤ	idol (m.)
ਬੇੜੀ	boat (f.)
ਭਰਵਾਂ	full
ਭੜਕਣਾ	to be enraged, enflamed
ਭੜਕਦੇ ਦ੍ਰਿਸ਼	vivid scenes
ਭਾਜੜ	flight (f.)
ਭਾਰਤੀਯ ਕਲਾ ਕੇਂਦਰ	Indian Arts Center
ਭਾਵੁਕਤਾ	emotion (f.)
ਮਹਿਕਮਾ	department (m.)
ਮਖ਼ਮਲ	muslin (f.)
ਮੰਚ	stage
ਮੱਲਣਾ	to rub
ਮੁਕਟ	headdress, crown (m.)
ਮੂਰਤ	image (f.)
ਮੈਦਾਨ	plain, field (m.)
ਯਥਾਰਥਕ	realistic
ਯੁਧ	war (m.)
ਰੰਗਮੰਚ	stage (m.)
ਰਚਿਤ	written by
ਰਾਖ਼ਸ਼	Ra:kšasa, demon (m.)

ਰਾਂਗਲਾ	colorful
ਰਾਮ ਲੀਲਾ	folk play depicting the life of Ra:ma (f.)
ਰੀਤ-ਰਸਮ	tradition, custom (f.)
ਰੇਸ਼ਮ	silk (f.)
ਲੰਕਾ-ਦਹਿਨ	burning of Lanka: (Ceylon)
ਲੀਲਾ	acting, play, particularly about religious figures (f.)
ਵਾਪਰਨਾ	to occur
ਵਾਰਤਾਲਾਪ	dialogue (m.)
ਵਿਉਪਾਰੀ	trader, merchant (m.)
ਵਿਜੈ	victory (f.)
ਵਿੱਥ-ਸੂਝ	sense of distance, perspective (f.)

8.3 Answer the following questions in Panjabi:

੧. ਭਗਤੀ-ਲਹਿਰ ਕਦੋਂ ਫੈਲ ਗਈ ਤੇ ਰਾਮ ਲੀਲਾ ਕਿੱਥੇ ਤੇ ਕਦੋਂ ਹੋਂਦ ਵਿਚ ਆਈ?

੨. ਰਾਮ ਲੀਲਾ ਕਿਸ ਸਮਾਂ ਤੇ ਕਿਤਨੇ ਦਿਨ ਖੇਡੀ ਜਾਂਦੀ ਹੈ?

੩. ਰਾਮ ਲੀਲਾ ਵਿਚ ਕਿਸ ਤਰ੍ਹਾਂ ਦੇ ਦ੍ਰਿਸ਼ ਸਜਾਏ ਜਾਂਦੇ ਹਨ?

੪. ਜਨਕ, ਸੀਤਾ, ਰਾਮ, ਲਛਮਣ, ਰਾਵਣ ਕੌਣ ਸਨ?

੫. ਬਹੁ-ਪੱਧਰੀ ਦ੍ਰਿਸ਼-ਤਰਤੀਬ ਕੀ ਹੈ ਤੇ ਕਿਨ੍ਹਾਂ ਨਿਰਦੇਸਕਾਂ ਨੇ ਇਸ ਨੂੰ ਵਰਤਿਆਂ ਹੈ?

੬. ਰਾਮ ਲੀਲਾ ਦੇ ਮੈਦਾਨ ਵਿਚ ਖੜੇ ਹੋਏ ਪੁਤਲੇ ਕਿਸ ਦੇ ਤੇ ਕਿਸ ਤਰ੍ਹਾਂ ਦੇ ਹੁੰਦੇ ਹਨ?

੭. ਦੁਸਹਿਰਾ ਕੀ ਹੈ? ਇਸ ਦਿਨ ਰਾਮ ਲੀਲਾ ਦਾ ਕਿਹੜਾ ਭਾਗ ਖੇਡਿਆ ਜਾਂਦਾ ਹੈ?

੮. ਪੁਤਲੇ ਕੀ ਕੰਮ ਆਉਂਦੇ ਹਨ?

੯. ਬਨਾਰਸ ਦੀ ਰਾਮ ਲੀਲਾ ਦਾ ਖਰਚਾ ਕੌਣ ਦਿੰਦਾ ਹੈ?

੧੦. ਰਾਮਾਇਣ ਵਿਚ ਵਾਪਰੀਆਂ ਘਟਨਾਵਾਂ ਦੇ ਮੁਖ ਅਸਥਾਨਾਂ ਕਿਹੜੇ ਹਨ?

੧੧. ਮਹਾਰਾਜਾ ਬਨਾਰਸ ਦੇ ਬਾਰੇ ਤੁਸੀਂ ਕੀ ਜਾਣਦੇ ਹੋ?

੧੨. ਕਥਾਕਾਰ ਤੇ ਕਲਾਕਾਰਾਂ ਦੇ ਕੰਮਾਂ ਵਿਚ ਕੀ ਸੰਬੰਧ ਹੈ?

੧੩. ਦ੍ਰਿਸ਼ ਬਦਲਣ ਦੇ ਨਾਲ ਨਾਲ ਦਰਸ਼ਕਾਂ ਨੂੰ ਕੀ ਕਰਨਾ ਹੁੰਦਾ ਹੈ?

੧੪. ਰਾਮ ਲੀਲਾ ਵਰਗਾ ਕਿਸ ਪ੍ਰਕਾਰ ਦਾ ਦ੍ਰਿਸ਼ ਦੁਨਿਆਂ ਵਿਚ ਹੋਰ ਕਿਤੇ ਨਹੀਂ ਮਿਲਦਾ?

੧੫. ਪਾਰਸੀ ਕੰਪਨੀਆਂ ਦਾ ਰਾਮ ਲੀਲਾ ਉਤੇ ਕੀ ਪਰਭਾਵ ਪਿਆ?

੧੬. ਨ੍ਰਿਤ-ਨਾਟ ਦੇ ਰੂਪ ਵਿਚ ਰਾਮ ਲੀਲਾ ਕਿੱਥੇ ਕਿੱਥੇ ਪੇਸ਼ ਕੀਤੀ ਗਈ ਹੈ?

੧੭. ਮੁਸਲਮਾਨ ਰਾਮ ਲੀਲਾ ਦੇ ਮੇਲੇ ਲਈ ਕੀ ਕਰਦੇ ਹਨ?

8.4 Fill in the blanks:

੧. ਰਾਮ ਲੀਲਾ ਨੂੰ ਖੇਡਣ ਵਿਚ —— ਦਿਨ —— ਹਨ।

੨. ਕਲਾਕਾਰ ਚੌਪਈਆਂ ਗਾਕੇ —— ਹੋਏ ਨਾਟਕ-ਕਰਮ ਨੂੰ —— ਹੈ

੩. ਇਹ ਜਾਰ ਸਦੀਆਂ ਤੋਂ —— ਜੀ ਰਹੀ ਹੈ।

੪. ਇਹ ਵਿਥ-ਸੂਝ ਅਜੰਤਾ —— ਕੰਧ ਚਿਤਰਾਂ ਵਿਚ ਨਜ਼ਰ —— ਹੈ।

੫. ਇਹ ਪੁਤਲੇ ਵਰੀਆਂ —— ਅੱਖਾਂ —— ਹਨ।

੬. ਰਾਮਨਗਰ ਵਿਚ —— ਜਾਂਦੀ ਰਾਮ ਲੀਲਾ —— ਭਾਰਤ ਵਿਚ ਪ੍ਰਸਿੱਧ ਹੈ।

੭. ਕਥਾਕਾਰ ਤੁਲਸੀ-ਰਚਿਤ —— —— ਚੌਪਈਆਂ —— ਹੈ।

੮. ਨਾਟਕ ਸ਼ੁਰੂ —— ਤੋਂ —— ਪਹਿਲਾਂ ਮਹਾਰਾਜਾ ਹਾਥੀ —— ਆਉਂਦਾ ਹੈ।

੯. ਉਹ ਕਲਾਕਾਰ ਨੂੰ ਭੁਲ —— ਚਿਤਾਵਣੀ —— ਹੈ।

੧੦. ਜਦ ਕਥਾਕਾਰ ਤੁਲਸੀ —— ਚੌਪਈਆਂ —— ਹੈ, —— ਇਕ ਦਮ —— ਪਾਸੇ ਚੁੱਪ —— ਜਾਂਦੀ ਹੈ।

੧੧. ਮਹਾਰਾਜਾ ਰਾਮ ਦੀ ਆਰਤੀ —— ਹੈ।

੧੨. ਇੱਥੇ —— ਤੋਂ ਇਹ ਪਰੰਪਰਾ —— ਆਉਂਦੀ ਹੈ

੧੩. ਕਥਾਦਾਰ ਦੇ ਗੀਤ —— ਲੀਲਾ —— —— ਹੈ।

੧੪. ਇਹ ਲੀਲਾ —— ਲਖਾਂ —— ਖ਼ਰਚ —— ਹਨ।

੧੫. ਕੋਈ —— ਆਦਮੀ ਇਸ ਮੇਲੇ ਵਿਚ —— ਹੈ।

8.5 Translate into Panjabi:

1. Ra:m Li:la: came into existence in Uttar Pradesh.
2. Every night a certain part of the Ra:ma:yana is enacted.
3. At the same time, different shops are decorated in many places.
4. On Dashara day, Ra:m Li:la: ends.
5. The Ma:ha:ra:ja: bore the whole expenditure for this.
6. It takes twenty days to act out the play.
7. People sit in a circle near the elephants.
8. People flee and try to find a good place.
9. He took him as his brother.
10. Generally this is the way they play Shakespeare's dramas.
11. Thousands of dollars are spent on this.
12. People become a part of the play.
13. He has given his play the form of a shadow play.
14. The voice of the reader resounds over their heads.
15. The Ra:m Li:la: is performed in a circle of about a mile.

8.6 The verb ਲਗਣਾ is used when one wishes to indicate the span of time necessary to accomplish an activity:

ਇਸ ਰਾਮ ਲੀਲਾ ਨੂੰ ਖੇਡਣ ਵਿਚ ਚੌਦਾਂ ਦਿਨ ਲਗਦੇ ਹਨ	it takes 14 days to enact the Ra:m Li:la:
ਇਸ ਕੱਮ ਨੂੰ ਕਰਨ ਵਿਚ ਪੰਜ ਮਿੰਟ ਲਗਦੇ ਹਨ	it takes five minutes to do this job.

ਲਗਣਾ is conjugated for tense; the verb expressing the action occurs in its contracted infinitive form, followed by the post-position ਵਿਚ . The "it" of the above sentences is not translated into Panjabi; the length of time mentioned ("days", "minutes") is the subject of the sentence, and ਲਗਦਾ agrees with it in gender and number.

Translate into Panjabi:

1. It takes five days to read this book.
2. It took three years to finish this work.
3. It will take only a minute to do this.
4. Why did it take so long?
5. How long will it take to go to San Francisco?
6. It took so long to come here because you told us the wrong way.
7. I don't know how long it will take to walk to his house.
8. Why should it take that long when you know the way?
9. Read and see how long it takes to write a letter.
10. Who said it will take ten days to cross the country?

UNIT IX

ਦਾਵਾਨਲ

ਸੰਤੋਖ ਸਿੰਘ ਧੀਰ

ਝਾਗ ਸਮਿਆਂ ਤੋਂ ਇੱਖੜੇ ਪੈਂਡੇ,
ਧਾਰ ਤਿੱਖੀ 'ਤੇ ਪੈਰ ਧਰ ਧਰ ਕੇ,
ਅੱਜ ਆਏ ਹਾਂ ਤੇਰੀ ਜੂਹ ਅੰਦਰ।

ਦੂਰ ਸੀਮਾ ਤੋਂ ਦੂਰ ਸੀਮਾ ਤਕ
ਵੈਰ-ਘਿਰਣਾਂ ਦਾ ਤਪ ਰਿਹਾ ਇਕ ਥਲ,
ਏਸ ਤਪਦੇ ਤਮਾੜ ਥਲ ਅੰਦਰ,
ਨਜ਼ਰ ਆਇਆ ਹੈ ਸਾਨੂੰ ਇਕ ਬੂਟਾ:
ਇਸ਼ਕ ਦੀ ਜੂਹ 'ਚ ਹੁਸਨ ਦਾ ਬੂਟਾ।

ਏਸ ਬੂਟੇ ਦੇ ਹੇਠ ਆ ਨੇ ਜੁੜੇ
ਕਾਫ਼ਲੇ ਕੋਈ ਦਰਦਮੰਦਾਂ ਦੇ,
ਲੰਮੇ ਸਮਿਆਂ ਦੇ ਉੱਖੜੇ ਹੋਏ
ਇਥੇ ਮਹਿਫ਼ਲ ਸਜਾ ਕੇ ਹਨ ਬੈਠੇ।

ਏਸ ਬੂਟੇ ਦੀ ਵਾਸ਼ਨਾ ਮਿੱਠੀ,
ਏਸ ਬੂਟੇ ਦੀ ਪੌਣ ਹੈ ਠੰਡੀ,
ਏਸ ਬੂਟੇ 'ਤੇ ਬੂਕੀਆਂ ਚਿੜੀਆਂ,
ਏਸ ਬੂਟੇ 'ਤੇ ਬੁਲਬੁਲਾਂ ਬੋਲਣ,
ਇਥੇ ਬੈਠੀ ਹੈ ਡਾਰ ਘੁਗੀਆਂ ਦੀ,
ਇਥੋਂ ਉਡਦੀ ਕਬੂਤਰਾਂ ਦੀ ਲੜੀ,
ਫੜ ਕੇ ਚੁੰਜਾਂ 'ਚ ਖ਼ਤਮੁਹੱਬਤ ਦੇ:
ਦੋਸਤੀ, ਪੰਚਸ਼ੀਲ ਦੇ ਕਿੱਸੇ।

ਦੂਰ ਪਰ ਕਾਗ ਕੋਈ ਕੁਰਲਾਂਦਾ।
ਦੂਰ ਪਰ ਬਾਜ਼ ਕੋਈ ਮੰਡਲਾਂਦਾ।।

ਝੁੱਲ ਪੈਂਦੀ ਕਦੇ ਹਵਾ ਤੱਤੀ,
ਚੀਖ਼ਦਾ ਦੈਂਤ ਕੋਈ ਐਟਮ ਦਾ,
ਅੱਗ ਦੀ ਲਾਟ ਛਡ ਕੇ ਮੂੰਹੋਂ
ਕੋਈ ਚਿੰਘਾੜਦਾ ਫਿਰੇ ਰਾਕਸ਼,
ਤੰਗ ਕਰਦਾ ਹੈ ਸ਼ਾਨਤੀ-ਜਗ ਨੂੰ
ਸੁੱਟ ਕੇ ਹੱਡੀਆਂ ਤੇ ਖੋਪਰੀਆਂ,
ਝੁੱਲ ਪੈਂਦੀ ਹੈ ਫਿਰ ਹਵਾ ਤੱਤੀ।

ਝੁੱਲ ਪੈਂਦੀ ਹੈ ਜਦ ਹਵਾ ਤੱਤੀ,
ਸਾਡੀ ਮਹਿੰਦੀ ਦਾ ਰੰਗ ਉਡ ਜਾਂਦਾ।
ਸਾਰੇ ਸਿਹਰੇ ਦੇ ਫੁਲ ਮੁਰਝਾਂਦੇ।
ਹਿੱਕ ਪਰਬਤ ਦੀ ਚੀਰਦਾ ਤੇਸਾ
ਹੱਥ ਫ਼ਰਹਾਦ ਦ ਖਲੋ ਜਾਂਦਾ।
ਦੇਖ ਮੈਲੀ ਨਜ਼ਰ ਮੁਨਾਫ਼ੇ ਦੀ
ਕਣਕ ਨ੍ਹੇਰੇ ਦੇ ਵਿੱਚ ਲੁਕ ਜਾਂਦੀ,
ਖਾਣ ਲਗਦੀ ਹੈ ਵਾੜ ਖੇਤਾਂ ਨੂੰ,
ਪੁਤ ਮਾਵਾਂ ਨੂੰ ਭੁਲ ਨੇ ਜਾਂਦੇ।

ਦੂਰ ਸੀਮਾ ਤੋਂ ਦੂਰ ਸੀਮਾ ਤਕ,
ਵੈਰ-ਘਿਰਣਾਂ ਦਾ ਤਪ ਰਿਹਾ ਇਕ ਥਲ,
ਏਸ ਤਪਦੇ ਤਮਾੜ ਥਲ ਅੰਦਰ,
ਨਜ਼ਰ ਆਇਆ ਹੈ ਸਾਨੂੰ ਇਕ ਬੂਟਾ:
ਇਸ਼ਕ ਦੀ ਜੂਹ 'ਚ ਹੁਸਨ ਦਾ ਬੂਟਾ।

ਏਸ ਬੂਟੇ ਦੇ ਹੇਠ ਆ ਨੇ ਜੁੜੇ
ਕਾਫ਼ਲੇ ਕੋਈ ਦਰਦਮੰਦਾਂ ਦੇ,
ਲੰਮੇ ਸਮਿਆਂ ਦੇ ਉੱਖੜੇ ਹੋਏ
ਇਥੇ ਮਹਿਫ਼ਲ ਸਜਾ ਕੇ ਹਨ ਬੈਠੇ।

ਲੈ ਕੇ ਦਿਲ ਵਿਚ ਹਜ਼ਾਰ ਜ਼ਖ਼ਮਾਂ ਨੂੰ
ਏਸ ਮਹਿਫ਼ਲ 'ਚ ਅੱਜ ਆਏ ਹਾਂ।
ਇਹਨਾ ਜ਼ਖ਼ਮਾਂ ਦੀ ਕਰਕੇ ਦੀਵਾਲੀ
ਕੱਟ ਛੱਡੀ ਹੈ ਰਾਤ ਮੱਸਿਆ ਦੀ,
ਗ਼ਮ ਦੀ ਪਤਝੜ ਹੈ ਭਾਵੇਂ ਸੀਨੇ ਵਿਚ
ਫੇਰ ਵੀ ਅਜ ਮੁਸਕ੍ਰਾਏ ਹਾਂ।

ਸਾਰੇ ਜੰਗਲ ਨੂੰ ਅੱਗ ਲੱਗੀ ਹੈ,
ਪਰ ਤਿਰੀ ਦੋਸਤੀ ਦੇ ਰੁਖ ਥੱਲੇ
ਸਾਨੂੰ ਛਾਂ ਦਿਲਬਰੀ ਦੀ ਦਿੱਸੀ ਹੈ।

ਮੇਰੇ ਦਿਲ ਦੀ ਆਵਾਜ਼ ਤੂੰ ਸੁਣ ਲਈ,
ਤੇਰੇ ਦਿਲ ਦੀ ਆਵਾਜ਼ ਮੈਂ ਜਾਣੀ।

ਹੱਥ ਵਿਚ ਹੱਥ ਰੱਖ ਦੇਹ ਸਾਜਨ,
ਹੇ ਮੇਰੇ ਕਰਕਮੰਦ! ਹੇ ਹਾਣੀ!

ਜੱਗ ਸੜਦਾ ਹੈ, ਜੱਗ ਬਲਦਾ ਹੈ!
ਮੇਰੇ ਸੀਨੇ ਦਾ ਕੌਲ ਜਲਦਾ ਹੈ!!

ਤੇਰੇ ਸੀਨੇ 'ਚ ਖੋਹ ਮੁਹਬਤ ਦੀ,
ਮੇਰੇ ਦਿਲ ਨੂੰ ਪਿਆਸ ਹੈ ਤੇਰੀ,

ਆ ਕਿ ਦਰਦਾਂ ਦਾ ਸੋਹਿਲਾ ਗਾਈਏ!
ਜੱਗ ਸੜਦਾ ਹੈ, ਠੰਡ ਵਰਤਾਈਏ।

9.1 Phrases

ਲੰਮੇ ਸਮਿਆਂ ਦੇ ਉੱਖੜੇ ਹੋਏ	uprooted for a long time
ਮਹਿਫ਼ਲ ਸਜਾਨਾ	to have a party, a happy gathering
ਬੁਲਬੁਲ, ਘੁਗੀ, ਕਬੂਤਰ	symbols of peace

ਰਾਕਸ਼ ਭੰਗ ਕਰਦਾ ਹੈ ਸ਼ਾਨਤੀ-ਯਗ ਨੂੰ	According to the myths, demons used to obstruct the prayers, sacrifices, rituals and meditation of the saints. The cries of war and atom bombs are doing the same, according to the poet, to destroy humanity's efforts for peace. As the demons threw bones and skulls into the sacrificial place, so will the atom bombs do.
ਮਹਿੰਦੀ, ਸਿਹਰਾ	auspicious symbols, used for the marriage ceremony
ਖਾਣ ਲਗਦੀ ਹੈ ਵਾੜ ਖੇਤਾਂ ਨੂੰ	'the fence begins to eat the crops, that is, the persons made responsible for the protection of the people begin to destroy them.
ਇਹਨਾਂ ਜਖਮਾਂ ਦੀ ਕਰਕੇ ਦੀਵਾਲੀ ਕੱਟ ਛੱਡੀ ਹੈ ਰਾਤ ਮੱਸਿਆ ਦੀ	Di:wa:li: is celebrated on the night when the moon does not rise (ਮੱਸਿਆ), by lighting a row of lamps. In the lamps burns oil and wicks (here symbolized by the wounds which, like Di:wa:li: lamps, see one through the dark night of life).
ਪਤਝੜ	a symbol of sadness, as opposed to Spring when everything is supposed to smile.
ਪਿਆਸ ਹੈ	is great longing
ਪੁਤ ਮਾਵਾਂ ਨੂੰ ਭੁਲ ਨੇ ਜਾਂਦੇ	sons don't care about their mothers--a sin and sign of extreme ingratitude

9.2 Vocabulary

ਐਟਮ	atom bomb (m.)
ਇਸ਼ਕ	love (m.)
ਉੱਖੜਨਾ	to be uprooted
ਸੜਨਾ	to decay, rot
ਸ਼ਾਂਨਤੀ -ਯਗ	prayer, sacrifice, offering made for peace (m.)
ਸਿਹਰਾ	chaplet of flowers, generally worn by bride & groom (m.)
ਸੀਨਾ	heart (m.)
ਸੋਹਿਲਾ	song sung by an exorcist in praise of the person being exorcised (m.)

ਹੁਸਨ	beauty (m.)
ਕਣਕ	wheat (f.)
ਕਬੂਤਰ	pigeon (m.)
ਕਾਗ	crow (m.)
ਕਾਫ਼ਲਾ	caravan (m.)
ਕੁਰਲਾਉਣਾ	to shriek, cry
ਕੌਲ	promise (m.)
ਖੋਪਰੀ	skull (f.)
ਖੋਹ	cave (f.)
ਚਿੰਘਾੜਨਾ	to roar, screech
ਚਿੜੀ	bird (f.)
ਚੀਖਣਾ	to scream, wail
ਚੁੱਜ	= ਚੁੱਝ
ਛਾਂ	= ਛਾਉਂ
ਜਖ਼ਮ	wound (m.)
ਜੁੜਨਾ	to gather, assemble (intr.)
ਜੂਹ	pasture, meadow (f.)
ਝਾਗ	foam (m.)
ਝੂਲਣਾ	to swing
ਡਾਰ	row, flock, line of birds (f.)
ਤੱਪਣਾ	to burn
ਤਮਾੜ	barren
ਤੇਸਾ	adze-like tool used by a carpenter (m.)
ਥਲ	ground, place (m.)
ਥੱਲੇ	at the bottom, under
ਦਰਦ	pain, agony (m.)
ਦਰਦ ਮੰਦ	compassionate
ਦਾਵਾ ਨਲ	forest fire, conflagration (here, torment of the heart) (f.)

ਦਿਲਬਰੀ	love, affection (f.)
ਦੀਵਾਲੀ	Diwali, the festival of lights (f.)
ਦੈਂਤ	demon (m.)
ਦੋਸਤੀ	friendship (f.)
ਧਾਰ	stream, current (f.)
ਨ੍ਹੇਰਾ	= ਹਨੇਰਾ
ਪੰਚਸ਼ੀਲ	a set of five principles for conducting international affairs (m.)
ਪਤਝੜ	autumn (f.)
ਪਿਆਸ	thirst (f.)
ਪੁਤ	= ਪੁੱਤਰ
ਪੈਂਡਾ	path, road (m.)
ਪੌਣ	breeze, air (f.)
ਫ਼ਰਹਾਦ	appeal (f.)
ਬਲਨਾ	to burn, blaze
ਬਾਜ਼	hawk (m.)
ਬਿਖੜਾ	difficult
ਬੂਟਾ	shrub, plant, bush, flower (m.)
ਮਹਿਫ਼ਲ	assembly (f.)
ਮੰਡਲਾਉਣਾ	to circle
ਮੁਹੱਬਤ	love (f.)
ਮੁਨਾਫ਼ਾ	profit (m.)
ਮੁਰਝਾਉਣਾ	to fade
ਰੁਖ	= ਰੂਖ
ਲੜੀ	string, line (f.)
ਲਾਟ	blaze; flame (f.)
ਵਾਸ਼ਨਾ	smell, odor (f.)
ਵਾੜ	fence, hedge (f.)

9.3 Rewrite the poem in Panjabi prose order and prepare a summary in English.

9.4 Translate into Panjabi:

1. In this burnt place I see a plant of love.
2. The caravans come and sit under this plant.
3. The birds eating from the plant sing sweet songs.
4. A long line of pigeons was sitting there.
5. Far away a hawk is circling in the sky.
6. The atom bomb devil is screaming, shooting fire from its mouth.
7. Hot winds blow, collecting bones and skulls.
8. Protectors are killing the people they are charged to protect.
9. We have come here with thousands of wounds in our hearts.
10. Although it is the autumn of the sorrow in our hearts, we still smile.
11. The whole world is on fire.
12. God has heard the voice of our hearts.
13. My heart longs for you.
14. Give me some solace; my soul is burning.

9.5 Note in this poem the use of the present perfect tense, which consists of the past participle with ਹੈ, ਹਾਂ, ਹੋ or ਹਨ, depending upon the person. For example:

ਸਾਨੂੰ ਇਕ ਬੂਟਾ ਨਜ਼ਰ ਆਇਆ ਹੈ

A plant has come to our sight (has appeared)

ਮਹਿਫ਼ਲ ਵਿਚ ਅੱਜ ਆਏ ਹਾਂ
We have come to the assembly
ਫੇਰ ਵੀ ਅੱਜ ਮੁਸਕ੍ਰਾਏ ਹਾਂ
Even so, we have smiled today
ਸਾਰੇ ਜੰਗਲ ਨੂੰ ਅੱਗ ਲੱਗੀ ਹੈ
The whole forest has caught fire

Translate into Panjabi:

1. We have just arrived here and we don't know the way.
2. He has finished the book which he began to read yesterday.
3. All the houses have caught fire.
4. We have seen this city.
5. The temple has become visible, although we are five miles from the city.
6. What else have you done? Nothing?
7. They have gone mad.
8. It has become late. We should go now.
9. How many cities have you visited in America?
10. I have ridden an elephant in India several times.

ਸਵਰਾਜ ਕੀ ਹੈ?

ਗੁਰਬਖ਼ਸ਼ ਸਿੰਘ

ਬਲਖ ਤੇ ਬੁਖ਼ਾਰੇ ਵਿਚ ਛੱਜੂ ਨੂੰ ਕਿਉਂ ਆਪਣੇ ਚੁਬਾਰੇ ਵਰਗਾ ਸੁਖ ਨਹੀਂ ਸੀ ਮਿਲ ਸਕਿਆ? ਕਿਉਂਕਿ ਓਥੇ ਛੱਜੂ ਜਾਂ ਮਹਿਮਾਨ ਹੋਵੇਗਾ ਜਾਂ ਗ਼ੁਲਾਮ, ਪਰ ਆਪਣੇ ਚੁਬਾਰੇ ਵਿਚ ਉਹਦਾ ਸਵਰਾਜ ਸੀ। ਏਸ ਚੁਬਾਰੇ ਵਿਚ ਨਾ ਬਲਖ਼ ਦੇ ਗਲੀਚੇ ਤੇ ਨਾ ਬੁਖ਼ਾਰੇ ਦੀਆਂ ਮਹਿਮਾਨੀਆਂ ਸਨ, ਪਰ ਇਹਦੇ ਵਿਚ ਜਦੋਂ ਚਾਹੇ ਛੱਜੂ ਆ ਸਕਦਾ ਸੀ, ਜਿਸ ਨੁਕਰੇ ਚਾਹੇ ਕਿੱਲੀਆਂ ਠੋਕ ਸਕਦਾ ਸੀ, ਜਿਹੜੀ ਬਾਰੀ ਵਿਚੋਂ ਚਾਹੇ ਵੇਖ ਸਕਦਾ ਸੀ ਇਹਦੀ ਕੁੰਜੀ ਉਹਨੂੰ ਕਿਸੇ ਕੋਲੋਂ ਲੈਣੀ ਨਹੀਂ ਸੀ ਪੈਂਦੀ, ਨਾ ਕਿਸੇ ਦਾ ਧੰਨਵਾਦ ਕਰਨਾ ਪੈਂਦਾ ਸੀ।

ਸਵਰਾਜ ਹਰ ਜੀਵ ਦੀ ਸਭ ਤੋਂ ਮਿੱਠੀ ਖ਼ਾਬ ਹੈ। ਭਾਵੇਂ ਉਹ ਸਮਝੇ ਜਾਂ ਨਾ ਸਮਝੇ, ਉਹਦੇ ਦਿਲ ਦੀਆਂ ਤਹਿਆਂ ਵਿਚ ਇਸ ਦਾ ਅਕਸ ਰਹਿੰਦਾ ਹੈ। ਖੁਲ੍ਹੀਆਂ ਪੌਣਾਂ ਵਿਚ ਉਡਦੇ ਪੰਛੀ, ਬਾਜਾਂ ਸ਼ਿਕਾਰਿਆਂ ਦੇ ਹੁੰਦਿਆਂ ਵੀ, ਪਿੰਜਰੇ ਦੇ ਰੱਜੇ ਪੁੱਜੇ ਤੇ ਖ਼ਤਰੇ ਤੋਂ ਮਹਿਫ਼ੂਜ਼ ਕੈਦੀਆਂ ਨਾਲੋਂ ਰਾਜ਼ੀ ਰਹਿੰਦੇ ਤੇ ਗੌਂਦੇ ਹਨ, ਜੰਗਲਾਂ ਵਿਚ ਭੁੱਖੇ ਦੁੜੰਗੇ ਮਾਰਦੇ ਹੈਵਾਨ, ਬਾਘਾਂ ਬਘਿਆੜਾਂ ਦੇ ਹੁੰਦਿਆਂ ਵੀ, ਭਰੀਆਂ ਖੁਰਲੀਆਂ ਉਤੇ ਬੱਧਿਆਂ ਨਾਲੋਂ ਵਧੇਰੇ ਪ੍ਰਸੰਨ ਹੁੰਦੇ ਹਨ। ਕੋਈ ਵੱਡੀ ਤੋਂ ਵੱਡੀ ਪਨਾਹ ਪਰਾਧੀਨਤਾ ਨੂੰ ਪ੍ਰਵਾਨਗੀ ਨਹੀਂ ਦੁਆ ਸਕੀ। ਮਹੱਲਾਂ ਦੀਆਂ ਰਾਣੀਆਂ, ਦਰਬਾਰਾਂ ਦੇ ਵਜ਼ੀਰ, ਭਰੇ ਘਰਾਂ ਦੇ ਨੌਕਰ, ਓੜਕ ਪੁਕਾਰ ਉੱਠੇ ਹਨ: "ਪਰ-ਅਧੀਨ ਸੁਫ਼ਨੇ ਸੁਖ ਨਾਹੀਂ।" ਕਿਉਂ? ਕਿ ਮਨੁੱਖ ਰੱਬ ਦੇ ਰੂਪ ਵਿਚ ਢਲਿਆ ਹੈ, ਇਹਨੂੰ ਕਿਸੇ ਪਨਾਹ ਦੀ ਲੋੜ ਨਹੀਂ, ਪਰਾਧੀਨਤਾ ਇਹਦੀ ਪ੍ਰਕ੍ਰਿਤੀ ਦੇ ਵਿਰੁਧ ਹੋਣ ਕਰਕੇ ਇਹਨੂੰ ਚੁਭਦੀ ਹੈ।

ਕੋਈ ਗੱਲ ਹੀ ਹੋਵੇਗੀ ਕਿ ਬਹਾਦਰ ਆਦਮੀ ਤੇ ਕੌਮਾਂ ਮੌਤ ਦੇ ਮੁਕਾਬਲੇ ਵਿਚ ਵੀ ਪਰਾਧੀਨ ਹੋਣਾ ਸਵੀਕਾਰ ਨਹੀਂ ਕਰਦੇ। ਜ਼ਿੰਦਗੀ ਦਾ ਮਨੋਰਥ ਹਿਫ਼ਾਜ਼ਤ ਵਿਚ ਜੀਉਂਦੇ ਰਹਿਣਾ ਨਹੀਂ ਜਾਪਦਾ, ਕੁਝ ਢੂੰਡਣਾ, ਕੁਝ ਬਣਨਾ ਤੇ ਕੁਝ ਬਣਾਨਾ ਮਲੂਮ ਹੁੰਦਾ ਹੈ। ਇਹ ਸਭ ਕੁਝ ਸੁਤੰਤਰ ਰਹਿ ਕੇ ਹੀ ਕੀਤਾ ਜਾ ਸਕਦਾ ਹੈ। ਨੌਕਰਾਂ, ਚਪੜਾਸੀਆਂ ਦੀਆਂ ਵਰਦੀਆਂ 'ਭਾਵੇਂ ਸੁਨਹਿਰੀ ਹੋਣ, ਉਹਨਾਂ ਦੇ ਮੂੰਹਾਂ ਉਤੇ ਉਹ ਸੁਨਹਿਰੀ ਰੂਹਾਨਗੀ ਨਹੀਂ ਹੁੰਦੀ ਜਿਹੜੀ ਇਕ ਥੋੜੀ ਜਿੰਨੀ ਭੌਂ ਦੇ ਮਾਲਕ ਦੇ ਮੂੰਹ ਉਤੇ ਹੁੰਦੀ ਹੈ, ਭਾਵੇਂ ਉਹਦੇ ਕਪੜੇ ਮੋਟੇ ਹੀ ਹੋਣ।

ਅਸੀਂ ਵੇਖਦੇ ਹਾਂ ਕਿ ਮਨੁੱਖ-ਆਤਮਾ ਨੇ ਕੋਈ ਵੀ ਬੰਧਨ ਮਨਜ਼ੂਰ ਨਹੀਂ ਕੀਤਾ। ਸੁਖਾਂ ਵਰਗੀ ਪੁਸ਼ਪ ਜ਼ੰਜੀਰੀ ਨੂੰ ਵੀ ਏਸ ਨੇ ਗਲੋਂ ਤੋੜ ਸੁਟਿਆ ਤੇ ਨਿਰਵਾਣ ਦੀ ਤਾਂਘ ਕੀਤੀ ਹੈ। ਮਨੁੱਖ ਦਾ ਇਹ ਸੁਭਾ ਦਸਦਾ ਹੈ ਕਿ ਸਵਰਾਜ ਤੇ ਸੁਤੰਤ੍ਰਤਾ ਰੱਬੀ ਤਾਂਘਾਂ ਹਨ, ਕਿਉਂਕਿ ਜੀਵ ਦੀ ਅੰਤਮ ਹੋਣੀ ਸੁਤੰਤ੍ਰਤਾ ਵਿਚ ਹੀ ਸੰਪੂਰਨ ਹੋ ਸਕਦੀ ਹੈ।

ਸੁਤੰਤ੍ਰਤਾ ਵਿਚ ਹੀ ਜ਼ਿਮੇਵਾਰੀ ਦੀ ਸ਼ਿਖਿਆ ਮਿਲ ਸਕਦੀ ਹੈ, ਤੇ ਜ਼ਿਮੇਵਾਰੀ ਹੀ ਉੱਚਾ ਆਚਾਰ ਪੈਦਾ ਕਰਦੀ ਹੈ। ਸੁਤੰਤਰ ਕੌਮਾਂ ਭਾਵੇਂ ਜਾਹਿਲ ਤੇ ਗ਼ਰੀਬ ਹੋਣ, ਭਾਵੇਂ ਉਹਨਾਂ ਵਿਚ ਅਮਨ ਹੋਵੇ ਤੇ ਭਾਵੇਂ ਨਾ, ਉਹਨਾਂ ਵਿਚ ਇਕ ਸੁਹਣੀ ਕਿਸਮ ਦੀ ਤਸੱਲੀ ਤੇ ਮਰਦਾਊਪੁਣਾ ਹੁੰਦੇ ਹਨ। ਕਿਸੇ ਅਫ਼ਗਾਨ ਦੇ ਮੂੰਹ ਵਲ ਤੱਕ ਵੇਖੋ, ਕਿਸੇ ਅੰਗਰੇਜ਼ ਨਾਲ ਅੱਖ ਮਿਲਾ ਵੇਖੋ – ਜਾਪਦਾ ਹੈ ਜਿਵੇਂ ਕਿਸੇ ਕਿਲ੍ਹੇ ਵਲ ਵੇਖ ਰਹੇ ਹਾਂ, ਸਵੈ-ਸਨਮਾਨ, ਸਵੈ-ਸ਼ਰਧਾ, ਸਵੈ-ਰਾਜ ਦਾ ਮਿੱਠਾ ਨਿੱਘ, ਅਝੱਕ ਅੱਖੀਆਂ ਤੇ ਨਿਸ਼ੰਗ ਬੋਲ! ਨਾ ਧਨ, ਨਾ ਤਾਕਤ, ਨਾ ਰੁਤਬਾ, ਨਾ ਹੁਸਨ, ਮਨੁੱਖ ਦੇ ਚਿਤ ਵਿਚ ਉਪਰ ਦੱਸੀ ਅਮੀਰ ਸ਼ਖ਼ਸੀਅਤ ਪੈਦਾ ਕਰ ਸਕਦੇ ਹਨ।

ਅਜ ਰੇਲਾਂ ਜਹਾਜ਼ਾਂ ਨੇ ਦੁਨੀਆਂ ਇਕ ਕਰ ਦਿਤੀ ਹੈ। ਅਸੀਂ ਵੇਖ ਰਹੇ ਹਾਂ ਆਜ਼ਾਦ ਕੌਮਾਂ ਉੱਨਤੀ ਦੀ ਸੜਕ ਉਤੇ ਨੱਠੀਆਂ ਜਾ ਰਹੀਆਂ ਹਨ। ਸਾਲਾਂ ਵਿਚ ਉਹਨਾਂ ਨੇ ਆਪਣੀ ਦੁਨੀਆਂ ਦਾ ਨਕਸ਼ਾ ਪਲਟ ਦਿਤਾ ਹੈ। ਪਰ ਸਾਡੇ ਸਾਹਮਣੇ ਅਜੇ ਜ਼ਿੰਦਗੀ ਦੇ ਓਹੋ ਦ੍ਰਿਸ਼ ਹਨ ਜੋ ਦੋ ਹਜ਼ਾਰ ਵਰ੍ਹੇ ਪਹਿਲੋਂ ਸਨ। ਓਹੀ ਵਹਿਮ, ਓਹੀ ਔਕੜਾਂ, ਓਹੀ ਸਾਧਨ।

ਇਸ ਲਈ ਇਹ ਕੋਈ ਅਨੋਖੀ ਗੱਲ ਨਹੀਂ ਕਿ ਇਹ ਹਾਲਤ ਦਿਨੋ ਦਿਨ ਕਾਹਲੇ ਹਲ ਦੀ ਲੋੜਵੰਦ ਹੁੰਦੀ ਜਾ ਰਹੀ ਹੈ। ਕਾਂਗਰਸ, ਮਜ਼ਦੂਰ ਤੇ ਕਿਸਾਨ ਪਾਰਟੀਆਂ, ਨਰਮ ਤੇ ਗਰਮ-ਧੜਿਆਂ ਦੀਆਂ ਤਹਿਰੀਕਾਂ ਆਪੋ ਆਪਣੇ ਤਜਰਬੇ ਤੇ ਉਤਸ਼ਾਹ ਅਨੁਸਾਰ ਗ਼ਲਤ ਜਾਂ ਠੀਕ ਉੱਦਮ ਕਰ ਰਹੀਆਂ ਹਨ।

ਰਾਜਸੀ ਅੰਦੋਲਨ ਵੀ ਚਲਦੇ ਰਹਿਣ, ਪਰ ਇਕ ਸੈਨਾਂ ਉਹਨਾਂ ਪ੍ਰੀਤ-ਪ੍ਰੇਰੇ ਦਿਲਾਂ ਦੀ ਬਣਾਓ, ਜਿਹੜੇ ਆਪਣੇ ਭਰਾਵਾਂ ਵਿਚ ਜਾ ਕੇ ਉੱਨਤੀ ਦਾ ਸੁਨੇਹਾ ਪੁਚਾਣ, ਉਹਨਾਂ ਦੀ ਜ਼ਿੰਦਗੀ ਨੂੰ ਉਭਾਰਨ, ਸਸਤਾ ਸਾਹਿਤ ਪ੍ਰਕਾਸ਼ਤ ਕਰਨ, ਭੁਲੇਖੇ ਕਢਣ, ਭਰਮ ਦੂਰ ਕਰਨ, ਭਰਾ ਨੂੰ ਭਰਾ ਕੋਲੋਂ ਨਿਖੇੜ ਰਖਣ ਵਾਲੇ ਮਜ਼੍ਹਬ ਦੀ ਥਾਂ ਸਰਲ ਤੇ ਸਾਂਝ ਮਜ਼੍ਹਬ ਦਾ ਪਰਚਾਰ ਕਰਨ, ਜਿਦ੍ਹੇ ਨਾਲ ਸਾਰੇ ਮਨੁੱਖ ਬਣ ਜਾਣ, ਤੇ ਸਾਰੀ ਖ਼ਲਕਤ ਨੂੰ ਇਕੋ ਰਚਣਹਾਰ ਦੀ ਰਚਨਾ ਸਮਝ ਕੇ ਕਦੇ ਇਕ ਦੂਜੇ ਦਾ ਦਿਲ ਨਾ ਦੁਖਾਣ, ਸਗੋਂ ਇਕ ਦੂਜੇ ਦੀ ਮਦਦ ਨਾਲ ਉੱਠਣ ਤੇ ਉਠਾਣ।

ਆਜ਼ਾਦੀ ਜਿਨ੍ਹਾਂ ਕਾਰਨਾਂ ਕਰਕੇ ਖੁਸਦੀ ਹੈ ਉਹ ਕਾਰਨ ਕੌਮ ਵਿਚੋਂ ਹਟਾਓ। ਔਖਿਆਈਆਂ ਦੀ ਪ੍ਰਵਾਹ ਨਾ ਕਰੋ, ਕੰਮ ਸ਼ੁਰੂ ਕੀਤਿਆਂ ਹੀ ਮੁਕਣਾ ਸ਼ੁਰੂ ਹੋ ਜਾਂਦਾ ਹੈ। ਸਾਡੀਆਂ ਬੀਮਾਰੀਆਂ ਅਣਗਿਣਤ ਹਨ: ਭੈੜੀਆਂ ਰਸਮਾਂ, ਥੋੜੀ ਵਿਦਿਆ, ਪੱਕਾ ਹੋਇਆ ਦਾਸ-ਸੁਭਾ, ਨਿਕੰਮੀਆਂ ਕੀਤੀਆਂ ਇਸਤ੍ਰੀਆਂ, ਅਣਖ਼ਿਆਲੇ ਰੁਲਦੇ ਬੱਚੇ, ਹੱਡੀਆਂ ਵਿਚ ਰਚੇ ਭਰਮ, ਛੂਤ-ਛਾਤ ਦਾ ਅਭਿਮਾਨ, ਉਜੜਿਆ ਹੋਇਆ ਭਰੋਸਾ ਤੇ ਗ਼ੈਰ-ਜ਼ਿਮੇਵਾਰ ਹਕੂਮਤ। ਇਹ ਲਿਸਟ ਠੀਕ ਬੜੀ ਲੰਮੀ ਹੈ, ਪਰ ਜਾਪਾਨ, ਰੂਸ, ਤੁਰਕੀ ਦੀਆਂ ਮਿਸਾਲਾਂ ਸਾਡੇ ਸਾਹਮਣੇ ਹਨ। ਜੋ ਕੁਝ ਉਹ ਕਰ ਸਕੇ ਹਨ, ਅਸੀਂ ਜਾਤਾ ਕੁਝ ਵਰ੍ਹੇ ਚਿਰਾਕੇ ਕਰ ਲਵਾਂਗੇ।

ਪਰ ਸਭ ਤੋਂ ਪਹਿਲਾਂ ਇਹ ਕਰੋ ਕਿ ਸਵਰਾਜ ਦੇ ਅਰਥਾਂ ਦਾ ਗਿਆਨ ਦ੍ਰਿੜ੍ਹ ਕਰ ਲਓ । ਇਹ ਚੰਗੀ ਤਰ੍ਹਾਂ ਸਮਝ ਲਵੋ ਕਿ ਕਿਉਂ ਸੁਤੰਤਰ ਰਹਿ ਕੇ ਮਰ ਜਾਣਾ ਪਰਾਧੀਨ ਹੋ ਕੇ ਜੀਉਣ ਨਾਲੋਂ ਚੰਗਾ ਸਮਝਿਆ ਜਾਂਦਾ ਹੈ। ਜਿਹੜਾ ਸੁਤੰਤਰ ਨਹੀਂ ਉਹ ਜੀਵਨ-ਅਖਾੜੇ ਵਿਚ ਪਹਿਲਵਾਨ ਬਣ ਕੇ ਘੁਲਣ ਦਾ ਮਾਣ ਨਹੀਂ ਲੈ ਸਕਦਾ, ਉਹ ਸਿਰਫ਼ ਅਖਾੜੇ ਦੀ ਮਿੱਟੀ ਪੁੱਟਣ ਵਿਚ ਹੀ ਵਰਤਿਆ ਜਾ ਸਕਦਾ ਹੈ ।

ਦੂਜੀ ਗੱਲ ਸਮਝਣ ਵਾਲੀ ਇਹ ਹੈ ਕਿ ਆਜ਼ਾਦੀ ਕਿਸੇ ਕੋਲੋਂ ਮੰਗਿਆਂ ਨਹੀਂ ਮਿਲਦੀ, ਨਾ ਖੋਹੀ ਜਾ ਸਕਦੀ ਹੈ, ਆਜ਼ਾਦੀ ਲੈਣ ਲਈ ਇਹਦੇ ਯੋਗ ਹੋਣਾ ਪੈਂਦਾ ਹੈ। ਆਜ਼ਾਦੀ ਦੇ ਯੋਗ ਉਹੀ ਹੈ ਜਿਦ੍ਹੇ ਕੋਲ ਅਕਲ, ਸਿਹਤ, ਆਚਾਰ ਤੇ ਮਰਦਾਂ ਵਾਂਗ ਜੀਉਣ ਮਰਨ ਦਾ ਜਿਗਰਾ ਹੈ। ਘਿਰਣਾ ਕਰਨ ਦੀ ਕੋਈ ਥਾਂ ਨਹੀਂ, ਆਪਣਾ ਘਰ ਸੋਧਣ ਦੀ ਲੋੜ ਹੈ।

ਤੀਜੀ ਗੱਲ, ਸਭ ਤੋਂ ਜ਼ਰੂਰੀ, ਇਹ ਹੈ ਕਿ ਭਾਵੇਂ ਤੁਹਾਡੀ ਅਕਲ ਕਿੰਨੀ ਹੈ, ਤੁਹਾਡਾ ਧਨ ਅਮੁਕ ਹੈ, ਪਰ ਜਦ ਤਕ ਤੁਹਾਡੇ ਆਲੇ ਦੁਆਲੇ ਦਾਸ-ਸੁਭਾ ਦਾ ਖ਼ਿਲਾਰਾ ਹੈ, ਜਦ ਤਕ ਤੁਹਾਡੇ ਬੰਗਲੇ ਦੇ ਆਲੇ ਦੁਆਲੇ ਗ਼ੁਲਾਮਾਂ ਦੀਆਂ ਕੰਗਾਲ-ਕੋਠੀਆਂ ਹਨ, ਤਦ ਤਕ ਨਾ ਅਮਨ ਤੇ ਨਾ ਪੂਰਾ ਸੁਆਦ ਤੁਸੀਂ ਲੈ ਸਕੋਗੇ, ਨਾ ਤੁਹਾਡੀ ਆਤਮਾ ਦਾ ਵਿਕਾਸ ਪੂਰਾ ਹੋ ਸਕੇਗਾ। ਜਿਦ੍ਹੇ ਮੁਲਕ ਵਿਚ ਸਵਰਾਜ ਨਹੀਂ, ਜਿਦ੍ਹੀ ਕੌਮ ਦਾ ਦੁਨੀਆਂ ਵਿਚ ਕੋਈ ਭਾਰ ਨਹੀਂ, ਜਿਦ੍ਹੇ ਉਤੇ ਬੇਗਾਨਾ ਤੋਰਾ ਹੈ, ਉਹ ਕਦੇ ਧੌਣ ਚੁਕ ਕੇ ਤੁਰ ਨਹੀਂ ਸਕਦਾ, ਉਹਦਾ ਧਰਮ ਦਾ ਮਾਣ ਕੂੜਾ ਹੈ।

ਹੋਣਹਾਰ ਨੌਜਵਾਨਾਂ ਨੂੰ ਦੇਸ ਦੀ ਭੁਖ ਨੰਗ ਦਾ ਚੇਤਾ ਰਖ ਕੇ ਹਰੇਕ ਫ਼ਜ਼ੂਲ-ਖ਼ਰਚੀ ਤੋਂ ਲਜਿਤ ਹੋਣਾ ਚਾਹੀਦਾ ਹੈ। ਉਹਨਾਂ ਦੇ ਭਰਾਵਾਂ ਦੇ ਕਸ਼ਟ ਉਹਨਾਂ ਨੂੰ ਵਾਜਾਂ ਮਾਰ

ਰਹੇ ਹਨ, ਦੁਨੀਆਂ ਦੀ ਤਰੱਕੀ ਛਿੱਬੀਆਂ ਦੇ ਰਹੀ ਹੈ, ਬਦੇਸ਼ੀ ਨਿਕੰਮੀਆਂ ਚੀਜ਼ਾਂ ਨਾਲ ਭਰੀਆਂ ਦੁਕਾਨਾਂ ਸ਼ਰਮਾ ਰਹੀਆਂ ਹਨ ਤੇ ਦੇਸ਼ ਦੀ ਬੇਕਾਰ ਜਵਾਨੀ ਤੇ ਵਿਹਲੇ ਕਾਰੀਗਰ ਉਹਨਾਂ ਦਾ ਧਿਆਨ ਮੰਗ ਰਹੇ ਹਨ।

10.1 Phrases:

ਵੱਡੀ ਤੋਂ ਵੱਡੀ	greatest, biggest
ਰਜੇ ਘਰ	happy, wealthy households
ਪਰਤ-ਅਧੀਨ ਸੁਫ਼ਨੇ ਸੁਖ ਨਾਹੀਂ	even in dreams there is no happiness in slavery
ਪ੍ਰਕ੍ਰਿਤੀ ਦੇ ਵਿਰੁਧ ਹੋਣ ਕਰਕੇ	because of its being contrary to human nature
ਕੋਈ ਗੱਲ ਹੀ ਹੋਵੇਗੀ	there must be some reason
ਅੱਖ ਮਿਲਾ ਵੇਖੋ	look in the eyes
ਨਕਸ਼ਾ ਪਲਟ ਦਿੱਤਾ ਹੈ	has changed its shape
ਦਿਨੋਂ ਦਿਨ	day by day
ਹੱਡੀਆਂ ਵਿਚ ਰਚੇ	absorbed in our bones
ਜਦ ਤਕ	as long as
ਤੁਹਾਡੇ ਆਲੇ ਦੁਆਲੇ ਦਾਸ ਸੁਭਾ ਦਾ ਖਿਲਾਰਾ ਹੈ	if you nourish a slavish nature
ਪੂਰਾ ਸੁਆਦ ਲੈ ਸਕੋਗੇ	you will be able to enjoy fully

10.2 Vocabulary

ਅਕਸ	reflection (m.)
ਅਕਲ	intelligence (f.)
ਅਝੱਕ	fixed, unblinking
ਅਣਖਿਆਲਾ	uncared for
ਅੰਤਮ	last
ਅੰਦੋਲਨ	movement (m.)
ਅਨੋਖਾ	strange, peculiar
ਅਫ਼ਗਾਨ	Afghan (m.)
ਅਮਨ	peace (m.)
ਅਮੁਕ	inexhaustible
ਆਚਾਰ	conduct (m.)

ਆਲਾ	niche (m.)
ਇਸਤ੍ਰੀ	woman (f.)
ਔਕੜ	miserable condition (f.)
ਔਖਿਆਈ	rumor (f.)
ਉਜੜਣਾ	to ruin
ਉਠਾਉਣਾ	to raise
ਉੱਦਮ	effort, hard work (m.)
ਉੱਨਤੀ	progress (f.)
ਉਭਾਰਨਾ	to lift, raise
ਓੜਕ	at last
ਸਸਤਾ	cheap, inexpensive
ਸ਼ਖਸੀਅਤ	personality (f.)
ਸੰਪੂਰਨ	complete, fulfilled
ਸਰਮਾਣਾ	to be shy
ਸਵਰਾਜ	self-rule, independence (m.)
ਸਵੀਕਾਰ	accepted
ਸਵੈਸਨਮਾਨ	self-respect (m.)
ਸਵੈ-ਸਰਧਾ	self-reverence (f.)
ਸੜਕ	road, street (f.)
ਸਿਹਤ	health (f.)
ਸ਼ਿਕਾਰੀ	hunter (m.)
ਸੁਤੰਤਰ	independent
ਸੁਤੰਤ੍ਰਤਾ	freedom, independence (f.)
ਸੁਨਹਰੀ	golden
ਸੁਨੇਹਾ	message (m.)
ਸੁਫਨਾ	= ਸੁਪਨਾ
ਸੁਭਾ	nature (m.)
ਸੈਨਾ	army (f.)

ਸੋਧਣਾ	to clean, purify
ਹਟਾਉਣਾ	= ਹਟਾਣਾ
ਹਲ	solution (m.)
ਹਿਫ਼ਾਜ਼ਤ	safety (f.)
ਹੁਸਨ	beauty (m.)
ਹੈਵਾਨ	beast (m.)
ਹੋਣਹਾਰ	promising
ਹੋਣੀ	birth, becoming, destiny (f.)
ਕਸ਼ਟ	hardship (m.)
ਕੰਗਾਲ	poor
ਕਰਕੇ	because of
ਕਾਹਲਾ	hasty, speedy, quick
ਕਾਰੀਗਰ	artisan (m.)
ਕਿਸਾਨ	peasant (m.)
ਕਿੱਲੀ	nail (f.)
ਕੁੰਜੀ	key (f.)
ਖਤਰਾ	danger (m.)
ਖ਼ਲਕਤ	public (f.)
ਖ਼ਾਬ	dream, desire (f.)
ਖ਼ਿਲਾਰਾ	expansion, extension (m.)
ਖੁਸਣਾ	to be snatched away
ਖੁਰਲੀ	tame animal (f.)
ਖੋਹਣਾ	to lose
ਗਰਮ	hot, extremist
ਗਿਆਨ	knowledge (m.)
ਗੈਰ-ਜਿੰਮੇਵਾਰ	irresponsible
ਘਿਰਣਾ	hate (f.)
ਘੁਲਣਾ	to mix

ਚਿਰਾਉਣਾ	to take time
ਚੁਬਾਰਾ	attic (m.)
ਚੁੱਭਣਾ	to pierce
ਛਿੱਬੀ ਦੇਣਾ	to chide, ridicule
ਛੂਤ-ਛਾਤ	feeling of touchability and untouchability (f.)
ਜਹਾਜ਼	ship (m.)
ਜ਼ਜੀਰੀ	chain (f.)
ਜਾਹਿਲ	uncultured
ਜਾਤਾ	more
ਜਿਗਰਾ	heart (m.)
ਜ਼ਿਮੇਵਾਰੀ	responsibility (f.)
ਜੀਵਨ-ਅਖਾੜਾ	life's field (m.)
ਠੋਕਣਾ	to nail
ਢੱਲਣਾ	to be ground, to be made
ਢੂੰਡਣਾ	to find
ਤਸੱਲੀ	satisfaction (f.)
ਤਹਿਰੀਕ	movement, agitation (f.)
ਤਜਰਬਾ	experience (m.)
ਤਰੱਕੀ	progress (f.)
ਤਾਕਤ	strength (f.)
ਤਾਂਘ	desire, inclination (f.)
ਦ੍ਰਿੜ੍ਹ	firm
ਦਾਸ-ਸੁਭਾ	slave mentality (m.)
ਦੁਖਾਣਾ	to hurt
ਦੁੜੰਗ ਮਾਰਣਾ	to leap
ਧੰਨਵਾਦ	thanks (m.)
ਧੜਾ	party, organization (m.)
ਧੋਣ	water used for washing (m.)

ਨੰਗ	nakedness (f.)
ਨੱਠਣਾ	to flee
ਨਰਮ	soft, moderate
ਨਿਸ਼ੰਗ	doubtless, fearless
ਨਿਕੰਮੀ	useless
ਨਿਖੇੜ	divided, separated
ਨਿੱਘ	warmth (m.)
ਨਿਰਵਾਣ	Nirvana (m.)
ਨੁਕਰਾ	corner (m.)
ਪਹਿਲਵਾਨ	wrestler (m.)
ਪਨਾਹ	shelter (f.)
ਪਰ-ਅਧੀਨ	dependent on others, slave (adj.)
ਪ੍ਰਸੰਨ	happy
ਪ੍ਰਕ੍ਰਿਤੀ	nature (f.)
ਪ੍ਰਕਾਸ਼ਤ	published
ਪ੍ਰਵਾਹ	flow (m.)
ਪ੍ਰਵਾਨਗੀ	legitimacy (f.)
ਪਰਾਧੀਨਤਾ	slavery, dependence (f.)
ਪ੍ਰੀਤ-ਪ੍ਰੇਰਾ	driven by love, love-inspired
ਪਲਟਣਾ	to change
ਪਿੰਜਰਾ	cage (m.)
ਪੁਸ਼ਪ	flower (m.)
ਪੁਕਾਰਨਾ	to call out
ਪੁੱਟਣਾ	to dig
ਪੈਣਾ	sharp
ਫ਼ਜ਼ੂਲ-ਖਰਚੀ	extravagance (f.)
ਬਹਾਦਰ	brave
ਬੰਗਲਾ	bungalow (m.)

ਬੇਗਾਨਾ	= ਬਿਗਾਨਾ
ਬਘਿਆੜ	small tiger (m.)
ਬਦੇਸ਼ੀ	= ਵਿਦੇਸ਼ੀ
ਬੰਧਨ	tying, bondage (m.)
ਬੱਧਿਆ (ਬੱਧਾ)	past participle of ਬੰਨ੍ਹਣਾ
ਬਾਘ	tiger (m.)
ਬਾਜ਼	hawk (m.)
ਭਰੋਸਾ	trust, faith (m.)
ਭੌਂ	land (f.)
ਮਹੱਲ	palace (m.)
ਮਹਿਫ਼ੂਜ਼	safe
ਮਹਿਮਾਨ	guest (m.)
ਮਹਿਮਾਨੀ	hospitality (f.)
ਮਜ਼ਦੂਰ	laborer (m.)
ਮਨਜੂਰ	accepted, approved
ਮਨੋਰਥ	aim, desire, fulfillment (m.)
ਮਰਦ	man (m.)
ਮਰਦਾਊਪੁਣਾ	manliness (m.)
ਮਿਸਾਲ	example (f.)
ਮਲੂਮ ਹੋਣਾ	to seem, appear
ਮੁਕਾਬਲਾ	confrontation (m.)
ਮੁਲਕ	country (m.)
ਯੋਗ	= ਜੋਗ
ਰਚਣਹਾਰ	creator (m.)
ਰੱਜਣਾ-ਪੁੱਜਣਾ	to be satisfied
ਰੱਬੀ	heavenly
ਰਾਜ਼ੀ	happy
ਰੁਤਬਾ	title, position (m.)
ਰੁਲਦ	neglectful, careless

ਰੂਵਾਨਗੀ	radiance (f.)
ਰੇਲ	train, railway (f.)
ਲਜਿਤ	ashamed
ਲਿਸਟ	list (f.)
ਲੋੜਵੰਦ	needy
ਵਰਦੀ	dress, costume (f.)
ਵਾਜ	= ਆਵਾਜ

10.3 Answer the following questions in Panjabi:

੧. ਬਲਖ਼ ਤੇ ਬੁਖ਼ਾਰੇ ਵਿਚ ਕੌਣ ਸੁਖੀ ਨਹੀਂ ਸੀ?
੨. ਛੱਜੂ ਕਿਉਂ ਆਪਣੇ ਚੁਬਾਰੇ ਵਿਚ ਪ੍ਰਸੰਨ ਹੁੰਦਾ ਸੀ?
੩. ਪੰਛੀ ਤੇ ਹੈਵਾਨ ਕਿਵੇਂ ਖ਼ੁਸ਼ ਰਹਿੰਦੇ ਹਨ?
੪. "ਪਰ-ਅਧੀਨ ਸੁਫ਼ਨੇ ਸੁਖ ਨਾਹੀਂ" ਕਿਉਂ ਕਿਹਾ ਜਾਂਦਾ ਹੈ?
੫. ਇਕ ਨੌਕਰ ਤੇ ਮਾਲਕ ਵਿਚ ਕੀ ਅੰਤਰ ਹੁੰਦਾ ਹੈ?
੬. ਮਨੁੱਖ ਦੀ ਆਤਮਾ ਕੀ ਸਵੀਕਾਰ ਨਹੀਂ ਕਰਦੀ? ਕਿਉਂ?
੭. ਮਨੁੱਖ ਦੀ ਆਤਮਾ ਸੰਪੂਰਨਤਾ ਕਿਥੇ ਪ੍ਰਾਪਤ ਕਰਦੀ ਹੈ?
੮. ਆਜ਼ਾਦ ਕੌਮਾਂ ਕਿੱਥੇ ਜਾ ਰਹੀਆਂ ਹਨ?
੯. ਸਾਡੇ ਸਾਹਮਣੇ ਕਿਹੜੇ ਦ੍ਰਿਸ਼ ਹਨ?
੧੦. ਲੋਕਾਂ ਵਿੱਚ ਕਿਸ ਤਰ੍ਹਾਂ ਦੇ ਵਿਚਾਰ ਹੋਣੇ ਚਾਹੀਦੇ ਹਨ?
੧੧. ਕੌਮ ਵਿਚੋਂ ਕਿਹੜੇ ਕਾਰਨ ਹਟਾਣੇ ਚਾਹੀਦੇ ਹਨ?
੧੨. ਕੌਮ ਕਦੋਂ ਖਤਮ ਹੋਣਾ ਸ਼ੁਰੂ ਹੋ ਜਾਂਦਾ ਹੈ?
੧੩. ਸਾਡੀਆਂ ਬਿਮਾਰੀਆਂ ਕਿਹੜੀਆਂ ਹਨ?
੧੪. ਕਿਹੜੇ ਵਿਚਾਰਾਂ ਨੂੰ ਦ੍ਰਿੜ੍ਹ ਕਰਨਾ ਚਾਹੀਦਾ ਹੈ?
੧੫. ਆਜ਼ਾਦੀ ਕਿਵੇਂ ਪਾਈ ਤੇ ਖੋਹੀ ਜਾ ਸਕਦੀ ਹੈ ?
੧੬. ਕਿਸ ਦੇ ਧਰਮ ਦਾ ਮਾਣ ਕੂੜਾ ਹੈ?
੧੭. ਹੋਣਹਾਰ ਨੌਜਵਾਨਾਂ ਨੂੰ ਕੀ ਕਰਨਾ ਚਾਹੀਦਾ ਹੈ?
੧੮. ਨੌਜਵਾਨਾਂ ਦਾ ਖਿਆਲ ਕੌਣ ਮੰਗ ਰਹੇ ਹਨ?

10.4 Fill in the blanks:

੧. ਛੱਜੂ ਨੂੰ ਬਲਖ਼ ਵਿਚ ਆਪਣੇ —— —— ਸੁਖ ਨਹੀਂ —— —— ——।
੨. ਚੁਬਾਰੇ ਵਿਚ ਜਿਸ ਨੁਕਰੇ —— ਕਿੱਲੀਆਂ ਠੋਕ —— ——।
੩. ਭਾਵੇਂ ਤੁਸੀਂ —— ਜਾਂ ਨਾ ——, ਤੁਹਾਡੇ ਦਿਲ ਵਿਚ —— ਦਾ ਅਕਸ —— ਹੈ।
੪. ਜਾਪਦਾ ਹੈ —— ਕਿਸੇ ਸ਼ੇਰ ਵਲ ਵੇਖ ਰਹੇ ——।
੫. ਆਤਮਾ ਕੋਈ ਵੀ ਬੰਧਨ —— ਨਹੀਂ ——।
੬. ਉਤੇ ਉਹ ਰੂਵਾਨਗੀ ਨਹੀਂ ਹੁੰਦੀ —— ਇਕ —— ਦੇ ਮੂੰਹ —— —— ਹੈ।
੭. ਆਜ਼ਾਦ ਕੌਮਾਂ —— ਦੀ ਸੜਕ —— ਨੱਠੀਆਂ ਜਾ —— ——।
੮. ਸਾਡੀਆਂ —— ਅਣਗਿਣਤ ਹਨ।
੯. ਸਾਡੀ ਹਾਲਤ —— ਦਿਨ —— ਹਲ ਦੀ —— ਹੁੰਦੀ ਜਾ —— ਹੈ।
੧੦. ਜਾਪਾਨ ਤੇ ਰੂਸ ਦੀਆਂ —— ਸਾਡੇ —— ਹਨ।
੧੧. —— —— ਪਹਿਲਾਂ ਸਵਰਾਜ ਦੇ ਅਰਥਾਂ ਦਾ ਗਿਆਨ —— ਕਰ ——।
੧੨. ਆਜ਼ਾਦੀ ਕਿਸੇ —— —— ਨਹੀਂ ਮਿਲਦੀ।
੧੩. ਘਿਰਣਾ —— ਦੀ ਕੋਈ —— ਨਹੀਂ।

10.5 Translate into Panjabi:

1. In our house there are neither costly rugs nor the best furniture.
2. However, he can do what he wants.
3. Freedom is the sweetest longing of every soul.
4. Slavery is against man's nature.
5. The splendor which is on a free man's face is not found on the face of a slave.
6. Only in freedom can we learn our responsibilities.
7. Neither riches nor beauty can produce a pleasant personality.

8. We will change the face of our nation.
9. Let the social movement continue, but we should do our work.
10. Remove those causes for which love is lost.
11. First of all, let us understand the true meaning of freedom.
12. We must become worthy of it.
13. As long as we have a slave mentality we cannot progress.
14. The place where there is no friendliness is not worth living in.
15. The nation demands the attention of promising youths.

10.6 Learn the following concordances:

1. ਜਦ ਤਕ ...ਤਦ ਤਕ — as long as...then

ਜਦ ਤਕ ਦਾਸ-ਸੁਭਾ ਹੈ, ਤਦ ਤਕ ਆਤਮਾ ਦਾ ਵਿਕਾਸ ਨਹੀਂ ਹੋ ਸਕੇਗਾ।

As long as there is slave-mentality, the soul cannot be developed

2. ਜਿਹੜਾ ...ਉਹ — one who...he

ਜਿਹੜਾ ਸੁਤੰਤਰ ਨਹੀਂ, ਉਹ ਮਾਣ ਨਹੀਂ ਪਾ ਸਕਦਾ।

One who is not free cannot receive respect

ਉਹੀ...ਜਿਹੜਾ — only he...who

ਆਜਾਦੀ ਦੇ [illegible] ਉਹੀ ਹੈ, ਜਿਹੜੇ ਕੋਲ ਅਕਲ ਹੈ।

Only he is worthy of freedom who has intellect.

3. ਨਾ ...ਨਾ — neither...nor

ਨਾ ਤਾਂ ...ਨਾ ਹੀ — neither...nor (emphatic)

ਨਾ ਧਨ ਨਾ ਤਾਕਤ ਅਮੀਰ ਸ਼ਖ਼ਸੀਅਤ ਪੈਦਾ ਕਰ ਸਕਦੇ ਹਨ।

Neither wealth nor power can make a rich personality.

ਭਾਵੇਂ ...ਭਾਵੇਂ whether...or

ਭਾਵੇਂ ...ਜਾਂ whether...or

ਭਾਵੇਂ ਉਹਨਾਂ ਵਿਚ ਅਮਨ ਹੋਵੇ ਤੇ ਭਾਵੇਂ ਨਾ ...

Whether they are peaceful or not...

ਭਾਵੇਂ ਉਹ ਸਮਝੇ ਜਾਂ ਨਾ...

Whether he understands or not...

ਜਾਂ ਤਾਂ ...ਜਾਂ either...or

ਜਾਂ ਤਾਂ ਉਹ ਜਾਂ ਮੈਂ ਉਥੇ ਜਾਵਾਂਗਾ।

Either he or I will go there

Translate the following into Panjabi:

1. As long as you are here, do this work.
2. He who does not think before acting, repents.
3. Neither wealth nor power can give you happiness.
4. Only those who fight for their rights get them.
5. Whether he was good or not, he helped you.
6. Either go or stay, but don't stand there in the doorway.
7. As long as I am the president I will serve the interests of the nation.
8. He neither came nor called.
9. What difference does it make whether he loves you or not?
10. Whatever you sow, so shall you reap.

UNIT XI

ਅੱਗ ਲਗ ਗਈ

ਕਰਤਾਰ ਸਿੰਘ ਦੁੱਗਲ

"ਅੱਗ ਲਗ ਗਈ ਹੈ ਜ਼ਮਾਨੇ ਨੂੰ" ਖਹੂੰ ਖਹੂੰ ਕਰਦਾ ਉਸ ਦਾ ਅਧ ਖ਼ੜ ਜਿਹਾ ਸਜਰਾ ਰੀਟਾਇਰ ਹੋਇਆ ਪਿਉ ਅੰਦਰ ਆਉਂਦਾ ਤੇ ਕੁੜ ਕੁੜ ਕਰਦਾ, ਖਪਦਾ ਕ੍ਰਿਝਦਾ ਬਾਹਰ ਨਿਕਲ ਜਾਂਦਾ। "ਅੱਗ ਲੱਗ ਗਈ ਹੈ, ਹਨੇਰ ਸਾਈਂ ਦਾ, ਮਾਰ ਵੱਗ ਗਈ ਹੈ, ਨਾ ਮਾਂ ਦਾ ਡਰ ਹੈ , ਨਾ ਪਿਉ ਦਾ ਹਯਾ ਹੈ। ਖਤਰੀਆਂ ਦੇ ਪੁਤਰ ਉਸ ਦੇ ਖਿਆਲ ਵਿਚ ਦੇਵਤੇ ਹੁੰਦੇ ਹਨ, ਪੜ੍ਹਨ ਵਿਚ ਜਮਾਤ ਵਿਚ ਹਮੇਸ਼ਾਂ ਅੱਵਲ, ਗਊ ਵਾਂਗ ਚੁਪ ਚੁਪਾਤੇ, ਭਲੇ ਮਾਣਸ, ਕਿਸੇ ਵਲ ਅੱਖ ਪਰਤ ਕੇ ਨਾ ਵੇਖਣ, ਸਾਰਾ ਸਾਰਾ ਦਿਨ ਸਕੂਲ ਪੜ੍ਹਕੇ ਆਉਣ, ਫੇਰ ਘਰ ਦੇ ਨਿਕੇ ਚੁਕੇ ਕੰਮ ਤੋਂ ਕਦੀ ਇਨਕਾਰ ਨਾ ਕਰਨ। ਮੱਝ ਦਾ ਗੁਤਾਵਾ ਵੀ ਕਰਨ, ਪੱਠੇ ਵੀ ਜੇ ਲੋੜ ਹੋਣ ਆਪ ਹੀ ਫਸਲਾਂ ਵਿਚੋਂ ਕੱਢ ਲਿਆਣ, ਗੁਰਦਵਾਰੇ ਪ੍ਰਸ਼ਾਦੀ ਦੇ ਆਉਣ, ਭੈਣ ਵਿਹਲੀ ਨਾ ਹੋਵੇ ਤਾਂ ਮਾਂ ਲਈ ਤਨੂਰ ਵਿਚ ਝੁਲਕਾ ਵੀ ਪਾ ਦੇਣ। ਕਪੜੇ ਆਪਣੇ ਆਪ ਧੋਣ, ਲੱਸੀ ਨਾਲ ਰੋਟੀ ਖਾ ਕੇ ਸਕੂਲੇ ਚਲੇ ਜਾਣ, ਕਦੀ ਸ਼ਕਾਇਤ ਨ ਕਰਨ, ਵੱਡੇ ਭਰਾ ਦੇ ਤੰਗ ਹੋਏ, ਬੂਟ ਪਾ ਲੈਣ, ਬਾਹਰੋਂ ਬੇਰ ਤੋੜ ਲਿਆਉਣ ਪਰ ਕਪੜੇ ਨਾ ਪਾੜਨ ਇਤਿ ਆਦਿ।"

ਤੇਰਾਂ ਚੌਦਾਂ ਸਾਲ ਦੀ ਉਮਰ ਦਾ ਬੱਚਾ ਪ੍ਰਫੂਲ ਬੜਾ ਪਰੇਸ਼ਾਨ ਸੀ। ਉਸ ਦੇ ਦਿਲ ਦੀ ਅਛੋਹ ਕੋਮਲਤਾ ਉਸ ਨੂੰ ਘੁਟੀਂਦੀ ਦਬੀਂਦੀ ਲਗਦੀ ਸੀ। "ਖਤ੍ਰੀਆਂ ਦੇ ਪੁਤ੍ਰ" ਉਸ ਦਾ ਪਿਉ ਉਸ ਨੂੰ ਕਹਿੰਦਾ ਸੀ, ਕਦੀ ਝੂਠ ਨਹੀਂ ਬੋਲਦੇ , ਬਾਜ਼ਾਰ ਕਦੀ ਪੈਸਾ ਨਹੀਂ ਖਰਚਦੇ, ਮਾਂ ਪਿਉ ਦਾ ਹਮੇਸ਼ ਕਹਿਣਾ ਮੰਨਦੇ ਹਨ, ਰਾਤੀਂ ਛੇਤੀ ਸੌਂਦੇ ਹਨ, ਸਵੇਰੇ ਜਲਦੀ ਉਠਦੇ ਹਨ, ਦੂਜੇ ਕਿਸੇ ਦੀ ਜੀਜ਼ ਵਲ ਅੱਖ ਪਰਤ ਕੇ ਨਹੀ ਵੇਖਦੇ।" ਤੇ ਹੋਰ ਕਿਨਾਂ ਕੁਝ।

"ਨਿਕਿਆਂ ਹੁੰਦਿਆਂ," ਉਸ ਦਾ ਸਜਰਾ ਰੀਟਾਇਰ ਹੋਇਆ ਪਿਉ, ਜਦੋਂ ਕਦੀ ਵੀ ਉਮ ਨੂੰ ਗੁਸਾ ਆਉਂਦਾ, ਦਸਿਆ ਕਰਦਾ ਸੀ, "ਮਜਾਲ ਗਈ ਹੈ ਕਦੀ ਸਾਡੀ ਜ਼ਬਾਨ ਤੇ ਗਾਲ੍ਹ ਆਈ ਹੋਵੇ, ਵੱਡਿਆਂ ਦੇ ਸਾਹਮਣੇ ਦਮ ਖ਼ੁਸ਼ਕ ਹੋ ਜਾਂਦਾ ਸੀ। ਘਰ ਦੀ ਲੂਣੀ ਮਿੱਸੀ ਖਾ ਕੇ ਗੁਜ਼ਾਰਾ ਕਰ ਲਈਦਾ ਸੀ, ਆਪਣੇ ਮੈਲ ਖੋਰੇ ਕਪੜੇ ਪਾਈਦੇ ਸੀ। ਕਦੀ ਇਹ ਭੈੜੇ ਫ਼ੈਸ਼ਨ ਨਹੀਂ ਸਨ ਕੀਤੇ।"

ਉਸ ਦਾ ਪਿਉ ਸਾਰੀ ਉਮਰ ਫ਼ੌਜ ਵਿਚ ਰਿਹਾ ਸੀ। ਮਾਮੂਲੀ ਸਿਪਾਹੀ ਤੋਂ ਡਰ ਡਰ ਕੇ, ਜੀ ਹਜ਼ੂਰ ਜੀ ਹਜ਼ੂਰ ਕਰ ਕਰ ਕੇ ਤੇ ਹਮੇਸ਼ ਵਕਤ ਸਿਰ ਬੈਠ ਕੇ ਵਕਤ ਸਿਰ ਉਨ ਕੇ ਉਹ ਹਵਾਲਦਾਰ ਹੋਇਆ ਸੀ ਤੇ ਇਤਨੇ ਚਿਰ ਵਿਚ ਉਸ ਦੇ ਵਾਲ ਭੂਰੇ ਪੈ ਗਏ ਸਨ, ਉਸ ਦੀਆਂ ਅੱਖਾਂ ਚਿਮਚਿਮੀਆਂ ਹੋ ਗਈਆਂ ਸਨ, ਨਾਲ ਦੇ ਉਸ ਨੂੰ 'ਬਾਬਾ ਬਾਬਾ' ਕਰ ਕੇ ਸਦਣਾ ਸ਼ੁਰੂ ਹੋ ਗਏ ਤੇ ਫੇਰ ਉਹ ਰੀਟਾਇਰ ਹੋ ਗਿਆ। ਜਿਨ੍ਹਾਂ ਜਿਨ੍ਹਾਂ ਪਲਟਨਾਂ ਵਿਚ ਉਸ ਦੀ ਬਦਲੀ ਹੋਈ ਅਕਸਰ ਉਹ ਨਿੱਕੀਆਂ ਨਿੱਕੀਆਂ ਛਾਵਣੀਆਂ ਵਿਚ ਹੀ ਰਹੀਆਂ।

ਪ੍ਰਤੂਲ ਪਰੇਸ਼ਾਨ ਸੀ। ਉਸ ਦੀਆਂ ਕਿਤਾਬਾਂ ਵਿਚ ਦੇਵਤੇ ਪਰੀਆਂ ਤੇ ਮੋਹਤ ਹੁੰਦੇ ਸਨ, ਰੱਬ ਨੂੰ ਗੁੱਸਾ ਚੜ੍ਹਦਾ ਸੀ, ਭਰਾ ਭਰਾਵਾਂ ਨਾਲ ਲੜਦੇ ਸਨ, ਮਾਵਾਂ ਪੁਤਰਾਂ ਨੂੰ ਬਨਬਾਸ ਭੇਜਦੀਆਂ ਸਨ, ਫੁੱਲ ਹੱਸਦੇ ਸਨ, ਬਦਲ ਗੱਜਦੇ ਸਨ, ਬਿਜਲੀਆਂ ਚਮਕਦੀਆਂ ਸਨ।

ਸਭ ਮੁੰਡੇ ਲੋੜ ਪਵੇ ਤਾਂ ਝੂਠ ਬੋਲਦੇ ਸਨ। ਨਿੱਕੀ ਨਿੰਕੀ ਗਲ ਤੇ ਲੜ ਪੈਂਦੇ ਸਨ। ਮਾਸਟਰ ਖ਼ੁਦ ਗਾਲ੍ਹੀਆਂ ਕਢਦਾ ਸੀ, ਜਦੋਂ ਮਾਸਟਰ ਬੀਮਾਰ ਹੋਏ,ਦੇਰ ਨਾਲ ਆਉਂਦਾ ਸੀ, ਜਲਦੀ ਛੁਟੀ ਕਰ ਜਾਂਦਾ ਸੀ।

ਪਰ ਸਜਰਾ ਰੀਟਾਇਰ ਹੋਇਆ ਪਿਉ ਉਸ ਦਾ ਬਿਲਕੁਲ ਭਲਾ ਮਾਣਸ ਸੀ, ਨਿੱਕਿਆਂ ਹੁੰਦਿਆਂ ਵੀ ਉਹ ਭੋਲਾ ਭਾਲਾ ਸੀ, ਆਪਣੇ ਕੰਮ ਨਾਲ ਉਸ ਨੂੰ ਮਤਲਬ ਹੁੰਦਾ ਸੀ, ਗਉ ਗਣੇਸ਼, ਚੁਪਚੁਪੀਤਾ, ਹਥ ਲਾਇਆਂ ਮੈਲਾ ਹੁੰਦਾ ਸੀ ਉਸ ਦਾ ਦਿਲ ਅਛੋਹ, ਕੰਵਾਰਾ।

ਪ੍ਰਤੂਲ ਕਈ ਵਾਰ ਕਲ-ਮੁਕੱਲਿਆਂ ਬੈਠ ਕੇ ਸੋਚਿਆ ਕਰਦਾ ਸੀ ਕਿ ਆਪਣੇ ਬਚਪਨ ਵਿਚ ਪਿਉ ਕਿਸ ਤਰ੍ਹਾਂ ਦਾ ਮੁੰਡਾ ਹੋਵੇਗਾ: ਸਾਫ ਸੁਥਰੇ ਕਪੜੇ ਪਾਏ, ਨਿਕਾ ਜਿਹਾ, ਮੂੰਹ ਵਿਚ ਜਿਸ ਦੇ ਜ਼ਬਾਨ ਨਹੀਂ, ਵਕਤ ਸਿਰ ਸਕੂਲ ਆਂਦਾ ਹੈ, ਵਕਤ ਸਿਰ ਘਰ ਜਾਂਦਾ ਹੈ, ਕਦੀ ਕਿਸੇ ਦਾ ਕਹਿਣਾ ਨਹੀਂ ਮੋੜਦਾ, ਨਾ ਰੁਸਦਾ ਹੈ, ਨਾ ਰੋਂਦਾ ਹੈ, ਕੋਈ ਗਾਲ੍ਹ ਕਢ ਲਵੇ ਜਵਾਬ ਨਹੀਂ ਦਿੰਦਾ, ਕੋਈ ਮਾਰ ਲਵੇ ਚੁਪ ਰਹਿੰਦਾ ਹੈ। ਇਹ ਸੋਚਦਿਆਂ ਉਸਨੂੰ ਇਉਂ ਲਗਦਾ ਜਿਸ ਤਰ੍ਹਾਂ ਤੂੰ ਦੇ ਗੋਹੜਿਆਂ ਦਾ ਬਣਿਆ ਕੋਈ ਛੋਟਾ ਜਿਹਾ ਇਨਸਾਨ ਹੈ ਜਿਸ ਵਿਚ ਆਪਣਾ ਜ਼ੋਰ ਸਤ ਨਹੀਂ, ਹਵਾ ਦੇ ਝੋਕਿਆਂ ਨਾਲ ਇਧਰ ਉਧਰ ਪਿਆ ਫਿਰਦਾ ਹੁੰਦਾ ਹੈ।

ਹਰ ਰੋਜ਼ ਜਦੋਂ ਉਹ ਸਵੇਰੇ ਉਨਦਾ ਪ੍ਰਤੂਲ ਪ੍ਰਣ ਕਰਦਾ ਕਿ ਉਹ ਇਨ ਬਿਨ ਉਂਜ ਬਣਨ ਦੀ ਕੋਸ਼ਸ਼ ਕਰੇਗਾ, ਜਿਸ ਤਰ੍ਹਾਂ ਨਿਕਿਆਂ ਹੁੰਦਿਆਂ ਉਸ ਦਾ ਪਿਉ ਹੁੰਦਾ ਸੀ। ਹਰ ਹੀਲਾ ਕਰਨ ਤੇ ਵੀ ਉਸ ਤੋਂ ਉਂਜ ਹੋਇਆ ਨਾ ਜਾਂਦਾ। ਅਡੋਲ ਸੁਤੇ ਸਿਧ ਨਿਕੇ ਨਿਕੇ ਝੂਠ

ਉਸਤੋਂ ਬੋਲੇ ਜਾਂਦੇ, ਬਿਲਕੁਲ ਮਾਸੂਮ ਜਿਹੇ ਜਿਨ੍ਹਾਂ ਨਾਲ ਕਿਸੇ ਨੂੰ ਕੋਈ ਨੁਕਸਾਨ ਨਹੀਂ ਸੀ ਭਾਵੇਂ ਹੁੰਦਾ, ਇਕ ਦੋ ਗਾਲ੍ਹੀਆਂ ਸਨ ਜਿਹੜੀਆਂ ਜਦੋਂ ਵੀ ਉਸ ਨੂੰ ਗੁਸਾ ਆਉਂਦਾ ਫੜੁਤ ਕਰਕੇ ਉਸ ਦੇ ਮੂੰਹ ਵਿਚੋਂ ਨਿਕਲ ਜਾਂਦੀਆਂ ਸਨ, ਭਾਵੇਂ ਕਿਤਨਾ ਹੀ ਉਹ ਪਿਛੋਂ ਦੰਦੀਆਂ ਵਟਦਾ ਰਹਿੰਦਾ।

ਕਦੀ ਕਦੀ ਉਸ ਤੋਂ ਆਪਣੇ ਵਡਿਆਂ ਦਾ ਕਿਹਾ ਨਾ ਮੰਨਿਆ ਜਾਂਦਾ, ਕੁਝ ਦਿਨ ਆਪਣੇ ਭੈਣਾਂ ਭਰਾਵਾਂ ਨਾਲ ਉਹ ਲੜਦਾ ਨਾਂਹ ਤਾਂ ਉਸ ਦੇ ਪਾਸੇ ਜਿਸ ਤਰ੍ਹਾਂ ਅੰਬ ਜਾਂਦੇ ਸਨ ਤੇ ਫੇਰ ਹਰ ਰਵਾਦਾਰੀ ਇਖਤਿਆਰ ਕਰਨ ਤੇ ਵੀ ਚੰਡ ਚੰਡੋਕਾ ਚਲ ਜਾਂਦਾ। ਜੇ ਉਹ ਬੀਮਾਰ ਹੁੰਦਾ ਉਸ ਦਾ ਕੁਨੀਨ ਖਾਣ ਤੇ ਜੀਅ ਨਾ ਕਰਦਾ। ਡਾਕਟਰ ਜਿਹੜੀਆਂ ਚੀਜ਼ਾਂ ਤੋਂ ਪਰਹੇਜ਼ ਕਹਿੰਦਾ, ਉਹੀ ਉਸ ਨੂੰ ਕਰਨ ਦੀ ਖਾਹਿਸ਼ ਹੁੰਦੀ।

ਇਤਨੇ ਚੰਗੇ ਪਿਉ ਦਾ ਪੁਤਰ ਪ੍ਰਤੂਲ ਆਪਣੇ-ਆਪ ਤੇ ਹੈਰਾਨ ਸੀ। ਕਿਤਨੀ ਕੋਸ਼ਸ਼ ਵੀ ਉਹ ਕਰਦਾ ਉਸ ਤੋਂ ਸੰਵਰਿਆ ਜਾ ਹੀ ਨਹੀਂ ਸੀ ਹੁੰਦਾ ਤੇ ਉਧਰ ਹਰ ਵੇਲੇ ਖਹੂੰ ਖਹੂੰ ਕਰਦੇ, ਕੁੜ ਕੁੜ ਕਰਦੇ ਉਸ ਦੇ ਸਜਰੇ ਰੀਟਾਇਰ ਹੋਏ ਪਿਉ ਦੇ ਲਫ਼ਜ਼ ਉਸ ਦੇ ਕੰਨਾਂ ਵਿਚ ਪੈਂਦੇ ਸਨ, 'ਅਗ ਲਗ ਗਈ ਹੈ, ਹਨ੍ਹੇਰ ਸਾਈਂ ਦਾ ...!

ਹਰ ਰੋਜ਼ ਦੀ ਇਸ ਸੋਚ, ਹਰ ਘੜੀ ਦੀ ਇਸ ਪੜਤਾਲ ਤੇ ੧੩-੧੪ ਸਾਲ ਦੇ ਬੱਚੇ ਪ੍ਰਤੂਲ ਦੀ ਅਤਿ ਲਵੀ ਬੁਧੀ ਇਤਨੀ ਅਚੇਤ ਤੇ ਚੌਕੱਨੀ ਹੋ ਗਈ ਕਿ ਜਿਹੜਾ ਕਦਮ ਉਹ ਚੁਕਦਾ, ਜਿਹੜੀ ਵਲ ਉਹ ਕਰਨ ਲਗਦਾ, ਉਸ ਦੇ ਧਿਆਨ ਵਿਚ ਉਸ ਦਾ ਪਿਤਾ ਹੁੰਦਾ ਤੇ ਜੀਣਾ ਉਸ ਲਈ ਮੁਸ਼ਕਲ ਹੋ ਗਿਆ।

ਝੂਠ ਸ਼ਾਇਦ ਜ਼ਿੰਦਗੀ ਵਿਚ ਉਤਨਾ ਹੀ ਸਗੋਂ ਉਸ ਤੋਂ ਜ਼ਿਆਦਾ ਜ਼ਰੂਰੀ ਹੈ ਜਿਤਨਾ ਕਿ ਸੱਚ। ਕਿਉਂਕਿ ਮੁੰਡੇ ਇਕ ਦੂਜੇ ਨੂੰ ਗਾਲ੍ਹੀਆਂ ਕਢਦੇ ਸਨ, ਉਸ ਨੇ ਉਨ੍ਹਾਂ ਦੇ ਸੰਗ ਤੋਂ ਕਤਰਾਣਾ ਸ਼ੁਰੂ ਕਰ ਦਿਤਾ, ਭੈਣ ਭਰਾਵਾਂ ਵਿਚ ਬੈਠਿਆਂ ਆਮ ਕਰਕੇ ਲੜਾਈ ਹੋ ਜਾਂਦੀ ਸੀ, ਸੋ ਉਹ ਇਕਲਵੰਜੇ ਪਿਆ ਰਹਿੰਦਾ। ਜਿਹੜਾ ਮਾਂ ਪਿਉ ਘਰ ਦਾ ਕੰਮ ਕਹਿੰਦੇ ਚੁਪ ਚੁਪੀਤਾ ਉਹ ਵੀ ਕਰ ਲੈਂਦਾ, ਸਕੂਲ ਦੇ ਸਬਕ ਨੂੰ ਵੀ ਯਾਦ ਕਰ ਲੈਂਦਾ ਤੇ ਫੇਰ ਵੀ ਵਕਤ ਬਚ ਜਾਂਦਾਂ। ਪ੍ਰਤੂਲ ਕਲ ਮੁਕੱਲਾ ਲੇਟਿਆ ਸੋਚਦਾ ਰਹਿੰਦਾ।

ਆਪਣੇ ਦਿਲ ਨਾਲ ਉਹ ਫ਼ੈਸਲਾ ਕਰਦਾ ਕਿ ਅਗਲੇ ਦੋ ਘੰਟਿਆਂ ਵਿਚ ਉਹ ਕਿਸੇ ਨਾਲ ਉਚਾ ਨਹੀਂ ਬੋਲੇਗਾ. ਕਿਸੇ ਵਲ ਅੱਖ ਪਰਤ ਕੇ ਨਹੀਂ ਵੇਖੇਵਾ। ਸਭ ਦਾ ਕਿਹਾ ਮੰਨੇਗਾ, ਇਨ ਬਿਨ ਇੰਝ ਹੋਵੇਗਾ ਜਿਵੇਂ ਉਸ ਦੇ ਪਿਤਾ ਨੇ ਆਪਣੇ ਬਚਪਨ ਨੂੰ ਚਿਤ੍ਰਿਆ ਸੀ। ਤੇ ਫੇਰ ਜਦੋਂ ਉਹ ਦੋ ਘੰਟੇ ਬਤੀਤ ਜਾਂਦੇ ਤਾਂ ਉਹ ਅਗਲੇ ਦੋ ਘੰਟਿਆਂ ਲਈ ਪ੍ਰਣ ਕਰ ਲੈਂਦਾ।

ਇਹ ਅਤਿ ਕਠਨ ਤਪ ਕੋਈ ਚਾਰ ਰੋਜ਼ ਹੀ ਪੂਤੂਲ ਕਰ ਸਕਿਆ। ਉਸ ਨੂੰ ਬੁਖ਼ਾਰ ਹੋਣ ਲਗ ਪਿਆ। ਬੁਖਾਰ ਵੀ ਇਤਨਾ ਕਿ ੧੦੫-੧੦੬ ਤਕ ਚੜ੍ਹ ਜਾਂਦਾ। ਆਪਣੀਆਂ ਕੁਲ ਤਾਕਤਾਂ ਨੂੰ ਮਾਸੂਮ ਬੱਚੇ ਨੇ ਜਕੜ ਲਿਆ ਸੀ ਤੇ ਅਖੀਰ ਸਦੋਂ ਬੁਖ਼ਾਰ ਹੋਰ ਉਤੇ ਗਿਆ ਉਸ ਨੇ ਵਾਵੇਲੀਆਂ ਲੈਣੀਆਂ ਸੁਰੂ ਕਰ ਦਿਤੀਆਂ, ਮੈਂ ਚੰਗਾ ਮੁੰਡਾ ਕਿਉਂ ਨਹੀਂ ਹੋ ਸਕਦਾ? ਕਿਉਂ ਮੇਰੇ ਮੂੰਹ ਤੋਂ ਗਾਲ੍ਹਾਂ ਨਿਕਲ ਜਾਂਦੀਆਂ ਹਨ? ਮੈਥੋਂ ਝੂਠ ਕਈ ਵਾਰ ਕਿਉਂ ਬੋਲਿਆ ਜਾਂਦਾ ਹੈ? ਸਾਡੇ ਜ਼ਮਾਨੇ ਨੂੰ ਕਿਉਂ ਅੱਗ ਲਗ ਗਈ ਹੈ?"

ਤੇ ਇਸ ਤਰ੍ਹਾਂ ਉਹ ਬੋਲਦਾ ਰਿਹਾ, ਬੋਲਦਾ ਰਿਹਾ, ਉਸ ਦੇ ਦਿਲ ਦੀ ਸਾਰੀ ਭੜਾਸ ਨਿਕਲ ਗਈ। ਕੁਝ ਚਿਰ ਬਾਅਦ ਜਦੋਂ ਉਸ ਦਾ ਬੁਖ਼ਾਰ ਹਲਕਾ ਹੋਇਆ ਕੋਲ ਮੰਜੀ ਤੇ ਬੈਠੇ ਉਸ ਦੇ ਪਿਉ ਦੀਆਂ ਅੱਖਾਂ ਵਿਚ ਸ਼ਰਮ ਦੇ ਹੰਝੂ ਭਰੇ ਹਏ ਸਨ। ਨਿਕਿਆਂ ਹੁੰਦਿਆਂ ਤੇ ਹੁਣ ਵੀ ਉਹ ਝੂਠ ਬੋਲਦਾ ਸੀ ਆਪ ਕਈ ਵਾਰ ਉਸ ਨੇ ਸਕੂਲ ਘੁਸਾਇਆ ਸੀ, ਇਹੋ ਜਹੀਆਂ ਸਰਾਰਤਾਂ ਕੀਤੀਆਂ ਸਨ ਜਿਹੜੀਆਂ ਅਜ ਕਲ ਦੇ ਬਚਿਆਂ ਦੇ ਚਿਤ ਚੇਤੇ ਤਕ ਨਹੀਂ ਆਂਦੀਆਂ। ਕਦੀ ਮਾਂ ਪਿਉ ਦਾ ਉਸ ਕਹਿਣਾ ਨਹੀਂ ਸੀ ਮੰਨਿਆ, ਰੋਜ਼ ਮਾਸਟਰ ਤੋਂ ਕੁਟਾਈ ਖਾਂਦਾ। ਛੇ ਛੇ ਮਹੀਨੇ ਸਰਦੀਆਂ ਦੇ ਨਹਾਂਦਾ ਨਹੀਂ ਸੀ, ਲੜ ਭਿੜ ਕੇ ਹਰ ਰੋਜ਼ ਲਿਮ੍ਹਾਂ ਖੁਹਾ ਕੇ ਘਰ ਆ ਵੜਦਾ ਸੀ, ਘਰ ਦੀ ਪੱਕੀ ਭਾਜੀ ਕਦੀ ਉਸ ਨੂੰ ਚੰਗੀ ਨਹੀਂ ਸੀ ਲਗਦੀ। ਚੋਰੀ ਕਰਦਾ ਸੀ, ਭੈਣਾਂ ਭਰਾਵਾਂ ਨੂੰ ਗਾਹਲਾਂ ਕਢਦਾ ਸੀ, ਮਾਰਦਾ ਸੀ, ਕੁਟਦਾ ਸੀ, ਮਾਂ ਦੀਆਂ ਸ਼ਕਾਇਤਾਂ ਕਰਦਾ ਸੀ, ਪਿਉ ਦੀਆਂ ਨਕਲਾਂ ਸਭ ਦੇ ਸਾਹਮਣੇ ਲਾਂਹਦਾ ਸੀ ਤੇ ਹੋਰ ਕਿਨਾਂ ਕੁਝ।

11.1 Phrases

ਹਨੇਰ ਸਾਈਂ ਦਾ	lit. "darkness of the Lord", What is the world coming to?
ਅੱਖ ਪਰਤਕੇ ਨਾ ਵੇਖਣ	1) to be shy 2)to pay no attention
ਕਹਿਣਾ ਮੰਨਦੇ ਹਨ	obey
ਆਪਣੇ ਕੰਮ ਨਾਲ ਉਸਨੂੰ ਮਤਲਬ ਹੁੰਦਾ ਸੀ	he meant business, he cared for his own work
ਕਹਿਣਾ ਨਹੀਂ ਮੋੜਦਾ	does not disobey
ਕਿਤਨਾ ਹੀ ਉਹ ਪਿਛੇ ਦੰਦੀਆਂ ਵਟਦਾ ਰਹਿੰਦਾ	no matter how much he would gnash his teeth (repent) later
ਚੰਡ ਚੰਡੋਕਾ ਚਲ ਜਾਂਦਾ	fight would take place
ਆਪਣੇ-ਆਪ ਤੇ	at himself
ਚਿਤ ਚੇਤੇ ਤਕ ਨਹੀਂ ਆਂਦੀਆਂ	are not even dreamt of

ਕੁਟਾਈ ਖਾਂਦਾ	would take a beating
ਛੇ ਛੇ ਮਹਿਨੇ	for six months (in a row, repeatedly)
ਤੇ ਹੋਰ ਕਿੰਨਾ ਕੁਝ	and so many other things

11.2 Vocabulary

ਅਖੀਰ ਜਦੋਂ	at last
ਅੱਗ ਲੱਗਣਾ	to catch fire
ਅਚੇਤ	unconscious
ਅਛੋਹ	untouched
ਅਡੋਲ	fixed, not moving
ਅਧ ਖ਼ੜ	middle-aged
ਖਿਝਣਾ, ਖਿਝ ਜਾਣਾ	to become irritated
ਅੱਵਲ	first, on the top
ਇਕਲਵੰਜਾ	retirement, privacy (m.)
ਇਨਕਾਰ	refusal (m.)
ਸ਼ਕਾਇਤ	complaint (f.)
ਸਤ	truth, strength (m.)
ਸਰਜਾ	fresh, freshly
ਸਰਦੀ	winter (f.)
ਸ਼ਰਾਰਤ	naughtiness (f.)
ਸੰਵਰਨਾ	to improve oneself
ਸਾਈਂ	God, Lord, master (m.)
ਸਾਫ਼-ਸੁਥਰਾ	clean
ਸਿਧ	simple
ਸਿਪਾਹੀ	soldier (m.)
ਸੋਚ	worry (m.)
ਹਮੇਸ਼	= ਹਮੇਸ਼ਾ
ਹਯਾ	shame (f.)

ਹਵਾਲਦਾਰ	sergeant (m.)
ਹੀਲਾ	job (m.)
ਕਤਰਾਉਣਾ	to avoid
ਕਦਮ	step (m.)
ਕੰਨ	ear (m.)
ਕ੍ਰਿਝਣਾ	to be angry
ਕਲ-ਮੁਕੱਲਿਆਂ	alone
ਕੰਵਾਰਾ	bachelor (unspoiled person) (m.)
ਕੁਟਾਈ	beating (f.)
ਕੁਨੀਨ	quinine (f.)
ਕੁੜ ਕੁੜ ਕਰਨਾ	to gripe
ਕੋਮਲਤਾ	tenderness (f.)
ਖਹੂੰ ਖਹੂੰ ਕਰਨਾ	to cough
ਖਤਰੀ	Kšatri:ya, member of warrior caste (m.)
ਖਪਣਾ	to wear oneself out
ਖਾਹਿਸ਼	desire (f.)
ਖੁਸ਼ਕ	dry
ਖ਼ੁਦ	self
ਖੋਰਨਾ	to melt, dissolve
ਗਊ	cow (f.)
ਗਊ-ਗਣੇਸ਼	innocent
ਗਣੇਸ਼	a Hindu deity (m.)
ਗਾਲ੍ਹ	abuse, curse word (f.)
ਗੋਹੜਾ	pile of carded cotton (m.)
ਘੜੀ	period of 3/8 of an hour (f.)
ਘੁਸਾਉਣਾ	to deceive ਸਕੂਲ ਘੁਸਾਉਣਾ to play hooky
ਘੁਟਾਉਣਾ	to suffocate, to choke (trans.)
ਚੰਡਚੰਡੋਕਾ	fighting and hitting, etc. (m.)
ਚਿਮਚਿਮਾ	dim

ਚੌਕੰਨਾ	alert
ਛਾਵਣੀ	cantonment (f.)
ਜਕੜਨਾ	to grip
ਜਮਾਤ	class (f.)
ਜਲਦੀ	quickly, early
ਜੀ ਹਜੂਰ ਕਰਨਾ	to be a yes-man
ਜੀਣਾ	= ਜੀਉਣਾ
ਝੁਲਕਾ	fuel (m.)
ਝੋਕਾ	gust of wind (m.)
ਤੰਗ	tight
ਤਨੂਰ	hearth (m.)
ਤਪ	penance (m.)
ਦਬਾਉਣਾ	to press
ਨਕਲ	copy, mimicry (f.)
ਨਿਕੇ-ਚੁਕੇ	small or big, odds and ends
ਪੱਕਣਾ	to cook
ਪੱਠਾ	young he-goat (m.)
ਪ੍ਰਸ਼ਾਦੀ	food (f.)
ਪਰਹੇਜ਼	abstention (m.)
ਪਰੀ	fairy (f.)
ਪਲਟਨ	platoon (f.)
ਪੜਤਾਲ	search (f.)
ਫ਼ਸਲ	harvest (f.)
ਕਫੁਤ ਕਰਕੇ	unwittingly
ਫ਼ੈਸ਼ਨ	fashion (m.)
ਬਚਪਨ	childhood (m.)
ਬਣਿਆ	trader, member of trading caste (m.)
ਬਤੀਤ	past

ਬਦੱਲ	cloud (m.)		
ਬਦਲੀ	transfer (f.)		
ਬੁਧੀ	intellect (f.)		
ਬੂਟ	shoes (m.)		
ਬੇਰ	a kind of plum (m.)		
ਭੜਾਸ	steam (f.)		
ਭਾਜੀ	vegetable (f.)		
ਭੂਰਾ	gray, white		
ਭੋਲਾ ਭਾਲਾ	innocent		
ਮੱਝ	she-buffalo (f.)		
ਮਾਸੂਮ	innocent		
ਮਾਣਸ	man (m.)		
ਮਾਮੂਲੀ	ordinary		
ਮਾਰ	blow (f.)		
ਮੈਲ	dirt, filth (f.)		
ਮੋਹਤ	attracted		
ਰਵਾਦਾਰੀ	caution (f.)		
ਰੀਟਾਇਰ ਹੋਣਾ	to retire		
ਰੁਸਣਾ	to pout, sulk		
ਰੂੰ	cotton (m.)		
ਲਵਾ	a small bird (m.)	ਲਵੀ ਬੁਧੀ	small mind
ਲੜ ਭਿੜ ਕੇ	having fought		
ਲਿਮ੍ਹਾਂ ਖੁਹਾਉਣਾ	to give a beating		
ਲੂਣਾ	(bread) without vegetables, meat, etc. (lit., salty)		
ਵੱਟਣਾ	to twist (here, to grind)		
ਵ[illegible]	hair (m.)		
ਵਾਵੇਲੀ	moaning (f.)		

11.3 Answer the following questions in Panjabi:

੧. "ਅੱਗ ਲਗ ਗਈ ਹੈ ਜਮਾਨੇ ਨੂੰ" ਕੌਣ ਕਹਿੰਦਾ ਸੀ?

੨. ਖਤਰੀ ਦੇ ਬੱਚੇ ਲਈ ਪਿਉ ਨੇ ਕੀ ਕੁਝ ਕਿਹਾ?

੩. ਰੀਟਾਇਰ ਪਿਉ ਨੇ ਆਪਣੇ ਬੱਚਪਨ ਦੇ ਬਾਰੇ ਹੋਰ ਕੀ ਦੱਸਿਆ?

੪. ਰੀਟਾਇਰ ਪਿਉ ਸਾਰੀ ਉਮਰ ਕਿੱਥੇ ਰਿਹਾ ਸੀ?

੫. ਪ੍ਰਤੂਲ ਕਿਉਂ ਪ੍ਰੇਸ਼ਾਨ ਸੀ?

੬. ਸਕੂਲ ਦਾ ਮਾਸਟਰ ਕੀ ਕਰਦਾ ਸੀ?

੭. ਪ੍ਰਤੂਲ ਦੀਆਂ ਕਿਤਾਬਾਂ ਵਿਚ ਕੀ ਲਿਖਿਆ ਹੋਇਆ ਸੀ?

੮. ਪ੍ਰਤੂਲ ਕੱਲਾ ਬੈਠ ਕੇ ਆਪਣੇ ਪਿਉ ਬਾਰੇ ਕੀ ਸੋਚਦਾ ਸੀ?

੯. ਪ੍ਰਤੂਲ ਕਿਵੇਂ ਬਣਨ ਦੀ ਕੋਸ਼ਸ਼ ਕਰਦਾ ਸੀ?

੧੦. ਕੋਸ਼ਸ਼ ਕਰਨ ਤੋਂ ਬਾਦ ਵੀ ਪ੍ਰਤੂਲ ਆਪਣੇ ਪਿਉ ਵਰਗਾ ਕਿਵੇਂ ਨਹੀਂ ਬਣ ਸਕਿਆ?

੧੧. ਬਿਮਾਰ ਹੋ ਕੇ ਉਹਦਾ ਮਨ ਕੀ ਕਰਨ ਨੂੰ ਕਰਦਾ ਸੀ?

੧੨. ਪ੍ਰਤੂਲ ਲਈ ਜੀਣਾ ਕਿਉਂ ਮੁਸ਼ਕਲ ਹੋ ਗਿਆ?

੧੩. ਪ੍ਰਤੂਲ ਕਿਵੇਂ ਕਹਿਣ ਲਗ ਪਿਆ?

੧੪. ਪ੍ਰਤੂਲ ਨੇ ਦੋ ਘੰਟੀਆਂ ਲਈ ਕੀ ਪ੍ਰਣ ਕੀਤਾ ?

੧੫. ਚੰਗੇ ਬਣਨ ਦਾ ਤਪ ਪ੍ਰਤੂਲ ਕਿਤਨੇ ਦਿਨ ਕਰ ਸਕਿਆ ?

੧੬. ਪ੍ਰਤੂਲ ਨੂੰ ਕਿਤਨਾ ਬੁਖਾਰ ਕਦੋਂ ਹਲਕਾ ਹੋਇਆ?

੧੪. ਪ੍ਰਤੂਲ ਦਾ ਪਿਉ ਦੀਆਂ ਅੱਖਾਂ ਵਿਚ ਹੰਝੂ ਕਿਉਂ ਸਨ?

੧੫. ਉਹਦਾ ਪਿਉ ਨਿਕਿਆਂ ਹੁੰਦਿਆਂ ਕੀ ਕਰਦਾ ਸੀ?

੧੬. ਪ੍ਰਤੂਲ ਦਾ ਪਿਉ ਆਪਣੇ ਸਕੂਲ ਵਿਚ ਕੀ ਕਰਦਾ ਸੀ?

੧੭. ਪ੍ਰਤੂਲ ਦਾ ਪਿਉ ਆਪਣੇ ਮਾਂ ਪਿਉ ਨਾਲ ਕਿਵੇਂ ਸਲੂਕ ਕਰਦਾ ਸੀ? ਤੇ ਭੈਣਾਂ ਭਰਾਵਾਂ ਨਾਲ?

11.4 Fill in the blanks:

੧. —— ਸਾਈਂ ਦਾ, ਨਾ ਮਾਂ ਦਾ ਡਰ ਹੈ —— —— ਦਾ।

੨. —— ਸਾਲ —— ਉਮਰ ਦੀ —— ਪਰੇਸ਼ਾਨ ——।

੩. ਖਤ੍ਰੀਆਂ ਦੇ —— ਸਵੇਰੇ —— ਉਠਦੇ ਹਨ।

੪. ਘਰ ਦੀ —— —— ਖਾ ਕੇ ਗੁਜਾਰਾ ਕਰ ——।

੫. ਮੇਰਾ —— ਸਾਰੀ ਉਮਰ —— ਰਿਹਾ ——।

੬. ਕਿਤਾਬਾਂ ਵਿਚ —— ਪਰੀਆਂ —— ਮੋਹਤ —— ਸਨ।

੭. ਨਿੱਕਿਆਂ —— ਵੀ ਉਹ —— ਭਾਲਾ ਹੈ।

੮. ਅਸੀਂ ਕਈ ਵਾਰ —— ਬੈਠ ਕੇ —— ਕਰਦੇ ਸਨ।

੯. ਉਹ ਕਦੀ —— ਦਾ ਕਹਿਣਾ —— ——।

੧੦. ਉਸਦਾ ਕੁਨੀਨ ਖਾਣ —— ਜੀਅ ਨਾ ——।

੧੧. ਚੰਗੇ ਪਿਉ ਦਾ ਪੁਤਰ ਨਾਨਕ —— ਤੇ ਹੈਰਾਨ ——।

੧੨. ਕਿਤਨੀ ਕੋਸ਼ਸ਼ —— ਉਹ ਕਰਦਾ ਉਸ —— ਸੰਵਰਿਆ ਜਾ —— ਨਹੀਂ —— ——।

੧੩. ਮੈਂ ਸਭ ਦਾ ਕਿਹਾ ——।

੧੪. ਉਸ ਨੂੰ ਬੁਖਾਰ —— —— ਪਿਆ।

11.5 Translate into Panjabi:

1. Neither parents nor teachers are feared.
2. They never refused to work.
3. They never told a lie, nor did they ever spend any money.
4. All his life he remained in college.
5. In front of his elders his courage would desert him.
6. All the children lied when it was necessary.
7. He always meant business.
8. From an early age he was innocent.
9. Sitting alone, he imagined what kind of a child his

father had been.

10. Sometimes he could not obey his elders.

11. To lie is as necessary for life as to speak the truth.

12. He decided in his heart that he would not go anywhere for two days.

13. He began to come down with a fever.

14. He did so many naughty things which today's children cannot even think of.

15. He beat his brothers, cursed them, and complained about them.

11.6 Learn the following related words:

ਕਦ	when?
ਕਦ ਕਦ	seldom
ਕਦੀ (ਕਦੇ)	sometimes, ever
ਕਦੀ ਕਦੀ	sometimes, now and then
ਕਦੀ ਨਾ ਕਦੀ	sometime or other
ਕਦੀ ਨਹੀਂ	never, not at all
ਕਦੀ ਦਾ/ਦੀ	long ago
ਕਦੀ ਵੀ	any time, whenever
ਕਦੋਂ	whence? when?

Give, by analogy, the meanings of the following and use them in your own sentences:

੧. ਕਿਸ
ਕਿਸ ਕਿਸ
ਕਿਸੇ
ਕਿਸੇ ਕਿਸੇ
ਕਿਸੇ ਨਹੀਂ
ਕਿਸੇ ਨਾ ਕਿਸੇ
ਕਿਸੇ ਵੀ

੨. ਕਿਥੇ
ਕਿਥੇ ਕਿਥੇ
ਕਿਥੇ ਨਹੀਂ
ਕਿਥੋਂ

੩. ਕਿਧਰ
ਕਿਧਰੇ
ਕਿਨਰੇ ਨਾ ਕਿਧਰੇ
ਕਿਧਰੇ ਨਹੀਂ
ਕਿਧਰੇ ਵੀ
ਕਿਧਰੋਂ

UNIT XII

ਰਿਆਸਤਾਂ ਦੀਆਂ ਅਦਾਲਤਾਂ ਅਤੇ ਮੈਜਿਸਟ੍ਰੇਟ

ਦੀਵਾਨ ਸਿੰਘ ਮਫ਼ਤੂਨ

ਨਵਾਬ ਸਾਹਿਬ ਬਹਾਵਲਪੁਰ ਦੀ ਦਾਦੀ ਨੇ ਈਦ ਦੇ ਦਿਨ ਆਪਣੀ ਪੋਤੀ ਭਾਵ ਨਵਾਬ ਸਾਹਿਬ ਦੀ ਭੈਣ ਨੂੰ ਈਦੀ ਦੇ ਤੌਰ 'ਤੇ ਇਕ ਪੰਨਾ ਦਿੱਤਾ। ਨਵਾਬ ਸਾਹਿਬ ਦੀ ਭੈਣ ਨੇ ਇਹ ਪੰਨਾ ਆਪਣੇ ਪਤੀ—ਇਨ੍ਹਾਂ ਦਾ ਨਾਂ ਮੈਨੂੰ ਚੇਤੇ ਨਹੀਂ ਰਿਹਾ , ਇਹ ਬਹਾਵਲ ਪੁਰ ਦੀ ਪਲਟਨ ਵਿਚ ਮੇਜਰ ਹਨ ਅਤੇ ਇਨ੍ਹਾਂ ਨੂੰ ਪਿਆਰ ਨਾਲ ਮੇਜਰ ਬਿੱਲਾ ਕਿਹਾ ਜਾਂਦਾ ਹੈ— ਨੂੰ ਦਿਤਾ। ਇਸ ਪੰਨੇ ਦਾ ਮੁੱਲ ਚਾਰ ਲੱਖ ਰੁਪਏ ਦੇ ਲੱਗ ਪੱਗ ਸੀ। ਮੇਜਰ ਬਿੱਲੇ ਨੇ ਇਹ ਪੰਨਾ ਬਹਾਵਲ ਪੁਰ ਦੇ ਇਕ ਸਥਾਨਕੀ ਜੌਹਰੀ ਨੂੰ ਦਿਖਾਇਆ ਅਤੇ ਪੁਛਿਆ ਕਿ ਕਿਸ ਮੁੱਲ ਦਾ ਹੈ ਤਾਂ ਉਸ ਜੌਹਰੀ ਨੇ ਇਸ ਦਾ ਮੁੱਲ ਸੋਲਾਂ ਹਜ਼ਾਰ ਰੁਪਏ ਦਸਿਆ। ਇਸ ਪਿਛੋਂ ਇਹ ਪੰਨਾ ਬਹਾਵਲ ਪੁਰ ਦੇ ਲਾਗੇ ਮੁਲਤਾਨ ਦੇ ਇਕ ਜੌਹਰੀ ਨੂੰ ਦਿਖਾਇਆ ਗਿਆ । ਤਾਂ ਉਸ ਨੇ ਵੀ ਇਹੋ ਸੋਲਾਂ ਸਤਾਰਾਂ ਹਜ਼ਾਰ ਰੁਪਏ ਮੁੱਲ ਦਸਿਆ। ਮੇਜਰ ਬਿੱਲਾ ਅਨਜਾਣ ਜਿਹੇ ਯੁਵਕ ਸਨ। ਉਨ੍ਹਾਂ ਨੇ ਇਸ ਪੰਨੇ ਨੂੰ ਵੇਚ ਦੇਣਾ ਚਾਹਿਆ। ਤਾਂ ਕੁਝ ਦਿਨ ਗੱਲ ਬਾਤ ਕਰਨ ਉਪਰੰਤ ਇਹ ਚਹੁੰ ਜੌਹਰੀਆਂ ਕੋਲ ਜਿਨ੍ਹਾਂ ਵਿਚ ਦੋ ਬਹਾਵਲਪੁਰ ਦੇ ਅਤੇ ਦੋ ਮੁਲਤਾਨ ਦੇ ਸਨ ਉੱਠੀ ਹਜ਼ਾਰ ਰੁਪਏ ਵਿਚ ਵੇਚ ਦਿਤਾ ਅਤੇ ਇਸ ਸੌਦੇ ਦਾ ਗਿਆਨ ਨਾ ਤਾਂ ਨਵਾਬ ਸਾਹਿਬ ਬਹਾਵਲਪੁਰ ਨੂੰ ਹੋਇਆ ਅਤੇ ਨਾ ਉਨ੍ਹਾਂ ਦੀ ਭੈਣ ਨੂੰ ਅਤੇ ਨਾ ਉਨ੍ਹਾਂ ਦੀ ਦਾਦੀ ਨੂੰ ਹੋਇਆ।

ਇਹ ਚਾਰੇ ਜੌਹਰੀ ਇਸ ਪੰਨੇ ਨੂੰ ਲੈ ਕੇ ਦਿੱਲੀ ਆਏ। ਉਨ੍ਹਾਂ ਨੇ ਦੋ ਜੌਹਰੀਆਂ ਨੂੰ ਦਿਖਾਇਆ। ਜੌਹਰੀ ਲੋਕ ਦੂਜਿਆਂ ਦਾ ਖੀਸਾ ਕੱਟਣ ਦੇ ਲਿਹਾਜ਼ ਨਾਲ ਬੜੇ ਹੁਸ਼ਿਆਰ ਹੁੰਦੇ ਹਨ। ਵੱਡੇ ਤੋਂ ਵੱਡੇ ਜਵਾਹਰ ਪਾਰਖੂ ਨੂੰ ਵੀ ਉੱਲੂ ਬਣਾ ਲੈਂਦੇਹਨ ਅਤੇ ਰਿਆਸਤਾਂ ਦੇ ਵਾਲੀਆਂ ਦੇ ਖੀਸਿਆਂ 'ਚੋਂ ਤਾਂ ਦਿੱਲੀ ਦੇ ਜੌਹਰੀ ਹਰ ਸਾਲ ਲੱਖਾਂ ਰੁਪਏ ਪ੍ਰਾਪਤ ਕਰਦੇ ਹਨ। ਦਿੱਲੀ ਦੇ ਇਨ੍ਹਾਂ ਜੌਹਰੀਆਂ ਨੇ ਇਸ ਪੰਨੇ ਦਾ ਮੁੱਲ ਚਾਲ੍ਹੀ ਪੰਜਾਹ ਹਜ਼ਾਰ ਰੁਪਏ ਤਕ ਦਸਿਆ। ਇਸ ਪਿਛੋਂ ਮੁਲਤਾਨ ਅਤੇ ਬਹਾਵਲਪੁਰ ਦੇ ਜੌਹਰੀ ਪੰਨੇ ਨੂੰ ਲੈ ਕੇ ਬੰਬਈ ਵਏ। ਉਥੋਂ ਦੇ ਜੌਹਰੀਆਂ ਨੂੰ ਵਿਖਾਇਆ ਗਿਆ ਤਾਂ ਇਸ ਤੋਂ ਕੁਝ ਵਧੇਰੇ ਰਕਮ ਦੱਸੀ ਗਈ। ਆਖ਼ਰ ਇਹ ਪੰਨਾ ਜੈ ਪੁਰ ਦੇ ਕਰੋੜ ਪਤੀ ਜੌਹਰੀ ਲਾਲਾ ਸੁੰਦਰ ਲਾਲ ਜੋ ਬੰਬਈ ਵਿਚ ਸੁੰਦਰ ਲਾਲ ਐਂਡ ਕੋ ਦੇ ਨਾਂ ਨਾਲ ਹੀਰਿਆਂ ਦਾ ਕੰਮ ਕਰਦੇ ਹਨ, ਇਹ ਪਝੱਤਰ ਹਜ਼ਾਰ ਰੁਪਏ ਵਿਚ ਵੇਚਿਆ ਗਿਆ।

ਪੰਨਾ ਬੰਬਈ ਵਿਚ ਵਿਕਿਆ ਸੀ ਕਿ ਮੁਲਤਾਨ ਦੇ ਜੌਹਰੀਆਂ ਵਿੱਚੋਂ ਇਕ ਨੇ ਜੋ ਕਾਫ਼ੀ ਹਿੱਸਾ ਨਾ ਮਿਲਣ ਜਾਂ ਕਿਸੇ ਦੂਜੇ ਕਾਰਨ ਆਪਣੇ ਸਾਥੀਆਂ ਤੋਂ ਬਦਦਿਲ ਹੋ ਗਿਆ ਇਕ ਖ਼ਤ ਰਾਹੀਂ ਨਵਾਬ ਸਾਹਿਬ ਬਹਾਵਲ ਪੁਰ ਨੂੰ ਸਾਰੀ ਘਟਨਾ ਦੀ ਸੂਚਨਾ ਦੇ ਦਿਤੀ। ਨਵਾਬ ਸਾਹਿਬ ਨੇ ਆਪਣੇ ਭਣਵਈਏ ਤੋਂ ਪੁਛਿਆ ਤਾਂ ਪਤਾ ਲੱਗਾ ਕਿ ਸਭ ਠੀਕ ਹੈ। ਇਕ ਤਾਂ ਕੀਮਤੀ ਵਸਤ ਤਾ ਕੌਡੀਆਂ ਦੇ ਭਾਅ ਵੇਚਿਆ ਜਾਣਾ ਦੂਜੇ ਉਨ੍ਹਾਂ ਦੇ ਗੌਰਵ ਦਾ ਪ੍ਰਸ਼ਨ। ਨਵਾਬ ਵਾਹਿਬ ਨੂੰ ਇਸ ਦਾ ਅਤੀ ਅਫ਼ਸੋਸ ਹੋਇਆ।

ਨਵਾਬ ਸਾਹਿਬ ਦੇ ਹੁਕਮ ਨਾਲ ਬਹਾਵਲ ਪੁਰ ਪੁਲੀਸ ਨੇ ਮੁਕੱਦਮੇ ਨੂੰ ਦਰਜ ਰਜਿਸਟਰ ਕੀਤਾ। ਮੁਕੱਦਮਾ ਦਰਜ ਹੋਣ ਪਿਛੋਂ ਜੌਹਰੀਆਂ 'ਤੇ ਧੋਖੇ ਅਤੇ ਅਮਾਨਤ ਵਿਚ ਖ਼ਿਆਨਤ ਆਦਿ ਦਾ ਮੁਕੱਦਮਾ ਕਾਇਮ ਕੀਤਾ ਗਿਆ ਅਤੇ ਕਾਗ਼ਜ਼ ਏਜੰਟ ਗਵਰਨਰ ਜਨਰਲ ਰਿਆਸਤਾਂ ਪੰਜਾਬ ਨੂੰ ਇਸ ਦਰਖ਼ਾਸਤ ਨਾਲ ਭੇਜੇ ਗਏ ਕਿ ਮੁਕੱਦਮੇ ਦਾ ਫ਼ੈਸਲਾ ਹੋਣ ਤਕ ਪੰਨੇ ਨੂੰ ਇਕ ਦਮ ਕਬਜ਼ੇ ਵਿਚ ਕਰ ਲਿਆ ਜਾਏ ਤਾਕਿ ਦੋਸ਼ੀ ਇਸ ਨੂੰ ਖ਼ੁਰਦ ਬੁਰਦ ਨਾ ਕਰ ਸਕਣ। ਏਜੰਟ ਗਵਰਨਰ ਜਨਰਲ ਰਿਆਸਤਾਂ ਪੰਜਾਬ ਨੇ ਬੰਬਈ ਪੁਲਸ ਨੇ ਲਾਲਾ ਸੁੰਦਰ ਲਾਲ ਦੇ ਘਰ ਪਹੁੰਚ ਕੇ ਪੰਨਾ ਜੋ ਇਸ ਵੇਲੇ ਪਝੱਤਰ ਹਜ਼ਾਰ ਰੁਪਏ ਵਿਚ ਵਿਕ ਚੁਕਿਆ ਸੀ ਆਪਣੇ ਕਬਜ਼ੇ ਵਿਚ ਕਰ ਲਿਆ। ਇਸ ਹੁਕਮ ਦੇ ਪਹੁੰਚਣ ਤੋਂ ਪਹਿਲਾਂ ਚਾਰੇ ਜੌਹਰੀ ਰੁਪਿਆ ਲੈ ਕੇ ਬੰਬਈਉਂ ਜਾ ਚੁਕੇ ਸਨ। ਏਜੰਟ ਗਵਰਨਰ ਜਨਰਲ ਦਾ ਹੁਕਮ ਦਿੱਲੀ ਅਤੇ ਲਾਹੌਰ ਪੁਲੀਸ ਨੂੰ ਵੀ ਪਹੁੰਚ ਚੁਕਿਆ ਸੀ। ਇਹ ਜੌਹਰੀ ਰੁਪਿਆ ਲੈ ਕੇ ਜਦ ਲਾਹੌਰ ਰੇਲਵੇ ਸਟੇਸ਼ਨ ਪਹੁੰਚੇ ਤਾਂ ਪੰਜਾਬ ਰੇਲਵੇ ਪੁਲੀਸ ਨੇ ਇਨ੍ਹਾਂ ਨੂੰ ਰੁਪਏ ਸਮੇਤ ਗ੍ਰਿਫ਼ਤਾਰ ਕਰ ਲਿਆ। ਇਸ ਗ੍ਰਿਫ਼ਤਾਰੀ ਪਿਛੋਂ ਇਨ੍ਹਾਂ ਤੋਂ ਰੁਪਿਆ ਲੈ ਕੇ ਲਾਹੌਰ ਦੇ ਸਰਕਾਰੀ ਖ਼ਜ਼ਾਨੇ ਵਿਚ ਜਮ੍ਹਾਂ ਕਰਾ ਦਿਤਾ ਗਿਆ ਅਤੇ ਜਦ ਮੁਲਜ਼ਮਾਂ ਨੂੰ ਮੈਜਿਸਟ੍ਰੇਟ ਸਾਹਮਣੇ ਪੇਸ਼ ਕੀਤਾ ਗਿਆ ਤਾਂ ਇਨ੍ਹਾਂ ਨੂੰ ਜ਼ਮਾਨਤਾਂ ਲੈ ਕੇ ਰਿਹਾ ਕਰ ਦਿਤਾ ਗਿਆ।

ਰਿਆਸਤਾਂ ਦੇ ਜ਼ੁਲਮ ਬਰਤਾਨਵੀਂ ਇਲਾਕੇ ਵਿਚ ਕਾਫ਼ੀ ਉਘੇ ਸਨ ਅਤੇ ਲੋਕੀਂ ਜਾਣਦੇ ਸਨ ਕਿ ਰਿਆਸਤਾਂ ਦੀ ਸੀਮਾ ਅੰਦਰ ਜੇਕਰ ਸਰਕਾਰ ਦਾਅਵੇਦਾਰ ਜਾਂ ਮੁੱਦਈ ਹੋਵੇ ਤਾਂ ਨਾ ਉਕਤੀ ਯੁਕਤੀ ਦਾ ਪ੍ਰਸ਼ਨ ਹੈ ਨਾ ਵਕੀਲ ਦਾ ਅਤੇ ਨਾ ਅਪੀਲ ਦਾ। ਇਨ੍ਹਾਂ ਜੌਹਰੀਆਂ ਨੇ ਜਦ ਇਹ ਸੁਣਿਆ ਕਿ ਇਨ੍ਹਾਂ ਵਿਰੁਧ ਰਿਆਸਤ ਬਹਾਵਲ ਪੁਰ ਵਿਚ ਮੁਕੱਦਮਾ ਬਣਾਇਆ ਗਿਆ ਹੈ ਅਤੇ ਏਜੰਟ ਗਵਰਨਰ ਜਨਰਲ ਨੇ ਵਾਰੰਟ ਗ੍ਰਿਫ਼ਤਾਰੀ ਜਾਰੀ ਕੀਤੇ ਹਨ ਤਾਂ ਇਨ੍ਹਾਂ ਵਿਚਾਰਿਆਂ ਦੇ ਹੋਸ਼ ਉੱਡ ਗਏ ਅਤੇ ਉਨ੍ਹਾਂ ਨੇ ਅਨੁਭਵ ਕੀਤਾ ਕਿ ਜੇਕਰ ਉਸ ਨੇ ਇਨ੍ਹਾਂ ਨੂੰ ਰਿਆਸਤ ਬਹਾਵਲ ਪੁਰ ਦੇ ਹਵਾਲੇ ਕਰ ਦਿਤਾ ਤਾਂ ਪਤਾ ਨਹੀਂ

ਕਿੰਨੇ ਵਰ੍ਹਿਆਂ ਤੱਕ ਇਹ ਉਥੇ ਜੇਲ ਵਿਚ ਰਖੇ ਜਾਣ। ਇਨ੍ਹਾਂ ਲੋਕਾਂ ਨੇ ਲਾਹੌਰ ਵਿਚ ਆਪਣਾ ਵਕੀਲ ਮਿਸਟਰ ਪੀ. ਐਨ. ਕੌਲ ਬੈਰਿਸਟਰ ਨੂੰ ਨੀਯਤ ਕੀਤਾ।

ਇਹ ਲੋਕ ਬੜੇ ਪ੍ਰੇਸ਼ਾਨ ਸਨ ਤਾਂ ਇਨ੍ਹਾਂ ਨੂੰ ਖ਼ਿਆਲ ਆਇਆ ਕਿ ਐਡੀਟਰ "ਰਿਆਸਤ" ਰਿਆਸਤਾਂ ਦੇ ਮਾਮਲਿਆਂ ਅਤੇ ਐਕਸਟਰਾਡੇਸ਼ਨ ਐਕਟ ਆਦਿ ਤੋਂ ਜਾਣੂੰ ਹੈ, ਇਸ ਤੋਂ ਰਾਇ ਅਤੇ ਸਹਾਇਤਾ ਲੈਣੀ ਚਾਹੀਦੀ ਹੈ। ਇਹ ਲੋਕ ਦਿੱਲੀ ਆਏ ਅਤੇ ਐਡੀਟਰ "ਰਿਆਸਤ" ਨੂੰ ਮਿਲੇ। ਉਨ੍ਹਾਂ ਨੇ ਸਾਰੇ ਸਮਾਚਾਰ ਸੁਣਾਏ। ਮੈਨੂੰ ਬੜਾ ਅਫ਼ਸੋਸ ਹੋਇਆ ਕਿਉਂਕਿ ਭਾਵੇਂ ਸੌਦਾ ਕਰਦਿਆਂ ਹੋਇਆਂ ਇਨ੍ਹਾਂ ਨੇ ਚੋਰਾਂ ਦੇ ਕਪੜੇ ਅਤੇ ਡਾਂਗਾਂ ਦੇ ਗਜ਼ ਅਨੁਸਾਰ ਤਿੰਨ ਚਾਰ ਲੱਖ ਰੁਪਏ ਦਾ ਪੰਨਾ ਉੱਨੀ ਹਜ਼ਾਰ ਵਿਚ ਉਡਾ ਲਿਆ ਸੀ, ਪਰ ਗਹੁ ਕੀਤਾ ਜਾਏ ਤਾਂ ਇਨ੍ਹਾਂ ਨੇ ਵਪਾਰ ਕੀਤਾ ਸੀ। ਧੋਖਾ ਜਾਂ ਅਮਾਨਤ ਵਿਚ ਖ਼ਿਆਨਤ ਦਾ ਅਪਰਾਧ ਨਹੀਂ ਕੀਤਾ ਸੀ। ਮੈਂ ਉਨ੍ਹਾਂ ਨੂੰ ਕਿਹਾ ਕਿ ਮੈਂ ਅਖ਼ਬਾਰ ਵਿਚ ਲਿਖ ਕੇ ਇਨ੍ਹਾਂ ਦੀ ਹਰ ਪ੍ਰਕਾਰ ਸਹਾਇਤਾ ਕਰਨ ਨੂੰ ਤਿਆਰ ਹਾਂ। ਪਰ ਇਸ ਦਾ ਸਿੱਟਾ ਕੁਝ ਨਹੀਂ ਨਿਕਲਣ ਲੱਗਾ ਕਿਉਂਕਿ ਮੁਕੱਦਮਾ ਅਦਾਲਤ ਵਿਚ ਹੈ। ਜੇਕਰ ਮੁਕੱਦਮੇ ਲਈ ਰੈਜ਼ੀਡੈਂਟ ਨੇ ਇਨ੍ਹਾਂ ਨੂੰ ਬਹਾਵਲ ਪੁਰ ਦੇ ਹਵਾਲੇ ਕਰ ਦਿਤਾ ਤਾਂ ਫੇਰ ਇਹ ਬਹਾਵਲ ਪੁਰ ਦੇ ਹਾਕਮਾਂ ਦੇ ਰਹਿਮ 'ਤੇ ਹੋਵੇਗਾ, ਉਹ ਜੋ ਚਾਹੁਣ ਕਰਨ ਅਤੇ ਨਹੀਂ ਆਖਿਆ ਜਾ ਸਕਦਾ ਕਿ ਸਿੱਟਾ ਕੀ ਹੋਵੇ। ਹਾਂ ਜੇਕਰ ਮੁਕੱਦਮਾ ਬਰਤਾਨਵੀ ਇਲਾਕੇ ਵਿਚ ਹੋਵੇ ਤਾਂ ਕਾਨੂੰਨੀ ਲਿਹਾਜ਼ ਨਾਲ ਮੁਕੱਦਮਾ ਨਾ ਹੋਣ ਦੇ ਬਰਾਬਰ ਹੈ ਅਤੇ ਉਹ ਬਿਲਕੁਲ ਬਰੀ ਹੋ ਜਾਣਗੇ, ਪਰ ਬਰਤਾਨਵੀ ਇਲਾਕੇ ਵਿਚ ਮੁਕੱਦਮੇ ਦਾ ਹੋਣਾ ਸੰਭਵ ਨਹੀਂ। ਮੈਂ ਉਨ੍ਹਾਂ ਨੂੰ ਇਸ ਮੁਕੱਦਮੇ ਦੇ ਸਾਰੇ ਚਾਨਣੇ ਤੇ ਹਨੇਰੇ ਪਾਸੇ ਦਸ ਦਿਤੇ। ਇਸ ਪਿਛੋਂ ਉਨ੍ਹਾਂ ਨੇ ਇੱਛਾ ਪ੍ਰਗਟ ਕੀਤੀ ਕਿ ਕਿਉਂਕਿ ਮੈਂ ਨਵਾਬ ਸਾਹਿਬ ਬਹਾਵਲ ਪੁਰ ਨੂੰ ਨਿਜੀ ਤੌਰ 'ਤੇ ਜਾਣਦਾ ਹਾਂ ਇਸ ਲਈ ਇਨ੍ਹਾਂ ਦੀ ਸਫ਼ਾਰਸ਼ ਕਰਾਂ। ਮੈਂ ਉਨ੍ਹਾਂ ਨੂੰ ਕਿਹਾ ਕਿ ਉਂਜ ਸਫ਼ਾਰਸ਼ ਕਰਨੀ ਤਾਂ ਬੇਅਰਥ ਹੋਵੇਗੀ ਅਤੇ ਨਾ ਅਜਿਹੀ ਸਫ਼ਾਰਸ਼ ਦਾ ਕੋਈ ਪ੍ਰਭਾਵ ਹੋ ਸਕਦਾ ਹੈ। ਜੇਕਰ ਇਹ ਪੁਜ਼ੀਸ਼ਨ ਹੋਵੇ ਕਿ ਲਾਲਾ ਸੁੰਦਰ ਦਾਸ ਆਪਣਾ ਪਝੱਤਰ ਹਜ਼ਾਰ ਰੁਪਿਆ ਵਾਪਸ ਲੈ ਲੈਣ। ਉੱਨੀ ਹਜ਼ਾਰ ਰੁਪਿਆ ਜਿਹੜਾ ਤੁਸਾਂ ਮੇਜਰ ਬਿਲੇ ਨੂੰ ਦਿਤਾ ਹੈ ਉਹ ਨਵਾਬ ਸਾਹਿਬ ਬਹਾਵਲ ਪੁਰ ਤੁਹਾਨੂੰ ਦੇ ਦੇਣ ਅਤੇ ਨਵਾਬ ਸਾਹਿਬ ਨੂੰ ਪੰਨਾ ਮਿਲ ਜਾਏ ਤਾਂ ਇਹ ਤਿੰਨਾਂ ਲਈ ਯੋਗ ਅਤੇ ਲਾਭਦਾਇਕ ਹੋਏਗਾ। ਇਸ ਵਿਉਂਤ ਤੋਂ ਨਵਾਬ ਸਾਹਿਬ ਤੋਂ ਮੁਕੱਦਮਾ ਵਾਪਸ ਲੈਣ ਦੀ ਸਫ਼ਾਰਸ਼ ਕੀਤੀ ਜਾ ਸਕਦੀ ਹੈ ਅਤੇ ਮੇਰਾ ਖ਼ਿਆਲ ਹੈ ਕਿ ਨਵਾਬ ਸਾਹਿਬ ਨੂੰ ਇਸ ਵਿਚਾਰ ਨਾਲ ਸਹਿਮਤ

ਹੋਣ ਤੋਂ ਨਾਹ ਨਹੀਂ ਕਰਨੀ ਚਾਹੀਦੀ। ਮੇਰੀ ਇਹ ਵਿਉਂਤ ਇਨ੍ਹਾਂ ਲੋਕਾਂ ਨੇ ਪਸੰਦ ਕੀਤੀ ਕਿਉਂਕਿ ਇਨ੍ਹਾਂ ਨੂੰ ਰਿਆਸਤੀ ਜੇਲ ਖ਼ਾਨਾ ਦਿਖਾਈ ਦੇ ਰਿਹਾ ਸੀ ਅਤੇ ਬੜੇ ਡਰੇ ਹੋਏ ਸਨ। ਇਸ ਵਿਉਂਤ ਅਨੁਸਾਰ ਨਾ ਤਾਂ ਜੇਲ ਜਾਣ ਦਾ ਪ੍ਰਸ਼ਨ ਸੀ ਨਾ ਉੱਨੀ ਹਜ਼ਾਰ ਰੁਪਏ ਦੇ ਮਾਰੇ ਜਾਣ ਦਾ। ਨਵਾਬ ਸਾਹਿਬ ਬਹਾਵਲ ਪੁਰ ਵਿਚ ਵੀ ਕਈ ਊਣਤਾਈਆਂ ਹੋਣਗੀਆਂ ਅਤੇ ਕੋਈ ਮਨੁੱਖ ਕਮਜ਼ੋਰੀਆਂ ਤੋਂ ਉੱਚਾ ਨਹੀਂ, ਪਰ ਸੁਭਾਅ ਦੇ ਲਿਹਾਜ਼ ਨਾਲ ਨਵਾਬ ਸਾਹਿਬ ਬੜੇ ਚੰਗੇ, ਬਹੁਤ ਪ੍ਰਸੰਨ ਚਿਤ, ਬੜੇ ਦਰਿਆ ਦਿਲ ਅਤੇ ਨਿਰਛਲ ਰਾਜੇ ਹਨ। ਇਲ੍ਹਾਂ ਨੂੰ ਮਿਲਣ ਅਤੇ ਗੱਲਾਂ ਕਰਨ ਵਾਲਾ ਆਦਮੀ ਇਕ ਖਿਚ ਅਨੁਭਵ ਕਰਦਾ ਹੈ। ਗਰਮੀਆਂ ਦੇ ਦਿਨ ਸਨ ਅਤੇ ਨਵਾਬ ਸਾਹਿਬ ਉਸ ਵੇਲੇ ਪਾਲਮਪੁਰ (ਜ਼ਿਲ੍ਹਾ ਕਾਂਗੜਾ) ਪਹਾੜ 'ਤੇ ਸਨ। ਮੈਂ ਇਨ੍ਹਾਂ ਨੂੰ ਸਾਰੇ ਸਮਾਚਾਰ ਅਤੇ ਉਹ ਸਾਰੀ ਗੱਲ ਬਾਤ ਲਿਖੀ ਜੋ ਮੇਰੇ ਅਤੇ ਦੋਸ਼ੀਆਂ ਵਿਚਕਾਰ ਹੋਈ ਸੀ। ਇਸ ਖ਼ਤ ਦੇ ਮਿਲਣ 'ਤੇ ਨਵਾਬ ਸਾਹਿਬ ਦੀ ਤਾਰ ਆਈ ਕਿ ਮੈਂ ਉਨ੍ਹਾਂ ਨੂੰ ਪਾਲਮ ਮਿਲਾਂ। ਇਸ ਪ੍ਰਕਾਰ ਮੈਂ ਪਾਲਮ ਗਿਆ ਉਥੇ ਗੱਲ ਬਾਤ ਹੋਈ ਤਾਂ ਨਵਾਬ ਸਾਹਿਬ ਨੇ ਇਸ ਤਜਵੀਜ ਨੂੰ ਪਸੰਦ ਕੀਤਾ ਕਿਉਂਕਿ ਉਹ ਆਪ ਨਹੀਂ ਚਾਹੁੰਦੇ ਸਨ ਕਿ ਮੁਲਜ਼ਮ ਕੈਦ ਹੋਣ। ਇਸ ਪੜਾਅ 'ਤੇ ਪੁਜਣ ਪਿਛੋਂ ਮੈਂ ਲਾਲਾ ਸੁੰਦਰ ਲਾਲ ਨੂੰ ਦਿੱਲੀ ਵਿਚ ਮਿਲਿਆ ਅਤੇ ਕਈ ਦਿਨਾਂ ਦੀ ਗੱਲ ਬਾਤ ਪਿਛੋਂ ਮੈਂ ਸੁੰਦਰ ਲਾਲ ਜੀ ਨੂੰ ਨਵਾਬ ਸਾਹਿਬ ਨੂੰ ਮਿਲਾਉਣ ਲਈ ਪਾਲਮ ਲੈ ਗਿਆ ਤਾਕਿ ਨਵਾਬ ਸਾਹਿਬ ਲਾਲ ਜੀ ਨੂੰ ਵੀ ਧਰਵਾਸਾ ਦੇ ਦੇਣ ਕਿਉਂਕਿ ਉਹ ਵੀ ਅਮਾਨਤ ਵਿਚ ਖ਼ਿਆਨਤ ਦੇ ਅਪਰਾਧ ਵਿਚ ਦੋਸ਼ੀ ਠਹਿਰਾਏ ਜਾ ਸਕਦੇ ਹਨ। ਇਸ ਪ੍ਰਕਾਰ ਇਸ ਮੁਲਾਕਾਤ ਪਿਛੋਂ ਲਾਲਾ ਸੁੰਦਰ ਲਾਲ ਨੇ ਚੀਫ਼ ਪ੍ਰੈਜ਼ੀਡਿੰਸੀ ਮੈਜਿਸਟ੍ਰੇਟ ਬੰਬਈ ਨੂੰ – ਜਿਸ ਦੇ ਕਬਜ਼ੇ ਵਿਚ ਬੰਬਈ ਪੁਲੀਸ ਨੇ ਇਹ ਪੰਨਾ ਰਖਿਆ ਹੋਇਆ ਸੀ– ਲਿਖ ਦਿਤਾ ਕਿ ਪੰਨਾ ਨਵਾਬ ਸਾਹਿਬ ਬਹਾਵਲ ਪੁਰ ਨੂੰ ਵਾਪਸ ਕਰ ਦਿਤਾ ਜਾਏ, ਇਨ੍ਹਾਂ ਨੂੰ ਕੋਈ ਇਤਰਾਜ਼ ਨਹੀਂ।

ਇਹ ਸਾਰੇ ਕੰਮ ਹੋ ਜਾਣ ਪਿਛੋਂ ਹੁਣ ਬਾਕੀ ਗੱਲ ਬਹਾਵਲ ਪੁਰ ਦੇ ਮੁਕੱਦਮਾ ਵਾਪਸ ਲੈਣ ਦੀ ਸੀ ਅਤੇ ਇਹ ਤਦ ਹੀ ਸੰਭਵ ਸੀ ਕਿ ਦੋਸ਼ੀ ਬਹਾਵਲ ਪੁਰ ਦੀ ਅਦਾਲਤ ਵਿਚ ਹਾਜ਼ਰ ਹੁੰਦੇ। ਇਨ੍ਹਾਂ ਦਾ ਉੱਨੀ ਹਜ਼ਾਰ ਰੁਪਿਆ ਇਨ੍ਹਾਂ ਨੂੰ ਵਾਪਸ ਮਿਲਦਾ। ਅਦਾਲਤ ਇਨ੍ਹਾਂ ਨੂੰ ਡਿਸਚਾਰਜ ਕਰਦੀ ਅਤੇ ਰੈਜ਼ੀਡਿੰਟ ਦੇ ਜਾਰੀ ਕੀਤੇ ਹੋਏ ਐਕਸਟਰਾਡੇਸ਼ਨ ਵਾਰੰਟ ਕੈਂਸਲ ਕੀਤੇ ਜਾਂਦੇ। ਇਸ ਪ੍ਰਕਾਰ ਇਸ ਗੱਲ ਦੇ ਹੁੰਦਿਆਂ ਵੀ ਕਿ ਨਵਾਬ ਸਾਹਿਬ ਨਾਲ ਫ਼ੈਸਲਾ ਹੋ ਚੁਕਾ ਹੈ। ਦੋਸ਼ੀ ਬਹਾਵਲਪੁਰ ਜਾਂਦੇ ਹੋਏ ਘਬਰਾਉਂਦੇ ਸਨ

ਅਤੇ ਭੈ-ਭੀਤ ਸਨ। ਮੈਂ ਵਿਚਕਾਰ ਪੈ ਕੇ ਜ਼ਿਮੇਵਾਰੀ ਲੈ ਚੁਕਾ ਸਾਂ। ਉਨ੍ਹਾਂ ਨੇ ਮੈਨੂੰ ਕਿਹਾ ਕਿ ਮੈਂ ਬਹਾਵਲ ਪੁਰ ਚਲ ਕੇ ਮੁਕੱਦਮੇ ਦੀ ਕਾਰਵਾਈ ਵੀ ਆਪਣੇ ਸਾਹਮਣੇ ਖ਼ਤਮ ਕਰਾ ਦਿਆਂ। ਇਸ ਤਰ੍ਹਾਂ ਮੈਂ ਇਨ੍ਹਾਂ ਚਹੁੰ ਦੋਸ਼ੀਆਂ ਅਤੇ ਉਨ੍ਹਾਂ ਦੇ ਵਕੀਲ ਨਾਲ ਬਹਾਵਲ ਪੁਰ ਗਿਆ। ਸਾਰੇ ਰਾਹ ਵਿਚ ਇਹ ਲੋਕ ਘਬਰਾਏ ਰਹੇ ਕਿ ਰਿਆਸਤਾਂ ਦਾ ਮਾਮਲਾ ਹੈ ਉਥੇ ਜਾ ਰਹੇ ਹਾਂ। ਰਿਆਸਤਾਂ ਦੇ ਰਾਜਿਆਂ ਅਤੇ ਉਨ੍ਹਾਂ ਦੇ ਅਹਿਲਕਾਰਾਂ ਦਾ ਕੀ ਭਰੋਸਾ, ਅਜਿਹਾ ਨਾ ਹੋਵੇ ਕਿ ਜੇਲ ਵਿਚ ਹੀ ਸੁਟ ਦਿਤੇ ਜਾਈਏ। ਮੈਂ ਤੁਰਣ ਤੋਂ ਪਹਿਲਾਂ ਬਹਾਵਲ ਪੁਰ ਖ਼ਾਨ ਬਹਾਦਰ ਕਰਨਲ ਮਕਬੂਲ ਹੁਸੈਨ ਕੁਰੈਸ਼ੀ ਨੂੰ ਤਾਰ ਦੇ ਦਿਤੀ ਸੀ। ਅਸੀਂ ਜਦ ਬਹਾਵਲ ਪੁਰ ਸਟੇਸ਼ਨ 'ਤੇ ਪੁਜੇ ਤਾਂ ਕਾਰਾਂ ਸਾਡੇ ਲਈ ਹਾਜ਼ਰ ਸਨ। ਗੈੱਸਟ ਹਾਊਸ ਵਿਚ ਗਏ। ਉਥੋਂ ਦੇ ਅਫਸਰਾਂ ਨੂੰ ਸਾਡੇ ਪਹੁੰਚਣ ਦੀ ਸੂਚਨਾ ਮਿਲ ਚੁਕੀ ਸੀ। ਨਹਾਉਣ ਦੇ ਕਪੜੇ ਬਦਲਣ ਪਿਛੋਂ ਮੈਂ ਇਸ ਢਿਮ ਢਾਣੇ ਨੂੰ ਲੈ ਕੇ ਡਿਸਟ੍ਰਿਕਟ ਮੈਜਿਸਟ੍ਰੇਟ ਦੀ ਅਦਾਲਤ ਵਿਚ ਗਿਆ ਤਾਕਿ ਕਾਨੂੰਨੀ ਕਾਰਵਾਈ ਖ਼ਤਮ ਹੋਵੇ। ਅਸੀਂ ਉਥੇ ਜਾ ਕੇ ਬੈਠੇ ਹੀ ਸਾਂ ਕਿ ਪੁਲੀਸ ਦੇ ਚਾਰ ਸਿਪਾਹੀ ਅਤੇ ਥਾਣੇਦਾਰ ਹੱਥਕੜੀਆਂ ਲੈ ਕੇ ਦੋਸ਼ੀਆਂ ਨੂੰ ਹੱਥਕੜੀਆਂ ਲਾਉਣ ਲਈ ਆ ਗਏ। ਅਸਾਂ ਜਦ ਹੱਥਕੜੀਆਂ ਨੂੰ ਵੇਖਿਆ ਤਾਂ ਨਾ ਕੇਵਲ ਦੋਸ਼ੀਆਂ ਦੇ ਹੋਸ਼ ਉਡ ਗਏ ਸਗੋਂ ਮੈਂ ਵੀ ਸ਼ਰਮ ਤੇ ਨਮੋਸ਼ੀ ਦੇ ਕਾਰਨ ਪਾਣੀ ਪਾਣੀ ਹੋ ਗਿਆ ਕਿਉਂਕਿ ਦੋਸ਼ੀਆਂ ਦੀਆਂ ਅੱਖਾਂ ਦਸ ਰਹੀਆਂ ਸਨ ਕਿ ਇਹ ਲੋਕ ਮੈਨੂੰ ਧਰੋਹੀ ਅਤੇ ਬੇਈਮਾਨ ਸਮਝਦੇ ਹਨ ਅਤੇ ਮੈਂ ਇਨ੍ਹਾਂ ਨੂੰ ਫੜਵਾ ਦਿਤਾ ਹੈ। ਮੈਂ ਡਿਸਟ੍ਰਿਕਟ ਮੈਜਿਸਟ੍ਰੇਟ ਨੂੰ ਕਿਹਾ ਕਿ ਇਹ ਕੀਤੇ ਕੌਲ ਦੇ ਵਿਰੁਧ ਹੋ ਰਿਹਾ ਹੈ। ਨਵਾਬ ਸਾਹਿਬ ਨੇ ਮੇਰੇ ਨਾਲ ਨਿਜੀ ਤੌਰ 'ਤੇ ਕੌਲ ਕੀਤਾ ਸੀ ਕਿ ਦੋਸ਼ੀਆਂ ਨੂੰ ਬਹਾਵਲ ਪੁਰ ਵਿਖੇ ਕੋਈ ਤਕਲੀਫ਼ ਨਹੀਂ ਹੋਵੇਗੀ। ਇਨ੍ਹਾਂ ਨੂੰ ਅਦਾਲਤ ਵਿਚ ਪੇਸ਼ ਕਰ ਦਿਤਾ ਜਾਏ ਅਤੇ ਮੁਕੱਦਮਾ ਵਾਪਸ ਲੈ ਲਿਆ ਜਾਏਗਾ। ਅਜਿਹਾ ਕਰਨਾ ਰਿਆਸਤ ਬਹਾਵਲ ਪੁਰ ਨੂੰ ਸ਼ੋਭਾ ਨਹੀਂ ਦਿੰਦਾ। ਡਿਸਟ੍ਰਿਟ ਮੈਜਿਸਟ੍ਰੇਟ ਨੇ ਮੈਨੂੰ ਕੋਈ ਤਸੱਲੀ ਭਰਪੂਰ ਉੱਤਰ ਨਾ ਦਿਤਾ। ਮੈਂ ਗੁਸੇ ਅਤੇ ਜੋਸ਼ ਵਿਚ ਆ ਕੇ ਉੱਚੀ ਆਵਾਜ਼ ਵਿਚ ਆਖਿਆ ਕਿ ਚੰਗਾ ਜੇਕਰ ਇਹ ਦੋਸ਼ੀ ਜੇਲ ਵਿਚ ਗਏ ਤਾਂ ਜੇਲ ਤੋਂ ਬਾਹਰ ਰਹਿਣਾ ਮੈਂ ਵੀ ਆਪਣੇ ਲਈ ਕਮੀਨਾ-ਪਨ ਸਮਝਦਾ ਹਾਂ ਅਤੇ ਜ਼ਰੂਰ ਹੀ ਇਨ੍ਹਾਂ ਦੇ ਨਾਲ ਜੇਲ ਜਾਵਾਂਗਾ। ਮੇਰੇ ਇਸ ਚੈਲੰਜ 'ਤੇ ਡਿਸਟ੍ਰਿਕਟ ਮੈਜਿਸਟ੍ਰੇਟ ਦੇ ਅੰਦਰ ਕੁਝ ਮਨੁੱਖਤਾ ਜਾਗੀ, ਉਹਨੇ ਅਨੁਭਵ ਕੀਤਾ ਕਿ ਮਾਮਲਾ ਬਹੁਤ ਵਧੇਰੇ ਵਿਗੜ ਜਾਏਗਾ। ਇਸ ਪੁਰ ਉਹਨੇ ਕਿਹਾ ਕਿ ਕਿਉਂਕਿ ਦੋਸ਼ੀਆਂ ਵਿਰੁਧ ਵਾਰੰਟ ਜਾਰੀ ਹੋਏ ਸਨ ਅਤੇ ਦੋਸ਼ੀ ਅਦਾਲਤ ਵਿਚ ਹਨ। ਅਦਾਲਤ ਦਾ ਫ਼ਰਜ਼ ਹੈ ਕਿ ਉਹ ਇਨ੍ਹਾਂ ਨੂੰ ਆਪਣੀ ਨਿਗਰਾਨੀ ਹੇਠ ਲੈ ਲਏ। ਮੈਂ

ਕਿਹਾ ਕਿ ਤੁਸੀਂ ਥੋੜਾ ਚਿਰ ਉਡੀਕ ਕਰੋ, ਇਨ੍ਹਾਂ ਨੂੰ ਹੱਥਕੜੀਆਂ ਨਾ ਲਾਓ। ਮੈਂ ਹੁਣੇ ਮੰਤ੍ਰੀਆਂ ਨੂੰ ਮਿਲ ਕੇ ਪ੍ਰਬੰਧ ਕਰਦਾ ਹਾਂ। ਇਸ ਪ੍ਰਕਾਰ ਅਦਾਲਤ ਤੋਂ ਬਾਹਰ ਉਹ ਮੋਟਰ ਖਲੋਤੀ ਸੀ ਜਿਸ ਵਿਚ ਅਸੀਂ ਗੈੱਸਟ ਹਾਊਸ ਤੋਂ ਆਏ ਸਾਂ। ਮੈਂ ਉਸ ਮੋਟਰ ਵਿਚ ਉਥੋਂ ਦੇ ਮੰਤ੍ਰੀ ਲਾਲਾ ਊਧੋ ਦਾਸ ਕੋਲ ਪੁਜਾ। ਪਹਿਲਾਂ ਤਾਂ ਉਨ੍ਹਾਂ ਨੂੰ ਮਿਲਣ ਲਈ ਹੀ ਮੈਨੂੰ ਕਈ ਮਿੰਟ ਬਰਾਂਡੇ ਵਿਚ ਉਡੀਕ ਕਰਨੀ ਪਈ ਅਤੇ ਜਦ ਮਿਲੇ ਤਾਂ ਬ੍ਰਿਧ ਆਦਮੀ ਨਥੂ ਖ਼ਾਂ ਦੀ ਕਬਰ, ਨਾ ਅਸੀਸ ਨਾ ਬਦਅਸੀਸ ਭਾਵ ਨਾ ਹਾਂ ਕਰਦੇ ਹਨ ਤੇ ਨਾ ਨਾਂਹ ਹੀ। ਨਾ ਕੋਈ ਤਸੱਲੀ ਬਖ਼ਸ਼ ਉੱਤਰ । ਰਿਆਸਤੀ ਅਹਿਲਕਾਰਾਂ ਵਾਲੀਆਂ ਹੇਰਾ ਫੇਰੀਆਂ ਤੇ ਚਲਾਕੀਆਂ। ਨਵਾਬ ਸਾਹਿਬ ਦਾ ਹੁਕਮ ਨਹੀਂ ਆਇਆ । ਪਾਲਮਪੁਰ ਤੋਂ ਕੋਈ ਲਿਖਤੀ ਸੂਚਨਾ ਨਹੀਂ ਆਈ। ਪੁਲੀਸ ਦੇ ਵਸ ਵਿਚ ਹੈ। ਮੈਜਿਸਟ੍ਰੇਟ ਨੂੰ ਆਖੋ। ਮੈਂ ਬੇ-ਵਸ ਹਾਂ ਇਹ ਹੈ ਅਤੇ ਉਹ ਹੈ ਆਦਿ।

ਉਨ੍ਹਾਂ ਨੇ ਕੋਈ ਧਰਵਾਸ ਯੋਗ ਉੱਤਰ ਨਾ ਦਿਤਾ। ਮੈਂ ਬੜਾ ਫ਼ਿਕਰ ਵੰਦ ਕਿ ਨਵਾਬ ਸਾਹਿਬ ਪਾਲਮਪੁਰ ਵਿਚ ਹਨ, ਅਤੇ ਇਥੋਂ ਦੇ ਮਨਿਸਟਰਾਂ ਦੀ ਹਾਲਤ ਇਹ ਹੈ। ਕਰਾਂ ਤਾਂ ਕੀ ਕਰਾਂ ਅਤੇ ਜਾਵਾਂ ਤੇ ਕਿਧਰ ਜਾਵਾਂ। ਇਥੋਂ ਦੇ ਕਰਨਲ ਕੁਰੈਸ਼ੀ ਦੇ ਘਰ ਗਿਆ। ਉਹ ਘਰ ਹਾਜ਼ਰ ਨਹੀਂ ਸਨ। ਫਿਰ ਆਗ਼ਾ ਮੁਹੰਮਦ ਅਕਰਮ ਇੰਸਪੈਕਟਰ ਜਨਰਲ ਪੁਲੀਸ ਦੇ ਘਰ ਗਿਆ। ਇਹ ਬ੍ਰਿਟਿਸ਼ ਪੁਲੀਸ ਰਹਿ ਚੁਕੇ ਸਨ। ਉਨ੍ਹਾਂ ਨੂੰ ਮਿਲਿਆ, ਸਾਰੇ ਹਾਲ ਦਸੇ ਤਾਂ ਉਨ੍ਹਾਂ ਨੂੰ ਬੜਾ ਅਫ਼ਸੋਸ ਹੋਇਆ। ਊਹ ਝਟ ਮੇਰੇ ਨਾਲ ਅਦਾਲਤ ਵਿਚ ਆਏ। ਮੈਜਿਸਟ੍ਰੇਟ ਨੂੰ ਪੁਛਿਆ ਤਾਂ ਮੈਜਿਸਟ੍ਰੇਟ ਨੇ ਉਹੀ ਕਾਨੂੰਨ ਬਾਜ਼ੀ ਸ਼ੁਰੂ ਕੀਤੀ ਕਿ ਉਹ ਵਾਰੰਟਾਂ ਦੀ ਪਾਲਨਾ ਕਰਾ ਰਹੇ ਹਨ। ਇਸ 'ਤੇ ਆਗ਼ਾ ਸਾਹਿਬ ਨੇ ਆਪਣੇ ਥਾਨੇਦਾਰ ਨੂੰ ਸ਼ਹਿਰ ਭੇਜ ਦੇ ਦੋ ਸ਼ਾਹੂਕਾਰਾਂ ਨੂੰ ਬੁਲਵਾਇਆ ਅਤੇ ਉਨ੍ਹਾਂ ਨੂੰ ਕਿਹਾ ਕਿ ਇਨ੍ਹਾਂ ਚਹੁੰ ਅਪਰਾਧੀਆਂ ਦੀ ਪੰਜ ਪੰਜ ਸੌ ਰੁਪਏ ਦੀ ਜ਼ਮਾਨਤ ਅਦਾਲਤ ਵਿਚ ਦਾਖ਼ਲ ਕਰ ਦੇਣ। ਇਸ ਪ੍ਰਕਾਰ ਜ਼ਮਾਨਤ ਨਾਮੇ ਲਿਖੇ ਗਏ ਅਤੇ ਦਾਖ਼ਲ ਹੋਏ। ਇਸ ਪਿਛੋਂ ਆਗ਼ਾ ਸਾਹਿਬ ਨੇ ਆਪਣੇ ਸਾਹਮਣੇ ਸਾਰੀ ਕਾਰਵਾਈ ਜੋ ਹੋਣੀ ਚਾਹੀਦੀ ਸੀ, ਕਰਾਈ ਅਤੇ ਦੋਸ਼ੀ ਡਿਸਚਾਰਜ ਕੀਤੇ ਗਏ।

ਦੋਸ਼ੀਆਂ ਦੇ ਡਿਸਚਾਰਜ ਹੋਣ ਪਿਤੋਂ ਅਸੀਂ ਵਾਪਸ ਗੈੱਸਟ ਹਾਊਸ ਆਏ। ਪੰਨਾ ਇਸ ਤੋਂ ਪਹਿਲਾਂ ਬਹਾਵਲ ਪੁਰ ਦੇ ਖ਼ਜ਼ਾਨੇ ਵਿਚ ਪੁਜ ਚੁਕਾ ਸੀ। ਦੋਸ਼ੀਆਂ ਦਾ ਰੁਪਿਆ ਦੋਸ਼ੀਆਂ ਨੂੰ ਮਿਲਿਆ ਅਤੇ ਮੈਂ ਰਾਤ ਦੀ ਗੱਡੀ ਸਵਾਰ ਹੋ ਕੇ ਦਿੱਲੀ ਵਾਪਸ ਆਇਆ। ਦਿੱਲੀ ਪਹੁੰਚਣ ਪਿਛੋਂ ਮੈਂ ਬਹਾਵਲਪੁਰ ਦਾ ਹੱਥਕੜੀਆਂ ਦਾ ਸਾਕਾ ਅਤੇ

ਸਾਰੇ ਸਮਾਚਾਰ ਨਵਾਬ ਸਾਹਿਬ ਨੂੰ ਲਿਖੇ। ਨਵਾਬ ਸਾਹਿਬ ਨੂੰ ਸਮਾਚਾਰ ਜਾਣ ਕੇ ਬੜਾ ਅਫ਼ਸੋਸ ਹੋਇਆ, ਪਰ ਕੀ ਹੋ ਸਕਦਾ ਸੀ। ਰਿਆਸਤਾਂ ਦੇ ਮੈਜਿਸਟ੍ਰੇਟ ਅੰਦਰ ਕੋਮਲ ਜਿਨਸ ਉਪਤਨ ਕਰਨ ਲਈ ਅਜੇ ਅੱਧੀ ਸਦੀ ਦੀ ਹੋਰ ਲੋੜ ਸੀ। ਚੰਗਾ ਹੋਇਆ ਕਿ ਆਗਾ ਮੁਹੰਮਦ ਅਕਰਮ ਨੇ ਦੋਸ਼ੀਆਂ ਦੀ ਜ਼ਮਾਨਤ ਦਾ ਪ੍ਰਬੰਧ ਕਰ ਦਿਤਾ ਨਹੀਂ ਤਾਂ ਇਹ ਸੰਭਵ ਨਹੀਂ ਸੀ ਕਿ ਦੋਸ਼ੀ ਤਾਂ ਜੇਲ ਵਿਚ ਜਾਂਦੇ ਅਤੇ ਮੈਂ ਜਿਸ ਦੇ ਭਰੋਸੇ ਅਤੇ ਕੌਲ ਦੇ ਉਹ ਬਹਾਵਲ ਪੁਰ ਦੀ ਸੀਮਾਂ 'ਚ ਦਾਖ਼ਲ ਹੋਏ ਬਾਹਰ ਰਹਿੰਦਾ।

12.1 Phrases

ਮੈਨੂੰ ਚੇਤੇ ਨਹੀਂ ਰਿਹਾ	I don't remember
ਕਿਸ ਮੁੱਲਦਾ ਹੈ?	How much is...?
ਖੀਸਾ ਕੱਟਣ ਦੇ ਲਿਹਾਜ਼ ਨਾਲ	in cheating
ਉੱਲੂ ਬਣਾ ਲੈਂਦੇ ਹਨ	are able to fool
ਕੌਡੀਆਂ ਦੇ ਭਾਅ	very very cheap
ਅਮਾਨਤ ਵਿਚ ਖ਼ਿਆਨਤ	embezzlement, misappropriation of a thing given in trust
ਖ਼ੁਰਦ ਬੁਰਦ ਨਾ ਕਰ ਸਕਣ	could not push under the rug
ਉਕਤੀ ਯੁਕਤੀ	logic or argument
ਚੋਰਾਂ ਦੇ ਕਪੜੇ ਅਤੇ ਡਾਂਗਾਂ ਦੇ ਗਜ਼	to dispose of a costly thing very cheaply
ਨਾ ਹੋਣ ਦੇ ਬਰਾਬਰ	worthless, groundless
ਨਿਜੀ ਤੌਰ ਤੇ	personally
ਨਾਂਹ ਨਹੀਂ ਕਰਨੀ ਚਾਰੀਦੀ	should not say no
ਰੁਪਏ ਦੇ ਮਾਰੇ ਜਾਣ ਦਾ	of the confiscation of the money
ਪਾਣੀ ਪਾਣੀ ਹੋ ਗਿਆ	became very ashamed

12.2 The following English words are found in the text:

ਸਟੇਸ਼ਨ, ਕਾਰ, ਮਨਿਸਟਰ, ਮੇਜਰ, ਮੈਜਿਸਟ੍ਰੇਟ, ਰਜਿਸਟਰ, ਡਿਸਟ੍ਰਿਕਟ, ਮੋਟਰ, ਏਜੰਟ ਗਵਰਨਰ ਜਨਰਲ, ਅਪੀਲ, ਰੈਜ਼ੀਡੈਂਟ, ਪੁਜੀਸ਼ਨ, ਚੈਲੰਜ, ਰੀਟਾਇਰਡ, ਚੀਫ਼, ਪ੍ਰੈਜ਼ੀਡੈਂਸੀ, ਇੰਸਪੈਕਟਰ, ਪੁਲੀਸ, ਕਰਨਲ, ਡਿਸਚਾਰਜ, ਵਾਰੰਟ, ਕੌਂਸਲ, ਗੈਸਟ ਹਾਊਸ

12.3 Vocabulary

ਅਹਿਲਕਾਰ	official (m.)
ਅਖ਼ਬਾਰ	newspaper (m.)
ਅਤੀ	very, much
ਅਦਾਲਤ	court (f.)
ਅਨਜਾਣ	innocent
ਅਪਰਾਧ	crime (m.)
ਅਫ਼ਸੋਸ	sorrow, regret (m.)
ਅਮਾਨਤ	deposit, thing given in trust (f.)
ਇੱਛਾ	desire (f.)
ਇਤਰਾਜ	objection (m.)
[illegible]	Id, a Muslim holiday (f.)
ਈਦੀ	gifts given on Id (f.)
ਉਕਤੀ	argument (f.)
ਉਘਾ	= ਉੱਘਾ
ਉਪਤਨ	to produce
ਉਪਰੰਤ	after
ਉੱਲੂ	owl (m.) ਉੱਲੂ ਬਣਾਉਣਾ to fool
ਊਣਤਾਈ	lack (f.)
ਸਹਿਮਤ	agreed
ਸਥਾਨਕੀ	local
ਸਫ਼ਾਰਸ਼	recommendation (f.)
ਸਮਾਚਾਰ	news (m.)
ਸ਼ਾਹੂਕਾਰ	rich man, merchant (m.)
ਸਾਕਾ	remarkable event (m.)
ਸਿੱਟਾ	result (m.)
ਸੂਚਨਾ	information (f.)
ਸ਼ੋਭਾ ਦੇਣਾ	to befit, to become

ਸੌਦਾ	business, dealing (m.)
ਹਾਜਰ	present
ਹੀਰਾ	diamond (m.)
ਹੁਸ਼ਿਸਾਰ	clever
ਹੇਰਾ ਫੇਰੀ	avoidance, beating around the bush (f.)
ਹੋਸ਼	consciousness (m.)
ਹੋਸ਼ ਉੱਡ ਜਾਣਾ	to be very frightened
ਕਬਰ	grave, tomb (f.)
ਕਮੀਨਾਪਨ	meanness (m.)
ਕਾਨੂੰਨਬਾਜ਼ੀ	legal complications (f.)
ਕਾਨੂੰਨੀ	legal
ਕਾਰਵਾਈ	proceedings (f.)
ਕੀਮਤੀ	valuable
ਕੋਮਲ	tender
ਕੌਡੀ	a small coin, a cowrie shell (used as money) (f.)
ਖ਼ਜ਼ਾਨਾ	treasury (m.)
ਖ਼ਿਆਨਤ	perfidy, treachery, embezzlement (f.)
ਖਿਚ	pulling, drawing, attraction (f.)
ਖੀਸਾ	pocket (m.)
ਖੀਸਾ ਕੱਟਣਾ	to overcharge, underpay, to deceive in money matters
ਖ਼ੁਰਦ ਬੁਰਦ	disposed of
ਗਹੁ	attention, care (m.)
ਗਜ਼	a measurement of length, a yard (m.)
ਚਹੁੰ	four
ਚਾਨਣਾ	light (m.)
ਜ਼ਮਾਨਤ	bail (f.)
ਜ਼ਮਾਨਤਨਾਮਾ	documents for arranging bail (m.)
ਜਵਾਹਰ	jewel (m.)

ਜਿਨਸ	type of grain (m.)
ਜੇਲ ਖ਼ਾਨਾ	jail (m.)
ਜੌਹਰੀ	jeweller (m.)
ਠਹਿਰਾਉਣਾ	to declare, to cause to stay
ਡਾਂਗ	staff, club (f.)
ਭਿਮਭਾਣਾ	crowd (m.)
ਤਸੱਲੀ-ਬਖ਼ਸ਼	satisfactory
ਤਸੱਲੀ-ਭਰਪੂਰ	satisfactory
ਤਕਲੀਫ਼	trouble, pain (f.)
ਤਜਵੀਜ਼	plan, opinion (f.)
ਦਰਖ਼ਾਸਤ	application (f.)
ਦਰਜ ਕਰਨਾ	to make an entry in a register, to register
ਦਰਿਆਦਿਲ	liberal hearted, magnanimous
ਦਾਅਵੇਦਾਰ	accuser in a court case (m.)
ਦਾਖ਼ਲ ਕਰਨਾ	to enter
ਦਾਦੀ	father's mother (f.)
ਦੋਸ਼ੀ	guilty, criminal
ਧਰਵਾਸਾ	confidence (m.)
ਧਰੋਹੀ	deceiver (m.)
ਨਮੋਸ਼ੀ	disgrace (f.)
ਨਿਸ਼ਛਲ	pure, simple
ਨਿਗਰਾਨੀ	watch, care (f.)
ਨਿਜੀ	private
ਨਿਜੀ ਤੌਰ ਤੇ	privately
ਪੰਨਾ	emerald (m.)
ਪੜਾਅ	camp (m.)
ਪਾਣੀ ਪਾਣੀ ਹੋ ਜਾਣਾ	to feel ashamed
ਪਾਰਖੂ	examiner, appraiser (m.)

ਫੜਵਾਉਣਾ	to cause to arrest, to help to arrest
ਫ਼ਿਕਰਵੰਦ	worried
ਬਦ-ਅਸੀਸ	curse (bad blessing) (m.)
ਬਦ-ਦਿਲ	of bad conscience (adj.)
ਬਰਤਾਨਵੀ	British
ਬਰੀ	aquitted
ਬੇਅਦਬ	impertinent
ਬੇਈਮਾਨ	dishonest
ਭਾਅ	rate (m.)
ਭਾਵ	meaning, that is (m.)
ਭੈ-ਭੀਤ	terrorized, fearful
ਮੁੰਦਈ	accuser in a court case (m.)
ਮੁਲਜ਼ਮ	defendant (m.)
ਮੁਲਾਕਾਤ	meeting (f.)
ਯੁਕਤੀ	process, way (f.)
ਯੁਵਕ	youth, young man (m.)
ਰਹਿਮ	pity (m.)
ਰਾਇ	opinion (f.)
ਲਾਗੇ	near
ਲਾਭਦਾਇਕ	profitable, useful
ਲਿਹਾਜ਼	consideration, point of view (m.)
ਲਿਹਾਜ਼ ਨਾਲ	in, about, relating to, concerning
ਲਿਖਤਾ	written
ਵਸਤ	thing (f.)
ਵਾਰੰਟ ਜਾਰੀ ਹੋਣਾ	warrants to be issued
ਵਿਉਂਤ	arrangement, device (f.)

12.4 Answer the following questions in Panjabi:

੧. ਨਵਾਬ ਸਾਹਿਬ ਦੀ ਭੈਣ ਨੂੰ ਕਿਸਨੇ ਈਦ ਦੇ ਦਿਨ ਪੰਨਾ ਦਿੱਤਾ?
੨. ਉਹਦੇ ਪਤੀ ਕੀ ਕੰਮ ਕਰਦੇ ਸਨ?
੩. ਇਸ ਪੰਨੇ ਦਾ ਮੁੱਲ ਕੀ ਸੀ?
੪. ਬਹਾਵਲ ਪੁਰ ਦੇ ਜੌਹਰੀ ਨੇ ਇਸ ਪੰਨੇ ਦਾ ਮੁੱਲ ਕੀ ਦੱਸਿਆ?
੫. ਇਹ ਪੰਨਾ ਮੇਜਰ ਬਿੱਲਾ ਨੇ ਕਿਸ ਨੂੰ ਵੇਚ ਦਿੱਤਾ ਤੇ ਕਿਤਨੇ ਵਿਚ?
੬. ਦਿੱਲੀ ਦੇ ਜੌਹਰਿਆਂ ਨੇ ਪੰਨੇ ਦਾ ਕੀ ਮੁੱਲ ਦੱਸਿਆ? ਤੇ ਬੰਬਈ ਦੇ ਜੌਹਰਿਆਂ ਨੇ?
੭. ਅੰਤ ਵਿਚ ਉਹ ਪੰਨਾ ਕਿਤਨੇ ਦਾ ਵੇਚਿਆ ਗਿਆ?
੮. ਕਿਸਨੇ ਅਤੇ ਕਿਉਂ ਨਵਾਬ ਸਾਹਿਬ ਨੂੰ ਚਿੱਠੀ ਲਿਖੀ?
੯. ਪੰਨੇ ਨੂੰ ਲਭਣ ਲਈ ਨਵਾਬ ਸਾਹਿਬ ਨੇ ਕੀ ਕੀਤਾ?
੧੦. ਪੁਲੀਸ ਨੇ ਕਿਸ ਨੂੰ ਗਿਰਫਤਾਰ ਕੀਤਾ?
੧੧. ਜੌਹਰਿਆਂ ਨੇ ਆਪਣਾ ਵਕੀਲ ਕਿਸਨੂੰ ਕੀਤਾ?
੧੨. ਐਡੀਟਰ "ਰਿਆਸਤ" ਕਿੱਥੇ ਰਹਿੰਦਾ ਸੀ?
੧੩. ਲੇਖਕ ਨੇ ਕਿਸ ਤਰ੍ਹਾਂ ਅਪਰਾਧੀਆਂ ਦੀ ਸਹਾਇਤਾ ਕਰਨੀ ਚਾਹੀ?
੧੪. ਜੋ ਲੇਖਕ ਨਵਾਬ ਸਾਹਿਬ ਨੂੰ ਸਫ਼ਾਰਸ਼ ਕਰੇ ਤਾਂ ਕੀ ਹੋਵੇਗਾ?
੧੫. ਲੇਖਕ ਨੇ ਕੀ ਤਜਵੀਜ਼ ਦੱਸੀ ਤੇ ਅਪਰਾਧੀਆਂ ਨੂੰ ਇਹ ਕਿਉਂ ਪਸੰਦ ਆਈ?
੧੬. ਨਵਾਬ ਸਾਹਿਬ ਕੀ ਤਾਰ ਵਿੱਚ ਕੀ ਲਿਖਿਆ ਹੋਇਆ ਸੀ?
੧੭. ਪੰਨਾ ਕਿਸ ਨੂੰ ਵਾਪਸ ਕਰਨ ਵਾਸਤੇ ਕਿਹਾ ਗਿਆ ਸੀ?
੧੮. ਪੰਨਾ ਵਾਪਸ ਕਰਨ ਤੋਂ ਪਿੱਛੇ ਹੋਰ ਕੀ ਕੰਮ ਬੱਚਿਆ ਸੀ?
੧੯. ਬਹਾਵਲ ਪੁਰ ਵਿਚ ਕੀ ਮੁਸ਼ਕਲ ਆਈ?
੨੦. ਲੇਖਕ ਨੇ ਕਿਵੇਂ ਅਪਰਾਧੀਆਂ ਨੂੰ ਜੇਲ ਤੋਂ ਬਚਾਇਆ?

12.5 Fill in the blanks:

੧. ਉਨ੍ਹਾਂ ਦਾ ਨਾਂ —— ਚੇਤੇ ਨਾ ——।
੨. ਪੰਨਾ ਕਿਸ ਮੁੱਲ —— ਸੀ?
੩. ਜੌਹਰੀ ਲੋਕ ਦੂਜਿਆਂ ਦਾ ਖੀਸਾ —— ਨਾਲ ਬੜੇ —— ਹੁੰਦੇ ——।

੪. ਕੀਮਤੀ ਵਸਤ —— ਦੇ ਭਾਅ ਨਾ ——।

੫. —— ਸਰਕਾਰ ਦਾਅਵੇਦਾਰ ਹੋਵੇ ਤਾਂ ਨਾ ਵਕੀਲ ਦਾ ਪ੍ਰਸ਼ਨ ਹੈ —— ਅਪੀਲ ——।

੬. "ਚੋਰਾਂ ਦੇ ਕਪੜੇ ਅਤੇ —— —— ——" ਅਨੁਸਾਰ ਚਾਰ ਲੱਖ ਦਾ ਪੰਨਾ —— —— ਵਿਚ —— ਦਿੱਤਾ ਸੀ।

੭. ਇਸ —— ਤੋਂ ਮੁਕੱਦਮਾ ਵਾਪਸ ਲੈਣ ਦੀ —— ਕੀਤੀ ਜਾ —— ਹੈ।

੮. ਉਨ੍ਹਾਂ ਨੂੰ ਮਿਲਣ —— ਆਦਮੀ ਇਕ ਖਿਚ —— ਕਰਦਾ ਹੈ।

੯. ਇਨ੍ਹਾਂ ਨੂੰ ਜੇਲਖਾਨਾ —— ਦੇ ਰਿਹਾ ਸੀ।

੧੦. ਕੱਮ ਹੋ —— ਪਿੱਛੋਂ ਗੱਲ ਮੁਕੱਦਮਾ ਵਾਪਸ —— ਦੀ ਸੀ।

੧੧. ਉਹ ਵਿਚਕਾਰ —— —— ਜ਼ਿਮੇਵਾਰੀ —— —— ਸੀ।

੧੨. ਜਦ ਉੱਥੇ ਪੁਜੇ —— ਕਾਰਾਂ —— ਲਈ —— ਸਨ।

12.6 Translate into Panjabi:

1. This book was worth ten dollars.
2. Jewellers are very clever in cheating others ("cutting others' pockets").
3. Through a letter, I informed him of the sale.
4. He was very sad to learn that such a valuable thing had been sold so cheaply.
5. Tyranny in the Native States was even worse than in the British area.
6. They appointed Mr. Singh as their lawyer.
7. But it was not possible to hold the meeting in the city.
8. I think if he is asked he will not say no.
9. A man feels pleasure in talking to him.
10. He has no objection to returning the money.
11. I had taken the responsibility of acting as mediator.
12. This is going against the promise given.

12. Warrants were issued for their arrest.
13. They were asked to post bail of five hundred dollars each.
14. I came back to New York on the night train.

12.7 Note the use of ਤਾਂ/ਤੇ in the following sentences:

ਕਰਾਂ ਤਾਂ ਕੀ ਕਰਾਂ, ਜਾਵਾਂ ਤੇ ਕਿਧਰ ਜਾਵਾਂ	If we are to do (something), what are we to do; if we are to go (somewhere), where are we to go?
ਨਾ ਤਾਂ ਖਾ ਹੀ ਸਕਦਾ ਸੀ, ਨਾ ਕੁਝ ਕਰ ਸਕਦਾ ਸੀ	Neither could he eat nor do anything
ਜਾਂ ਤੇ ਕੰਮ ਕਰੋ, ਨਹੀਂ ਤੇ ਪਾਸ ਨਹੀਂ ਹੋਵੋਗੇ	Either work or (otherwise) you won't pass
ਇਕ ਤਾਂ ਕੀਮਤੀ ਵਸਤ, ਦੂਜੇ ਉਨ੍ਹਾਂ ਗੌਰਵ ਦਾ ਪ੍ਰਸ਼ਨ	On the one hand (it was) a valuable thing, on the other (it was) a question of his dignity
ਜਦ ਸਟੇਸ਼ਨ ਪਹੁੰਚੇ, ਤਾਂ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ	When they reached the station the police arrested them
ਸਫ਼ਾਰਸ਼ ਕਰਨੀ ਤਾਂ ਬੇਅਦਬੀ ਹੋਵੇਗੀ	As far as recommending is concerned, it will be disrespectful
ਤਾਂ ਭਈ, ਜਰੂਰ ਇਹ ਕੰਮ ਕਰੋ	Then (in that case), brother, certainly do this work

ਤਾਂ is used in two senses, as a connective or as an emphatic word. As the former it means "then", "if...then", "when... then"; as the latter it has the meaning "after all", "is it not?", "as far as...is concerned", "in that case". In non-initial position ਤਾਂ may be replaced by ਤੇ. Translate:

1. If he asks me, I will go.
2. After all, he is human.
3. On the one hand he is sick, on the other he is hungry.
4. Then let's go and have a cup of coffee.
5. As far as dying for his country is concerned, he can't do it.

UNIT XIII

ਸਹਾਏ

ਮਿੰਟੋ

'ਇਹ ਨਾ ਆਖੋ ਕਿ ਇਕ ਲੱਖ ਹਿੰਦੂ ਤੇ ਇਕ ਲੱਖ ਮੁਸਲਸਾਨ ਮਰੇ ਹਨ — ਇਹ ਆਖੋ ਕਿ ਦੋ ਲੱਖ ਇਨਸਾਨ ਮਰੇ ਹਨ — ਤੇ ਇਹ ਐਡੀ ਵੱਡੀ ਟ੍ਰੈਜਿਡੀ ਨਹੀਂ ਕਿ ਦੋ ਲੱਖ ਇਨਸਾਨ ਮਰੇ ਹਨ, ਟ੍ਰੈਜਿਡੀ ਅਸਲ ਵਿਚ ਇਹ ਹੈ ਕਿ ਮਾਰਨ ਤੇ ਮਰਨ ਵਾਲੇ ਕਿਸੇ ਵੀ ਖਾਤੇ ਵਿਚ ਨਹੀਂ ਵਏ। ਇਕ ਲੱਖ ਹਿੰਦੂ ਮਾਰ ਕੇ ਮੁਸਲਮਾਨਾਂ ਨੇ ਇਹ ਸਮਝਿਆ ਹੋਣਾ ਏਂ ਕਿ ਹਿੰਦੂ ਧਰਮ ਮਰ ਗਿਆ ਹੈ , ਪਰ ਉਹ ਜੀਤੁੰਦਾ ਹੈ ਤੇ ਜੀਉਂਦਾ ਰਹੇਗਾ। ਇਸੇ ਤਰ੍ਹਾਂ ਇਕ ਲੱਖ ਮੁਸਲਮਾਨ ਕਤਲ ਕਰ ਕੇ ਹਿੰਦੂਆਂ ਨੇ ਬਗ਼ਲਾਂ ਵਜਾਈਆਂ ਹੋਣੀਆਂ ਹਨ ਕਿ ਇਸਲਾਮ ਖ਼ਤਮ ਹੋ ਗਿਆ ਹੈ, ਪਰ ਸਚਾਈ ਤੁਹਾਡੇ ਸਾਮ੍ਹਣੇਹੈ ਕਿ ਇਸਲਾਮ ਤੇ ਇਕ ਮਾੜੀ ਜਿਹੀ ਝਰੀਟ ਵੀ ਨਹੀਂ ਆਈ — ਉਹ ਲੋਕ ਬੇਵਕੂਫ਼ ਹਨ ਜਿਹੜੇ ਸਮਝਦੇ ਹਨ ਕਿ ਬੰਦੂਕਾਂ ਨਾਲ ਧਰਮ ਸ਼ਿਕਾਰ ਕੀਤੇ ਜਾ ਸਕਦੇ ਹਨ। ਧਰਮ, ਈਮਾਨ, ਵਿਸ਼ਵਾਸ਼ ਸ਼ਰਧਾ — ਇਹ ਜੋ ਕੁਝ ਵੀ ਹੈ ਸਾਡੇ ਸਰੀਰ ਵਿਚ ਨਹੀਂ, ਆਤਮਾ ਵਿਚ ਹੁੰਦਾ ਹੈ — ਛੁਰੇ, ਚਾਕੂ ਤੇ ਗੋਲੀ ਨਾਲ ਇਹ ਕਿਸ ਤਰ੍ਹਾਂ ਫ਼ਨ੍ਹਾ ਹੋ ਸਕਦਾ ਹੈ?'

ਮੁਮਤਾਜ਼ ਉਸ ਦਿਨ ਕਿੰਨਾ ਜੋਸ਼ ਵਿਚ ਸੀ। ਅਸੀਂ ਸਿਰਫ਼ ਤਿੰਨ ਸਾਂ ਜਿਹੜੇ ਉਸ ਨੂੰ ਜਹਾਜ਼ ਤੇ ਛੱਡਣ ਆਏ ਸਾਂ ਉਹ ਸਾਥੋਂ ਅਨਿਸਚਿਤ ਸਮੇਂ ਲਈ ਵੱਖਰਾ ਹੋ ਕੇ ਪਾਕਿਸਤਾਨ ਜਾ ਰਿਹਾ ਸੀ — ਪਾਕਿਸਤਾਨ ਜਿਸ ਦੇ ਵਜੂਦ ਦੇ ਬਾਰੇ ਸਾਡੇ ਵਿਚੋਂ ਕਿਸੇ ਨੂੰ ਕੋਈ ਚਿੱਤ ਜੇਤਾ ਵੀ ਨਹੀਂ ਸੀ।

ਅਸੀਂ ਤਿੰਨੇ ਹਿੰਦੂ ਸਾਂ। ਪੱਛਮੀ ਪੰਜਾਬ ਵਿਚ ਸਾਡੇ ਰਿਸ਼ਤੇਦਾਰਾਂ ਨੂੰ ਬੜਾ ਮਾਲੀ ਤੇ ਜਾਨੀ ਨੁਕਸਾਨ ਝੱਲਣਾ ਪਿਆ ਸੀ ਸ਼ਾਇਦ ਇਹੋ ਕਾਰਨ ਸੀ ਕਿ ਮੁਮਤਾਜ਼ ਸਾਥੋਂ ਵੱਖਰਾ ਹੋ ਰਿਹਾ ਸੀ। ਜੁਗਲ ਨੂੰ ਲਾਹੌਰੋਂ ਖ਼ਤ ਮਿਲਿਆ ਕਿ ਫ਼ਸਾਦਾਂ ਵਿਚ ਉਸ ਦਾ ਚਾਚਾ ਮਾਰਿਆ ਗਿਆ ਹੈ। ਇਸ ਨਾਲ ਉਸ ਨੂੰ ਬੜਾ ਸਦਮਾ ਪੁੱਜਾ। ਇਸੇ ਸਦਮੇ ਦੇ ਅਸਰ ਹੇਠ ਗੱਲਾਂ ਗੱਲਾਂ ਵਿਚ ਇਕ ਦਿਨ ਉਸ ਨੇ ਮੁਮਤਾਜ਼ ਨੂੰ ਕਿਹਾ, 'ਮੈਂ ਸੋਚ ਰਿਹਾ ਹਾਂ ਕਿ ਸਾਡੇ ਮਹੱਲੇ ਵਿਚ ਫ਼ਸਾਦ ਸ਼ੁਰੂ ਹੋ ਜਾਣ ਤੇ ਮੈਂ ਕੀ ਕਰਾਂਗਾ।'

ਮੁਮਤਾਜ਼ ਪੇ ਪੁਛਿਆ, 'ਕੀ ਕਰੇਂਗਾ?'

ਜੁਗਲ ਨੇ ਬੜੀ ਗੰਭੀਰਤਾ ਨਾਲ ਉੱਤਰ ਦਿੱਤਾ, 'ਮੈਂ ਸੋਚ ਰਿਹਾ ਹਾਂ , ਹੋ ਸਕਦਾ ਏ, ਮੈਂ ਤੈਨੂੰ ਮਾਰ ਸੁੱਟਾਂ।'

ਇਹ ਸੁਣ ਕੇ ਮੁਮਤਾਜ਼ ਚੁੱਪ ਹੋ ਗਿਆ ਤੇ ਉਸ ਦੀ ਇਹ ਚੁੱਪ ਲਗ ਪਗ ਅੱਠ ਦਿਨ ਤਕ ਰਹੀ ਤੇ ਉਸ ਵੇਲੇ ਟੁੱਟੀ ਜਦੋਂ ਉਸ ਨੇ ਅਚਾਨਕ ਸਾਨੂੰ ਦਸਿਆ ਕਿ ਉਹ ਪੌਣੇ ਚਾਰ ਵਜੇ ਸਮੁੰਦਰੀ ਜਹਾਜ਼ ਰਾਹੀਂ ਕਰਾਚੀ ਜਾ ਰਿਹਾ ਹੈ।

ਸਾਡੇ ਤਿੰਨਾਂ ਵਿਚੋਂ ਕਿਸੇ ਨੇ ਉਸ ਦੇ ਇਸ ਇਰਾਦੇ ਬਾਰੇ ਗੱਲ ਬਾਤ ਨਾ ਕੀਤੀ। ਜੁਗਲ ਨੂੰ ਇਸ ਗੱਲ ਦਾ ਬੜਾ ਅਹਿਸਾਸ ਸੀ ਕਿ ਮੁਮਤਾਜ਼ ਦੇ ਜਾਣ ਦਾ ਕਾਰਨ ਉਸ ਦਾ ਇਹ ਵਾਕ ਸੀ, 'ਮੈਂ ਸੋਚ ਰਿਹਾ ਹਾਂ, ਹੋ ਸਕਦਾ ਹੈ ਮੈਂ ਤੈਨੂੰ ਮਾਰ ਸੁੱਟਾਂ।' ਸ਼ਾਇਦ ਉਹ ਹੁਣ ਤਕ ਇਹੋ ਸੋਚ ਰਿਹਾ ਸੀ ਕਿ ਉਹ ਗੁੱਸੇ ਵਿਚ ਆ ਕੇ ਮੁਮਦਾਜ਼ ਨੂੰ ਮਾਰ ਸਕਦਾ ਹੈ ਜਾਂ ਨਹੀਂ – ਮੁਮਤਾਜ਼ ਨੂੰ ਜਿਹੜਾ ਉਸ ਦਾ ਦਿਲੀ ਦੋਸਤ ਸੀ। ਇਹੋ ਕਾਰਨ ਹੈ ਕਿ ਉਹ ਸਾਡੇ ਤਿੰਨਾਂ ਵਿਚੋਂ ਸਭ ਤੋਂ ਵਧੇਰੇ ਚੁੱਪ ਸੀ, ਪਰ ਅਜੀਬ ਗੱਲ ਇਹ ਹੈ ਕਿ ਮੁਮਤਾਜ਼ ਬਹੁਤ ਗਾਲੜੀ ਹੋ ਗਿਆ ਸੀ – ਖ਼ਾਸ ਤੌਰ ਤੇ ਜਾਣ ਤੋਂ ਕੁਝ ਘੰਟੇ ਪਹਿਲਾਂ।

ਸਵੇਰੇ ਉਠਦਿਆਂ ਹੀ ਉਸ ਨੇ ਪੀਣੀ ਸ਼ੁਰੂ ਕਰ ਦਿੱਤੀ। ਅਸਬਾਬ ਵਗ਼ੈਰਾ ਕੁਝ ਇਸ ਤਰ੍ਹਾਂ ਬੰਨ੍ਹਿਆ ਤੇ ਬੰਨ੍ਹਵਾਇਆ ਜਿਵੇਂ ਉਹ ਕਿਸੇ ਸੈਰ ਸਪਾਟੇ ਲਈ ਜਾ ਰਿਹਾ ਹੈ – ਆਪ ਹੀ ਗੱਲ ਕਰਦਾ ਸੀ ਤੇ ਆਪ ਹੀ ਹੱਸਦਾ ਸੀ। ਕੋਈ ਹੋਰ ਦੇਖਦਾ ਤੇ ਸਮਝਦਾ ਕਿ ਉਹ ਬੰਬਈ ਛੱਡਣ ਵਿਚ ਬੇਹਦ ਖੁਸ਼ੀ ਮਹਿਸੂਸ ਕਰ ਰਿਹਾ ਹੈ, ਪਰ ਅਸੀਂ ਤਿੰਨੇ ਚੰਗੀ ਤਰ੍ਹਾਂ ਜਾਣਦੇ ਸਾਂ ਕਿ ਉਹ ਸਿਰਫ਼ ਆਪਣੇ ਜਜ਼ਬਿਆਂ ਨੂੰ ਲੁਕਾਣ ਲਈ ਸਾਨੂੰ ਤੇ ਆਪਣੇ ਆਪ ਨੂੰ ਧੋਖਾ ਦੇ ਰਿਹਾ ਹੈ।

ਮੈਂ ਬਹੁਤ ਚਾਹਿਆ ਕਿ ਉਸ ਨੂੰ ਉਸ ਦੇ ਇਕ ਦਮ ਜਾਣ ਬਾਰੇ ਗੱਲ ਕਰਾਂ। ਇਸ਼ਾਰੇ ਨਾਲ ਮੈਂ ਜੁਗਲ ਨੂੰ ਵੀ ਕਿਹਾ ਕਿ ਉਹ ਗੱਲ ਛੇੜੇ, ਪਰ ਮੁਮਤਾਜ਼ ਨੇ ਸਾਨੂੰ ਕੋਈ ਮੌਕਾ ਹੀ ਨਾ ਦਿੱਤਾ।

ਜੁਗਲ ਤਿੰਨ ਚਾਰ ਪੈਗ ਪੀ ਕੇ ਹੋਰ ਵੀ ਜ਼ਿਆਦਾ ਚੁੱਪ ਹੋ ਗਿਆ ਤੇ ਦੂਸਰੇ ਕਮਰੇ ਵਿਚ ਜਾ ਕੇ ਲੇਟ ਗਿਆ। ਮੈਂ ਤੇ ਬ੍ਰਿਜ ਮੋਹਨ ਉਸ ਦੇ ਨਾਲ ਰਹੇ। ਉਸ ਨੇ ਕਈ ਬਿੱਲਾਂ ਦੀਆਂ ਰਕਮਾਂ ਦੇਣੀਆਂ ਸਨ। ਡਾਕਟਰਾਂ ਦੀਆਂ ਫ਼ੀਸਾਂ ਦੇਣੀਆਂ ਸਨ। ਲਾਂਡਰੀ ਤੋਂ ਕਪੜੇ ਲਿਆਣੇ ਸਨ। ਇਹ ਸਾਰੇ ਕੰਮ ਉਸ ਨੇ ਹੱਸਦੇ ਖੇਡਦੇ ਕੀਤੇ ਪਰ ਜਦੋਂ ਉਸ ਨੇ ਬਜ਼ਾਰ ਦੇ ਮੋੜ ਵਾਲੀ ਦੁਕਾਨ ਤੋਂ ਇਕ ਪਾਨ ਲਿਆ ਤਾਂ ਉਸ ਦੀਆਂ ਅੱਖਾਂ ਵਿਚ ਅਥਰੂ ਆ ਗਏ। ਬ੍ਰਿਜ ਮੋਹਨ ਦੇ ਮੋਢੇ ਤੇ ਹੱਥ ਰਖ ਕੇ ਉਥੋਂ ਤੁਰਦੇ ਹੋਏ ਉਸ ਨੇ ਹੌਲੀ ਜਹੀ ਕਿਹਾ, 'ਯਾਦ ਏ ਬ੍ਰਿਜ ਅੱਜ ਤੋਂ ਦਸ ਵਰ੍ਹੇ ਪਹਿਲਾਂ ਜਦੋਂ ਸਾਡੀ ਹਾਲਤ ਬੜੀ ਪਤਲੀ ਸੀ, ਗੋਬਿੰਦ ਨੇ ਸਾਨੂੰ ਇਕ ਰੁਪਿਆ ਉਧਾਰ ਦਿੱਤਾ ਸੀ।'

ਰਸਤੇ ਵਿਚ ਮੁਮਤਾਜ਼ ਚੁੱਪ ਰਿਹਾ, ਪਰ ਘਰ ਪੁਜਦੇ ਹੀ ਉਸ ਨੇ ਫਿਰ ਗੱਲਾਂ ਦੀ ਅਮੁਕ ਲੜੀ ਸ਼ੁਰੂ ਕਰ ਦਿੱਤੀ। ਉਨ੍ਹਾਂ ਗੱਲਾਂ ਦਾ ਨਾ ਸਿਰ ਸੀ ਪਾ ਪੈਰ, ਪਰ ਮੈਂ ਤੇ ਬ੍ਰਿਜ ਬਰਾਬਰ ਉਨ੍ਹਾਂ ਵਿਚ ਹਿੱਸਾ ਲੈਂਦੇ ਰਹੇ। ਜਦੋਂ ਵਿਦਾਇਗੀ ਦਾ ਵੇਲਾ ਨੇੜੇ ਆਇਆ ਤੇ ਜੁਗਲ ਵੀ ਸ਼ਾਮਲ ਹੋ ਗਿਆ ਤੇ ਜਦੋਂ ਟੈਕਸੀ ਬੰਦਰਗਾਹ ਵੱਲ ਚੱਲੀ ਤਾਂ ਸਾਰੇ ਚੁੱਪ ਹੋ ਗਏ।

ਮੁਮਤਾਜ਼ ਦੀਆਂ ਨਜ਼ਰਾਂ ਬੰਬਈ ਦੇ ਲੰਮੇ ਚੌੜੇ ਬਜ਼ਾਰਾਂ ਨੂੰ ਆਖਰੀ ਸਲਾਮ ਕਰਦੀਆਂ ਰਹੀਆਂ ਤੇ ਏਨੇ ਵਿਚ ਟੈਕਸੀ ਆਪਣੀ ਮੰਜ਼ਲ ਤੇ ਪੁਜ ਗਈ। ਬੇਹਦ ਭੀੜ ਸੀ। ਹਜ਼ਾਰਾਂ ਸ਼ਰਨਾਰਥੀ ਜਾ ਰਹੇ ਸਨ, ਕਿਨ੍ਹਾਂ ਵਿਚੋਂ ਖੁਸ਼ਹਾਲ ਸਹੁਤ ਘੱਟ ਸਨ ਤੇ ਭੈੜੇ ਹਾਲ ਵਾਲੇ ਬਹੁਤ ਜ਼ਿਆਦਾ ਸਨ। ਅਣਗਿਣਤ ਬੰਦੇ ਸਨ, ਪਰ ਮੈਨੂੰ ਇੰਜ ਜਾਪਦਾ ਸੀ ਕਿ ਇਕੱਲਾ ਮੁਮਤਾਜ਼ ਜਾ ਰਿਹਾ ਹੈ। ਸਾਨੂੰ ਛੱਡ ਕੇ ਐਸੀ ਥਾਂ ਜਾ ਰਿਹਾ ਹੈ, ਜਿਨੜੀ ਉਸ ਦੀ ਦੇਖੀ ਹੋਈ ਨਹੀਂ, ਪਰ ਇਹ ਮੇਰਾ ਆਪਣਾ ਖ਼ਿਆਲ ਸੀ ਮੈਂ ਨਹੀਂ ਕਹਿ ਸਕਦਾ ਕਿ ਮੁਮਤਾਜ਼ ਕੀ ਸੋਚ ਰਿਹਾ ਸੀ।

ਜਦੋਂ ਜਹਾਜ਼ ਵਿਚ ਸਾਰਾ ਸਾਮਾਨ ਚਲਾ ਗਿਆ ਤੇ ਮੁਮਤਾਜ਼ ਸਾਨੂੰ ਉਥੇ ਲੈ ਗਿਆ ਜਿਥੇ ਅਸਮਾਨ ਤੇ ਸੰਮੁਦਰ ਆਪਸ ਵਿਚ ਮਿਲੇ ਦਿਸਦੇ ਸਨ। ਮੁਮਤਾਜ਼ ਦੇਰ ਤਕ ਵੇਖਦਾ ਰਿਹਾ। ਫਿਰ ਉਸ ਨੇ ਜੁਗਲ ਦਾ ਹੱਥ ਆਪਣੇ ਹੱਥ ਵਿਚ ਲੈਂਦੇ ਹੋਇਆਂ ਕਿਆ, 'ਇਹ ਸਿਰਫ਼ ਨਜ਼ਰ ਦਾ ਧੋਖਾ ਹੈ ਅਸਮਾਨ ਤੇ ਸਮੁੰਦਰ ਆਪਸ ਵਿਚ ਮਿਲਣਾ – ਪਰ ਇਹ ਨਜ਼ਰ ਦਾ ਧੋਖਾ ਕਿੰਨਾ ਚੰਗਾ ਲੱਗਦਾ ਹੈ – ਇਹ ਮਿਲਾਪ।'

ਜੁਗਲ ਚੁੱਪ ਰਿਹਾ। ਸ਼ਾਇਦ ਉਸ ਵੇਲੇ ਵੀ ਉਸ ਦੇ ਦਿਲ ਤੇ ਦਿਮਾਗ਼ ਵਿਚ ਉਸ ਦੀ ਕਹੀ ਹੋਈ ਗੱਲ ਚੱਕਰ ਲਾ ਰਹੀ ਸੀ – ਮੈਂ ਸੋਚ ਰਿਹਾ ਹਾਂ, ਹੋ ਸਕਦਾ ਮੈਂ ਤੈਨੂੰ ਮਾਰ ਸੁੱਟਾਂ।

ਮੁਮਤਾਜ਼ ਨੇ ਜਹਾਜ਼ ਦੀ ਬਾਰ ਤੋਂ ਬ੍ਰਾਂਡੀ ਮੰਗਵਾਈ, ਕਿਉਂਕਿ ਉਹ ਸਵੇਰ ਤੋਂ ਪੀਤੀ ਜਾ ਰਿਹਾ ਸੀ। ਅਸੀਂ ਚਾਰੇ ਗਲਾਸ ਹੱਥ ਵਿਚ ਲੈ ਕੇ ਜੰਗਲੇ ਦੇ ਨਾਲ ਖੜੇ ਸਾਂ। ਸ਼ਰਨਾਰਥੀ ਧੜਾ ਧੜ ਜਹਾਜ਼ ਵਿਚ ਸਵਾਰ ਹੋ ਰਹੇ ਸਨ ਤੇ ਅਹਿਲ ਸਮੁੰਦਰ ਤੇ ਸਮੁੰਦਰੀ ਪੰਛੀ ਮੰਡਲਾ ਰਹੇ ਸਨ।

ਜੁਗਲ ਨੇ ਇਕ ਦਮ ਡੀਕ ਲਾ ਕੇ ਆਪਣਾ ਗਲਾਸ ਮੁਕਾ ਦਿੱਤਾ ਤੇ ਮੁਮਤਾਜ਼ ਨੂੰ ਕਿਹਾ, 'ਮੈਨੂੰ ਮੁਆਫ਼ ਕਰ ਦੇਵੀਂ ਮੁਮਤਾਜ਼! ਮੈਂ ਉਸ ਦਿਨ ਤੈਨੂੰ ਐਵੇਂ ਦੁਖੀ ਕੀਤਾ ਸੀ।'

ਮੁਮਤਾਜ਼ ਨੇ ਰੁਕ ਕੇ ਕਿਹਾ, 'ਜਦ ਤੂੰ ਕਿਹਾ ਸੀ 'ਮੈਂ ਸੋਚ ਰਿਹਾ ਹਾਂ, ਹੋ

ਸਕਦਾ ਏ ਮੈਂ ਤੈਨੂੰ ਮਾਰ ਸੁੱਟਾਂ — ਕੀ ਸੱਚ ਮੁੱਚ ਤੂੰ ਇਹੋ ਸੋਚਿਆ ਸੀ?'

ਜੁਗਲ ਨੇ ਹਾਂ ਵਿਚ ਸਿਰ ਹਿਲਾਇਆ, 'ਪਰ ਮੈਨੂੰ ਅਫ਼ਸੋਸ ਏ।'

'ਤੂੰ ਮੈਨੂੰ ਮਾਰ ਸੁਟਦਾ ਤਾਂ ਤੈਨੂੰ ਜ਼ਿਆਦਾ ਅਫ਼ਸੋਸ ਹੁੰਦਾ' ਮੁਮਤਾਜ਼ ਨੇ ਫ਼ਲਾਸਫ਼ਰਾਂ ਵਾਂਗ ਕਿਹਾ। 'ਪਰ ਸਿਰਫ਼ ਉਸ ਸੂਰਤ ਵਿਚ ਜੇ ਤੂੰ ਸੋਚਦਾ ਕਿ ਤੂੰ ਮੁਮਤਾਜ਼ ਨੂੰ — ਇਕ ਮੁਸਲਮਾਨ ਨੂੰ ਇਕ ਦੋਸਤ ਨੂੰ ਨਹੀਂ, ਸਗੋਂ ਇਕ ਮੁਸਲਸਾਨ ਨੂੰ ਮਾਰਿਆ ਹੈ — ਉਹ ਜੇ ਹਰਾਮਜ਼ਾਦਾ ਸੀ ਤਾਂ ਤੂੰ ਉਸ ਦੀ ਹਰਾਮਜ਼ਦਗੀ ਨੂੰ ਨਹੀਂ ਸਗੋਂ ਉਸ ਨੂੰ ਮਾਰਿਆ ਏ — ਉਹ ਜੇ ਮੁਸਲਮਾਨ ਸੀ ਤਾਂ ਤੂੰ ਉਸ ਦੀ ਮੁਸਲਸਾਨੀ ਨੂੰ ਨਹੀਂ, ਉਸ ਦੀ ਹਸਤੀ ਨੂੰ ਖ਼ਤਮ ਕੀਤਾ ਏ — ਜੇ ਉਸ ਦੀ ਲਾਸ਼ ਮੁਸਲਮਾਨਾਂ ਦੇ ਹੱਥ ਆਉਂਦੀ ਤਾਂ ਕਬਰਸਤਾਨ ਵਿਚ ਇਕ ਕਬਰ ਦਾ ਹੋਰ ਵਾਧਾ ਹੋ ਜਾਂਦਾ, ਪਰ ਦੁਨੀਆਂ ਵਿਚੋਂ ਇਕ ਮਨੁੱਖ ਘਟ ਜਾਂਦਾ।

ਥੋੜ੍ਹਾ ਚਿਰ ਚੁੱਪ ਰਹਿਣ ਤੇ ਕੁਝ ਸੋਚਣ ਪਿਛੋਂ ਉਸ ਨੇ ਫਿਰ ਬੋਲਣਾ ਸ਼ੁਰੂ ਕਰ ਦਿੱਤਾ, 'ਹੋ ਸਕਦਾ ਏ ਮੇਰੇ ਮਜ਼ਹਬੀ ਭਰਾ ਮੈਨੂੰ ਸ਼ਹੀਦ ਕਹਿੰਦੇ, ਪਰ ਖ਼ੁਦਾ ਦੀ ਕਸਮ ਜੇ ਹੋ ਸਕਦਾ ਤੇ ਮੈਂ ਕਬਰ ਪਾੜ ਕੇ ਚੀਕਣਾ ਸ਼ੁਰੂ ਕਰ ਦਿੰਦਾ, 'ਮੈਨੂੰ ਸ਼ਹਾਦਤ ਦਾ ਇਹ ਦਰਜਾ ਕਬੂਲ ਨਹੀਂ — ਮੈਨੂੰ ਇਹ ਡਿਗਰੀ ਨਹੀਂ ਚਾਹੀਦੀ, ਜਿਸ ਦਾ ਮੈਂ ਇਮਤਿਹਾਨ ਦਿੱਤਾ ਹੀ ਨਹੀਂ। ਲਾਹੌਰ ਵਿਚ ਤੇਰੇ ਚਾਚੇ ਨੂੰ ਇਕ ਮੁਸਲਾਮਾਨ ਨੇ ਮਾਰ ਸੁੱਟਿਆ — ਤੂੰ ਇਹ ਖ਼ਬਰ ਬੰਬਈ ਵਿਚ ਸੁਣੀ ਤੇ ਮੈਨੂੰ ਕਤਲ ਕਰ ਦਿੱਤਾ — ਦੱਸ, ਤੂੰ ਤੇ ਮੈਂ ਕਿਸ ਤਮਗ਼ੇ ਦੇ ਹੱਕਦਾਰ ਹਾਂ? ਤੇ ਲਾਹੌਰ ਵਿਚ ਤੇਰਾ ਚਾਚਾ ਤੇ ਉਸ ਦਾ ਕਾਤਲ ਕਿਸ ਇਨਾਮ ਦਾ ਹੱਕਦਾਰ ਏ? ਮੈਂ ਤਾਂ ਕਹਾਂਗਾ, ਮਰਨ ਵਾਲੇ ਕੁੱਤੇ ਦੀ ਮੌਤ ਮਰੇ ਤੇ ਮਾਰਨ ਵਾਲਿਆਂ ਨੇ ਫ਼ਜ਼ੂਲ — ਬਿਲਕੁਲ ਫ਼ਜ਼ੂਲ ਆਪਣੇ ਹੱਥ ਲਹੂ ਨਾਲ ਰੰਗੇ —'

ਗੱਲਾਂ ਕਰਦੇ ਕਰਦੇ ਮੁਮਤਾਜ਼ ਬਹੁਤ ਜਜ਼ਬਾਤੀ ਹੋ ਵਿਆ ਮੇਰੇ ਦਿਲ ਤੇ ਉਸ ਦੀ ਉਸ ਗੱਲ ਦਾ ਬਹੁਤ ਅਸਰ ਹੋ ਗਿਆ ਕਿ ਧਰਮ, ਦੀਨ, ਈਮਾਨ, ਵਿਸ਼ਵਾਸ਼, ਸ਼ਰਧਾ — ਇਹ ਜੋ ਕੁਝ ਵੀ ਹੈ ਸਾਡੇ ਸਰੀਰ ਦੀ ਥਾਂ ਤੇ ਆਤਮਾਂ ਵਿਚ ਹੁੰਦੇ ਹਨ। ਜਿਹੜੀ ਛੁਰੇ, ਚਾਕੂ ਤੇ ਗੋਲੀ ਨਾਲ ਫ਼ਨ੍ਹਾ ਨਹੀਂ ਕੀਤਾ ਜਾ ਸਕਦੀ। ਮੈਂ ਉਸ ਨੂੰ ਕਿਹਾ, 'ਤੂੰ ਬਿਲਕੁਲ ਠੀਕ ਕਹਿੰਦਾ ਏ।'

ਇਹ ਸੁਣ ਕੇ ਮੁਮਤਾਜ਼ ਨੇ ਆਪਣੇ ਖ਼ਿਆਲਾਂ ਦਾ ਜਾਇਜ਼ਾ ਲਿਆ ਤੇ ਕਿਹਾ, ਸ਼ਾਇਦ ਮੈਂ ਜੋ ਕੁਝ ਕਹਿਣਾ ਚਾਹੁੰਦਾ ਹਾਂ, ਚੰਗੀ ਤਰ੍ਹਾਂ ਬਿਆਨ ਨਹੀਂ ਕਰ ਸਕਿਆ। ਧਰਮ ਤੋਂ ਮੇਰਾ ਭਾਵ ਉਹ ਧਰਮ ਨਹੀਂ ਜਿਸ ਵਿਚ ਸਾਡੇ ਵਿਚੋਂ ਨੜ੍ਹਿਨਵੇਂ ਫ਼ੀ ਸਦੀ ਜਕੜੇ ਹੋਏ ਹੋਏ ਹਾਂ ਮੇਰਾ ਮਤਲਬ ਉਸ ਖ਼ਾਸ ਚੀਜ਼ ਤੋਂ ਹੈ ਜਿਹੜੀ ਮਨੁੱਖ ਨੂੰ ਅਸਲ ਵਿਚ

ਮਨੁੱਖ ਸਾਬਤ ਕਰਦੀ ਹੈ। ਪਰ ਉਹ ਚੀਜ਼ ਕੀ ਏ? – ਅਫ਼ਸੋਸ ਹੈ ਕਿ ਮੈਂ ਉਸ ਨੂੰ ਤਲੀ ਤੇ ਰੱਖ ਦਸ ਨਹੀਂ ਸਕਦਾ। ਇਹ ਕਹਿੰਦੇ ਕਹਿੰਦੇ ਇਕ ਦਮ ਉਸ ਦੀਆਂ ਅੱਖਾਂ ਵਿਚ ਚਮਕ ਜਹੀ ਪੈਦਾ ਹੋਈ ਤੇ ਉਸ ਨੇ ਕਿਵੇਂ ਆਪਣੇ ਆਪ ਤੋਂ ਪੁੱਛਣਾ ਸ਼ੁਰੂ ਕਰ ਦਿੱਤਾ। 'ਪਰ ਇਸ ਵਿਚ ਉਹ ਕਿਹੜੀ ਖ਼ਾਸ ਗੱਲ ਸੀ? – ਕੱਟੜ ਹਿੰਦੂ ਸੀ – ਪੇਸ਼ਾ ਬਹੁਤ ਹੀ ਘਟੀਆ ਪਰ ਇਸ ਦੇ ਬਾਵਜੂਦ ਉਸ ਦੀ ਆਤਮਾ ਕਿੰਨੀ ਸਾਫ਼ ਸੀ।'

ਮੈਂ ਪੁਛਿਆ, 'ਕਿਸ ਦੀ?'

'ਇਕ ਭੜੂਵੇ ਦੀ।'

ਅਸੀਂ ਤਿੰਨੇ ਤ੍ਰਬਕ ਪਏ। ਮੁਮਤਾਜ਼ ਦੇ ਲਹਿਜੇ ਵਿਚ ਕੋਈ ਉਚੇਚ ਨਹੀਂ ਸੀ। ਇਸ ਲਈ ਮੈਂ ਠਰ੍ਹਮੇਂ ਨਾਲ ਪੁੱਛਿਆ, 'ਇਕ ਭੜੂਵੇ ਕੀ?'

ਮੁਮਤਾਜ਼ ਨੇ ਹਾਂ ਵਿਚ ਸਿਰ ਹਿਲਾਇਆ, 'ਮੈਨੂੰ ਹੈਰਾਨੀ ਏ ਕਿ ਉਹ ਕਿਹੋ ਜਿਹਾ ਇਨਸਾਨ ਸੀ ਤੇ ਜ਼ਿਆਦਾ ਹੈਰਾਨੀ ਇਸ ਗੱਲ ਦੀ ਏ ਕਿ ਉਹ ਇਕ ਭੜੂਵਾ ਸੀ – ਔਰਤਾਂ ਦਾ ਦਲਾਲ – ਪਰ ਉਸ ਦਾ ਜ਼ਮੀਰ ਬਹੁਤ ਸਾਫ਼ ਸੀ।'

ਮਮੁਤਾਜ਼ ਥੋੜਾ ਚਿਰ ਚੁੱਪ ਰਿਹਾ, ਜਿਵੇਂ ਉਹ ਪੁਰਾਣੀਆਂ ਘਟਨਾਵਾਂ ਆਪਣੇ ਦਿਮਾਗ਼ ਵਿਚ ਚੇਤੇ ਕਰ ਰਿਹਾ ਹੈ – ਥੋੜ੍ਹੇ ਚਿਰ ਪਿਛੋਂ ਉਸ ਨੇ ਫਿਰ ਬੋਲਣਾ ਸ਼ੁਰੂ ਕੀਤਾ, ਉਸ ਦਾ ਪੂਰਾ ਨਾਂ ਮੈਨੂੰ ਯਾਦ ਨਹੀਂ – ਕੁਝ ਸਹਾਏ ਸੀ – ਬਨਾਰਸ ਦਾ ਰਹਿਣ ਵਾਲਾ, ਬਹੁਤ ਹੀ ਸਫ਼ਾਈ ਪਸੰਦ. ਉਹ ਥਾਂ ਜਿਥੇ ਉਹ ਰਹਿੰਦਾ ਸੀ ਭਾਵੇਂ ਬਹੁਤ ਹੀ ਛੋਟਾ ਸੀ, ਪਰ ਉਸ ਨੇ ਬੜਾ ਸਿਆਣਪ ਨਾਲ ਉਸ ਨੂੰ ਵਖ ਵਖ ਖ਼ਾਨਿਆਂ ਵਿਚ ਵੰਡ ਰੱਖਿਆ ਸੀ। ਪਰਦੇ ਦਾ ਪੂਰਾ ਪੂਰਾ ਪ੍ਰਬੰਧ ਸੀ। ਚਾਰਪਾਈਆਂ ਤੇ ਪਲੰਘ ਨਹੀਂ ਸਨ, ਪਰ ਗਦੇਲੇ ਤੇ ਗਾਓ ਤਕੀਏ ਮੌਜੂਦ ਸਨ। ਚਾਦਰਾਂ ਤੇ ਉਛਾੜ ਸਾਰੇ ਸਾਫ਼ ਹੁੰਦੇ ਸਨ। ਨੌਕਰ ਸੀ ਪਰ ਸਫ਼ਾਈ ਉਹ ਆਪ ਆਪਣੇ ਹੱਥੀਂ ਕਰਦਾ ਸੀ। ਸਿਰਫ਼ ਸਫ਼ਾਈ ਹੀ ਨਹੀਂ ਹਰ ਕੰਮ – ਤੇ ਉਹ ਸਿਰ ਤੋਂ ਵੇਲਾ ਕਦੇ ਨਹੀਂ ਸੀ ਟਾਲਦਾ, ਧੋਖਾ ਤੇ ਫ਼ਰੇਬ ਨਹੀਂ ਸੀ ਕਰਦਾ – ਰਾਤ ਜ਼ਿਆਦਾ ਬੀਤ ਗਈ ਏ ਤੇ ਆਲੇ ਦੁਆਲੇ ਤੋਂ ਸ਼ਰਾਬ ਮਿਲਦੀ ਏ ਤੇ ਉਹ ਸਾਫ਼ ਕਹਿ ਦਿੰਦਾ ਸੀ ਕਿ ਸਾਹਿਬ ਆਪਣੇ ਪੈਸੇ ਨਾ ਗਵਾਓ – ਜੇ ਕਿਸੇ ਕੁੜੀ ਦੇ ਬਾਰੇ ਉਸ ਨੂੰ ਸ਼ੱਕ ਏ ਤੇ ਲੁਕਾਂਦਾ ਨਹੀਂ ਸੀ – ਹੋਰ ਤੇ ਹੋਰ ਉਸ ਨੇ ਮੈਨੂੰ ਇਹ ਵੀ ਦੱਸ ਦਿੱਤਾ ਸੀ ਕਿ ਉਹ ਤਿੰਨਾਂ ਸਾਲਾਂ ਵਿਚ ਵੀਹ ਹਜ਼ਾਰ ਰੁਪਏ ਕਮਾ ਚੁਕਾ ਏ – ਹਰ ਦਸਾਂ ਵਿਚੋਂ ਢਾਈ ਕਮਿਸ਼ਨ ਲੈ ਕੇ – ਉਸ ਨੇ ਸਿਰਫ਼ ਦਸ ਹਜ਼ਾਰ ਹੋਰ ਬਣਾਦੇ ਨੇ। ਪਤਾ ਨਹੀਂ ਸਿਰਫ਼ ਦਸ ਹਜ਼ਾਰ ਹੋਰ ਕਿਉਂ, ਵਧ ਕਿਉਂ ਨਹੀਂ – ਉਸ ਨੇ ਮੈਨੂੰ ਕਿਹਾ ਸੀ ਕਿ ਤੀਹ

ਹਜ਼ਾਰ ਰੁਪਏ ਪੂਰੇ ਕਰ ਕੇ ਉਹ ਬਨਾਰਸ ਵਾਪਸ ਚਲਾ ਜਾਏਗਾ ਤੇ ਬਜ਼ਾਜ਼ੀ ਦੀ ਹੱਟੀ ਖ਼ੋਲ੍ਹੇਗਾ। ਮੈਂ ਇਹ ਵੀ ਨਹੀਂ ਕਹਿ ਸਕਦਾ ਕਿ ਉਹ ਸਿਰਫ਼ ਬਜ਼ਾਜੀ ਦੀ ਹੱਟੀ ਖੋਲ੍ਹਣ ਦਾ ਚਾਹਵਾਣ ਕਿਉਂ ਸੀ।

ਮੈਂ ਇਥੋਂ ਤਕ ਸੁਣ ਲਿਆ ਤੇ ਮੇਰੇ ਮੂੰਹ ਚੋਂ ਨਿਕਲਿਆ, 'ਅਜੀਬ ਆਦਮੀ ਸੀ।'

ਮੁਮਤਾਜ਼ ਨੇ ਆਪਣੀ ਗੱਲ ਬਾਤ ਜਾਰੀ ਰੱਖੀ, 'ਮੇਰਾ ਖ਼ਿਆਲ ਸੀ ਕਿ ਉਹ ਬਿਲਕੁਲ ਬਣਾਵਟ ਏ। ਇਕ ਬੜਾ ਵੱਡਾ ਫ਼੍ਰਾਡ ਏ। ਕੌਣ ਯਕੀਨ ਕਰ ਸਕਦਾ ਏ ਕਿ ਉਹ ਉਨ੍ਹਾਂ ਸਾਰੀਆਂ ਕੁੜੀਆਂ ਨੂੰ ਜਿਹੜੀਆਂ ਉਸ ਦੇ ਧੰਧੇ ਵਿਚ ਸ਼ਾਮਲ ਸਨ, ਆਪਣੀਆਂ ਧੀਆਂ ਸਮਝਦਾ ਸੀ। ਇਹ ਵੀ ਉਸ ਵੇਲੇ ਮੇਰੀ ਸਮਝ ਤੋਂ ਬਾਹਰ ਸੀ ਕਿ ਉਸ ਨੇ ਹਰ ਕੁੜੀ ਦੇ ਨਾਂ ਤੇ ਡਾਕਖ਼ਾਨੇ ਵਿਚ ਸੇਵਿੰਗ ਐਕਾਊਂਟ ਖੋਲ੍ਹ ਰੱਖਿਆ ਸੀ ਤੇ ਹਰ ਮਹੀਨੇ ਦੀ ਕੁਲ ਆਮਦਨ ਉਥੇ ਜਮ੍ਹਾਂ ਕਰ ਦਿੰਦਾ ਸੀ – ਤੇ ਇਹ ਗੱਲ ਤੇ ਬਿਲਕੁਲ ਮੰਨਣ ਯੋਗ ਨਹੀਂ ਕਿ ਉਹ ਦਸਾਂ ਬਾਰਾਂ ਕੁੜੀਆਂ ਦੇ ਖਾਣ ਪੀਣ ਦਾ ਖ਼ਰਚ ਆਪਣੇ ਪੱਲਿਓਂ ਕਰਦਾ ਸੀ। ਉਸ ਦੀ ਹਰ ਗੱਲ ਮੈਨੂੰ ਬਨਾਵਟੀ ਲੱਗਦੀ ਸੀ। ਇਕ ਦਿਨ ਮੈਂ ਉਸ ਦੇ ਘਰ ਗਿਆ ਤੇ ਉਸ ਨੇ ਮੈਨੂੰ ਕਿਹਾ, ਅਮੀਨਾ ਤੇ ਸਕੀਨਾ ਦੋਵੇਂ ਹਰ ਹਫ਼ਤੇ ਇਨ੍ਹਾਂ ਦੋਹਾਂ ਨੂੰ ਛੁੱਟੀ ਦੇ ਦਿੰਦਾ ਹਾਂ ਤਾਂ ਜੋ ਬਾਹਰੋਂ ਕਿਸੇ ਹੋਟਲ ਵਿਚ ਜਾ ਕੇ ਮਾਸ ਵਗੈਰਾ ਖਾ ਸਕਣ। ਏਥੇ ਤੇ ਤੁਸੀਂ ਜਾਣਦੇ ਹੋ ਸਾਰੇ ਵੈਸ਼ਨੋ ਨੇ।' ਮੈਂ ਇਹ ਸੁਣ ਕੇ ਦਿਲ ਹੀ ਦਿਲ ਵਿਚ ਮੁਸਕਰਾਇਆ ਕਿ ਮੈਨੂੰ ਉੱਲੂ ਬਣਾ ਰਿਹਾ ਹੈ। ਇਕ ਦਿਨ ਉਸ ਨੇ ਮੈਨੂੰ ਦੱਸਿਆ ਕਿ ਅਹਿਮਦਾਬਾਦ ਦੀ ਉਸ ਹਿੰਦੂ ਕੁੜੀ ਨੇ ਜਿਸ ਦਾ ਵਿਆਹ ਉਸ ਨੇ ਇਕ ਮੁਸਲਮਾਨ ਗਾਹਕ ਨਾਲ ਕਰਾ ਦਿੱਤਾ। ਲਾਹੌਰ ਤੋਂ ਖ਼ਤ ਲਿਖਿਆ ਹੈ ਕਿ ਦਾਤਾ ਸਾਹਬ ਦੇ ਦਰਬਾਰ ਵਿਚ ਉਸ ਨੇ ਸਹਾਏ ਲਈ ਸੁੱਖਣਾ ਸੁਖੀ ਹੈ ਕਿ ਛੇਤੀ ਤੋਂ ਛੇਤੀ ਉਸ ਦੇ ਤੀਹ ਹਜ਼ਾਰ ਰੁਪਏ ਇਕੱਠੇ ਹੋਣ ਤੇ ਉਹ ਬਨਾਰਸ ਜਾ ਕੇ ਬਜ਼ਾਜੀ ਦੀ ਹੱਟੀ ਖੋਲ੍ਹ ਸਕੇ। ਇਹ ਸੁਣ ਕੇ ਮੈਂ ਹੱਸ ਪਿਆ। ਮੈਂ ਸੋਚਿਆ, ਕਿਉਂਕਿ ਮੈਂ ਮੁਸਲਮਾਨ ਹਾਂ ਇਸ ਲਈ ਮੈਨੂੰ ਖ਼ੁਸ਼ ਕਰਨ ਦੀ ਕੋਸ਼ਿਸ ਕਰ ਰਿਹਾ ਹੈ।

ਮੈਂ ਮੁਮਤਾਜ਼ ਤੋਂ ਪੁਛਿਆ, ਤੇਰਾ ਖਿਆਲ ਗਲਤ ਸੀ?

'ਬਿਲਕੁਲ – ਹੋ ਸਕਦਾ ਏ ਉਸ ਵਿਚ ਕੋਈ ਕਮਜ਼ੋਰੀ ਹੋਵੇ। ਹੋ ਸਕਦਾ ਏ ਉਹ ਆਪਣੀ ਜ਼ਿੰਦਗੀ ਵਿਚ ਕਈ ਵਾਰ ਤਿਲਕਿਆ ਹੋਵੇ – ਪਰ ਉਹ ਇਕ ਬਹੁਤ ਹੀ ਵਧੀਆ ਇਨਸਾਨ ਸੀ।'

ਜੁਗਲ ਨੇ ਸਵਾਲ ਕੀਤਾ, 'ਇਹ ਤੈਨੂੰ ਕਿਸ ਤਰ੍ਹਾਂ ਪਤਾ ਲੱਗਾ?'

ਉਸ ਦੀ ਮੌਤ ਤੇ, 'ਇਹ ਕਹਿ ਕੇ ਮੁਮਤਾਜ਼ ਕੁਝ ਚਿਰ ਰੁੱਪ ਹੋ ਗਿਆ। ਥੋੜ੍ਹੇ ਚਿਰ ਪਿਛੋਂ ਉਸ ਨੇ ਉਪਰ ਦੇਖਣਾ ਸ਼ੁਰੂ ਕੀਤਾ ਜਿਧਰ ਅਸਮਾਨ ਤੇ ਸਮੁੰਦਰ ਇਕ ਧੁੰਦਲੇ

ਜਹੋ ਵਾਯੂ ਮੰਡਲ ਵਿਚ ਲੁਕੇ ਹੋਏ ਸਨ। ਫ਼ਸਾਦ ਸ਼ੁਰੂ ਹੋ ਗਏ ਸਨ। ਮੈਂ ਮੂੰਹ ਹਨੇਰੇ ਉੱਠ ਕੇ ਭਿੰਡੀ ਬਜ਼ਾਰ ਚੋਂ ਲੰਘ ਰਿਹਾ ਸਾਂ – ਕਰਫ਼ੀਊ ਕਰ ਕੇ ਬਜ਼ਾਰ ਵਿਚ ਆਵਾ ਜਾਈ ਘਟ ਸੀ, ਟ੍ਰੈਮ ਵੀ ਬੰਦ ਸੀ ਤੇ ਇਕ ਆਦਮੀ ਨੂੰ ਵੱਡੇ ਸਾਰੇ ਟੋਕਰੇ ਕੋਲ ਗੰਢ ਬਣੀ ਤਕਿਆ। ਮੈਂ ਸੋਚਿਆ ਕੋਈ ਮਜ਼ਦੂਰ ਸੌਂ ਰਿਹਾ ਏ – ਪਰ ਜਦ ਮੈਂ ਪੱਥਰ ਦੇ ਟੁਕੜੇ ਤੇ ਲਹੂ ਦੇ ਲੋਥੜੇ ਦੇਖੇ ਤਾਂ ਰੁਕ ਗਿਆ – ਵਾਰਦਾਤ ਕਤਲ ਦੀ ਸੀ। ਮੈਂ ਸੋਚਿਆ ਆਪਣਾ ਰਾਹ ਫੜਾਂ, ਪਰ ਲਾਸ਼ ਹਿੱਲੀ। ਮੈਂ ਫਿਰ ਰੁਕ ਗਿਆ। ਨੇੜੇ ਤੇੜੇ ਕੋਈ ਨਹੀਂ ਸੀ। ਮੈਂ ਝੁਕ ਕੇ ਉਸ ਵੱਲ ਤਕਿਆ। ਮੈਨੂੰ ਸਹਾਏ ਦਾ ਜਾਣਿਆਂ ਪਛਾਣਿਆਂ ਚਿਹਰਾ ਦਿਸਿਆ ਪਰ ਲਹੂ ਦੇ ਧੱਬਿਆਂ ਨਾਲ ਭਰਿਆ ਹੋਇਆ। ਮੈਂ ਉਸ ਦੇ ਕੋਲ ਫੁਟ ਪਾਥ ਤੇ ਬੈਠ ਗਿਆ ਤੇ ਚੰਗੀ ਤਰ੍ਹਾਂ ਦੇਖਿਆ। ਉਸ ਦੀ ਟਵਿਲ ਦੀ ਚਿੱਟੀ ਕਮੀਜ਼ ਜਿਹੜੀ ਹਮੇਸ਼ਾ ਸਾਫ਼ ਹੁੰਦੀ ਸੀ ਲਹੂ ਨਾਲ ਭਰੀ ਹੋਈ ਸੀ। ਜ਼ਖਮ ਸ਼ਾਇਦ ਪੱਸਲੀ ਦੇ ਕੋਲ ਸੀ। ਉਸ ਨੇ ਹੌਲੀ ਜਹੀ ਹਾਏ ਹਾਏ ਕਰਨਾ ਸ਼ੁਰੂ ਕਰ ਦਿੱਤਾ। ਮੈਂ ਉਸਦਾ ਮੋਢਾ ਫੜ ਕੇ ਹਿਲਾਇਆ ਜਿਵੇਂ ਕਿਸੇ ਸੁੱਤੇ ਨੂੰ ਜਗਾਇਦਾ ਹੈ। ਇਕ ਦੋ ਵਾਰ ਮੈਂ ਉਸ ਦਾ ਨਾਂ ਲੈ ਕੇ ਬੁਲਾਇਆ। ਮੈਂ ਉਠ ਕੇ ਜਾਣ ਹੀ ਵਾਲਾ ਸਾਂ ਕਿ ਉਸ ਨੇ ਆਪਣੀਆਂ ਅੱਖਾਂ ਨਾਲ ਟਿਕਟਿਕੀ ਬੰਨ੍ਹ ਕੇ ਮੇਰੇ ਵੱਲ ਵੇਖਿਆ। ਫਿਰ ਇਕ ਦਮ ਉਸ ਦੇ ਸਾਰੇ ਸਰੀਰ ਵਿਚ ਝੁਣਝੁਣੀ ਪੈਦਾ ਹੋਈ ਤੇ ਉਸ ਨੇ ਮੈਨੂੰ ਪਛਾਣ ਕੇ ਕਿਹਾ, 'ਤੁਸੀਂ?'

ਮੈਂ ਉਸ ਤੋਂ ਕਈ ਗੱਲਾ ਪੁਛਣੀਆਂ ਸ਼ੁਰੂ ਕਰ ਦਿੱਤੀਆਂ ਉਹ ਕਿਸ ਤਰ੍ਹਾਂ ਇਧਰ ਆਇਆ, ਕਿਸ ਨੇ ਉਸ ਨੂੰ ਜ਼ਖਮੀ ਕੀਤਾ, ਕਦੋਂ ਦਾ ਉਹ ਫੁਟਪਾਥ ਤੇ ਪਿਆ ਹੈ – ਸਾਮ੍ਹਣੇ ਹਸਪਤਾਲ ਹੈ ਕੀ ਮੈਂ ਉਥੇ ਖ਼ਬਰ ਕਰ ਦਿਆਂ।

ਉਸ ਵਿਚ ਬੋਲਣ ਦੀ ਤਾਕਤ ਨਹੀਂ ਸੀ। ਜਦ ਮੈਂ ਸਾਰੇ ਸਵਾਲ ਕਰ ਚੁਕਿਆ ਤਾਂ ਬੜੀ ਮੁਸ਼ਕਲ ਨਾਲ ਉਸ ਨੇ ਇਹ ਲਫ਼ਜ਼ ਕਹੇ, 'ਮੇਰੇ ਦਿਨ ਪੂਰੇ ਹੋ ਚੁੱਕੇ ਸਨ।ਭਗਵਾਨ ਨੂੰ ਇਹੋ ਮਨਜ਼ੂਰ ਸੀ।'

ਭਗਵਾਨ ਨੂੰ ਖ਼ਬਰੇ ਕੀ ਮਨਜ਼ੂਰ ਸੀ, ਪਰ ਮੈਨੂੰ ਇਹ ਮਨਜ਼ੂਰ ਨਹੀਂ ਸੀ ਕਿ ਮੈਂ ਮੁਸਲਮਾਨ ਹੋ ਕੇ, ਮੁਸਲਮਾਨਾਂ ਦੇ ਇਲਾਕੇ ਵਿਚ ਇਕ ਆਦਮੀ ਨੂੰ ਜਿਸ ਦੇ ਬਾਰੇ ਮੈਂ ਜਾਣਦਾ ਸਾਂ ਕਿ ਹਿੰਦੂ ਹੈ, ਇਸ ਖਿਆਲ ਨਾਲ ਮਰਦੇ ਦੇਖਾਂ ਕਿ ਉਸ ਨੂੰ ਮਾਰਨ ਵਾਲਾ ਮੁਸਲਮਾਨ ਸੀ ਤੇ ਆਖ਼ਰੀ ਵੇਲੇ ਮੈਂ ਉਸ ਦੀ ਮੌਤ ਦੇ ਸਰਹਾਣੇ ਜਿਹੜਾ ਆਦਮੀ ਖੜਾ ਸੀ, ਉਹ ਵੀ ਮੁਸਲਮਾਨ ਸੀ – ਮੈਂ ਡਰਾਕਲ ਤੇ ਨਹੀਂ, ਪਰ ਉਸ ਵੇਲੇ ਮੇਰੀ ਹਾਲਤ ਡਰਾਕਲਾਂ ਤੋਂ ਵੀ ਵਧ ਸੀ। ਇਸ ਪਾਸੇ ਇਹ ਡਰ ਸੀ, ਕਿ ਕਿਤੇ ਮੈਂ ਫੜਿਆ ਨਾ ਜਾਵਾਂ।

ਦੂਸਰੇ ਪਾਸੇ ਇਹ ਡਰ ਸੀ ਕਿ ਫੜਿਆ ਨਾ ਗਿਆ ਤਾਂ ਪੁੱਛ ਗਿੱਛ ਲਈ ਧਰ ਲਿਆ ਜਾਵਾਂਗਾ। ਇਕ ਵਾਰੀ ਇਹ ਖ਼ਿਆਲ ਆਇਆ। ਜੇ ਮੈਂ ਉਸ ਨੂੰ ਹਸਪਤਾਲ ਲੈ ਗਿਆ ਤਾਂ ਕੀ ਪਤਾ ਹੈ ਆਪਣਾ ਬਦਲਾ ਲੈਣ ਦੀ ਖ਼ਾਤਰ ਮੈਨੂੰ ਫਸਾ ਨਾ ਦੇਵੇ। ਸੋਚੇ ਮਰਨਾ ਤੇ ਹੈ ਈ, ਕਿਉਂ ਨਾ ਇਸ ਨੂੰ ਨਾਲ ਲੈ ਮਰਾਂ। ਇਸ ਤਰ੍ਹਾਂ ਦੀਆ ਸੋਚਾਂ ਸੋਚਦਾ ਮੈਂ ਜਾਣ ਹੀ ਲੱਗਾ ਸੀ, ਸਗੋਂ ਇੰਜ ਕਹੋ ਨੱਸਣ ਹੀ ਵਾਲਾ ਸਾਂ ਕਿ ਸਹਾਏ ਨੇ ਮੈਨੂੰ ਬੁਲਾਇਆ। ਮੈਂ ਰੁਕ ਗਿਆ ਮੈਂ ਉਸ ਵੱਲ ਇਸ ਤਰ੍ਹਾਂ ਤਕਿਆ, ਜਿਵੇਂ ਉਸ ਨੂੰ ਕਹਿ ਰਿਹਾ ਹੋਵੇ, ਛੇਤੀ ਕਰ ਮੀਆਂ, ਮੈਂ ਜਾਣਾ ਹੈ। ਉਸ ਨੇ ਪੀੜ ਨਾਲ ਹਾਏ ਹਾਏ ਕਰਦੇ ਹੋਇਆਂ ਬੜੀ ਮੁਸ਼ਕਲ ਨਾਲ ਆਪਣੀ ਕਮੀਜ਼ ਦੇ ਬਟਨ ਖੋਲ੍ਹੇ ਤੇ ਅੰਦਰ ਹੱਥ ਪਾਇਆ, ਇਧਰ ਦੀ ਜੇਬ ਵਿਚ ਕੁਝ ਜ਼ੇਵਰ ਤੇ ਬਾਰ੍ਹਾਂ ਸੌ ਰੁਪਏ ਨੇ — ਇਹ ਸੁਲਤਾਨਾ ਦਾ ਮਾਲ ਏ — ਮੈਂ — ਮੈਂ ਇਕ ਦੋਸਤ ਦੇ ਕੋਲ ਇਹ ਚੀਜ਼ਾਂ ਰੱਖਿਆਂ ਹੋਈਆਂ ਸਨ — ਅਜ ਉਸ ਨੂੰ — ਭੇਜਣ ਵਾਲਾ ਸਾਂ — ਕਿਉਂਕਿ — ਤੁਸੀਂ ਜਾਣਦੇ ਓ ਖ਼ਤਰਾ ਬਹੁਤ ਵਧ ਗਿਆ ਹੈ — ਤੁਸੀਂ ਉਸ ਨੂੰ ਦੇ ਦੇਣਾ ਤੇ — ਕਹਿਣਾ ਏਥੋਂ ਝਟ ਪਟ ਚਲੀ ਜਾਏ — ਪਰ — ਆਪਣਾ ਖ਼ਿਆਲ ਰੱਖਣਾ।'

ਮੁਮਤਾਜ਼ ਚੁਪ ਹੋ ਗਿਆ. ਪਰ ਮੈਨੂੰ ਇੰਜ ਜਾਪਿਆ ਕਿ ਉਸ ਦੀ ਅਵਾਜ਼ ਸਹਾਏ ਦੀ ਅਵਾਜ਼ ਵਿਚ ਜਿਹੜਾ ਜੈ ਜੈ ਹਸਪਤਾਲ ਦੇ ਸਾਹਮਣੇ ਫੁਟ-ਪਾਥ ਤੇ ਨਿਕਲੀ ਸੀ, ਦੂਰ, ਉਧਰ ਜਿਥੇ ਅਸਮਾਨ ਤੇ ਸਮੁੰਦਰ ਇਕ ਧੁੰਦਲੀ ਜਹੀ ਫ਼ਿਜ਼ਾ ਵਿਚ ਮਿਲੇ ਹੋਏ ਸਨ ਘੁਲ ਮਿਲ ਰਹੀ ਹੈ।

ਜਹਾਜ਼ ਨੇ ਵਿਸਲ ਦਿੱਤਾ ਤੇ ਮੁਮਤਾਜ਼ ਨੇ ਕਿਹਾ, 'ਮੈਂ ਸੁਲਤਾਨਾ ਨੂੰ ਮਿਲਿਆ। ਉਸ ਦਾ ਜ਼ੇਵਰ ਤੇ ਰੁਪਏ ਦਿਤੇ ਤੇ ਉਸ ਦੀਆਂ ਅੱਖਾਂ ਵਿਚ ਅਥਰੂ ਆ ਗਏ।

ਜਦੋਂ ਅਸੀਂ ਮੁਮਤਾਜ਼ ਤੋਂ ਛੁੱਟੀ ਲੈ ਕੇ ਹੇਠਾਂ ਉਤਰੇ ਤਾਂ ਉਹ ਜਹਾਜ਼ ਦੇ ਉਪਰਲੇ ਜੰਗਲੇ ਨਾਲ ਖੜਾ ਸੀ। ਉਸ ਦਾ ਬੱਧਾ ਹੱਥ ਹਿੱਲ ਰਿਹਾ ਸੀ। ਮੈਂ ਜੁਗਲ ਨੂੰ ਕਿਹਾ, 'ਕੀ ਤੈਨੂੰ ਇੰਜ ਨਹੀਂ ਜਾਪਦਾ ਜਿਵੇਂ ਮੁਮਤਾਜ਼ ਸਹਾਏ ਦੀ ਰੂਹ ਨੂੰ ਬੁਲਾ ਰਿਹਾ ਏ — ਆਪਣੇ ਸਫ਼ਰ ਦਾ ਸਾਥੀ ਬਣਾਉਣ ਲਈ?'

ਜੁਗਲ ਨੇ ਸਿਰਫ਼ ਇੰਨਾ ਕਿਹਾ, 'ਕਾਸ਼ ਮੈਂ ਸਹਾਏ ਦੀ ਰੂਹ ਹੁੰਦਾ।'

13.1 Phrases

ਬਗਲਾਂ ਵਜਾਈਆਂ ਹੋਣੀਆਂ ਹਨ	must have boasted
ਕੋਈ ਚਿੱਤ ਚੇਤਾ ਵੀ ਨਹੀਂ ਸੀ	knew nothing about
ਆਪ ਹੀ ... ਆਪ ਹੀ	(him)self...(him)self

ਹੰਸਦੇ ਖੇਡਦੇ	happily
ਆਖਰੀ ਸਲਾਮ	last greeting, farewell
ਹਾਂ ਵਿਚ	affirmatively, in affirmation
ਹੋਰ ਤੇ ਹੋਰ	so much so that
ਖਰਚ ਆਪਣੇ ਪੱਲਿਓਂ ਕਰਦਾ ਸੀ	spent from his own pocket
ਜਾਣਿਆਂ ਪਛਾਣਿਆਂ	well-known
ਨਾਂ ਲੈ ਕੇ ਬੁਲਾਇਆ	called by name
ਮੇਰੇ ਦਿਨ ਪੂਰੇ ਹੋ ਚੁਕੇ ਸਨ	my days are over
ਭਗਵਾਨ ਨੂੰ ਖਬਰੇ ਕੀਂ ਮਨਜੂਰ ਸੀ	who knows what was God's will?
ਆਖ਼ਰੀ ਵੇਲੇ	in (his) last moments
ਇਕ ਪਾਸੇ ...ਦੂਸਰੇ ਪਾਸੇ	on the one hand...on the other hand
ਧਰ ਲਿਆ ਜਾਵਾਂਗਾ	will be indicted

13.2 The following English words are found in the text:

ਟ੍ਰੈਜਿਡੀ, ਬਿਲ, ਫ਼ੀਸ (fees), ਟੈਕਸੀ, ਬਾਰ, ਬ੍ਰਾਂਡੀ, ਗਲਾਸ, ਕਮਿਸ਼ਨ, ਫ਼੍ਰਾਡ (fraud), ਸੇਵਿੰਗ ਐਕਾਊਂਟ, ਕਰਫ਼ੀਉ (curfew), ਟ੍ਰੈਮ, ਫੁਟਪਾਥ (footpath,sidewalk), ਟਵਿਲ (towel), ਬਟਨ, ਵਿਸਲ (whistle).

13.3 Vocabulary

ਅਸਬਾਬ	luggage (m.)
ਅਹਿਸਾਸ	awareness (m.)
ਅਹਿਲ	inhabitant (m.)
ਅਜੀਬ	strange
ਅਧ-ਮੀਟੀ	half-closed
ਅਨਿਸ਼ਚਿਤ	uncertain
ਅਮੁਕ	unending
ਆਖ਼ਰੀ	last
ਆਤਮਾ	soul (m.)
ਆਮਦਨ	income (f.)
ਔਰਤ	woman (f.)

ਇਸ਼ਾਰਾ	sign, indication, hint (m.)
ਇਨਾਮ	prize, reward (m.)
ਈਮਾਨ	religion, conviction, truth (m.)
ਉਚੇਚ	peculiarity, specialty (f.)
ਉਛਾੜ	covering (f.)
ਉਧਾਰ	loan (m.)
ਉਪਰਲਾ	top (adj.)
ਸਹਾਏ	a name
ਸ਼ਹਾਦਤ	martyrdom (f.)
ਸਚਾਈ	truth (f.)
ਸਦਮਾ	shock (m.)
ਸਫ਼ਰ	journey (m.)
ਸਫ਼ਾਈ ਪਸੰਦ	clean-minded, liking cleanliness
ਸਮੁੰਦਰ	sea, ocean (m.)
ਸਮੁੰਦਰੀ	sea (adj.)
ਸ਼ਰਨਾ ਰਥੀ	refugee (m.)
ਸਰਾਹਣਾ	head of a bed (m.)
ਸ਼ਰਾਬ	alcoholic beverage (f.)
ਸਲਾਮ	greeting, salute (m.)
ਸਾਬਤ	complete
ਸਾਮਾਨ	goods (m.)
ਸੁੱਖਣਾ	to promise, vow, desire (m.)
ਹਸਤੀ	existence (f.)
ਹੱਕਦਾਰ	claimant (m.)
ਹਰਾਮਜ਼ਦਗੀ	wickedness, bastardliness (f.)
ਹਰਾਮਜ਼ਾਦਾ	bastard (m.)
ਹਾਏ ਹਾਏ ਕਰਨਾ	to moan
ਹਿਲਣਾ	to move (intr.)
ਕੱਟੜ	dogmatic, conservative

ਕਬਰਸਤਾਨ	graveyard (m.)
ਕਮਜ਼ੋਰੀ	weakness (f.)
ਕਮਾਉਣਾ	to earn
ਕਾਸ਼	only if
ਕਾਤਲ	murderer (m.)
ਖਾਤਾ	account (m.)
ਖ਼ਾਨਾ	partition, portion, category, compartment (m.)
ਖੁਸ਼ਹਾਲ	happy, well-to-do
ਗੰਢ	knot (f.)
ਗਦੇਲਾ	thick quilt, mattress (m.)
ਗੰਭੀਰਤਾ	seriousness (f.)
ਗਵਾਉਣਾ	to waste, lose
ਗਾਓ	large pillow, bolster (m.)
ਗਾਹਕ	customer (m.)
ਗਾਲੜੀ	talkative
ਘਟੀਆ	lowly, inferior
ਘੁਲ ਮਿਲਣਾ	to dissolve
ਚਮਕ	shine (f.)
ਚਾਹਵਾਨ	desirous
ਚਾਕੂ	knife (m.)
ਚਾਦਰ	shawl, sheet (f.)
ਚਾਰਪਾਈ	cot (f.)
ਚੀਕਣਾ	to shout
ਛੁਰਾ	dagger (m.)
ਛੇੜਨਾ	to start (talking)
ਜ਼ਖ਼ਮੀ	wounded
ਜੰਗਲਾ	window (m.)
ਜ਼ਜ਼ਬਾਤੀ	emotional
ਜਮਾ ਕਰਨਾ	to add, deposit

ਜ਼ਮੀਰ	conscience, soul (f.)
ਜਾਇਜ਼ਾ	survey, scrutiny (m.)
ਜਾਣਿਆ	well-known
ਜਾਣਿਆ ਪਛਾਣਿਆ	well-known
ਜਾਨੀ	bodily
ਜ਼ੇਵਰ	jewelry, ornaments (m.)
ਜੋਸ਼	enthusiasm (m.)
ਝਰੀਟ	scratch (f.)
ਝੱਲਣਾ	to suffer, bear
ਝੁਣਝਣੀ	shudder (f.)
ਟਿਕਟਿਕੀ ਬੰਨ੍ਹਣਾ	to gaze without blinking
ਟੋਕਰਾ	basket (m.)
ਡਰਾਕਲ	coward (m.)
ਡਾਕਖ਼ਾਨਾ	post-office (m.)
ਡੀਕ	gulp (f.) ਡੀਕ ਲਾਕੇ in one gulp
ਤਕਿਆ	pillow (m.)
ਤਮਗ਼ਾ	medal (m.)
ਤ੍ਰਬਕ	startled
ਤਿਲਕਣਾ	to err
ਦਲਾਲ	broker (m.)
ਦਿਮਾਗ	mind (m.)
ਦਿਲੀ	close, intimate
ਧੁੰਧਲਾ	dim
ਧੰਧਾ	occupation(m.)
ਧੱਬਾ	blot (m.)
ਧਰ ਲੈਣਾ	to take into custody
ਧੜਾਧੜ	fast
ਧੋਖਾ	deceit (m.)
ਨੱਸਣਾ	to flee

ਪੱਸਲੀ	rib (f.)
ਪੱਥਰ	stone (m.)
ਪੱਲਾ	corner of clothing(m.) ਆਪਣੇ ਪੱਲਿਓਂ from his own pocket
ਪਾਨ	betel leaf (m.)
ਪੁੱਛ ਗਿੱਛ	inquiry (f.)
ਪੇਸ਼ਾ	occupation (m.)
ਪੈਗ	drinking glass (m.)
ਪੌਣਾ	three-quarters ਪੌਣੇ ਚਾਰ ਵਜੇ quarter to four o'clock
ਫਸਾਉਣਾ	to trap
ਫ਼ਜ਼ੂਲ	in vain
ਫ਼ਨ੍ਹਾ	ruin, destruction (f.)
ਫ਼ਰੇਬ	deceit (m.)
ਫ਼ਿਜ਼ਾ	atmosphere (f.)
ਫੀ ਸਦੀ	per cent
ਫੁਲਾਸਫ਼ਰ	philosopher (m.)
ਬਜ਼ਾਜ਼ਾ	market of cloth merchants (m.)
ਬਣਾਵਟ	invention, falsehood, fraud (f.)
ਬੰਦਰਗਾਹ	port (m.)
ਬਦਲਾ	revenge (m.)
ਬੰਦੂਕ	shotgun (f.)
ਬਧਾ	stretched forward
ਬਨਾਵਟੀ	fake
ਬਰਾਬਰ	continuously
ਬਾਤ	matter, thing (f.)
ਬੇਹਦ	very much, limitless
ਬੇਵਕੂਵ	stupid, foolish
ਭੜੂਵਾ	procurer (m.)
ਮਜ਼ਹਬੀ	religious

ਮੰਜ਼ਲ	destination (f.)
ਮਾਲੀ	economic
ਮੁਆਫ਼	= ਮਾਫ਼
ਮੌਜੂਦ	present
ਮੌੜ	turning (m.)
ਲੁਕਾਉਣਾ	to hide (trans.)
ਲੋਥੜਾ	piece of flesh (m.)
ਵਗ਼ੀਰਾ	etcetera
ਵਜੂਦ	existence, being, essence (m.)
ਵਧੀਆ	excellent
ਵਾਕ	sentence (m.)
ਵਾਧਾ	increment, increase (m.)
ਵਾਯੂ ਮੰਡਲ	atmosphere (m.)
ਵਾਰਦਾਤ	case (f.)
ਵਿਦਾਇਗੀ	departure, farewell (f.)
ਵੈਸ਼ਨੋ	Vaishnavite, worshipper of Lord Vishnu:

13.3 Answer the following questions in Panjabi:

੧. ਹਿੰਦੂਆਂ ਤੇ ਮੁਸਲਮਾਨਾਂ ਵਿਚ ਹੋਈ ਫ਼ਸਾਦ ਵਿਚ ਅਸਲੀ ਟ੍ਰੈਜਿਡੀ ਕੀ ਹੈ?
੨. ਧਰਮ ਈਮਾਨ ਛੁਰੇ, ਚਾਕੂ ਜਾਂ ਗੋਲੀ ਨਾਲ ਕਿਉਂ ਨਹੀਂ ਮਰ ਸਕਦਾ?
੩. ਮੁਮਤਾਜ਼ ਕਿੱਥੇ ਜਾ ਰਿਹਾ ਸੀ ਤੇ ਕਿਉਂ? ਉਸ ਨੂੰ ਛੱਡਣ ਕੌਣ ਆਏ ਸਨ?
੪. ਮੁਮਤਾਜ਼ ਦੇ ਕਰਾਚੀ ਜਾਣ ਵਿਚ ਜੁਗਲ ਦਾ ਕੀ ਹਿੱਸਾ ਸੀ?
੫. ਮੁਮਤਾਜ਼ ਜਾਣ ਤੋਂ ਪਹਿਲਾਂ ਬਹੁਤ ਗਾਲੜੀ ਕਿਉਂ ਹੋ ਗਿਆ ਸੀ?
੬. ਜੁਗਲ ਤੇ ਮੁਮਤਾਜ਼ ਨੇ ਘਰ ਵਿੱਚ ਕੀ ਕੀ ਕੀਤਾ ਸੀ?
੭. ਬੰਦਰਗਾਹ ਵਿਚ ਦੋਸਤਾਂ ਨੇ ਕੀ ਵੇਖਿਆ? ਤੇ ਕੀ ਸੋਚਿਆ?
੮. ਮੁਮਤਾਜ਼ ਨੇ ਜੁਗਲ ਨੂੰ ਕੀ ਆਖਿਆ? ਤੇ ਜੁਗਲ ਨੇ?
੯. ਬਾਰ ਵਿਚ ਮੁਮਤਾਜ਼ ਨੂੰ ਜੁਗਲ ਨੇ ਕੀ ਕਿਹਾ ਤੇ ਮੁਮਤਾਜ਼ ਨੇ ਕੀ ਉੱਤਰ ਦਿੱਤਾ?

੧੦. ਮਰਨ ਵਾਲੇ ਕੁੱਤੇ ਦੀ ਮੌਤ ਕਿਉਂ ਫ਼ਜ਼ੂਲ ਹੈ?
੧੧. ਧਰਮ ਤੋਂ ਮੁਮਤਾਜ਼ ਦਾ ਕੀ ਭਾਵ ਸੀ?
੧੨. ਭੜੂਵਾ ਕੌਣ ਹੁੰਦਾ ਹੈ? ਭੜੂਵੇ ਨੂੰ ਕਿਤਨੇ ਰੁਪਏ ਦੀ ਲੋੜ ਸੀ?
੧੩. ਭੜੂਵੇ ਦਾ ਧੰਧੇ ਵਿਚ ਸ਼ਾਮਲ ਹੋਈਆਂ ਕੁੜੀਆਂ ਨਾਲ ਕੀ ਸਲੂਕ ਸੀ?
੧੪. ਕਤਲ ਦੀ ਵਾਰਦਾਤ ਕਿਹ ਦੇ ਨਾਲ ਤੇ ਕਿੱਥੇ ਹੋਈ ਸੀ?
੧੫. ਮੁਮਤਾਜ਼ ਨੇ ਸਹਾਏ ਨੂੰ ਕੀ ਆਖਿਆ? ਤਹਾਏ ਨੇ ਕੀ ਉੱਤਰ ਦਿੱਤਾ?
੧੬. ਭੜੂਵੇ ਨੇ ਮਰਨ ਤੋਂ ਪਹਿਲਾਂ ਆਖਰੀ ਕੰਮ ਕੀ ਕੀਤਾ?
੧੭. ਜੁਗਲ ਸਹਾਏ ਦੀ ਰੂਹ ਕਿਉਂ ਹੋਣਾ ਚਾਹੁੰਦਾ ਸੀ?

13.4 Fill in the blanks:

੧. ਕਾਸ਼ ਉਹ ——।
੨. ਮੈਂ —— ਵਾਲਾ ਸਾਂ, ਪਰ ਤੁਸੀਂ ——।
੩. ਇਹ ਡਰ ਸੀ ਕਿ ਕਿਤੇ ਉਹ —— ਨਾ ——।
੪. ਉਸ ਵਿਚ —— ਦੀ ਤਾਕਤ ਨਹੀਂ ——।
੫. ਉਹ ਮੇਰਾ ਜਾਣਿਆਂ —— ਆਦਮੀ ——।
੬. ਮੈਂ ਜਾਣਦਾ ਹਾਂ ਇਸ ਖਿਆਲ ਵਿਚ —— ਕਮਜ਼ੋਰੀ ——।
੭. ਮੇਰਾ ਖਿਆਲ ਸੀ ਕਿ ਉਸਦੀ ਗੱਲ ਬਿਲਕੁਲ —— ——।
੮. ਜੁਗਲ ਨੇ —— ਵਿਚ ਸਿਰ ਹਿਲਾਇਆ।
੯. ਧਰਮ ਤੋਂ ਮੇਰਾ —— ਉਹ —— ਨਹੀਂ —— ਜਿਹ ਅਸੀਂ ਜਕੜੇ ਹੋਏ ਹਾਂ।
੧੦. ਥੋੜਾ —— ਚੁੱਪ —— ਪਿਛੋਂ ਉਸ ਨੇ —— ਸ਼ੁਰੂ ——।
੧੧. ਉਸਦੀ —— ਹੋਈ ਗੱਲ ਚੱਕਰ —— ਰਹੀ ——।
੧੨. ਜਦੋਂ ਵਿਦਾਇਗੀ ਦਾ —— ਨੇੜੇ —— ਤੇ ਮੈਂ ਵੀ ਸ਼ਾਮਲ ——।
੧੩. ਸਵੇਰੇ —— ਹੀ ਉਸਨੇ ਪੜ੍ਹਨਾ ਸ਼ੁਰੂ ——।
੧੪. ਫ਼ਸਾਦ ਸ਼ੁਰੂ ਹੋ —— ਤੇ ਤੂੰ ਕੀ ——।
੧੫. ਇਹ ਜੋ —— —— ਹੈ, ਸਾਡੇ ਸਰੀਰ ਵਿਚ ਨਹੀਂ।

13.5 Translate into Panjabi:

1. They are fools who think that they can destroy others.
2. Faith is not in our body, but in our soul.
3. It is possible that I will teach you.
4. Suddenly he decided to go to Pakistan.
5. Can he harm a man who is his bosom friend?
6. He wanted to talk to him immediately about his going.
7. Immediately after reaching home he began to weep.
8. How sweet is the deceit of a glance!
9. People were boarding the bus constantly.
10. After remaining quiet for a while, he began to sing.
11. His occupation was very lowly.
12. He cleaned his house with his own hands.
13. Who can believe that he was a poet?
14. If only I could be a saint ("great soul")!
15. My days are over--it is the will of God.

13.6 Study the following sentences:

ਇਹ ਡਰ ਸੀ ਕਿ ਕਿਤੇ ਫੜਿਆ ਨਾ ਜਾਵਾਂ — I was afraid lest I be caught (arrested)

ਕਿਤੇ ...ਨਾ used with hortative verb forms means "lest"

ਅਜ ਉਸ ਨੂੰ ਭੇਜਣ ਵਾਲਾ ਸਾਂ — Today I was about to send

contracted infinitive + ਵਾਲਾ means "about to..."

ਕਾਸ਼ ਮੈਂ ਸਹਾਏ ਦੀ ਰੂਹ ਹੁੰਦਾ — If I were only Saha:e's soul!

ਕਾਸ਼ with the present participle or the hortative is used for the conditional, for wishes, etc.

Translate the following into Panjabi:

1. Hurry, lest the train leave!
2. He was afraid that the thief might steal something.
3. I was about to leave my home when the beggar came.
4. He kept repeating, "If only I could have enjoyed life!"
5. If only you were here!
6. It is about to rain.
7. Were you about to break this stick?
8. If only I had worked hard!
9. We were afraid lest the lion come.
10. Come on, the bus is about to go.

UNIT XIV

ਮੇਲੇ ਵਿਚ ਜੱਟ

ਧਨੀਰਾਮ ਚਾਤ੍ਰਿਕ

ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ

ਮੀਹਾਂ ਦੀ ਉਡੀਕ ਤੇ ਸਿਆੜ ਕੱਢ ਕੇ
ਮਾਲ ਢਾਂਡਾ ਸਾਂਭਣੇ ਨੂੰ ਚੂਹੜਾ ਛੱਡ ਕੇ

ਪੱਗ ਝੱਗਾ ਚਾਦਰ ਨਵੇਂ ਸਵਾਇ ਕੇ
ਸੰਮਾਂ ਵਾਲੀ ਡਾਂਗ ਉਤੇ ਤੇਲ ਲਾਇ ਕੇ

ਕੱਛੇ ਮਾਰ ਵੰਝਲੀ ਅਨੰਦ ਛਾ ਗਿਆ
ਮਾਰਦਾ ਦਮਾਮੇ, ਜੱਟ ਮੇਲੇ ਆ ਗਿਆ

ਹਾਣੀਆਂ ਦੀ ਢਾਣੀ ਵਿਚ ਲਾੜਾ ਸੱਜਦਾ
ਬੱਘ ਬੱਘ ਬੱਘ ਬੋਲੇ ਸ਼ੇਰ ਗੱਜਦਾ

ਹੀਰੇ ਨੂੰ ਅਰਕ ਨਾਲ ਹੁੱਜਾਂ ਮਾਰਦਾ
ਸੈਨਤਾਂ ਦੇ ਨਾਲ ਰਾਮੂੰ ਨੂੰ ਵੰਗਾਰਦਾ

ਚੰਗੀ ਜਹੀ ਸੱਦ ਲਾ ਦੇ ਬੱਲੇ ਬੇਲੀਆ।
ਤੂੰਬਾ ਜ਼ਰਾ ਖੋਲ੍ਹ ਖਾਂ, ਜੁਆਨਾਂ ਤੇਲੀਆ।

ਸਰੂ ਵਾਂਗ ਝੂਲ ਵੰਝਲੀ ਸੁਣਾ ਗਿਆ
ਮਾਰਦਾ ਦਮਾਮੇ, ਜੱਟ ਮੇਲੇ ਆ ਗਿਆ।

ਤੂੰਬੇ ਨਾਲ ਭਾਂਤ ਭਾਂਤ ਬੋਲ ਬੋਲੀਆਂ
ਹਾੜ ਵਿਚ ਜੱਟਾਂ ਨੇ ਮਨਾਈਆਂ ਹੋਲੀਆਂ

ਛਿੰਝ ਦੀ ਤਿਆਰੀ ਹੋਈ, ਢੋਲ ਢੱਲ ਵੱਜਦੇ
ਕੱਸ ਕੇ ਲੰਗੋਟੇ ਆਏ ਸ਼ੇਰ ਗੱਜਦੇ

ਲਿਸ਼ਕਦੇ ਨੇ ਪਿੰਡੇ ਗੁੰਨ੍ਹੇ ਹੋਏ ਤੇਲ ਦੇ
ਮਾਰਦੇ ਨੇ ਛਾਲਾਂ ਦੂਲੇ ਡੰਡ ਪੇਲਦੇ

ਕਿੱਸੂ ਨੂੰ ਸੁਰੈਣਾ ਪਹਿਲੇ ਹੱਥ ਢਾ ਗਿਆ
ਮਾਰਦਾ ਦਮਾਮੇ, ਜੱਟ ਮੇਲੇ ਆ ਗਿਆ।

ਵਾਰੀ ਹੁਣ ਆ ਗਈ ਜੇ ਪੀਣ ਖਾਣ ਦੀ
ਰੇਉੜੀਆਂ ਜਲੇਬੀਆਂ ਦੇ ਆਹੂ ਲਾਹਣ ਦੀ

ਹੱਟੀਆਂ ਦੇ ਵੱਲ ਆ ਪਏ ਨੇ ਟੁਟ ਕੇ
ਹੂੰਝ ਲਈਆਂ ਥਾਲੀਆਂ ਜੁਆਨਾਂ ਜੁੱਟ ਕੇ

ਖੁੱਲ੍ਹ ਗਈਆਂ ਬੋਤਲਾਂ ਗਲਾਸ ਫਿਰਿਆ
ਤੇਲੀਆਂ ਤੇ ਡੂਮਾਂ ਦਾ ਕਲੇਜਾ ਘਿਰਿਆ

ਬੁੱਕਾਂ ਤੇ ਕਮੀਣਾਂ ਨੂੰ ਮਜ਼ਾ ਚਖਾ ਗਿਆ
ਮਾਰਦਾ ਦਮਾਮੇ, ਜੱਟ ਮੇਲੇ ਆ ਗਿਆ।

14.1 Phrases:

ਸੰਮਾਂ ਵਾਲੀ ਡਾਂਗ	segmented staff
ਦਮਾਮੇ ਮਾਰਦਾ	beating drums
ਹਾੜ ਵਿਚ ਜੱਟਾਂ ਨੇ ਮਨਾਈਆਂ ਹੋਲੀਆਂ	in the month of June-July the peasants have celebrated the festival of colors
ਕੱਸ ਕੇ ਲੰਗੋਟੇ	having put on their loincloths tightly
ਕਿੱਸੂ ਨੂੰ ਸੁਰੈਣਾ ਪਹਿਲੇ ਹੱਥ ਢਾ ਗਿਆ	SuraiNa: has pulled down Kissu: in the very first round
ਰੇਵੜੀਆਂ ਜਲੇਬੀਆਂ ਦੇ ਆਹੂ ਲਾਹਣ ਦੀ	of eating up revRi: and jalebi: in great quantities

14.2 Vocabulary

ਅਰਕ	juice, spirit (m.)
ਆਹੂ	harm, damage, defect (m.)
ਆਹੂ ਲਹਿਣਾ	to be slaughtered in great numbers
ਸੱਦ	call (f.)
ਸਰੂ	fir tree (m.)
ਸਵਾਉਣਾ	to cause to be sewn
ਸ਼ਾਹ	moneylender (m.)
ਸਿਆੜ	furrow (m.)
ਸੈਨਤ	signal, mark (f.)
ਹਾੜ	fourth month
ਹਾੜੀ	winter crop (f.)
ਹਿਸਾਬ	account (m.)
ਹਿਸਾਬ ਕੱਟਣਾ	to clear the accounts
ਹੁੱਜ	thrust (f.)
ਹੁੱਜ ਮਾਰਨਾ	to punch, pierce
ਹੋਲੀ	Holi, a festival (f.)
ਕੱਸਣਾ	to tighten, to wear tightly
ਕੱਛ	armpit (f.)
ਕਛੇ ਮਾਰਨਾ	to take under the arm
ਕਮੀਣ	low caste person (m.)
ਕਲੇਜਾ	heart (m.)
ਗੁੰਨ੍ਹਣਾ	to rub, massage
ਘਿਰਨਾ	to be frightened
ਚਖਾਉਣਾ	to cause to taste
ਛਿੰਝ	wrestling (f.)
ਜੱਟ	peasant, farmer (m.)
ਜਲੇਬੀ	a type of candy (f.)

ਜੁੱਟਣਾ	to gather
ਝੱਗਾ	coat (m.)
ਝੂਲਣਾ	to swing
ਟੁਟ ਕੇ ਪੈਣਾ	to jump on
ਡੰਡ	a type of exercise (m.)
ਡਾਂਗ	staff (f.)
ਡੂਮ	a Muslim caste of bards (m.)
ਢਾਹਣਾ	to defeat in wrestling, pull down
ਢਾਂਡਾ	ox (m.)
ਢਾਣੀ	group, gang (f.)
ਤੰਦ	cut. tie (m.)
ਤੂੰਬਾ	a drinking vessel (m.)
ਤੂੜੀ	chaff (f.)
ਤੇਲੀਆ	root of a plant (m.)
ਥਾਲੀ	brass plate (f.)
ਦਮਾਮਾ	kettle-drum (m.)
ਦੂਲਾ	brave man, good man (m.)
(ਡੰਡ) ਪੇਲਣਾ	to perform the exercise called ਡੰਡ
ਬੱਘ ਬੱਘ	rumble (f.)
ਬੱਲੇ	bravo! well done!
ਬੁੱਕ	punch (in boxing) (f.)
ਬੇਲੀਆ	friend, third ox in the team (m.)
ਭਾਂਤ ਭਾਂਤ	all sorts of
ਮਜ਼ਾ ਚਖਾਉਣਾ	to teach a lesson
ਮਨਾਉਣਾ	to celebrate
ਮੀਂਹ	rain (m.)
ਰੇਉੜੀ	a type of candy (f.)
ਲੰਗੋਟੀ	loin-cloth (m.)

ਲੰਬੜਾ	liar, chatterbox, collector of crop taxes (m.)
ਲਾਹੁਣਾ	to bring down
ਲਿਸ਼ਕਣਾ	to flash, gleam, glitter
ਵੰਗਾਰਨਾ	to put in motion
ਵੰਝਲੀ	flute, bamboo pipe (f.)
ਵੱਟਣਾ	to receive in exchange, to exchange
ਵੇਚ ਵਟ ਕੇ	having done the selling, etc.

14.3 Rewrite the poem in Panjabi prose order and summarize.

14.4 Translate into Panjabi:

1. The farmer came to the city playing his drums.
2. He has cleared his accounts with the money lenders.
3. I had a new coat sewn for me.
4. He spoke all kinds of words.
5. Their legs, massaged with oil, shone.
6. Deer leapt, the lion woke up and he roared.
7. We taught them a good lesson.
8. Happiness spread over everything.
9. People waited for the rain, but no rain came.
10. Preparation for the wrestling was completed.
11. In the very first round, Krishna: threw Nara:iNa: on the ground.
12. Now it was his turn to eat.
13. He left his servant at home to take care of his house.
14. Seeing a lion, our hearts sank.

14.5 Learn the following word pairs, write their meanings and use them in your own sentences:

ਹਾੜ	ਹਾੜੀ
ਤਿਆਰ	ਤਿਆਰੀ
ਭਾਂਤ	ਭਾਂਤ ਭਾਂਤ
ਉਡੀਕ	ਉਡੀਕਣਾ

14.6 ਪਹਿਲਾ is the ordinal form of the number ਇੱਕ . Write the other ordinal numbers up to 20 and substitute them for the underlined word in the following sentence:

ਕਿੱਸੂ ਨੂੰ ਸੁਰੈਣਾ ਪਹਿਲੇ ਹਥ ਫਾ ਗਿਆ

14.7 What kinds of forms do you think ਸਵਾਇ / ਲਾਇ are in this poem? Can you give the more usual form?

14.8 This poem, small though it is, is very rich in the various verb forms. Use each of those listed below in your own sentences:

1) ਵੱਟ(ਕੇ) ਕੱਟ(ਕੇ) ਸਾਂਭ(ਕੇ)
ਕੱਢ(ਕੇ) ਛੱਡ(ਕੇ) ਸਵਾਇ(ਕੇ)
ਲਾਇ(ਕੇ) ਮਾਰ(ਕੇ) ਟੁਟ(ਕੇ) ਬੋਲ(ਕੇ)

2) ਸਾਂਭਣੇ ਪੀਣ ਖਾਣ ਲਾਹਣ

3) ਸੱਜਦਾ (ਹੈ) ਗੱਜਦਾ (ਹੈ) ਮਾਰਦਾ (ਹੈ)
ਮਾਰਦੇ (ਨੇ) ਲਿਸ਼ਕਦੇ ਨੇ ਵੰਗਾਰਦਾ (ਹੈ)

4) ਮਾਰਦਾ ਗੱਜਦੇ ਪੇਲਦੇ

5) ਫਿਰਿਆ ਘਿਰਿਆ ਆਏ
ਮਨਾਈਆਂ ਲਈਆਂ

6) ਛਾ ਗਿਆ ਆ ਗਿਆ ਚਖਾ ਗਿਆ
ਢਾ ਗਿਆ ਸੁਣਾ ਗਿਆ ਆ ਪਏ

14.9 ਤੇ is used in two ways in this poem:

1) as a post-position meaning "on", "to", "by", "from", "with" (ਬੁੱਕਾਂ ਤੇ "with the fists"). In this case it is a contraction of the post-position ਉੱਤੇ .

2) as a conjunction meaning "and". Another form of this conjunction is ਅਤੇ .

ਤੇ may also be used:

3) in place of ਤਾਂ (see 12.7)

4) as a post-positional form of ਤੂੰ , that is as a variant of ਤੈ (ਤੈਨੂੰ)

5) in the phrase ਤੇ ਵੀ , meaning "even after".

Make sentences using the different meanings of ਤੇ .

UNIT XV

ਤਲਾਸ਼ੀ

ਅਰਜਨ ਸਿੰਘ ਗੜਗੱਜ

੧

ਗਿਣਤੀ ਵਾਂਗ ਤਲਾਸ਼ੀ ਦਾ ਵੀ ਜੇਲ ਨਾਲ ਚੋਲੀ ਕਾਮਨ ਦਾ ਸਬੰਧ ਹੈ। ਜੇਲ ਹਾਕਮਾਂ ਦੀਆਂ ਨਜ਼ਰਾਂ ਵਿਚ ਪ੍ਰੰਬੰਧ ਨੂੰ ਕਾਇਮ ਰਖਣ ਲਈ ਤਲਾਸ਼ੀ ਤੇ ਚਲਾਨ, ਦੋ ਬੁਨਿਆਦੀ ਚੀਜ਼ਾਂ ਹਨ। ਜੇਲ ਵਿਚ ਕਿਸੇ ਕਿਸਮ ਦਾ ਖੜਕਾ ਦੜਕਾ ਹੋਵੇ ਜਿਸ ਨਾਲ ਜੇਲ ਹਾਕਮਾਂ ਦੇ ਦਿਲਾਂ ਨੂੰ ਧੁੜਕੂ ਲਗਣ ਲਗ ਪਏ, ਤਲਾਸ਼ੀ ਤੇ ਚਲਾਨ ਇਸ ਵਿਚ ਬੜੇ ਸਹਾਈ ਹੁੰਦੇ ਹਨ। ਖੜਕੇ ਦੜਕੇ ਦੇ ਜ਼ਿਮੇਵਾਰਾਂ ਨੂੰ ਜੇਲ ਵਾਲੇ ਕਿਸੇ ਹੋਰ ਜੇਲ ਨੂੰ ਘਲ ਦਿੰਦੇ ਹਨ, ਇਸ ਨੂੰ ਕੈਦੀ ਦਾ ਚਲਾਨ ਕਿਹਾ ਜਾਂਦਾ ਹੈ। ਤਲਾਸ਼ੀ ਲੈ ਕੇ ਵੀ ਉਹ ਇਸ ਗੱਲੋਂ ਬੇਫ਼ਿਕਰ ਹੋ ਜਾਦੇ ਹਨ ਕਿ ਖ਼ਤਰੇ ਵਾਲੀ ਕੋਈ ਗੱਲ ਨਹੀਂ। ਜਿਨ੍ਹਾਂ ਦਿਨਾਂ ਦੀ ਗੱਲ ਮੈਂ ਕਰਨ ਵਾਲਾ ਹਾਂ ਉਹਨੀਂ ਦਿਨੀਂ ਤਲਾਸ਼ੀ ਤਾਂ ਗੱਲ ਗੱਲ 'ਤੇ ਹੁੰਦੀ ਰਹਿੰਦੀ ਸੀ।

ਇਹ ਤਾਂ ਸਮਝ ਵਿਚ ਆ ਸਕਦਾ ਹੈ ਕਿ ਜੇਲ ਵਿਚ ਕੋਈ ਬਗ਼ਾਵਤ ਬਲਵਾ ਜਾਂ ਕਿਸੇ ਲੜਾਈ ਦਾ ਖ਼ਤਰਾ ਹੋਵੇ ਤਾਂ ਤਲਾਸ਼ੀ ਜ਼ਰੂਰੀ ਹੋ ਜਾਂਦੀ ਹੈ, ਪਰ ਅੰਗਰੇਜ਼ ਦੇ ਰਾਜ ਵਿਚ ਜੇਲ ਦੇ ਵਡੇ ਛੋਟੇ ਮੁਲਾਜ਼ਮ ਲਈ ਤਲਾਸ਼ੀ ਮਾਨੋਂ ਬਸਰੇ ਦੀ ਖੱਟੀ ਬਣੀ ਹੋਈ ਸੀ। ਸਿਪਾਹੀ ਜਦੋਂ ਆਪਣਾ ਖੀਸਾ ਖ਼ਾਲੀ ਵੇਖਦਾ, ਕੈਦੀ ਦੀ ਤਲਾਸ਼ੀ ਲੈਣ ਲਗ ਜਾਂਦਾ। ਓਹਨੀਂ ਦਿਨੀਂ ਇਹ ਆਮ ਗੱਲ ਸੀ।

੧੯੨੪ ਦੇ ਜਨਵਰੀ ਮਹੀਨੇ ਦੀ ਗੱਲ ਹੈ। ਪੁਰਾਣੀ ਸੈਂਟਰਲ ਜੇਲ ਮੁਲਤਾਨ ਵਿਚ ਇਕ ਵੇਰ ਮੈਂ ਤਲਾਸ਼ੀ ਤੋਂ ਡਰਦਾ ਨਿਕੀ ਜਿਹੀ ਲੂਣ ਦੀ ਡਲੀ ਲੁਕਾਉਂਦਾ ਰਿਹਾ। ਪਾਠਕ ਹੈਰਾਨ ਹੋਣਗੇ ਕਿ ਲੂਣ ਦੀ ਡਲੀ ਲੁਕਾਣ ਦੀ ਕੀ ਲੋੜ ਪਈ ਸੀ। ਪਰ ਉਹਨੀਂ ਦਿਨੀਂ ਲੂਣ ਤੇ ਮਿਰਚ ਆਮ ਕੈਦੀ ਦੀ ਵਡੀ ਜਾਇਦਾਦ ਸੀ। ਕਿਉਂਕਿ ਜੇਲ ਦੀ ਦਾਲ ਜਿਹੜੀ ਨਿਰਾ ਤੱਤਾ ਪਾਣੀ ਹੀ ਹੁੰਦਾ ਸੀ ਤੇ ਦਾਣਾ ਚੁੱਭੀ ਮਾਰਿਆਂ ਵੀ ਨਹੀਂ ਸੀ ਮਿਲਦਾ, ਲੂਣ ਮਿਰਚ ਤੋਂ ਵੀ ਆਮ ਕਰਕੇ ਵਿਰਵੀ ਹੁੰਦੀ ਸੀ। ਕੈਦੀਆਂ ਦਾ ਲੂਣ-ਮਿਰਚ ਵੀ ਲੋਹੇ ਦੀਆਂ ਨਹੀਂ, ਹੱਡ-ਮਾਸ ਦੀਆ ਮਸ਼ੀਨਾਂ ਦੇ ਢਿਡਾਂ ਵਿਚ ਪਹਿਲਾਂ ਹੀ ਜਾ ਪੈਂਦੇ ਸਨ – ਅਰਥਾਤ ਜੇਲੀ ਹਾਕਮਾਂ ਤੇ ਹੋਰ ਮੁਲਾਜ਼ਮਾਂ ਦੇ ਕਈ ਘਰ ਵੀ ਏਸੇ ਲੂਣ-ਮਿਰਚ 'ਤੇ ਗੁਜ਼ਾਰਾ ਕਰਦੇ ਸਨ।

ਰੋਜ਼ ਦੋਵੇਂ ਵੇਲੇ ਰੋਟੀ ਵਕਤ ਤਲਾਸ਼ੀ ਹੋਇਆ ਕਰਦੀ ਸੀ। ਖੁਲ੍ਹੇ ਮੈਦਾਨ ਵਿਚ ਉਸੇ ਤਰ੍ਹਾਂ ਅਸੀਂ ਕਤਾਰਾਂ ਵਿਚ ਬਹਿ ਜਾਂਦੇ ਸਾਂ ਜਿਵੇਂ ਗੁਰੂ ਕੇ ਲੰਗਰ ਵਿਚ ਬਹਿ ਜਾਈਦਾ ਹੈ। ਕਤਾਰਾਂ ਵੀ ਇਸ ਕਰਕੇ ਲਗਦੀਆਂ ਸਨ ਕਿ ਅਸੀਂ ਕੋਈ ਸਤ ਸੌ ਦੇ ਕਰੀਬ ਅਕਾਲੀ ਕੈਦੀ ਸਾਂ, ਥੋੜੇ ਹੁੰਦੇ ਤਾਂ ਕੋਠੀਆਂ ਵਿਚ ਬ੍ਰਾਜਮਾਨ ਰਹਿੰਦੇ। ਅਸੀਂ ਕਤਾਰਾਂ ਵਿਚ ਬੈਠੇ ਹੁੰਦੇ ਤਾਂ ਸਾਡੇ ਬਿਸਤਰਿਆਂ ਦੀਆਂ ਤਲਾਸ਼ੀਆਂ ਹੁੰਦੀਆਂ । ਫੇਰ ਰੋਟੀ ਲੈਣ ਤੋਂ ਪਹਿਲਾਂ ਕਤਾਰਾਂ ਨੂੰ ਖਲਿਹਾਰ ਕੇ ਤਲਾਸ਼ੀ ਲਈ ਜਾਂਦੀ।

ਸ਼ਾਮ ਦੀ ਰੋਟੀ ਵੇਲੇ ਸਾਡੀ ਕਤਾਰ ਦੀ ਤਲਾਸ਼ੀ ਸ਼ੁਰੂ ਹੋਈ। ਬੜੀ ਮੁਸ਼ਕਲ ਨਾਲ ਹਾਸਲ ਕੀਤੀ ਲੂਣ ਦੀ ਡਲੀ ਨੂੰ ਸੋਨੇ ਦੀ ਡਲੀ ਵਾਂਗ ਬਚਾਉਣ ਦਾ ਫ਼ਿਕਰ ਸੀ। ਤਲਾਸ਼ੀ ਵਾਲੇ ਮੈਥੋਂ ਕੋਈ ਤਿੰਨ ਕੁ ਬੰਦੇ ਦੂਰ ਸਨ ਤਾਂ ਮੈਂ ਲੂਣ ਦੀ ਡਲੀ ਆਪਣੇ ਪੈਰ ਹੇਠ ਦੱਬ ਲਈ । ਮੁਲਤਾਨ ਦੀ ਧਰਤੀ ਦੀ ਮਿੱਟੀ ਨਰਮ ਸੀ। ਡਲੀ ਜ਼ਮੀਨ ਵਿਚ ਧਸ ਗਈ। ਤਲਾਸ਼ੀ ਵਾਲੇ ਮੇਰੀ ਤਲਾਸ਼ੀ ਵੀ ਚੰਗੀ ਤਰ੍ਹਾਂ ਲੈ ਗਏ, ਪਰ ਡਲੀ ਹੱਥ ਨਾ ਆਈ। ਮੈਂ ਇਸ ਨੂੰ ਮੋਰਚਾ ਮਾਰ ਲਿਆ ਸਮਝਿਆ ਤੇ ਪਿਛੋਂ ਜ਼ਮੀਨ ਚੋਂ ਕਢ ਕੇ ਝਾੜ ਪੂੰਝ ਕੇ ਦਾਲ ਦੇ ਪਾਣੀ ਵਿਚ ਖੋਰ ਲਈ । ਮੇਰੀ ਚਲਾਕੀ ਵੇਖ ਕੇ ਗਿਆਨੀ ਗੁਰਮੁਖ ਸਿੰਘ ਮੁਸਾਫ਼ਰ, ਜਥੇਦਾਰ ਊਧਮ ਸਿੰਘ ਨਾਗੋਕੇ, ਸ੍ਰੀ ਫ਼ੌਜਾ ਸਿੰਘ ਭੁਲਰ ਆਦਿ ਬੜੇ ਪ੍ਰਸੰਨ ਹੋਏ ਕਿ ਜ਼ਾਲਮਾਂ ਨੂੰ ਕਿੱਦਾਂ ਉਲੂ ਬਣਾਇਆ।

੨

ਅਗਲੇ ਸਾਲ ੧੯੨੫ ਵਿਚ ਰਾਵਲਪਿੰਡੀ ਜੇਲ ਦੀ ਗੱਲ ਹੈ, ਇਕ ਥਾਂ ਮੈਂ ਹੋਰ ਸਾਥੀਆਂ ਨਾਲ ਸੜਕ ਕੁੱਟ ਰਿਹਾ ਸਾਂ। ਬਾਕੀ ਪੰਜ ਛੇ ਸਾਥੀ ਕੁਝ ਵਿੱਥ 'ਤੇ ਉਹੋ ਸੜਕ ਬਣਾ ਰਹੇ ਸਨ ਤੇ ਮੈਂ ਇਕੱਲਾ ਕੁਝ ਹਟਵਾਂ ਦਮੂਸੇ ਨਾਲ ਸੜਕ ਕੁਟ ਰਿਹਾ ਸਾਂ। ਸੜਕ ਕੋਟ ਮੌਕਿਆ (ਜੇਲ ਦੀ ਬਾਹਰਲੀ ਵਡੀ ਕੰਧ) ਦੇ ਲਾਗ ਹੀ ਸੀ। ਮੇਰੇ ਅਗੇ ਇਕ ਲੂਣ ਦੀ ਵਡੀ ਸਾਰੀ ਡਲੀ ਆਣ ਡਿਗੀ। ਇਹ ਡਲੀ ਬਾਹਰੋਂ ਕੰਧ ਉਤੋਂ ਦੀ ਕਿਸੇ ਨੇ ਜੇਲ ਦੇ ਅੰਦਰ ਸੁੱਟੀ ਸੀ। ਮੈਂ ਉਹੋ ਡਲੀ ਵਾਪਸ ਜੇਲੋਂ ਬਾਹਰ ਵਗਾਹ ਮਾਰੀ । ਕੁਝ ਹੀ ਮਿੰਟਾਂ ਪਿਛੋਂ ਗੁੜ ਦੀ ਇਕ ਛੋਟੀ ਬੋਰੀ ਮੇਰੇ ਲਾਗੇ ਧੜੈਂ ਕਰਦੀ ਆਣ ਡਿਗੀ। ਆਪਣੇ ਸਾਥੀਆਂ ਨੂੰ ਆਵਾਜ਼ ਦਿਤੀ ਤੇ ਖੋਲ੍ਹ ਕੇ ਸਾਰੇ ਜਣੇ ਉਥੇ ਖੜੇ ਸਾਰਾ ਗੁੜ ਖਾ ਗਏ ਤੇ ਕੁਝ ਲਾਗਲੇ ਹੋਰ ਕੈਦੀਆਂ ਨੂੰ ਖੁਆ ਦਿਤਾ।

ਗੁੜ ਪਤਾ ਨਹੀਂ ਕਿਸ ਕੈਦੀ ਦਾ ਸੀ। ਓਹਨੀਂ ਦਿਨੀਂ ਜੇਲ ਵਿਚ ਗੁੜ ਵੀ ਨਹੀਂ ਸੀ ਮਿਲਦਾ। ਕਿਸੇ ਪੈਸੇ ਵਾਲੇ ਕੈਦੀ ਕੋਲੋਂ ਕਮਿਸ਼ਨ ਖਾ ਕੇ ਜੇਲ ਦੇ ਅੰਦਰਲੇ

ਇਕ ਸਿਪਾਹੀ ਤੇ ਜੇਲ ਦੇ ਬਾਹਰਲੇ ਇਕ ਸਿਪਾਹੀ ਨੇ ਆਪਸ ਵਿਚ ਕੈਦੀ ਨੂੰ ਗੁੜ ਪੁਚਾਉਣ ਦੀ ਟਿਪੀ ਲੜਾਈ ਹੋਈ ਸੀ। ਬਾਹਰਲੇ ਸਿਪਾਹੀ ਨੂੰ ਇਹ ਪਤਾ ਸੀ ਕਿ ਇਸ ਵੇਲੇ ਜੇਲ ਦੇ ਫਲਾਣੇ ਪਾਸੇ ਬਾਹਰਲੀ ਦੀਵਾਰ ਦੇ ਅੰਦਰ ਉਸ ਦੇ ਸਾਥੀ ਸਿਪਾਹੀ ਦੀ ਡਿਊਟੀ ਹੈ। ਇਸੇ ਕਰਕੇ ਪਹਿਲਾਂ ਬਾਹਰਲੇ ਸਿਪਾਹੀ ਨੇ ਲੂਣ ਦੀ ਡਲੀ ਅੰਦਰ ਸੁਟੀ ਸੀ ਤਾਕਿ ਉਸ ਨੂੰ ਪਤਾ ਲਗ ਜਾਏ ਕਿ ਉਸ ਦਾ ਸਾਥੀ ਸਿਪਾਹੀ ਮੌਕੇ 'ਤੇ ਹੈ ਜਾਂ ਨਹੀਂ। ਮੈਨੂੰ ਪਤਾ ਸੀ ਕਿ ਆਮ ਕਰਕੇ ਬਾਹਰੋਂ ਜਦੋਂ ਕੋਈ ਰੋੜਾ ਆਦਿ ਅੰਦਰ ਡਿਗੇ ਤਾਂ ਉਸ ਨੂੰ ਵਾਪਸ ਸੁਟਣ 'ਤੇ ਕੋਈ *ਬਦਮਾਸ਼ੀ ਡਿਗੇਗੀ। ਉਹੋ ਗਲ ਹੋਈ। ਅੰਦਰਲਾ ਸਿਪਾਹੀ ਆਪਣੇ ਸਾਥੀ ਨੂੰ ਦਸੇ ਅਨੁਸਾਰ ਉਸ ਵੇਲੇ ਉਥੇ ਨਹੀਂ ਸੀ ਕਿਉਂਕਿ ਉਸ ਨੂੰ ਅਚਾਨਕ ਡਿਉੜ੍ਹੀ ਵਿਚ ਕਿਸੇ ਕੰਮ ਲਈ ਜਾਣਾ ਪੈ ਗਿਆ ਸੀ। ਮੈਨੂੰ ਪਤਾ ਨਹੀਂ ਸੀ ਕਿ ਗੁੜ ਕਿਸ ਦਾ ਹੈ। ਜੇ ਕੋਲ ਰਖਦੇ ਤਾਂ ਬਦਮਾਸ਼ੀ ਰਖਣ ਕਰਕੇ ਪੇਸ਼ੀ ਹੋ ਜਾਣ ਦਾ ਡਰ ਸੀ। ਇਸ ਲਈ ਅਸਾਂ ਮੁੱਦਆ ਹੀ ਖ਼ਤਮ ਕਰ ਦਿਤਾ।

ਸਿਪਾਹੀ ਆਇਆ ਤਾਂ ਉਸ ਨੂੰ ਕਿਸੇ ਤਰ੍ਹਾਂ ਪਤਾ ਲਗ ਗਿਆ ਕਿ ਗੁੜ ਅੰਦਰ ਡਿਗਾ ਹੈ। ਤਾਂ ਉਸ ਨੇ ਆਪਣੇ ਵਕਤ ਅਨੁਸਾਰ ਗੁੜ ਡਿੱਗਣ ਦੇ ਅੰਦਾਜ਼ੇ ਤੋਂ ਸਮਝ ਲਿਆ, ਪਰ ਉਹ ਪੁਛੇ ਕਿੱਸੇ ਨੂੰ ਨਾ। ਸਾਡੇ ਲਾਗੇ ਹੀ ਗੋਰਾ ਬੈਰਕ ਸੀ। ਉਸ ਵਿਚ ਡਾਕਟਰ ਸੈਫ਼ੂਦੀਨ ਕਿਚਲੂ ਰਹਿੰਦੇ ਸਨ। ਸਿਪਾਹੀ ਨੇ ਡਾਕਟਰ ਕਿਚਲੂ ਕੋਲ ਸਾਡੀ ਸ਼ਕਾਇਤ ਕੀਤੀ। ਡਾਕਟਰ ਸਾਹਿਬ ਤਾਜ ਦੀਨ ਸਿਪਾਹੀ ਦੀ ਆਦਤ ਜਾਣਦੇ ਸਨ ਉਹ ਕੈਦੀਆਂ ਦੇ ਨੇਂਘ ਵੀ ਫੋਲਦਾ ਰਹਿੰਦਾ ਸੀ। ਡਾਕਟਰ ਕਿਚਲੂ ਨੇ ਉਸ ਨੂੰ ਇਹ ਕਹਿ ਕੇ ਸਾਡੇ ਪਿਛੋਂ ਲਾਹਿਆ, "ਤਾਜ ਦੀਨ ਤੂੰ ਨਿਮਾਜ਼ੀ ਏਂ। ਤੇ ਨਿਮਾਜ਼ੀਆਂ ਦਾ ਕੰਮ ਕੈਦੀਆਂ 'ਤੇ ਜ਼ੁਲਮ ਕਰਨਾ ਨਹੀਂ ਹੁੰਦਾ। ਫੇਰ ਇਹ ਅਕਾਲੀ ਕੈਦੀ ਸਿਆਸੀ ਕੈਦੀ ਹਨ, ਅਖ਼ਲਾਕੀ ਕੈਦੀ ਨਹੀਂ।"

ਡਾਜ ਦੀਨ ਉਦੋਂ ਤਾਂ ਚੁਪ ਕਰ ਗਿਆ, ਪਰ ਉਸ ਨੇ ਕਿੜ ਦਿਲ ਵਿਚੋਂ ਨਾ ਜਾਣ ਦਿਤੀ। ਮੁੜ ਸੜਕ ਕੁੱਟਣ ਆਣ ਲਗੇ ਤਾਂ ਉਸ ਨੇ ਸਾਡੀ ਹਰ ਇਕ ਦੀ ਚੰਗੀ ਤਰ੍ਹਾਂ ਤਲਾਸ਼ੀ ਲਈ, ਪਰ ਗੁੜ ਕਿਥੋਂ ਲਭਣਾ ਸੀ।

*ਗ਼ੈਰ ਕ਼ਾਨੂੰਨੀ ਤੌਰ 'ਤੇ ਜਿਹੜੀ ਵੀ ਕੋਈ ਚਾਜ਼ ਜੇਲ ਵਿਚ ਜਾਵੇ, ਉਸ ਨੂੰ ਬਾਮਾਸ਼ੀ ਆਖਦੇ ਹਨ।

੩

ਰਾਵਲਪਿੰਡੀ ਜੇਲ ਵਿਚ ਹੀ ਮੈਂ ਤੇ ਕੁਝ ਹੋਰ ਸਾਥੀ ਸੱਠਾਂ ਚੱਕੀਆਂ ਵਿਚ ਬੰਦ ਸਾਂ। ਮੇਰੇ ਸੈੱਲ (ਚੱਕੀ) ਸਾਹਮਣੇ ਇਕ ਰੁੱਖ ਸੀ ਜਿਸ ਦੇ ਮੁੱਢ ਕੋਲ ਇਕ ਟੋਆ ਸੀ – ਜਿਹੜਾ ਲੋਹੇ ਦੇ ਬਾਟੇ ਮਾਂਜਣ ਲਈ ਮਿੱਟੀ ਪੁੱਟ ਪੁੱਟ ਕੇ ਪੈ ਗਿਆ ਸੀ। ਉਸ ਸਮੇਂ ਲੋਹੇ ਦੇ ਬਾਟੇ ਹੀ ਮਿਲਿਆ ਕਰਦੇ ਸਨ।

ਅਸਾਂ ਸਲਾਹ ਕਰਕੇ ਇਕ ਟਿੰਡ ਵਿਚ ਭੰਗੀ ਕੋਲੋਂ ਮੈਲਾ ਪੁਆ ਦੇ ਉਪਰ ਇਕ ਧੋਤਾ ਜਿਹਾ ਰੁਮਾਲ ਬੰਨ੍ਹਵਾ ਦਿਤਾ ਤੇ ਉਹ ਟਿੰਡ ਰੁੱਖ ਦੇ ਮੁੱਢ ਵਾਲੇ ਟੋਏ ਵਿਚ ਰਖਾ ਦਿਤੀ। ਉਪਰ ਇਕ ਕੰਬਲ ਰਖ ਦਿਤਾ। ਇਹ ਸਭ ਕੁਝ ਅਸਾਂ ਤਾਜ ਦੀਨ ਸਿਪਾਹੀ ਨੂੰ ਮਜ਼ਾ ਚਖੌਣ ਦੀ ਨੀਯਤ ਨਾਲ ਕੀਤਾ ਸੀ ਕਿਉਂਕਿ ਉਹ ਕੈਦੀਆਂ ਨੂੰ ਬੜਾ ਤੰਗ ਕਰਦਾ ਰਹਿੰਦਾ ਸੀ।

ਤਾਜ ਦੀਨ ਦੇ ਆਉਣ ਦਾ ਵੇਲਾ ਸੀ। ਉਹ ਮਾਨੋਂ ਸੁੰਘਦਾ ਸੁੰਘਦਾ ਆ ਗਿਆ। ਸਾਰੀਆਂ ਕੋਠੀਆਂ ਫੋਲ ਫਾਲ ਲਈਆਂ, ਪਰ ਉਸ ਦੇ ਹੱਥ ਕੁਝ ਨਾ ਲਗਾ। ਉਸ ਦੀ ਨਜ਼ਰ ਰੁੱਖ ਦੇ ਮੁੱਢ ਕੋਲ ਕੰਬਲ 'ਤੇ ਪੈ ਗਈ। ਉਸ ਕੰਬਲ ਹੇਠੋਂ ਟਿੰਡ ਕਢ ਲਈ ਤਾਂ ਉਸ ਦੀਆਂ ਅੱਖਾਂ ਵਿਚ ਚਮਕ ਆ ਗਈ, ਜਿਵੇਂ ਸਾਰੀ ਉਮਰ ਦਾ ਗੁਜ਼ਾਰਾ ਹੱਥ ਲਗ ਗਿਆ ਹੋਵੇ।

ਉਸ ਨੇ ਟਿੰਡ ਉਠਾ ਲਈ ਤੇ ਕਹਿਣ ਲਗਾ।

"ਬੜਾ ਭਾਰਾ ਮਾਲ ਹੈ। ਇਹ ਹੈ ਕੀ ਤੇ ਕੀਹਦਾ ਹੈ?"

"ਜਮਾਂਦਾਰ ਜੀ ! ਤੁਹਾਨੂੰ ਕੀ ਇਹੋ ਜਿਹੀਆਂ ਗੱਲਾਂ ਨਾਲ ਕਿਸੇ ਕੈਦੀ ਦਾ ਹੀ ਹੋਵੇਗਾ।" ਮੈਂ ਜ਼ਰਾ ਬਣਾ ਸਵਾਰ ਕੇ ਆਖਿਆ।

ਕਿਸ ਹਰਾਮਜ਼ਾਦੇ ਦੀ ਹੈ ਇਹ ਟਿੰਡ। ਪਤਾ ਤਾਂ ਲਗੇ।" ਤਾਜ ਦੀਨ ਨੇ ਕਾਹਲੀ ਵਿਚ ਆਖਿਆ।

"ਕਿਸੇ ਦੀ ਹੋਵੇਗੀ ਤੁਸੀਂ ਜਾਣ ਦਿਓ, ਤੁਹਾਡਾ ਸਿਰ ਮੂੰਹ ਚਿੱਟਾ ਹੋ ਗਿਆ ਹੈ। ਇਹ ਨਿਗੂਣੀਆਂ ਗੱਲਾਂ ਛਡੋ।" ਮੈਂ ਚਿੜੌਂਦਿਆਂ ਹੋਇਆਂ ਆਖਿਆ।

"ਤੇਰੀ ਕੋਠੀ ਦੇ ਸਾਹਮਣੇ ਸੀ। ਤੈਨੂੰ ਜ਼ਰੂਰ ਪਤਾ ਹੋਵੇਗਾ ਕਿ ਇਹ ਬਦਮਾਸ਼ੀ ਕਿਸ ਦੀ ਹੈ।" ਤਾਜ ਦੀਨ ਨੇ ਇਸ ਭਾਵ ਨਾਲ ਆਖਿਆ ਜਿਵੇਂ ਉਸ ਨੂੰ ਪੱਕਾ ਯਕੀਨ ਹੋ ਗਿਆ ਹੋਵੇ ਕਿ ਸ਼ਿਕਾਰ ਹੱਥ ਲਗ ਜਾਏਗਾ। ਹੁਣ ਹੱਥ ਰੰਗੇ ਹੀ ਜਾਣਗੇ।

"ਮੈਨੂੰ ਪਤਾ ਵੀ ਹੋਵੇ ਤਾਂ ਮੈਂ ਕਿਉਂ ਕਿਸੇ ਦੀ ਚੁਗਲੀ ਕਰਾਂਗਾ।" ਮੈਂ ਜ਼ਰਾ ਤੈਸ਼ ਵਿਚ ਆ ਕੇ ਕਿਹਾ।

"ਇਸ ਟਿੰਡ ਵਿਚ ਘਿਉ ਹੋਵੇ ਜਾਂ ਕੁਝ ਹੋਰ ਮੈਂ ਇਸ ਨੂੰ ਨਹੀਂ ਛੇੜਦਾ, ਪਰ ਜੇ ਪੰਜ ਰੁਪਏ ਦਾ ਨੋਟ ਦਿਵਾ ਦਏਂ।" ਤਾਜ ਦੀਨ ਨੇ ਵਸਮੇ ਰੰਗੀਆਂ ਮੁੱਛਾਂ ਵਿਚ ਮੁਸਕਰਾ ਆਖਿਆ।

"ਮੈਂ ਇਹ ਕਿਉਂ ਕਰਾਂ।" ਕੁਝ ਗ਼ੁੱਸੇ ਨਾਲ ਮੈਂ ਜਵਾਬ ਦਿਤਾ।

"ਤਾਂ ਇਹ ਟਿੱਡ ਤੇਰੀ ਹੀ ਹੋਣੀ ਹੈ, ਮੈਂ ਤੇਰੀ ਪੇਸ਼ੀ ਕਰਵਾ ਦਿਆਂਗਾ।" ਤਾਜਦੀਨ ਨੇ ਕਿਹਾ।

"ਵੇਖੀ ਜਾਏਗੀ।" ਮੈਂ ਕਿਹਾ।

੪

ਅਗਲੇ ਦਿਨ ਮੈਨੂੰ ਸੁਪ੍ਰੰਟ੍ਰਡੰਟ ਜੇਲ ਅਗੇ ਪੇਸ਼ ਕੀਤਾ ਗਿਆ। ਸੁਪ੍ਰੰਟੰਡੰਟ ਅੰਗਰੇਜ਼ ਮੇਜਰ ਕੁਰੀ ਸੀ। ਉਹ ਫ਼ੌਜ ਵਿਚੋਂ ਆਉਣ ਕਰ ਕੇ ਖੁਲ੍ਹ-ਦਿਲਾ ਜਿਹਾ ਸੀ। ਕੈਦੀਆਂ ਦੀ ਆਮ ਮੰਗ ਤੋਂ ਬਾਅਦ ਉਸੇ ਮੇਜਰ ਕੁਰੀ ਦੀ ਸਿਫ਼ਾਰਸ਼ 'ਤੇ ਉਸ ਵੇਲੇ ਦੀ ਸਰਕਾਰ ਨੇ ਪਹਿਲਾਂ ਪਹਿਲ ਰਾਵਲਪਿੰਡੀ ਜੇਲ ਵਿਚ ਕੈਦੀਆਂ ਨੂੰ ਗੁੜ ਦੇਣਾ ਪਰਵਾਨ ਕੀਤਾ ਸੀ। ਪਿਛੋਂ ਕੈਦੀਆਂ ਨੂੰ ਛਟਾਂਕੀ ਰੋਜ਼ ਗੁੜ ਦੇਣ ਲਈ ਕਾਨੂੰਨ ਬਣ ਗਿਆ ਤੇ ਹਰ ਜੇਲ ਵਿਚ ਗੁੜ ਮਿਲਣ ਲਗ ਪਿਆ।

ਮੇਜਰ ਕੁਰੀ ਅਗੇ ਮੈਨੂੰ ਪੇਸ਼ ਕੀਤਾ ਗਿਆ, ਖ਼ਾਂ ਸਾਹਿਬ ਗ਼ੁਲਾਮ ਰਸੂਲ ਦਰੋਗਾ ਜੇਲ ਨੇ ਮੇਰੀ ਹਿਸਟਰੀ ਟਿਕਟ ਅਗੇ ਕਰ ਕੇ ਮੇਜ਼ ਉਤੇ ਟਿੰਡ ਰਖਵਾ ਕੇ ਕਿਹਾ:

"ਜਨਾਬ ਇਹ ਟਿੰਡ ਜਿਸ ਵਿਚ ਬਦਮਾਸ਼ੀ ਹੈ, ਅਰਜਨ ਸਿੰਘ ਤੋਂ ਨਿਕਲੀ ਹੈ।"

ਸੁਪ੍ਰੰਟੰਡੰਟ ਨੇ ਟਿੰਡ ਖੋਲ੍ਹਣ ਦਾ ਹੁਕਮ ਦਿਤਾ। ਤਾਜ ਦੀਨ ਨੇ ਅਗੇ ਵਧ ਦੇ ਟਿੰਡ ਖੋਲ੍ਹੀ ਹੀ ਸੀ ਕਿ ਮੱਖੀਆਂ ਦਾ ਇਕ ਜੱਥਾ ਭੂੰ ਭੂੰ ਕਰਦਾ ਐਉਂ ਬਾਹਰ ਨਿਕਲਿਆ ਜਿਵੇਂ ਭੂਮਣਾ ਛੇੜਿਆਂ ਮੱਖੀਆਂ ਨਿਕਲਦੀਆਂ ਹਨ। ਮੈਲੇ ਦੀ ਭਰੀ ਹੋਈ ਟਿੰਡ ਵੇਖ ਕੇ ਸੁਪ੍ਰੰਟੰਡੰਟ ਦਸ ਕਦਮ ਦੂਰ ਜਾ ਖਲੋਤਾ ਤੇ ਸਾਰਿਆਂ ਨੂੰ ਬੁਰਾ ਭਲਾ ਕਹਿਣ ਲਗ ਪਿਆ।

ਮੈਥੋਂ ਨਾ ਰਿਹਾ ਗਿਆ। ਮੈਂ ਤਾਜ ਦੀਨ ਵਲੋਂ ਕੈਦੀਆਂ ਦੀ ਗੱਲ ਗੱਲ 'ਤੇ ਤਲਾਸ਼ੀ ਲੈਣ ਤੇ ਤੰਗ ਕਰਨ ਦੇ ਹਾਲਾਤ ਦਸੇ। ਤਾਜ ਦੀਨ ਗ਼ੁੱਸੇ ਨਾਲ ਮੇਰੇ ਵਲ ਵੇਖ ਰਿਹਾ ਸੀ। ਮੇਜਰ ਕੁਰੀ ਨੇ ਤਾਜ ਦੀਨ ਨੂੰ ਉਹ ਸੁਣਾਈਆਂ ਕਿ ਉਸ ਨੂੰ ਜ਼ਮੀਨ ਵਿਹਲ ਨਾ ਦੇਵੇ।

15.1 Phrases:

ਖਤਰੇ ਵਾਲੀ ਕੋਈ ਗੱਲ ਨਹੀਂ	there is nothing dangerous
ਆਮ ਗੱਲ	normal thing
ਦਾਣਾ ਚੁੱਭੀ ਮਾਰਿਆਂ ਵੀ ਨਹੀਂ ਮਿਲਦਾ	even if you dive in it you won't find a grain, i.e., it (dal, soup) is watery, thin
ਮੋਰਚਾ ਮਾਰ ਲਿਆ	won the battle
ਸ਼ਦਮਾਸ਼ੀ ਰਖਣ ਕਰਕੇ	due to keeping a thing which entered jail illegally
ਜਿਵੇਂ ਸਾਰੀ ਉਮਰ ਦਾ ਗੁਜ਼ਾਰਾ ਹੱਥ ਲੱਗ ਗਿਆ ਹੋਵੇ	as if he had got wealth to last for his whole life

15.2 Vocabulary

ਅਕਾਲੀ	member of a Sikh sect (lit., immortal one) (m.)
ਅਖ਼ਲਾਕੀ	criminal
ਅੰਦਰਲਾ	inner
ਅੰਦਾਜ਼	guess (m.)
ਅਰਥਾਤ	that is
ਇਕ ਵੇਰ	once
ਸਹਾਈ	helper (m.)
ਸਮਝ ਵਿਚ ਆਉਣਾ	to be understood, grasped
ਸ਼ਾਮ ਦੀ ਰੋਟੀ	dinner, evening meal (f.)
ਸਿਆਸੀ	political
ਸਿਫ਼ਾਰਸ਼	recommendation (f.)
ਸੁੰਘਣਾ	to smell
ਸੋਨਾ	gold (m.)
ਹਟਵਾਂ	farther
ਹਾਲਾਤ	plural of ਹਾਲਤ
ਕਤਾਰ	line (f.)
ਕੰਬਲ	blanket (m.)
ਕਰੀਬ	approximately

ਕਿੜ	animosity (f.)
ਖੱਟੀ	income (f.)
ਖਲਿਹਾਰਨਾ	to cause to stand, to stop
ਖੜਕਾ ਦੜਕਾ	noise , disorder (m.)
ਖੀਸਾ	pocket (m.)
ਖੁਲ੍ਹ-ਦਿਲਾ	open-hearted, good-natured
ਖੋਰਨਾ	to melt, dissolve (trans.)
ਗਿਣਤੀ	counting, taking roll call (f.)
ਗੁਜ਼ਾਰਾ	wealth (m.)
ਗੁੜ	unrefined sugar (m.)
ਗੋਰਾ	pertaining to white people
ਘਲਣਾ	to send
ਘਿਉ	clarified butter (m.)
ਚੱਕੀ	cell (f.)
ਚਲਾਕੀ	cleverness (f.)
ਚਲਾਨ	transfer (m.)
ਚਿੜਾਉਣਾ	to tease
ਚੁਗਲੀ	tattling (f.)
ਚੁੱਭੀ	dive (f.)
ਚੋਲੀ ਦਾਮਨ ਦਾ ਸਬੰਧ	close relationship (m.)
ਛਟਾਂਕੀ	a measure of weight, 1/16 of a ser, about 2 oz.(f.)
ਛੋੜਣਾ	to leave
ਜਥੇਦਾਰ	leader of a Sikh jatha: or group (m.)
ਜਨਾਬ	Sir (m.)
ਜਾਲਮ	tyrant (m.)
ਜਿਮੇਵਾਰ	responsible
ਜੇਲੀ	pertaining to jail (adj.)
ਝਾੜ ਪੂੰਝ ਕੇ	having cleaned
ਟਿੰਡ	tin box or container (m.)

ਟਿਪੀ	trick, plot, plan (f.)
ਟਿਪੀ ਲੜਾਉਣਾ	to plan
ਡਲੀ	lump, piece (f.)
ਡਿੱਗਣਾ	to come, fall
ਡੂਮਣਾ	a kind of bee (m.)
ਢਿਡ	belly (m.)
ਤੰਗ ਕਰਨਾ	to make things difficult, to give a hard time
ਤਲਾਸ਼ੀ	search (f.)
ਤਾਕਿ	so that
ਤੈਸ਼	anger (m.)
ਦੱਬਣਾ	to be pressed
ਦਮੂਸਾ	a wooden pounding instrument used in road-building (m.)
ਦਰੋਗਾ	police chief (m.)
ਦਾਣਾ	a grain (m.)
ਧੰਸਣਾ	to sink into, to penetrate
ਧੜੈਂ	bang, crash (m.)
ਧੁੜਕੂ	throbbing (m.)
ਧੋਤਾ	washed clean
ਨਿਗੁਣਾ	useless, without virtues
ਨਿਮਾਜ਼ੀ	one who observes nama:z (Muslim prayers) regularly (m.)
ਨਿਰਾ	exclusively, solely, merely
ਨੀਯਤ	intention (f.)
ਨੇਂਘ	secret (m.)
ਨੋਟ	paper bill (money)(m.)
ਪਹਿਲ† ਪਹਿਲ	for the first time
ਪਾਠਕ	reader (m.)
ਪੁੱਟਣਾ	to pound
ਪੇਸ਼ੀ	presentation before the judge (f.)

ਫਲਾਣਾ	"so-and-so" (m.)
ਫੋਲਣਾ	to disclose, reveal
ਫੋਲ ਫਾਲ ਲੈਣਾ	to search for, discover, ferret out
ਬਨ ਣਾ ਸੱਵਾਰਨਾ	to behave in a flowery, artificial manner
ਬਦਮਾਸ਼ੀ	wickedness, villainy (f.)
ਬ੍ਰਾਜਮਾਨ	present
ਬਲਵਾ	riot (m.)
ਬਾਹਰਲੀ	outer
ਬਾਟ	pot (m.)
ਬਿਸਤਰ	bedding (m.)
ਬੁਨਿਆਦੀ	fundamental
ਬੁਰਾ ਭਲਾ ਕਹਿਣਾ	to scold
ਬੇਫ਼ਿਕਰ	unworried, unconcerned
ਬੈਰਕ	jail cell (f.)
ਬੋਰੀ	bag (f.)
ਭੰਗੀ	sweeper (m.)
ਮੱਖੀ	fly (f.)
ਮਜ਼ਾ ਚਖੌਣਾ	to teach a lesson
ਮਾਂਜਣਾ	to rub, to clean
ਮਾਨੋਂ	as if
ਮਾਲ	goods, thing (m.)
ਮੁੱਛਾਂ	mustache (f.)
ਮੁੱਢ	root, origin (m.)
ਮੁੱਦਾਅ	object, property (m.)
ਮੋਰਚਾ ਮਾਰਨਾ	to win a battle
ਮੌਨਿਆ	outer wall (of jail)(m.)
ਰੰਗਣਾ	to color
ਰੁਮਾਲ	handkerchief (f.)

ਰੋੜਾ	piece of brick or stone (m.)
ਲਾਗ	near
ਲਾਗਲਾ	nearby
ਲੋਹਾ	iron (m.)
ਵਸਮਾ	indigo leaf (m.)
ਵਗਾਹਣਾ	to throw
ਵਿਹਲ	leisure (f.)
ਵਿਰਵਾ	scarce, rare
ਵੀਵਾਰ	wall (f.)

15.3 Answer the following questions in Panjabi:

੧. ਤਲਾਸ਼ੀ ਦਾ ਜੇਲ੍ਹ ਨਾਲ ਕੀ ਸੰਬੰਧ ਹੈ?
੨. ਪ੍ਰਬੰਧ ਨੂੰ ਕਾਇਸ ਰਖਣ ਲਈ ਕਿਹੜੀ ਬੁਨਿਆਦੀ ਚੀਜ਼ਾਂ ਹਨ?
੩. ਕੈਦੀ ਦਾ ਚਲਾਨ ਕੀ ਹੁੰਦਾ ਹੈ?
੪. ਤਲਾਸ਼ੀ ਕਿਉਂ ਲਈ ਜਾਂਦੀ ਹੈ?
੫. ਅੰਗਰੇਜ਼ਾਂ ਦੇ ਰਾਜ ਵਿਚ ਤਲਾਸ਼ੀ ਕਿਵੇਂ ਲਈ ਜਾਂਦੀ ਸੀ?
੬. ੧੯੨੪ ਦੇ ਵਿਚ ਲੇਖਕ ਜੇਲ੍ਹ ਵਿਚ ਕੀ ਲੁਕਾਉਂਦਾ ਰਿਹਾ?
੭. ਲੇਖਕ ਨੇ ਜੇਲ੍ਹ ਵਿਚ ਲੂਣ ਕਿਉਂ ਲੁਕਾਇਆ?
੮. ਲੇਖਕ ਦੀ ਰੋਟੀ ਵੇਲੇ ਤਲਾਸ਼ੀ ਕਿਵੇਂ ਹੁੰਦੀ ਸੀ?
੯. ਲੇਖਕ ਨੇ ਲੂਣ ਦੀ ਡਲੀ ਹਾਕਮਾਂ ਤੋਂ ਕਿਵੇਂ ਲੁਕਾਈ?
੧੦. ਰਾਵਲਪਿੰਡੀ ਵਿਚ ਸੜਕ ਕੁੱਟਦੇ ਹੋਇਆਂ ਕੀ ਘਟਨਾ ਘਟੀ?
੧੧. ਰਾਵਲਪਿੰਡੀ ਦੀ ਜੇਲ੍ਹ ਵਿਚ ਲੇਖਕ ਕੋਲੋਂ ਕੀ ਕੰਮ ਕਰਾਇਆ ਜਾਂਦਾ ਸੀ?
੧੨. ਇੱਕ ਸਿਪਾਹੀ ਦੂਜੀ ਸਿਪਾਹੀ ਨਾਲ ਕਿਵੇਂ ਮਿਲੇ ਹੁੰਦੇ ਸਾਂ?
੧੩. ਦੀਵਾਰ ਤੋਂ ਗੁੜ ਦੀ ਛੋਟੀ ਬੋਰੀ ਦਾ ਕੈਦਿਆਂ ਨੇ ਕੀ ਕੀਤਾ?
੧੪. ਉੱਥੇ ਜੇਲ੍ਹਿਆਂ ਦੇ ਕੋਲ ਕਿਹੜਾ ਡਾਕਟਰ ਰਹਿੰਦਾ ਸੀ?
੧੫. ਸਿਪਾਹੀ ਦੀ ਕੈਦਿਆਂ ਦੇ ਬਾਰੇ ਸ਼ਕਾਇਤ ਲਾਣ ਤੇ ਡਾਕਟਰ ਨੇ ਕੀ ਆਖਿਆ?
੧੬. ਕੈਦਿਆਂ ਨੇ ਤਾਜਦੀਨ ਸਿਪਾਹੀ ਨਾਲ ਕੀ ਠੱਠਾ ਕੀਤਾ?
੧੭ ਸਿਪਾਹੀ ਨੇ ਕੈਦਿਆਂ ਕੋਲ ਆਕੇ ਕੀ ਪੁੱਛਿਆ?

੧੮. ਲੇਖਕ ਨੇ ਸਿਪਾਹੀ ਨੂੰ ਚਿੜੋਂਦਿਆਂ ਹੋਇਆਂ ਕੀ ਆਖਿਆ?
੧੯. ਸਿਪਾਹੀ ਦੇ ਪ੍ਰਸ਼ੰਨ ਪੁੱਛਣ ਤੇ ਲੇਖਕ ਕੈਦੀ ਨੇ ਕਿਵੇਂ ਤੇ ਕੀ ਉੱਤਰ ਦਿੱਤਾ?
੨੦. ਅਗਲੇ ਦਿਨ ਲੇਖਕ ਨੂੰ ਕਿੱਥੇ ਪੇਸ਼ ਕੀਤਾ ਗਿਆ?
੨੧. ਕੈਦਿਆਂ ਨੂੰ ਕਦੋਂ ਤੋਂ ਜੇਲ੍ਹ ਵਿਚ ਗੁੜ ਮਿਲਨ ਲੱਗ ਪਿਆ?
੨੨. ਲੇਖਕ ਕੈਦੀ ਨੇ ਸੁਪਰਿਨਟੈਂਡੈਟ ਨੂੰ ਕੀ ਦੱਸਿਆ?
੨੩. ਮੇਜਰ ਕੋਰੀ ਨੇ ਤਾਜਦੀਨ ਨੂੰ ਕੀ ਆਖਿਆ?

15.4 Fill in the blanks:

੧. ਇਮਤਿਹਾਨਾਂ ਦਾ ਲਾਲ —— ਦਾ ਸੰਬਧ ਹੈ ।
੨. ਲੜਾਈ ਜਾਂ ਬਲਵਾ —— ਤਾਂ —— ਜਰੂਰੀ ਹੋ —— ਹੈ।
੩. ਰੋਜ਼ —— ਵੇਲੇ ਅਸੀਂ ਕਤਾਰਾਂ ਵਿਚ —— ਜਾਂਦੇ ——।
੪. ਮੁਸ਼ਕਲ ਨਾਲ ਹਾਸਲ —— ਲੂਣ ਦੀ —— ਸੋਨੇ ਦੀ ਡਲੀ —— ——।
੫. ਆਪਣੇ ਸਾਥੀਆਂ —— ਆਵਾਜ਼ —— ਤੇ ਖੜੇ —— ਸਾਰਾ —— ਖਾ ਗਏ।
੬. ਉਹ —— —— ਕਿਸ ਕੈਦੀ ਦਾ ਸੀ।
੭. ਉਸ ਨੇ —— ਦਿਲ ਵਿਚੋਂ ਨਾ ਜਾਣ ——।
੮. ਉਸ ਨੂੰ —— ਤਰ੍ਹਾਂ ਪਤਾ —— —— ਕਿ —— ਅੰਦਰ ਹੈ।
੯. ਇਕ ਟਿੰਡ ਵਿਚ ਭੰਗੀ —— ਮੈਲਾ ——।
੧੦. —— ਕੈਦੀ ਦਾ —— ਹੋਵੇਗਾ।
੧੧. ਕੈਦੀ ਨੂੰ ਸੁਪ੍ਰੰਟੈਂਡੈਂਟ ਅਗੇ —— —— ਗਿਆ।
੧੨. —— ਨਾ ਰਿਹਾ ਗਿਆ
੧੩. ਮੈਨੂੰ ਪੰਜ ਰੁਪਏ ਦਾ ਨੋਟ ਦਿਤਾ ——।
੧੪. ਉਹ ਮਾਨੋਂ —— —— ਆ ਗਿਆ।

15.5 Translate into Panjabi:

1. I could not contain myself; I told everything.
2. For the first time they allowed the prisoners to have some sugar.

3. If you give me a five rupee note I will not touch the tin.
4. Even if I know, why should I tell on someone.
5. You must certainly know whose mischief this is.
6. It was the time of his arrival.
7. Somehow the constable came to know that the thief had gone into that house.
8. We were searched thoroughly as soon as we came out.
9. Before me fell a big lump of sugar.
10. It is not known to whom the book belonged.
11. There is a very close relationship between examinations and cheating.
12. Whenever the constable found his pockets empty he began to search the prisoners.
13. Every day at mealtime we used to drink milk.
14. When we sat in line they searched our bedding.
15. I thought I had won the battle.

15.6 Use the following word pairs in your own sentences in order to show their difference of meaning:

੧) ਇੱਕ ਇੱਕਲਾ
ਅੰਦਰ ਅੰਦਰਲਾ
ਬਾਹਰ ਬਾਹਰਲਾ

੨) ਗਿਣਨਾ ਗਿਣਤੀ

੩) ਤਲਾਸ਼ ਕਰਨਾ ਤਲਾਸ਼ੀ
ਪੇਸ਼ ਕਰਨਾ ਪੇਸ਼ੀ
ਖੜਕਣਾ ਖੜਕਾ
ਗੁਜਾਰਨਾ ਗੁਜਾਰਾ
ਚਮਕਣਾ ਚਮਕ
ਲੜਨਾ ਲੜਾਈ

੪) ਜਿੰਮਾ ਜਿਮੇਵਾਰ
ਜੱਥਾ ਜਥੇਦਾਰ

੫) ਪਾਠ ਪਾਠਕ
ਲੇਖ ਲੇਖਕ

੬) ਸਾਥ ਸਾਥੀ
ਕੈਦ ਕੈਦੀ
ਬੁਨਿਆਦ ਬੁਨਿਆਦੀ
ਮਹਾਏ ਸਹਾਈ

ਨਿਮਾਜ਼	ਨਿਮਾਜ਼ੀ	੨) ਫਿਕਰ	ਬੇਫਿਕਰ
ਜੇਲ	ਜੇਲੀ	ਗੁਣੀ	ਨਿਗੁਣੀ
ਅਖਲਾਕ	ਅਖਲਾਕੀ		

15.7 ਮੈਥੋਂ ਨਾ ਰਿਹਾ ਗਿਆ I could not contain myself

The passive verb form in negation indicates incapability--physically or mentally--of doing something; in the positive sense, with intransitive verbs it roughly means "cannot help doing".

Translate into Panjabi:

1. I could not walk.
2. He cannot read.
3. He cannot help sleeping all day.
4. We could not control ourselves.
5. They could not run.

UNIT XVI

ਪੰਜਾਬੀ ਕਹਾਣੀ

ਕੁਲਬੀਰ ਸਿੰਘ ਕਾਂਗ

ਵੀਹਵੀਂ ਸਦੀ ਦੀ ਪਹਿਲੀ ਅਰਧ-ਸ਼ਤਾਬਦੀ ਵਿਚ ਪੰਜਾਬੀ ਸਾਹਿਤ ਵਿਚ ਵਸਤੂ ਤੇ ਵਿਚਾਰ ਦੇ ਪੱਖ ਤੋਂ ਅਨੇਕਾਂ ਪ੍ਰੀਵਰਤਨ ਹੋਏ ਹਨ ਤੇ ਸਾਡਾ ਸਾਹਿਤ ਅਜੇ ਵੀ ਪ੍ਰੀਵਰਤਨ ਕਾਲ ਵਿਚ ਹੀ ਵਿਚਰ ਰਿਹਾ ਹੈ। ਇਸ ਪ੍ਰੀਵਰਤਨ ਨੇ ਨਿੱਕੀ ਕਹਾਣੀ ਨੂੰ ਜਨਮ ਦਿੱਤਾ ਤੇ ਇਹ ਆਖਿਆ ਜਾਂਦਾ ਹੈ ਕਿ ਪੰਜਾਬੀ ਨਿੱਕੀ ਕਹਾਣੀ ਨੇ ਬਹੁਤ ਉਨਤੀ ਕਰ ਲਈ ਹੈ, ਇਸ ਨੂੰ ਸੰਸਾਰ ਪ੍ਰਸਿਧੀ ਮਿਲੀ ਹੈ। ਇਹ ਭਾਰਤ ਦੀਆਂ ਕਈ ਉਚ ਤੇ ਵਿਕਸਿਤ ਬੋਲੀਆਂ ਤੋਂ ਅਗੇ ਲੰਘ ਗਈ ਹੈ। ਇਹ ਸਭ ਠੀਕ ਹੈ, ਪਰ ਅਜੇ ਤਕ ਵੀ ਪੰਜਾਬੀ ਕਹਾਣੀ ਉਸ ਚਰਮ-ਸੀਮਾ ਤੇ ਨਹੀਂ ਪੁੱਜੀ ਜਿਥੇ ਪੁਜ ਕੇ ਕੋਈ ਸਾਹਿਤ-ਰੂਪ ਸਾਰੇ ਵਿਸ਼ਵ ਲਈ ਆਦਰਸ਼ ਬਣ ਜਾਵੇ। ਅਜੇ ਤਕ ਸਿਵਾ ਨਵਤੇਜ ਤੋਂ — ਉਹ ਰਚਨਾ ਵੀ ਇੱਨੀ ਮਹ ਮਹਾਨ ਨਹੀਂ ਸੀ—ਕੋਈ ਅਜਿਹਾ ਪ੍ਰਤਿਭਾਸ਼ਾਲੀ ਕਹਾਣੀਕਾਰ ਨਹੀਂ ਬਣ ਸਕਿਆ, ਜਿਹੜਾ ਸਾਰੀ ਦੁਨੀਆ ਦੀ ਚਰਚਾ ਤੇ ਆਦਰਸ਼ ਦਾ ਕਾਰਣ ਬਣੇ। ਪੰਜਾਬੀ ਦੀ ਇਸ ਪ੍ਰਾਪਤੀ ਤੋਂ ਪਿਛੋਂ ਅਜੇ ਬਹੁਤ ਕੁਝ ਕਰਨ ਵਾਲਾ ਹੈ। ਇਹ ਥੋੜੀ ਜਿਹੀ ਪ੍ਰਾਪਤੀ ਤਾਂ ਪਹਿਲਾ ਪੜਾ ਹੈ, ਵਿਕਾਸ-ਮੰਜ਼ਲ ਹਾਲੇ ਬਹੁਤ ਦੂਰ ਹੈ।

ਸਾਡੇ ਬਹੁਤੇ ਕਹਾਣੀਕਾਰਾਂ ਨੇ ਇਕ ਹੀ ਪ੍ਰਕਾਰ ਦੀ ਰੂਤਰ-ਅਨੁਕੂਲਤਾ ਅਪਨਾ ਲਈ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਸਾਰੀਆਂ ਹੀ ਸਮਾਜਕ ਬੁਰਾਈਆਂ ਤੇ ਦੁਖਾਂ ਦਾ ਕਾਰਨ ਆਰਥਿਕ ਘਾਟਾਂ ਹਨ, ਪੈਸੇ ਦੀ ਇਹ ਕਾਣੀ ਵੰਡ ਹੈ ਪਰ ਇਕ ਹੀ ਪ੍ਰਕਾਰ ਦੀ ਵਿਚਾਰਧਾਰਾ ਨੂੰ ਸਭ ਥਾਂ ਲਾਗੂ ਕਰੀ ਜਾਣਾ ਕਲਾ ਦੀ ਮੌਲਿਕ ਆਤਮਾ ਦਾ ਘਾਤ ਕਰਨਾ ਹੈ। ਪੈਸੇ ਦਾ ਚੋਖਾ ਪਸਾਰ ਰਖਦੇ ਹੋਏ ਵੀ ਸਹਿਸਰ ਲੋਕਾਂ ਦੁਖੀ ਹਨ। ਅਨੇਕਾਂ ਹੀ ਸਮਸਿਆਵਾਂ ਹਨ ਜਿਨ੍ਹਾਂ ਦਾ ਆਰਥਿਕ ਵਿਸ਼ਲੇਸ਼ਣ ਨਾਲ ਕੋਈ ਸਬੰਧ ਨਹੀਂ। ਆਰਥਿਕ ਵਿਸ਼ਲੇਸ਼ਣ ਨਾਲੋਂ ਵੀ ਸੂਖਸ਼ਮ ਵਿਸ਼ਲੇਸ਼ਣ ਹੈ ਮਨੋਵਿਗਿਆਨਕ ਵਿਸ਼ਲੇਸ਼ਣ। ਸਾਰਾ ਕਥਾ ਸਾਹਿਤ ਹੀ ਧਰਤੀ ਦੇ ਮਨੁੱਖਾਂ ਦੀਆਂ ਗਲਾਂ ਕਰਦਾ ਹੈ ਜਿਹੜੇ ਮਨ ਦੇ ਅਨੁਕੂਲ ਚਲਦੇ ਹਨ। ਮਨ ਵਿਚ ਕਈ ਵਾਰ ਅਜਿਹੀਆਂ ਪੀਚਵੀਆਂ ਗੰਢਾਂ ਪੈ ਜਾਂਦੀਆਂ ਹਨ ਜਿਨਾਂ ਸਬੰਧੀ ਸਾਨੂੰ ਆਪ ਕੋਈ ਗਿਆਨ ਨਹੀਂ ਹੁੰਦਾ। ਅਸੀਂ ਜੀਵਨ ਦੀਆਂ ਸਭ ਸੁਵਿਧਾਵਾਂ ਪ੍ਰਾਪਤ ਕਰਕੇ ਵੀ ਦੁਖੀ ਰਹਿੰਦੇ ਹਾਂ। ਮਿਸਾਲ ਲਈ ਇਕ ਸੁੰਦਰ ਤੇ ਰਿਸ਼ਟ-ਪੁਸ਼ਟ ਪਤੀ ਆਪਣੀ ਲਤਾ ਸਮਾਨ ਕਾਮਨੀ ਲਈ ਕੋਈ ਪਿਆਰ ਨਹੀਂ ਰਖਦਾ। ਘਰ ਵਿਚ

ਆਰਥਿਕ ਖੁਸ਼ਹਾਲੀ ਵੀ ਹੈ, ਬਾਹਰਮੁਖੀ ਤੌਰ ਤੇ ਕੋਈ ਦੁਖ ਕਲੇਸ਼ ਵੀ ਨਜ਼ਰ ਨਹੀਂ ਆਉਂਦਾ, ਪਰ ਪਤੀ ਫਿਰ ਵੀ ਇਕ ਅਤ੍ਰਿਪਤੀ ਜਿਹੀ ਅਨੁਭਵ ਕਰਦਾ ਹੈ, ਉਸ ਨੂੰ ਜੋ ਸੁਖ ਆਪਣੀ ਮਾਂ ਦੀ ਗੋਦ ਵਿਚੋਂ ਮਿਲਦਾ ਹੈ, ਉਹ ਹੋਰ ਕਿਤੇ ਵੀ ਨਹੀਂ ਮਿਲਦਾ। ਦੁਖੀ ਪੁਤਰ ਲਈ ਮਾਂ ਹੋਰ ਵੀ ਸਨੇਹ ਪ੍ਰਗਟਾਉਂਦੀ ਹੈ। ਪਤੀ ਪਤਨੀ ਦੀ ਪਰਸਪਰ ਵਿਥ ਵਧਦੀ ਜਾਂਦੀ ਹੈ। ਅਜਿਹੀ ਮਾਨਸਿਕ ਖਿਚੋਤਾਣ ਦਾ ਹੱਲ ਆਰਥਿਕ, ਵਿਸ਼ਲੇਸ਼ਣ ਕੀ ਕਰੇਗਾ? ਇਸ ਦਾ ਹੱਲ ਮਨੋਵਿਗਿਆਨਕ ਤੱਤ ਹੀ ਕਰ ਸਕਦੇ ਹਨ। ਬਚਪਨ ਵਿਚ ਉਹ ਮਾਤਾ ਆਪਣੇ ਬੱਚੇ ਲਈ ਅਥਾਹ ਪਿਆਰ ਰਖਦੀ ਸੀ ਤੇ ਸਦਾ ਉਸ ਨੂੰ ਅੰਗ ਲਾਈ ਰਖਦੀ ਸੀ, ਜਿਸ ਕਾਰਨ ਉਸ ਬੱਚੇ ਨੂੰ ਮਾਂ ਦੇ ਅੰਗਾਂ ਨਾਲ ਇਕ ਪ੍ਰੀਤ ਜਿਹੀ ਪੈ ਗਈ ਸੀ। ਕਾਮ-ਰੁਚੀ ਮਨੁੱਖ ਦੇ ਜਨਮ ਨਾਲ ਹੀ ਪੈਦਾ ਹੋ ਜਾਂਦੀ ਹੈ। ਅਚੇਤ ਹੀ ਉਹ ਬੱਚਾ ਆਪਣੇ ਬਚਪਨ ਵਿਚ ਅਜਿਹੀ ਕਾਮ ਤ੍ਰਿਪਤੀ ਪ੍ਰਾਪਤ ਕਰਦਾ ਰਿਹਾ – ਹੁਣ ਯੁਵਾ-ਅਵਸਥਾ ਵਿਚ ਉਸ ਦੀ ਉਜਿਹੇ ਹੀ ਅੰਗਾਂ ਨਾਲ ਪ੍ਰੀਤ ਲੋਚਨਾ ਹੈ ਪਰ ਪਤਨੀ ਦਾ ਕੋਈ ਵੀ ਅੰਗ ਜਾਂ ਸੁਭਾਅ ਮਾਤਾ ਨਾਲ ਨਹੀਂ ਮਿਲਦਾ। ਇਸ ਲਈ ਇਹ ਖੁਸ਼ਹਾਲ ਤੇ ਸੁੰਦਰ ਪਤੀ ਆਪਣੀ ਪਤਨੀ ਤੋਂ ਉਬ ਜਾਂਦਾ ਹੈ। ਜੇ ਅਸੀਂ ਇਥੇ ਆਰਥਿਕ ਵਿਸ਼ਲੇਸ਼ਣ ਦਾ ਸੂਤਰ ਲਾਗੂ ਕਰੀਏ ਤਾਂ ਇਹ ਕਹਾਣੀ ਇਕ ਗੁੰਝਲ ਹੀ ਬਣ ਕੇ ਰਹਿ ਜਾਵੇਗੀ। ਪੰਜਾਬੀ ਕਹਾਣੀਕਾਰਾਂ ਵਿਚੋਂ ਬਹੁਤ ਘਟ ਕਹਾਣੀਕਾਰ ਹਨ ਜਿਹੜੇ ਇਸ ਪ੍ਰਕਾਰ ਦਾ ਮਾਨਸਿਕ ਵਿਸ਼ਲੇਸ਼ਣ ਕਰਨ।

ਦੁੱਗਲ ਬਾਰੇ ਆਖਿਆ ਜਾਂਦਾ ਹੈ ਕਿ ਉਹ ਇਕ ਮਨੋਵਿਗਿਆਨਕ ਕਹਾਣੀਕਾਰ ਹੈ ਪਰ ਉਹ ਕੁਝ ਖਾਸ ਪਾਤਰਾਂ ਦੇ ਸਾਧਾਰਨ ਮਾਨਸਿਕ ਚਿਤ੍ਰਣ ਹੀ ਦੇਂਦਾ ਹੈ, ਕੁਝ ਕੁ ਸੀਮਿਤ ਪਾਤਰਾਂ ਦੀ ਮਾਨਸਿਕ ਉਥੱਲ ਪੁਥੱਲ ਦਾ ਉਸ ਨੂੰ ਚੋਖਾ ਗਿਆਨ ਹੈ ਜਿਵੇਂ ਉਚ-ਮਧ-ਸ਼੍ਰੇਣੀ ਦੇ ਪਤੀ-ਪਤਨੀ, ਘਰ ਦਾ ਨੌਕਰ, ਕੋਈ ਬਜ਼ੁਰਗ ਤੀਵੀਂ ਜਾਂ ਬੁੱਢੀ [illegible] ਤੇ ਇਕ ਜੁਆਨ ਕੁੜੀ ਦੇ ਮਚਲਦੇ ਜਜ਼ਬੇ। ਸਮੁੱਚੇ ਤੌਰ ਤੇ ਉਹ ਇਸਤ੍ਰੀਆਂ ਦੀ ਜ਼ਿਆਦਾ ਵਿਆਖਿਆ ਕਰਦਾ ਹੈ ਪਰ ਉਹ ਪਾਤਰਾਂ ਨੇ ਮਨ ਦੀਆਂ ਜੜ੍ਹਾਂ ਤਕ ਨਹੀਂ ਪੁਜਦਾ। ਉਹਦਾ ਮਨੋਵਿਗਿਆਨਕ ਅਧਿਐਨ ਸੁਗੰਧੀ ਸਮਾਨ ਹੈ ਜੋ ਪਲ ਛਿਨ ਹੀ ਰਹਿੰਦੀ ਹੈ। ਉਹ ਮਨੋਵਿਸ਼ਲੇਸ਼ਣ ਸਕੂਲ ਦਾ ਪੇਤਲਾ ਜਿਹਾ ਪਰਯੋਗ ਕਰਦਾ ਹੈ।

ਕਦੀ ਕਦੀ ਸੁਜਾਨ ਸਿੰਘ ਮਨੁੱਖੀ ਮਨਾਂ ਦਾ ਡਾਢਾ ਹੀ ਵਿਸ਼ਲੇਸ਼ਣ ਕਰਦਾ ਹੈ। ਇਸ ਪਖ ਤੋਂ ਉਸ ਦੀ ਅਮਰ ਕਹਾਣੀ ਹੈ 'ਰਾਮ ਲੀਲਾ'। ਭਾਵੇਂ ਇਹ ਉਸ ਦੀਆਂ ਮੁੱਢਲੀਆਂ ਰਚਨਾਵਾਂ ਵਿਚੋਂ ਹੈ ਫਿਰ ਵੀ ਇਸ ਵਿਚ ਸਦੀਵੀ ਤਾਜ਼ਗੀ ਹੈ। ਕਿਸੇ

ਬੁਢੇ ਪਤੀ ਦੀ ਨੌਜਵਾਨ ਪਤਨੀ ਆਪਣੀਆਂ ਰੀਝਾਂ ਦੀ ਝੂਠੀ ਪੂਰਤੀ ਇਕ ਬੰਦੇ ਦੇ ਅਬੋਧ ਪਿਆਰ ਵਿਚੋਂ ਲਭਦੀ ਹੈ। ਬੜੀ ਹੀ ਸਾਦਗੀ ਨਾਲ ਉਸ ਨੇ ਜੁਆਨ-ਰੀਝਾਂ ਨੂੰ ਮਨੋਵਿਗਿਆਨਕ ਛੋਹ ਦਿਤੀ ਹੈ। ਪਰ ਇਸ ਤੋਂ ਪਿਛੋਂ ਸੁਜਾਨ ਸਿੰਘ ਅਜਿਹੀ ਵਿਸ਼ਲੇਸ਼ਣਾਤਮਿਕ ਕਹਾਣੀ ਨਹੀਂ ਦੇ ਸਕਿਆ। ਉਸ ਦੀ ਕਹਾਣੀ ਕਲਾ ਨੇ ਹੋਰ ਕਈ ਕਲਾ-ਸੀਮਾ ਦੀ ਹਾਥ ਪਾਈ ਹੈ ਪਰ ਮਨ ਦੇ ਖੇਤਰ ਵਿਚ ਸਾਧਾਰਨ ਮਨੋਵਿਗਿਆਨਕ ਚਿਤ੍ਰ ਹੀ ਦੇਂਦਾ ਰਿਹਾ ਹੈ। ਜਦ ਦਾ ਉਸ ਨੇ ਸਮਾਜਵਾਦੀ ਦ੍ਰਿਸ਼ਟੀਕੋਣ ਅਪਣਾਇਆ ਹੈ ਉਹ ਸਮੂਹਕ ਮਨੋਵਿਗਿਆਨ ਪ੍ਰਗਟਾਉਣ ਵਿਚ ਜ਼ਿਆਦਾ ਸਫਲ ਹੈ ਕਿਉਂਕਿ ਉਹ ਆਮ ਜਨਤਾ ਨਾਲ ਮੋਢਾ ਜੋੜ ਕੇ ਜੀਤਕ ਲਹਿਰਾਂ ਵਿਚ ਹਿੱਸਾ ਲੈਂਦਾ ਹੈ, ਇਸ ਲਈ ਉਪ੍ਰੋਕਤ ਸਕੂਲ ਵਿਚ ਉਹ ਬਹੁਤ ਪ੍ਰਬੀਨ ਹੈ। 'ਮਨੁੱਖ ਤੇ ਪਸ਼ੂ' ਉਸ ਦੀ ਅਤਿ ਪ੍ਰਸੰਸਨੀਯ ਕਹਾਣੀ ਹੈ। ਸ਼੍ਰੇਣੀ-ਘੋਲ ਵਿਚੋਂ ਪੈਦਾ ਹੋਏ ਸ਼੍ਰੇਣੀ ਸੁਭਾਵਾ ਨੂੰ ਬੜੀ ਸਫਲਤਾ ਨਾਲ ਉਜਾਗਰ ਕੀਤਾ ਹੈ। ਇਸ ਪ੍ਰਕਾਰ ਦਾ ਮਾਨਸਿਕ ਅਧਿਐਨ ਪੰਜਾਬੀ ਦੇ ਬਹੁਤ ਸਾਰੇ ਕਹਾਣੀਕਾਰਾਂ ਨੇ ਅਪਣਾ ਲਿਆ ਹੈ ਕਿਉਂਕਿ ਸਾਡੇ ਬਹੁਤੇ ਕਹਾਣੀਕਾਰ ਮਾਰਕਸਵਾਦੀ ਵਿਚਾਰਧਾਰਾ ਦੇ ਅਨੁਸਾਰੀ ਹੋ ਗਏ ਹਨ ਤੇ ਲੋਕ-ਸੰਗਰਾਮਾਂ ਵਿਚ ਆਪ ਵੀ ਹਿੱਸਾ ਲੈਂਦੇ ਹਨ। ਜਸਵੰਤ ਸਿੰਘ ਕੰਵਲ, ਸੰਤੋਖ ਸਿੰਘ ਧੀਰ ਤੇ ਅਮਰ ਸਿੰਘ ਆਦਿਕ ਨੇ ਇਸ ਪੱਖ ਤੋਂ ਬਹੁਤ ਸਫਲ ਕਹਾਣੀਆਂ ਲਿਖੀਆਂ ਹਨ।

ਮਨੋਵਿਸ਼ਲੇਸ਼ਣ ਪਖ ਤੋਂ ਮੈਨੂੰ ਨਵਤੇਜ, ਨਵਤੇਜ-ਪ੍ਰਤਿਭਾ ਦਾ ਮਾਲਿਕ ਪ੍ਰਤੀਤ ਹੋਇਆ ਹੈ। ਉਸ ਦਾ ਪਹਿਲਾ ਕਹਾਣੀ-ਸੰਗ੍ਰਿਹ ਹੀ ਉਸ ਦੇ ਇਸ ਅਧਿਐਨ ਦਾ ਸਬੂਤ ਹੈ। ਕਈ ਵਾਰ ਨਿਗਰ ਮਨੋਵਿਗਿਆਨਕ ਸਚਾਈਆਂ ਦੇਂਦਾ ਹੈ। ਉਸ ਦੀ ਕਹਾਣੀ 'ਬੇਤਾਲ'. 'ਔਂਤਰੀ', 'ਚੋਰ' ਤੇ 'ਕਾਲ ਦੇ ਦਿਨਾਂ ਵਿਚ' ਵਿਚ ਉਸ ਨੇ ਮਨੋਵਿਗਿਆਨਕ ਤੇ ਮਨੋਵਿਸ਼ਲੇਸ਼ਣ ਸਕੂਲ ਦੇ ਤਤਾਂ ਦੀ ਵਿਆਖਿਆ ਕੀਤੀ ਹੈ। ਉਦਾਹਰਣ ਵਜੋਂ 'ਬੇਤਾਲ' ਵਿਚ ਇਕ ਪ੍ਰਬੀਨ-ਕਲਾਕਾਰ ਦੀ ਪ੍ਰਸੰਸਾ-ਇਛਕ ਆਤਮਾ ਨੂੰ ਬੜੀ ਬਰੀਕੀ ਨਾਲ ਵਿਆਖਿਆ ਹੈ। ਇਸ ਨਾਮਧਰੀਕ ਕਲਾ ਉਪਾਸ਼ਕ ਸੁਸਾਇਟੀ ਵਿਚ ਕਲਾ ਲਈ ਕੋਈ ਪਿਆਰ ਤਾਂ ਨਹੀਂ ਸਗੋਂ ਕਲਾਤਮਿਕ ਇਕਠਾਂ ਵਿਚ ਵੀ ਆਕਸ਼ਕ ਚਿਹਰਿਆਂ ਤੇ ਗਦਾਜ਼ ਸਰੀਰਾਂ ਵਿੱਚ ਦੀ ਗੁਲਾਈ ਸੰਬੰਧੀ ਹੀ ਵਿਚਾਰ ਕੀਤੀ ਜਾਂਦੀ ਹੈ ਤੇ ਜੋ ਕੋਈ ਸੁੰਦਰ ਲੜਕੀ ਕੋਹਜਾ ਨਾਚ ਵੀ ਕਰ ਰਹੀ ਹੋਵੇ ਤਾਂ ਸੂਝ-ਰਹਿਤ ਪ੍ਰਸੰਸਾ ਦੀ ਵਰਖਾ ਕੀਤੀ ਜਾਂਦੀ ਹੈ। ਇਕ ਸੱਚੇ ਕਲਾਕਾਰ ਦੀ ਪ੍ਰਸੰਸਾ ਨਾ ਕਰਨਾ ਉਸ ਨੂੰ ਬੇਤਾਲ ਕਰਨਾ ਹੈ। ਹਾਵਾਂ ਤੇ ਮਾਨਸਿਕ ਉਥਲ ਪੁਥਲ ਦੀ ਜੋ ਬਾਰੀਕੀ ਉਸ ਪ੍ਰਗਟਾਈ ਹੈ ਉਹ ਹਿਕ ਸਫਲ ਮਨੋਵਿਗਿਆਨੀ ਹੀ ਕਰ ਸਕਦਾ

ਹੈ। ਉਸ ਦੀਆਂ ਹੋਰ ਕਈ ਕਹਾਣੀਆਂ ਵਿਚੋਂ ਮਾਨਸਿਕ ਡਰਾਂ, ਅੰਤ੍ਰੀਵ ਬੀਮਾਰੀਆਂ ਆਦਿਕ ਦੀ ਚੰਗੀ ਸੂਝ ਪ੍ਰਗਟ ਹੁੰਦੀ ਹੈ।

ਅਮਰ ਸਿੰਘ ਵੀ ਕਾਫ਼ੀ ਬਾਰੀਕੀਆਂ ਵਿਚ ਜਾਂਦਾ ਹੈ, ਉਸ ਦੇ ਮਾਨਸਿਕ ਅਧਿਐਨ ਦਾ ਅਧਾਰ ਅੰਤਰ-ਦਰਸ਼ਨ ਹੈ ਪਰ ਉਹ ਇਸ ਨਿਜ-ਅਨੁਭਵ ਨੂੰ ਆਪਣੇ ਡੂੰਘੇ ਅਧਿਐਨ ਤੇ ਪ੍ਰਬੀਨ-ਬੁਧੀ ਦੀ ਪਾਹ ਦੇਂਦਾ ਹੈ। ਉਸ ਦੀ ਕਹਾਣੀ 'ਤ੍ਰਿਪਤੀ' 'ਤੀਊੜੀ' ਤੇ 'ਕੁਝ ਉਸ ਦੀ, ਕੁਝ ਆਪਣੀ' ਵਿਚ ਉਸ ਮਨ ਦੀ ਡੂੰਘੀ ਹਾਥ ਪਾਈ ਹੈ। ਉਸ ਦੇ ਮਾਨਸਿਕ ਅਧਿਐਨ ਦਾ ਧੁਰਾ ਲਿੰਗ-ਵਿਸ਼ਾਦ ਹੈ। ਉਹ ਚਾਹੇ ਕਿਸੇ ਤੇ ਵਿਅੰਗ ਜਾਂ ਆਪਣੇ ਹੀ ਕਿਸੇ ਅਨੁਭਵ ਨੂੰ ਪੇਸ਼ ਕਰੇ ਲਿੰਗ-ਵਿਸ਼ਾਦ ਉਘੜ ਪੈਂਦਾ ਹੈ।

ਪੰਜਾਬੀ ਕਹਾਣੀਕਾਰਾਂ ਨੇ ਪਸ਼ੂ-ਮਨੋਵਿਗਿਆਨ ਤੇ ਬਹੁਤ ਘਟ ਕਹਾਣੀਆਂ ਲਿਖੀਆਂ ਹਨ। ਦੁੱਗਲ ਦੀ 'ਵੱਰ ਵਿਚ ਇਕ ਸਵੇਰ' ਧੀਰ ਦੀ 'ਮੰਗੋ' ਪਸ਼ੂ-ਬ੍ਰਿਤੀਆਂ ਦੀ ਸੋਹਣੀ ਵਿਆਖਿਆ ਕਰਦੀਆਂ ਹਨ। ਸਤਿਆਰਥੀ ਨੇ 'ਸਪ ਤੇ ਮਨੁੱਖ' ਵਿਚ ਮਨੁੱਖ ਤੇ ਸਪ ਦੇ ਪਿਆਰ ਪ੍ਰਤੀ ਮਨੋ-ਭਾਵਾਂ ਵਿਚ ਸਮਤੁਲਨਾ ਵਿਖਾਈ ਹੈ। ਦੁੱਗਲ ਦੀ ਨਵੀਂ ਰਚਨਾ 'ਗੌਰਜ' ਵਿਚ ਇਕ ਦੋ ਹੋਰ ਕਹਾਣੀਆਂ ਵੀ ਪਸ਼ੂ-ਮਨੋਵਿਗਿਆਨ ਦੀ ਸੂਝ ਦਾ ਪਤਾ ਦੇਂਦੀਆਂ ਹਨ।

ਕਾਮ ਸਾਡੀ ਜ਼ਿੰਦਗੀ ਦਾ ਪ੍ਰਮੁਖ ਭਾਗ ਹੈ, ਕਥਾ ਸਾਹਿਤ ਵਿਚ ਇਸ ਦੀਆਂ ਡੂੰਘਾਈਆਂ ਦਾ ਵਿਸ਼ਲੇਸ਼ਣ ਬਹੁਤ ਜ਼ਰੂਰੀ ਹੈ। ਭਾਵੇਂ ਅਸੀਂ ਡਾ. ਫ਼ਰਾਇਡ ਤੇ ਉਸ ਦੇ ਅਨੁਸਾਰੀਆਂ ਦੀ ਸੌ-ਨਿੰਦਾ ਕਰੀਏ ਪਰ ਉਸ ਦੀਆਂ ਲੱਭੀਆਂ ਠੋਸ ਸਚਾਈਆਂ ਤੋਂ ਅਸੀਂ ਇਨਕਾਰ ਨਹੀਂ ਕਰ ਸਕਦੇ। ਪੰਜਾਬੀ ਕਹਾਣੀਕਾਰਾਂ ਨੇ ਨਿੱਕੀ ਕਹਾਣੀ ਦੇ ਪ੍ਰਾਰੰਭਿਕ-ਕਾਲ ਵਿਚ ਲਿੰਗ-ਵਿਚਾਰ ਤੇ ਕਈ ਪਰਕਾਰ ਦੀਆਂ ਖੁਲ੍ਹੀਆਂ ਗਲਾਂ ਕੀਤੀਆਂ ਪਰ ਉਨ੍ਹਾਂ ਵਿਚੋਂ ਬਹੁਤੇ ਨੰਗੇਜ-ਪ੍ਰਗਟਾ ਦੀ ਇੰਨੀ ਹਦ ਤਕ ਚਲੇ ਜਾਂਦੇ ਸਨ ਜਿਵੇਂ ਲਿਖਾਰੀ ਆਪ ਰਸ ਮਾਣ ਰਿਹਾ ਹੋਵੇ ਤੇ ਜਾਣ ਬੁਝ ਕੇ ਪਾਠਕ ਦੀਆਂ ਕਾਮ-ਰੁਚੀਆਂ ਨੂੰ ਪਠੇ ਪਾ ਰਿਹਾ ਹੋਵੇ। ਅਜਿਹੇ ਯਤਨਾਂ ਦੀ ਕਰੜੀ ਆਲੋਚਨਾ ਹੋਣੀ ਚਾਹੀਦੀ ਸੀ। ਲਿੰਗ-ਵਿਚਾਰ ਕੋਈ ਨਿੰਦਨੀਯ ਭਾਵਨਾ ਨਹੀਂ ਸਗੋਂ ਗਲਪਕਾਰਾਂ ਦਾ ਇਹ ਪ੍ਰਮੁਖ ਫ਼ਰਜ਼ ਬਣਦਾ ਹੈ ਕਿ ਉਹ ਇਸ ਸੰਬੰਧੀ ਆਪਣੀ ਵਿਸ਼ਿਸ਼ਟ ਬੁਧੀ ਦੁਆਰਾ ਲੋਕਾਂ ਦੀਆਂ ਮਾਨਸਿਕ ਗੁੰਝਲਾਂ ਦੂਰ ਕਰਨ। 'ਮੰਟੋ' ਦੀ ਕਾਫੀ ਬਦਨਾਮੀ ਹੋਈ ਪਰ ਜੋ ਸਥਾਨ ਉਸ ਦਾ ਭਾਰਤੀ ਕਹਾਣੀਕਾਰਾਂ ਵਿਚ ਹੈ, ਹੁਣ ਉਸ ਤੋਂ ਕੋਈ ਮਨੁਕਰ ਨਹੀਂ। ਉਹ ਮਨੁੱਖ ਤੇ ਕਾਮ-ਵਿਸ਼ਾਦ ਤੇ ਅਜਿਹਾ

ਵਿਅੰਗ ਕਰਦਾ ਸੀ ਕਿ ਸੂਝ ਬੂਝ ਵਾਲੇ ਜੀਵ ਸ਼ਰਮ ਨਾਲ ਪਾਣੀ ਹੋ ਜਾਂਦੇ ਸਨ। ਇਹੋ ਗਲ ਉਸ ਦੇ ਮੁਕੱਦਮੇ ਦੇ ਫੈਸਲੇ ਵਿਚ ਜੱਜ ਨੇ ਆਖੀ ਸੀ। ਪੰਜਾਬੀ ਕਹਾਣੀਕਾਰ ਇਸ ਮੈਦਾਨ ਵਿਚ ਭਾਂਜ ਖਾਂਦੇ ਜਾ ਰਹੇ ਹਨ। ਮਨੁੱਖ ਦੀਆਂ ਅੰਤ੍ਰੀਵ ਨੀਚ ਬ੍ਰਿਤੀਆਂ ਤੇ ਰੋਕ ਕਰਨੀ ਬੁਰੀ ਗਲ ਨਹੀਂ, ਸਿਰਫ ਇਹੋ ਭਾਵਨਾ ਨਿੰਦਨੀਯ ਹੈ ਜਦ ਲੇਖਕ ਅਜਿਹੀਆਂ ਕਹੀਣੀਆਂ ਵਿਚ ਆਪ ਰਸ ਮਾਣਨ ਲੱਗ ਜਾਂਦਾ ਹੈ।

ਭਾਰਤ ਦਾ ਬਹੁਤਾ ਸਮਾਜ ਪੇਂਡੂ ਹੈ ਤੇ ਖਾਸ ਕਰ ਪੰਜਾਬ ਵਿਚ ਪੇਂਡੂ ਲੋਕਾਂ ਦੀ ਹੋਰ ਵੀ ਮਹਾਨਤਾ ਹੈ ਪਰ ਸਾਡੀ ਨਿਕੀ ਕਹਾਣੀ ਦਾ ਪਿੜ ਸ਼ਹਿਰੀ ਰਹਿਣੀ ਬਹਿਣੀ ਨੇ ਮਲਿਆ ਹੋਇਆ ਹੈ। ਬਹੁਤ ਘਟ ਕਹਾਣੀਕਾਰ ਹਨ ਜਿਹੜੇ ਆਪਣੀਆਂ ਕਹਾਣੀਆਂ ਵਿਚ ਪੇਂਡੂ ਵਾਤਾਵਰਣ ਨੂੰ ਰਚਨਾ-ਅਧਾਰ ਬਣਾਉਂਦੇ ਹਨ। ਸੰਤੋਖ ਸਿੰਘ ਧੀਰ, ਜਸਵੰਤ ਸਿੰਘ ਕੰਵਲ ਤੇ ਹਰੀ ਸਿੰਘ ਦਿਲਬਰ ਨੇ ਪੇਂਡੂ ਸਮਸਿਆਵਾਂ ਨੂੰ ਬਹੁਤ ਚੰਗੀ ਤਰ੍ਹਾਂ ਵਿਆਖਿਆ ਤੇ ਪ੍ਰਤੀਨਿਧਤਾ ਕੀਤੀ ਹੈ ਪਰ ਸਾਡੇ ਵਡੇ ਕਹਾਣੀਕਾਰਾਂ ਨੂੰ ਪੇਂਡੂ ਜੀਵਨ ਦਾ ਅਨੁਭਵ ਬਹੁਤ ਹੀ ਘਟ ਹੈ। ਸਮਾਜ ਦੇ ਇਸ ਵਿਸ਼ਾਲ ਭਾਗ ਨੂੰ ਉਕਾ ਹੀ ਅਖੋਂ ਓਹਲੇ ਕਰਨਾ ਕਥਾ-ਸਾਹਿਤ ਦੀ ਆਤਮਾ ਨੂੰ ਮਾਰਨਾ ਹੈ। ਇਹ ਠੀਕ ਹੈ ਕਿ ਅਜ ਸਭ ਪਾਸੇ ਸ਼ਹਿਰੀ ਜ਼ਿੰਦਗੀ ਗ਼ਾਲਬ ਹੋ ਰਹੀ ਹੈ ਪਰ ਤਾਂ ਵੀ ਸਾਹਿਤ ਤਕ ਹੀ 'ਸਤਯੰ' ਤੇ 'ਸ਼ਿਵੰ' ਦਾ ਕਰਤਵ ਪੂਰਾ ਕਰ ਸਕਦਾ ਹੈ ਜੇ ਇਸ ਸਮਾਜ ਦੇ ਸਭ ਭਾਗਾਂ ਦੀ ਪ੍ਰਤੀਨਿਧਤਾ ਕੀਤੀ ਜਾਵੇ।

ਸਾਡੇ ਕਹਾਣੀਕਾਰਾਂ ਵਿਚ ਨਾਮਧਰੀਕ ਪ੍ਰਗਤੀਵਾਦੀ ਬਣਨ ਦੀ ਭਾਵਨਾ ਬਹੁਤ ਪ੍ਰਚਲਤ ਹੈ। ਅਜ ਲੋਕ ਯੁਗ ਹੈ ਇਸ ਲਈ ਅਗਰਗਾਮਤਾ ਦੀ ਸਰਾਹਣਾ ਕੀਤੀ ਜਾਂਦੀ ਹੈ। ਪ੍ਰਗਤੀਵਾਦ ਕੁਝ ਨਾਅਰਿਆਂ ਦਾ ਸੰਗ੍ਰਹਿ ਨਹੀਂ, ਇਹ ਤਾਂ ਜੀਵਨ ਦੇ ਯਥਾਰਥਵਾਦੀ ਅਨੁਭਵਾਂ ਵਿਚੋਂ ਨਿਕਲੀ ਇਕ ਦਿਲੀ ਹੂਕ ਹੈ। ਕੁਝ ਸਚਮੁਚ ਹੀ ਦਿਆਨਤਦਾਰ ਕਹਾਣੀਕਾਰ ਹਨ ਪਰ ਬਾਕੀ ਫੋਕੀ ਵਾਹ ਵਾਹ ਲਈ ਆਪਣੀ ਕਲਮ ਦੀ ਨੁਹਾਰ ਮੋੜਦੇ ਹਨ। ਇਹੋ ਕਾਰਨ ਹੈ ਕਿ ਨਾਮਧਰੀਕ ਅਗਰਗਾਮੀ ਕਹਾਣੀਆਂ ਵਿਚ ਕਹਾਣੀ-ਰਸ ਨਹੀਂ ਮਿਲਦਾ।

ਕੁਝ ਸਮਾਲੋਚਕਾਂ ਤੇ ਨਵ-ਉਦਿਤ ਕਹਾਣੀਕਾਰਾਂ ਨੇ ਸਾਹਿਤ ਵਿਚ ਟੈਕਨੀਕ ਨੂੰ ਮਸ਼ੀਨੀ ਕਲਾ ਵਾਂਗ ਵਰਤਣਾ ਸ਼ੁਰੂ ਕਰ ਦਿਤਾ ਹੈ। ਟੈਕਨੀਕਾਂ ਸਾਹਿਤ ਨਹੀਂ ਬਣਾਉਂਦੀਆਂ, ਇਹ ਮੌਲਿਕ ਸਾਹਿਤਕਾਰ ਹਨ ਜੋ ਸਮੇਂ ਸਮੇਂ ਨਵ-ਟੈਕਨੀਕਾਂ ਨੂੰ ਜਨਮ ਦੇਂਦੇ ਹਨ। ਕੁਝ ਸਮਾਲੋਚਕ ਕਹਾਣੀਕਲਾ (ਸਮੁਚੇ ਸਾਹਿਤ ਨੂੰ ਵੀ) ਨੂੰ ਜਯੋਮੈਟਰੀ ਦੀਆਂ ਸ਼ਕਲਾਂ ਵਾਂਗ ਸਮਝਾ ਕੇ ਕਹਾਣੀ ਕਲਾ ਦਾ ਗਿਆਨ ਦੇਂਦੇ ਤੇ ਆਲੋਚਨਾ ਕਰਨ ਦੀ ਜਾਚ ਦਸਦੇ ਹਨ। ਕਈ

ਆਪਣੇ ਸਾਹਮਣੇ ਕੁਝ ਗਿਣੇ ਮਿਥੇ ਨੁਕਤੇ ਰੱਖ ਲੈਂਦੇ ਹਨ ਤੇ ਉਨ੍ਹਾਂ ਦੇ ਆਧਾਰ ਤੇ ਹੀ ਆਲੋਚਨਾ ਕਰਦੇ ਹਨ। ਇਹੋ ਕਾਰਨ ਹੈ ਕਿ ਕੁਝ ਕਹਾਣੀਕਾਰ ਟੈਕਨੀਕ ਦੇ ਅਸੂਲਾਂ ਦੇ ਆਧਾਰ ਤੇ ਹੀ ਕਹਾਣੀ ਰਚਨਾ ਕਰਦੇ ਹਨ। ਟੈਕਨੀਕ ਦੀ ਅਜਿਹੀ ਸੂਤਰ-ਅਨੁਕੂਲਤਾ ਕਥਾ-ਸਾਹਿਤ ਦੀ ਮੌਲਿਕਤਾ ਦਾ ਘਾਤ ਕਰਦੀ ਹੈ।

ਕਥਾ-ਸਾਹਿਤ ਦੀ ਮੂਲ ਆਤਮਾ ਕਿਹਾ ਵਿਚਾਰ ਹੀ ਨਹੀਂ ਸਗੋਂ ਘਟਨਾ ਪਹਿਲਾਂ ਪ੍ਰਵੇਸ਼ ਕਰਦੀ ਹੈ ਤੇ ਬਾਅਦ ਵਿਚ ਇਕ ਸੁਚੱਜਾ ਕਲਾਕਾਰ ਇਸ ਵਿਚ ਕਲਿਆਣਕਾਰੀ ਵਿਚਾਰ ਭਰਦਾ ਹੈ ਪਰ ਕੁਝ ਇਕ ਕਹਾਣੀਕਾਰ ਪਹਿਲਾਂ ਇਕ ਵਿਚਾਰ ਆਪਣੇ ਦਿਮਾਗ਼ ਵਿਚ ਲਿਆਉਂਦੇ ਹਨ ਤੇ ਫਿਰ ਉਸ ਵਿਚ ਘਟਨਾ ਦੀ ਜੜਤ ਕਰਦੇ ਹਨ। ਇਸ ਨਾਲ ਕਹਾਣੀ ਦਾ ਸਾਰਾ ਢਾਂਚਾ ਹੀ ਉਖੜਿਆ ਉਖੜਿਆ ਲਗਦਾ ਹੈ। ਸੇਖੋਂ ਦੀਆਂ ਬਹੁਤੀਆਂ ਕਹਾਣੀਆਂ ਇਸੇ ਵਰਗ ਨਾਲ ਸਬੰਧਤ ਹਨ। ਇਸ ਨਾਲੋਂ ਤਾਂ ਬਿਹਤਰ ਹੈ ਕਿ ਕੋਈ ਦਾਰਸ਼ਨਿਕ ਲੇਖ ਹੀ ਲਿਖ ਦਿਤਾ ਜਾਵੇ।

ਪੰਜਾਬੀ ਕਾਵਿ-ਖੇਤਰ ਦੇ ਕੁਝ ਪ੍ਰਸਿਧ ਕਵੀਆਂ ਨੇ ਕਹਾਣੀ-ਖੇਤਰ ਵਲ ਵੀ ਧਿਆਨ ਦਿਤਾ ਹੈ। ਪ੍ਰੋ. ਮੋਹਨ ਸਿੰਘ ਤੇ ਧੀਰ ਨੇ ਕਹਾਣੀ ਨੂੰ ਅਮੀਰ ਬਣਾਉਣ ਵਿਚ ਸਫਲ ਹਿੱਸਾ ਪਾਇਆ ਹੈ ਤੇ ਮੇਰੀ ਖਿਆਲ ਹੈ ਜੋ ਪ੍ਰੋ. ਮੋਹਨ ਸਿੰਘ ਇਸ ਪਾਸੇ ਵੱਲ ਵਿਸ਼ੇਸ਼ ਧਿਆਨ ਦੇਵੇ ਤਾਂ ਇਕ ਸ਼ੈਲੀਕਾਰ ਸਿਧ ਹੋ ਸਕਦਾ ਹੈ। ਧੀਰ ਨੇ ਸਮਾਜਵਾਦੀ ਭਾਵਾਂ ਦੀ ਸੋਹਣੀ ਤਰਜਮਾਨੀ ਕੀਤੀ ਹੈ ਪਰ ਅੰਮ੍ਰਿਤਾ ਪ੍ਰੀਤਮ ਦਾ ਕੀਤਾ ਯਤਨ ਕੋਈ ਏਡਾ ਪ੍ਰਸੰਸਨੀਯ ਨਹੀਂ। ਉਸ ਦੀਆਂ ਬਹੁਤੀਆਂ ਕਹਾਣੀਆਂ ਸਰੋਦੀ ਕਵਿਤਾਵਾਂ ਹਨ ਤੇ ਨਿਜ-ਵਿਸ਼ਾਦ ਦੀਆਂ ਉਪਜ ਹਨ।

ਪੰਜਾਬੀ ਕਹਾਣੀ ਵਿਚ ਸਿਰਫ਼ ਦੋ ਹੀ ਸ਼ੈਲੀਕਾਰ ਹਨ ਜਿਨ੍ਹਾਂ ਦੀ ਕਹਾਣੀ ਕਲਾ ਵਿਚ ਵਿੱਲਖਣਤਾ ਹੈ: ਦੁੱਗਲ ਤੇ ਗੁਰਬਖਸ਼ ਸਿੰਘ, ਪਰ ਗੁਰਬਖਸ਼ ਸਿੰਘ ਸ਼ੈਲੀਕਾਰ ਹੁੰਦਾ ਹੋਇਆ ਵੀ ਆਦਰਸ਼ ਕਹਾਣੀਕਾਰ ਨਹੀਂ ਬਣ ਸਕਿਆ, ਕਿਉਂਕਿ ਉਹ ਨਿੱਕੀ ਕਹਾਣੀ ਨਹੀਂ ਸਗੋਂ ਨਾਵਲਾਂ ਦੇ ਸੰਖੇਪ ਲਿਖਦਾ ਹੈ। ਉਸ ਦੀਆਂ ਕਈਆਂ ਕਹਾਣੀਆਂ ਵਿਚ ਭਾਵੇਂ ਨਿੱਕੀ ਕਹਾਣੀ ਦਾ ਰੰਗ ਹੈ ਪਰ ਉਸ ਦੀਆਂ ਪ੍ਰਸਿਧ ਕਹਾਣੀਆਂ, ਜਿਨ੍ਹਾਂ ਕਾਰਨ ਉਹ ਸ਼ੈਲੀਕਾਰ ਕਿਹਾ ਜਾ ਸਕਦਾ ਹੈ, ਵਿਚ ਨਿੱਕੀ ਕਹਾਣੀ ਦੇ ਤੱਤ ਬਹੁਤ ਘਟ ਹਨ। ਉਹ ਇਕ ਪੁਰਾਣੀ ਕਿਸਮ ਦਾ ਚੰਗਾ ਕਥਾਕਾਰ ਹੈ ਜੋ ਆਪਣੇ ਜ਼ਬਾਨ-ਰਸ ਤੇ ਘਟਨਾ-ਮੌਲਿਕਤਾ ਕਾਰਨ ਪਾਠਕ ਦਾ ਮਨ ਕੀਲ ਲੈਂਦਾ ਹੈ। ਦੁੱਗਲ ਠੀਕ ਹੀ ਸ਼ੈਲੀਕਾਰ ਹੈ। ਉਸ ਨੇ ਵਿੱਲਖਣ ਸ਼ੈਲੀ ਨੂੰ ਜਨਮ ਦਿਤਾ ਹੈ, ਉਹ ਨਿੱਕੀ ਜਿਹੀ ਬਾਤ ਦਾ ਬਤੰਗੜ ਬਣਾ ਦੇਂਦਾ ਹੈ।

ਜੀਵਨ ਦੀਆਂ ਨਿੱਕੀਆਂ ਨਿੱਕੀਆਂ ਗੱਲਾਂ ਵਿਚੋਂ ਉਹ ਕਹਾਣੀ ਲੱਭ ਲੈਂਦਾ ਹੈ ਜਿਨ੍ਹਾਂ ਬਾਰੇ ਅਸਾਂ ਕਦੇ ਗਹੁ ਹੀ ਨਹੀਂ ਕੀਤਾ ਹੁੰਦਾ ਪਰ ਉਸ ਬਾਰੇ ਮੇਰਾ ਇਕੋ ਹੀ ਗਿਲ੍ਹਾ ਹੈ ਕਿ ਉਸ ਨੇ ਇਕ ਖਾਸ ਵਿਚਾਰਧਾਰਾ ਨੂੰ ਅਪਣਾ ਕੇ ਸਾਹਿਤ ਰਚਨਾ ਨਹੀਂ ਕੀਤੀ। ਸੇਖੋਂ ਤੇ ਸੁਜਾਨ ਸਿੰਘ ਕੁਝ ਕਹਿਣਾ ਚਾਹੁੰਦੇ ਹਨ ਪਰ ਦੁੱਗਲ ਤਾਂ ਜੀਵਨ ਦੀ ਵਿਆਖਿਆ ਹੀ ਕਰਦਾ ਹੈ – ਇਕ ਤੇ ਪਹਿਲਾਂ ਉਹ 'ਕਲਾ ਕਲਾ ਲਈ' ਦਾ ਉਪਾਸ਼ਕ ਰਿਹਾ ਹੈ ਤੇ ਹੁਣ ਵੀ ਅਗਾਹਗਾਮੀ ਵਿਚਾਰਾਂ ਦਾ ਪੂਰਨ ਤੌਰ ਤੇ ਅਨੁਸਾਰੀ ਨਹੀਂ। ਇੰਨਾ ਕੁਝ ਹੁੰਦਿਆਂ ਹੋਇਆਂ ਵੀ ਉਹ ਪੰਜਾਬੀ ਕਹਾਣੀ ਦਾ ਸ਼ਾਹਸਵਾਰ ਹੈ।

ਪੰਜਾਬੀ ਕਹਾਣੀਕਾਰ ਕਹਾਣੀਆਂ ਜ਼ਰੂਰ ਲਿਖਦੇ ਹਨ ਪਰ ਪ੍ਰਗਟਾ-ਢੰਗ ਵਿਚ ਨਵੇਂ ਤਜਰਬੇ ਨਹੀਂ ਕਰਦੇ। ਰੀਪੋਰਤਾਜ਼, ਲੰਮੀ-ਛੋਟੀ ਕਹਾਣੀ ਤੇ ਅਤਿ ਛੋਟਾ ਕਹਾਣੀ ਆਦਿਕ ਕਈ ਰੂਪ ਹਨ ਜੋ ਪੰਜਾਬੀ ਵਿਚ ਨਾਮ ਮਾਤ੍ਰ ਹੀ ਮਿਲਦੇ ਹਨ। ਅਮਰ ਸਿੰਘ ਤੇ ਲੋਚਨ ਬਖਸ਼ੀ ਨੇ ਲੰਮੀ ਛੋਟੀ ਕਹਾਣੀ ਦੇ ਸਫਲ ਤਜਰਬੇ ਕੀਤੇ ਹਨ। ਇਕ ਹੋਰ ਕਹਾਣੀ-ਰੂਪ ਪਾਤਰ-ਰੇਖਾ-ਚਿਤ੍ਰ ਵੀ ਪੰਜਾਬੀ ਵਿਚ ਘਟ ਹੀ ਲਿਖਿਆ ਜਾਂਦਾ ਹੈ। ਵਿਰਕ ਦੀਆਂ ਕਹਾਣੀਆਂ ਵਿਚ ਇਸ ਰੰਗ ਦੀ ਝਲਕ ਹੈ ਪਰ ਕੋਈ ਵੀ ਕਹਾਣੀਕਾਰ ਉਘੜਵੇਂ ਰੂਪ ਵਿਚ ਉਪ੍ਰੋਕਤ ਰੂਪਾਂ ਦਾ ਸ਼ਾਹਸਵਾਰ ਨਹੀਂ ਆਖਿਆ ਜਾ ਸਕਦਾ।

ਕਈ ਵਾਰ ਇੰਜ ਹੁੰਦਾ ਹੈ ਕਿ ਕੋਈ ਕਹਾਣੀਕਾਰ ਜ਼ਿਆਦਾ ਪ੍ਰਤਿਭਾਸ਼ਾਲੀ ਹੁੰਦਾ ਹੈ ਤੇ ਉਹ ਪ੍ਰਗਟਾ-ਢੰਗ ਵਿਚ ਨਵੀਨਤਾ ਪੇਸ਼ ਕਰਦਾ ਹੈ ਪਰ ਸਮਾਲੋਚਕਾਂ ਨੂੰ ਉਸ ਦੀ ਸਮਝ ਹੀ ਨਹੀਂ ਪੈਂਦੀ। ਉਸ ਵੇਲੇ ਅਜਿਹੇ ਸਮਾਲੋਚਕ ਸਮਝਣ ਦੀ ਬਜਾਏ ਉਸ ਦੀ ਨਿੰਦਾ ਸ਼ੁਰੂ ਕਰ ਦੇਂਦੇ ਹਨ। ਇਹ ਦੁਖਾਂਤ ਸਮਰ ਸਿੰਘ ਨਾਲ ਹੋਇਆ ਹੈ, ਉਹ ਪੰਜਾਬੀ ਦਾ ਸੁਲਝਿਆ ਕਹਾਣੀਕਾਰ ਹੈ ਤੇ ਨਵੇਂ ਢੰਗ ਨਾਲ ਗੱਲ ਕਹਿੰਦਾ ਹੈ ਪਰ ਸਾਡੇ ਸਮਾਲੋਚਕ ਤੇ ਸਮਕਾਲੀ ਕਹਾਣੀਕਾਰ ਬਗੈਰ ਕਿਸੇ ਦਲੀਲ ਦੇ ਨਿੰਦਾ ਕਰ ਦੇਂਦੇ ਹਨ। ਉਹ ਪਹਿਲਾ ਕਹਾਣੀਕਾਰ ਹੈ ਜਿਸ ਨੇ ਕਹਾਣੀਆਂ ਲਿਖੀਆਂ ਹਨ। ਸਾਨੂੰ ਸੁਚੱਜੀ ਨਵੀਨਤਾ ਦਾ ਸਤਿਕਾਰ ਕਰਨਾ ਚਾਹੀਦਾ ਹੈ।

ਅੱਜ ਦੀ ਪ੍ਰਾਪਤੀ ਦੇ ਬਾਵਜੂਦ ਵਹ ਉਪ੍ਰੋਕਤ ਥੁੜਾਂ ਨਿਰਪੱਖ ਸਮਾਲੋਚਕਾਂ ਨੂੰ ਬੜੀਆਂ ਵੱਡੀਆਂ ਘਾਟਾਂ ਪ੍ਰਤੀਤ ਹੁੰਦੀਆਂ ਹਨ ਤੇ ਹੁਣ ਵੀ ਪੰਜਾਬੀ ਕਹਾਣੀਕਾਰਾਂ ਸਾਹਮਣੇ ਇਹ ਕੋਈ ਅਟੱਲ ਚਟਾਨਾਂ ਨਹੀਂ ਹਨ।

16.1 Phrases

ਅਜੇ ਤਕ ਵੀ	even up to now
ਸਿਵਾ,ਤੋਂ ਸਿਵਾ	with the exception of
ਇਕ ਹੀ ਪ੍ਰਕਾਰ ਦੀ	the same kind of
ਹੋਰ ਕਿਤੇ ਵੀ ਨਹੀਂ	nowhere else
ਜੇ ਅਸੀਂ ਸੂਤਰ ਲਾਗੂ ਕਰੀਏ	if we apply the formula
ਉਦਾਹਰਣ ਵਜੋਂ	for example
ਸੂਝ ਦਾ ਪਤਾ ਦੇਂਦੀਆਂ ਹਨ	give evidence of insight
ਸੂਝ ਬੂਝ ਵਾਲੇ ਜੀਵ ਸਰਮ	intelligent people
ਨਾਲ ਪਾਣੀ ਹੋ ਜਾਂਦੇ ਹਨ	become very ashamed
ਪਰ ਤਾਂ ਵੀ	but even so
ਇਸ ਨਾਲੋਂ ਤਾਂ ਬਿਹਤਰ ਹੈ	it's certainly better than this
ਕਲਾ ਕਲਾ ਲਈ	art for art's sake
ਦੇ ਬਾਵਜੂਦ ਵੀ	despite
ਪ੍ਰਤੀਤ ਹੁੰਦੀਆਂ ਹਨ	seem

16.2 Vocabulary

ਅੰਸ਼	part (m.)
ਅੰਗ	body (m.)
ਅਗਰਗਾਮਤਾ	progressiveness (f.)
ਅਗਰਗਾਮੀ	progressive
ਅਟੱਲ	immobile, permanent
ਅਤ੍ਰਿਪਤੀ	insatiability (f.)
ਅੰਤ੍ਰੀਵ	inner, mental
ਅਥਾਹ	deep, immeasureable, limitless
ਅੰਦਰ-ਦਰਸ਼ਨ	introversion (m.)
ਅਧਾਰ	= ਆਧਾਰ
ਅਧੀਐਨ	study (m.)
ਅਨੁਸਾਰੀ	follower (m. or f.)
ਅਨੁਕੂਲ	according to
ਅਨੁਕੂਲਤਾ	agreeability (f.)
ਅਨੇਕ	many
ਅਬੋਧ	innocent
ਅਰਧ-ਸ਼ਤਾਬਦੀ	half century (f.)
ਆਕ੍ਰਸ਼ਕ	attractive
ਆਦਿਕ	etcetera
ਆਲੋਚਨਾ	criticism (f.)
ਉੱਕਾ	single, alone
ਉਖੜਨਾ	to be uprooted
ਉਘਰਨਾ	to be uncovered
ਉਘੜਵਾਂ	exposed, clear
ਉਚ-ਮਧ-ਸ਼੍ਰੇਣੀ	upper middle class (f.)
ਉਜਾਹਾਰ	known
ਉਥੱਲ ਪੁਥੱਲ	unrest, instability, (mental) conflict (f.)

ਉਦਾਹਰਣ	example (m.)
ਉਨਤੀ	progress (f.)
ਉਪ੍ਰੋਕਤ	above-mentioned
ਸੰਸਾਰ-ਪ੍ਰਸਿਧੀ	world fame (f.)
ਸਹਿਸਰ	thousand
ਸੰਖੇਪ	summary (m.)
ਸੰਗ੍ਰਿਹ	collection (m.)
ਸਤਯ	truth (m.)
ਸਤਿਕਾਰ	respect, welcome (m.)
ਸਨੇਹ	affection (m.)
ਸਫਲ	successful
ਸਬੰਧਤ	related
ਸਬੂਤ	proof (m.)
ਸਮਸਿਆ	problem (f.)
ਸਮਕਾਲੀ	contemporary
ਸਮਤੁਲਨਾ	equality (f.)
ਸਮਾਜਵਾਦੀ	socialist
ਸਮਾਨ	equal, like
ਸਮਾਲੋਚਕ	critic (m.)
ਸਮੂਹਕ	collective
ਸਮੁਚਾ	whole
ਸਰਾਹਣਾ	praise (f.)
ਸ਼੍ਰੇਣੀ-ਘੋਲ	class struggle (m.)
ਸਰੋਦਾ	pertaining to a particular music (adj.)
ਸ਼ਾਹਸਵਾਰ	good rider (m.)
ਸਾਹਿਤਕਾਰ	literary person, writer (m.)
ਸਾਦਗੀ	simplicity (f.)
ਸਾਧਾਰਣ	simple

ਸ਼ਿਵ	goodness (m.)
ਸੀਮਾ	limit, boundary (f.)
ਸੀਮਿਤ	limited
ਸੁਗੰਧੀ	fragrance (f.)
ਸੁਲਝਿਆ	solved, rational, clear-minded
ਸੁਵਿਧਾ	facility (f.)
ਸੂਖਸ਼ਮ	subtle
ਸੂਝਬੂਝ ਵਾਲੇ ਜੀਵ	intelligent person (m.)
ਸੂਝ-ਰਹਿਤ	senseless, unimaginative
ਸੂਤਰ	precept, formula (m.)
ਸੂਤਰ-ਅਨੁਕੂਲਤਾ	accord with the precept (lit., precept-agreeability) (f.)
ਸ਼ੈਲੀ	style (f.)
ਸ਼ੈਲੀਕਾਰ	stylist (m.)
ਹਾਥਪਾਈ	struggle (f.)
ਹਾਲੇ	at present, as yet
ਹਾਵਭਾਵ	gesture, blandishment (m.)
ਹੂਕ	cry of pain (f.)
ਕਹਾਣੀਕਾਰ	story writer (m.)
ਕਥਾਕਾਰ	story writer (m.)
ਕਦੀ ਕਦੀ	sometimes
ਕਰਤਵ	duty (m.)
ਕਰੜਾ	hard, severe
ਕਲਾਤਮਿਕ	artistic
ਕਲਿਆਣਕਾਰੀ	auspicious, good
ਕਲੇਸ਼	pain, torment (m.)
ਕਾਣਾ	defective
ਕਾਮ	desire, lust (m.)
ਕਾਮ-ਰੁਚੀ	sexual desire (f.)

ਕਾਮ-ਤ੍ਰਿਪਤੀ	sexual satisfaction (f.)
ਕਾਮਨੀ	a beautiful woman (f.)
ਕੀਲਣਾ	to attract
ਕੋਹਜਾ	= ਕੋਝਾ
ਖੁਸ਼ਹਾਲੀ	happiness (f.)
ਗਹੁ	attention (m.)
ਗਲਪਕਾਰ	fiction writer (m.)
ਗ਼ਾਲਬ	dominant
ਗਿਣੇ-ਮਿਥੇ	few
ਗੁੰਝਲ	tangle (f.)
ਗੁਲਾਈ	roundness (f.)
ਗੋਦ	lap (f.)
ਘਾਟ	deficiency, lack (f.)
ਘਾਤ	murder (m.)
ਚਟਾਨ	rock (f.)
ਚਰਮ-ਸੀਮਾ	farthest boundary (f.)
ਚਿਤ੍ਰ	picture (m.)
ਚਿਤ੍ਰਣਾ	to picture, portray
ਛਿਨ	moment (m.)
ਛੋਹ	contact (m.)
ਜਨਤਕ	public (adj.)
ਜ਼ਬਾਨ	language (f.)
ਜੜਤ	fixation, setting, joining (f.)
ਝਲਕ	glimpse (f.)
ਠੋਸ	solid
ਡਾਢਾ	strong, powerful
ਢਾਂਚਾ	sketch, frame, plan (m.)
ਤਜਰਬਾ	experiment (m.)

ਤਤ	element, principle (m.)
ਤਰਜਮਾਨੀ	rendering (f.)
ਤਾਜ਼ਗੀ	freshness (f.)
ਥੁੜ	scarcity (f.)
ਦਲੀਲ	argument, logic (f.)
ਦਿਆਨਤਦਾਰ	truthful
ਦਿਲੀ	heart's (adj.)
ਦੁਖਾਂਤ	tragedy (m.)
ਧੁਰਾ	axle (m.)
ਨੰਗੇਜ-ਪ੍ਰਗਟਾ	showing nakedness (f.)
ਨਵ-ਉਦਿਤ	newborn, new in the field, emerging
ਨਵੀਨਤਾ	newness (f.)
ਨਾਅਰਾ	slogan (m.)
ਨਾਮਧਰੀਕ	named
ਨਾਮ ਮਾਤ੍ਰ	only in name, few, little
ਨਿਗਰ	solid
ਨਿੰਦਨੀਯ	worth condemning, bad
ਨਿਰਪੱਖ	objective
ਨੁਕਤਾ	point (m.)
ਨੁਹਾਰ	resemblance, conformity (f.)
ਨੌਜੁਵਾਨ	young
ਪਸਾਰ	expansion, extension (m.)
ਪਸ਼ੂ	animal (m.)
ਪੱਖ	side, theme (m.)
ਪ੍ਰਸੰਸਨੀਯ	praiseworthy
ਪ੍ਰਸੰਸ਼ਾ	praise (f.)
ਪ੍ਰਸੰਸ਼ਾ-ਇਛਕ	desiring praise
ਪਰਸਪਰ	with each other

ਪ੍ਰਕਾਰ (ਪਰਕਾਰ)	type (m.)
ਪ੍ਰਗਟਾਉਣਾ	to show
ਪ੍ਰਗਟਾ-ਢੰਗ	way of expression (m.)
ਪ੍ਰਗਤੀਵਾਦੀ	progressive
ਪ੍ਰਚਲਤ	prevalent, current
ਪ੍ਰਤਿਭਾ	genius (f.)
ਪ੍ਰਤਿਭਾਸ਼ਾਲੀ	brilliant, extremely intelligent
ਪ੍ਰਤੀ	toward
ਪ੍ਰਤੀਤ ਹੋਣਾ	to seem
ਪ੍ਰਤੀਨਿਧਤਾ	representation (f.)
ਪ੍ਰਬੀਨ	clever, skillful
ਪ੍ਰਮੁਖ	main
ਪਰਯੋਗ	experiment (m.)
ਪ੍ਰਾਪਤੀ	achievement (f.)
ਪ੍ਰਾਰੰਭਿਕ-ਕਾਲ	early period (m.)
ਪ੍ਰਵਿਰਤਣ	change (m.)
ਪੜਾ =ਪੜਾਅ	camp, encampment (m.)
ਪਾਹ	influence (f.)
ਪਾਤਰ	character (m.)
ਪਿੜ	field, arena (m.)
ਪੀਚ	hard
ਪੂਰਤੀ	fulfillment (f.)
ਪੇਂਡੂ	pertaining to the village (adj.)
ਪੋਤਲਾ	slippery
ਫਾਫਾ	a very old woman (f.)
ਫੋਕਾ	empty
ਬਗੀਰ	without
ਬਜਾਏ	instead

ਬਜ਼ੁਰਗ	elderly
ਬਤੰਗੜ	exaggeration (m.)
ਬਦਨਾਮੀ	defamation (f.)
ਬ੍ਰਿਤੀ	tendency (f.)
ਬਰੀਕੀ (ਬਾਰੀਕੀ)	minuteness (f.)
ਬਾਹਰਮੁਖੀ	external
ਬਿਹਤਰ	better
ਬੁਰਾਈ	defect (f.)
ਬੇਤਾਲ	out of tune
ਭਾਂਜ	flight, running away (f.)
ਭਾਵਨਾ	feeling (f.)
ਮਹਾਨ	great
ਮਚਲਣਾ	to insist, persist
ਮੰਜ਼ਲ	destination (f.)
ਮੁਨਕਰ	disagreement (m.)
ਮਨੋਭਾਵ	feeling (m.)
ਮਨੋਵਿਗਿਆਨਕ	psychological
ਮਨੋਵਿਗਿਆਨੀ	psychologist (m.)
ਮੱਲਣਾ	to receive
ਮਾਨਸਿਕ	mental
ਮਾਰਕਸਵਾਦੀ	Marxist
ਮੌਲਿਕ	original
ਯਥਾਰਥਵਾਦੀ	realist (m.)
ਯੁਗ	age, era (m.)
ਯੁਵਾ-ਅਵਸਥਾ	youth (f.)
ਰਹਿਣੀ ਬਹਿਣੀ	living, life (f.)
ਰੀਝ	desire, fondness (f.)
ਰੀਪੋਰਤਾਜ	reportage (m.)
ਰੇਖਾ-ਚਿਤ੍ਰ	sketch (m.)

ਲਤਾ	ivy (f.)
ਲਾਗੂ ਕਰਨਾ	to apply
ਲਿੰਗ	gender, sex (m.)
ਲਿੰਗ-ਵਿਚਾਰ ਤੇ	according to sex
ਲਿੰਗ-ਵਿਸ਼ਾਦ	battle of the sexes (m.)
ਲੋਕ-ਸੰਗਰਾਮਾ	people's fight (m.)
ਲੋਚਣਾ	to wish, desire
ਵਸਤੂ	plot, subject (f.)
ਵਜੋਂ	as
ਵਰਖਾ	rain, shower (f.)
ਵਰਗ	group, category (m.)
ਵਾਹ ਵਾਹ	praise (f.)
ਵਾਤਾਵਰਣ	atmosphere (m.)
ਵਿਅੰਗ	satire, sarcasm (m.)
ਵਿਆਖਿਆ	explanation (f.)
ਵਿਸ਼ਲੇਸ਼ਣ	analysis (m.)
ਵਿਸ਼ਲੇਸ਼ਣਾਤਮਿਕ	analytic
ਵਿਸ਼ਿਸ਼ਟ	special
ਵਿਕਸਿਤ	developed
ਵਿਚਾਰ	idea (m.)
ਵਿਚਾਰਧਾਰਾ	thinking, stream of thought, ideology (f.)
ਵਿਲੱਖਣ	peculiar, special
ਵਿਲੱਖਣਤਾ	peculiarity, difference (f.)

16.3 Answer the following questions in Panjabi:

੧. ਪੰਜਾਬੀ ਦਾ ਪਰਵਰਤਨ ਕਾਲ ਕਦੋਂ ਤੋਂ ਅਰੰਭ ਹੁੰਦਾ ਹੈ?
੨. ਪੰਜਾਬੀ ਵਿਚ ਅਰੰਭ ਵਿਚ ਕਿਹੜੀ ਕਹਾਣੀ ਲਿਖੀ ਜਾਂਦੀ ਸੀ?
੩. ਪੰਜਾਬੀ ਕਹਾਣੀ ਦਾ ਵਿਸ਼ਵ ਸਾਹਿੱਤ ਵਿਚ ਕੀ ਅਸਥਾਨ ਹੈ?

੪. ਪੰਜਾਬੀ ਕਹਾਣੀ ਨੂੰ ਵਿਸ਼ਵ ਸਾਹਿੱਤ ਵਿਚ ਕਿਹੜਾ ਅਸਥਾਨ ਪ੍ਰਾਪਤ ਕਰਨਾ ਚਾਹੀਦਾ ਹੈ?

੫. ਪੰਜਾਬੀ ਕਹਾਣੀ ਵਿਚ ਸਮਾਜ ਦੀ ਕਿਹੜੀ ਵਿਸ਼ੇਸ਼ ਸਮਸਿਆ ਨੂੰ ਲਿਖਿਆ ਜਾ ਰਿਹਾ ਹੈ?

੬. ਮੱਨੁਖ ਸਭ ਸੁਵਿਧਾਵਾਂ ਪ੍ਰਾਪਤ ਕਰਕੇ ਵੀ ਕਿਉਂ ਦੁਖੀ ਰਹਿੱਦਾ ਹੈ?

੭. ਦੁਖੀ ਪੁੱਤਰ ਨੂੰ ਕਿਹ ਦੀ ਲੋੜ ਹੁੰਦੀ ਹੈ?

੮. ਪਤਿ ਪਤਨੀ ਦੀ ਵਿਥ ਲਈ ਕਿਹੜਾ ਸੁਝਾਵ ਚਾਹੀਦਾ ਹੈ?

੯. ਅੱਜਕਲ ਪੰਜਾਬੀ ਵਿਚ ਕਿੰਨੇ ਕੁ ਕਹਾਣੀਕਾਰ ਮਾਨਸਿਕ ਵਿਸਲੇਸ਼ਣ ਕਰਦੇ ਹਨ?

੧੦. ਦੁੱਗਲ ਦੇ ਬਾਰੇ ਕੀ ਕਿਹਾ ਜਾਂਦਾ ਹੈ?

੧੧. ਦੁੱਗਲ ਕਿਹੜੇ ਪਾਤਰਾਂ ਦੇ ਮੰਨ ਦਾ ਵਰਣਨ ਕਰਦਾ ਹੈ?

੧੨. ਸੁਜਾਨ ਸਿੰਘ ਦੀ ਕਹਾਣੀ ਦੇ ਵਿਸ਼ੇਸ਼ ਪਾਤਰ ਕਿਹੜੇ ਹੁੰਦੇ ਹਨ?

੧੩. ਪੰਜਾਬੀ ਦੇ ਬਹੁਤ ਸਾਰੇ ਕਹਾਣੀਕਾਰਾਂ ਨੇ ਕਿਹੜੀ ਵਿਚਾਰਧਾਰਾ ਨੂੰ ਆਪਣਾ ਲਿਆ ਹੈ?

੧੪. ਮਾਰਕਸਵਾਦੀ ਵਿਚਾਰਧਾਰਾ ਦੀਆਂ ਕਹਾਣੀਆਂ ਕੌਣ ਲਿਖਦੇ ਹਨ?

੧੫. ਇਕ ਸੱਚੇ ਕਲਾਕਾਰ ਦੀ ਪ੍ਰਸ਼ੰਸਾ ਕਿਉਂ ਕਰਨੀ ਚਾਹੀਦੀ ਹੈ?

੧੬. ਨਵਤੇਜ ਦੀਆਂ ਕਹਾਣੀਆਂ ਵਿਚ ਮਨੋਵਿਗਿਆਨਿਕ ਦ੍ਰਿਸ਼ਟੀਕੋਣ ਨਾਲ ਕਿਵੇਂ ਉਤਰਦਾ ਹੈ?

੧੭. ਕਾਮਦਾ ਸਾਡੀ ਜਿੰਦਗੀ ਨਾਲ ਕੀ ਸੰਬੰਧ ਹੈ?

੧੮. ਅਰੰਭ ਵਿਚ ਕਹਾਣੀਆਂ ਕਾਮ ਨੂੰ ਵਿਚਾਰ ਕਰਕੇ ਕਿਵੇਂ ਲਿਖੀਆਂ ਜਾਂਦੀਆਂ ਹਨ?

੧੯. ਭਾਰਤ ਦਾ ਬਹੁਤਾਂ ਸਮਾਜ ਕਿੱਥੋਂ ਦਾ ਹੈ?

੨੦. ਕਿਹੜੇ ਕਿਹੜੇ ਕਹਾਣੀ ਲੇਖਕ ਨੇ ਪਿੰਡੂ ਸਮਸਿਆਵਾਂ ਨੂੰ ਚੰਗੀ ਤਰ੍ਹਾਂ ਲਿਖਿਆ ਹੈ?

੨੧. ਅੱਜਕਲ ਦੇ ਪੰਜਾਬੀ ਸਾਹਿੱਤ ਨੂੰ ਕਿਵੇਂ ਦਾ ਰੁਖ ਆਪਣਾ ਲੈਣਾ ਚਾਹੀਦਾ ਹੈ?

੨੨. ਕੁਝ ਸਮਾਲੋਚਕਾਂ ਤੇ ਕਹਾਣੀਕਾਰਾਂ ਨੇ ਸਾਹਿੱਤ ਵਿਚ ਕਿਹੜੀ ਨਵੀਂ ਟੈਕਨੀਕ ਨੂੰ ਲਿਆਣਾ ਸ਼ੁਰੂ ਕੀਤਾ ਹੈ

੨੩. ਕਥਾ ਸਾਹਿੱਤ ਦੀ ਮੂਲ ਆਤਮਾ ਕੀ ਹੁੰਦੀ ਹੈ?

੨੪. ਪੰਜਾਬੀ ਕਵਿ ਖੇਤਰ ਨੇ ਕਿਹੜੀ ਕਹਾਣੀਆਂ ਵਲ ਧਿਆਨ ਦਿੱਤਾ ਹੈ?

16.4. Fill in the blanks:

੧. ਇਹ ਵੀਹਵੀਂ ਸਦੀ ਦੀ ਦੂਜੀ —— ਹੈ।

੨. ਪੈਸੇ ਦਾ —— ਰਖਦੇ ਹੋਏ—— ਸਹਿਸਰ ਲੋਕਾਂ —— ਹਨ।

੩. ਮਾਨਸਿਕ ਖਿਚੋਤਾਣ ਦਾ ਹੱਲ —— ਕੀ ——।

੪. ਬਹੁਤ —— ਕਹਾਣੀਕਾਰ ਇਸ ਪ੍ਰਕਾਰ ਦਾ —— ਕਰਦੇ ਹਨ।

੫. ਇਸ ਪਖ —— ਹੈਮਿੰਗਵੇ ਦੀ ਅਮਰ ਕਹਾਣੀ ਹੈ "——"।

੬. "——" ਸਾਲਿੰਜਰ ਦੀ —— —— ਪ੍ਰਸਿੱਧ ਕਹਾਣੀ ਹੈ।

੭. ਉਸਦੇ ਮਾਨਸਿਕ —— ਦਾ ਅਧਾਰ —— ਹੈ।

੮. ਅਮਰੀਕੀ ਕਹਾਣੀਕਾਰਾਂ ਨੇ ਪਸ਼ੂ—— ਤੇ ਬਹੁਤ —— ਕਹਾਣੀਆਂ —— ਹਨ।

੯. ਭਾਵੇਂ ਉਸਦੀ ਸੌ ਨਿੰਦਾ ——, —— ਉਸਦੀਆਂ —— ਸਚਾਈਆਂ —— ਇਨਕਾਰ ਨਹੀਂ ਕਰ ਸਕਦੇ।

੧੦. ਪੰਜਾਬ ਵਿਚ —— ਲੋਕਾਂ ਦੀ —— ਹੈ।

੧੧. ਸਾਡੇ ਕਹਾਣੀਕਾਰਾਂ ਵਿਚ ਪ੍ਰਗਤੀਵਾਦੀ —— ਦੀ ਭਾਵਨਾ —— ਹੈ।

੧੨. ਕਹਾਣੀ ਸਾਹਿਤ ਦੀ —— ਆਤਮਾ —— ਹੈ।

੧੩. ਉਸ ਦੀਆਂ ਕਹਾਣੀਆਂ ਵਿਚ ਨਿੱਕੀ ਕਹਾਣੀ ਦੇ ਬਹੁਤ —— ਹਨ।

16.5 Translate into Panjabi:

1. They think that the reason for all evils is the lack of money.
2. Despite a good distribution of money, thousands of people are unhappy.
3. Only psychological facts can solve this.
4. For this reason the happy husbands become fed up with their beautiful wives.
5. The axle of his stories is the battle of the sexes.
6. The majority of Indian people live in villages.

7. The position he holds among story writers is not held by anyone else.
8. There is an eternal freshness in his stories.
9. The false satisfaction which a young girl receives from her old husband is described in his stories.
10. I think he can be a great writer, if he pays some attention to his style.
11. There seems to be a great lack of good critics.

16.6 The suffix -ਵਾਦ means "-ism"; -ਵਾਦੀ means "ist" :

ਯਥਾਰਥ	real	ਯਥਾਰਥਵਾਦ	realism	ਯਥਾਰਥਵਾਦੀ	realist
ਪ੍ਰਗਤੀ	progress	ਪ੍ਰਗਤੀਵਾਦ	liberalism	ਪ੍ਰਗਤੀਵਾਦੀ	progressive
ਸਮਾਜ	society	ਸਮਾਜਵਾਦ	socialism	ਸਮਾਜਵਾਦੀ	socialist
ਮਾਰਕਸ	Marx	ਮਾਰਕਸਵਾਦ	Marxism	ਮਾਰਕਸਵਾਦੀ	Marxist
ਆਦਰਸ਼	ideal	ਆਦਰਸ਼ਵਾਦ	idealism	ਆਦਰਸ਼ਵਾਦੀ	idealist
ਪੂੰਜੀ	capital	ਪੂੰਜੀਵਾਦ	capitalism	ਪੂੰਜੀਵਾਦੀ	capitalist

The suffix -ਕਾਰ means "one who does..."

ਕਹਾਣੀ	story	ਕਹਾਣੀਕਾਰ	story writer
ਨਾਟਕ	play	ਨਾਟਕਕਾਰ	playwright
ਗਲਪ	fiction	ਗਲਪਕਾਰ	fiction writer
ਸਾਹਿਤ	literature	ਸਾਹਿਤਕਾਰ	literary man
ਕਲਾ	art	ਕਲਾਕਾਰ	artist
ਸ਼ੈਲੀ	style	ਸ਼ੈਲੀਕਾਰ	stylist
ਕਥਾ	story	ਕਥਾਕਾਰ	story writer, narrator

The suffix -ਸ਼ਾਲੀ changes a noun to an adjective:

ਪ੍ਰਤਿਭਾ	talent	ਪ੍ਰਤਿਭਾਸ਼ਾਲੀ	talented
ਗੌਰਵ	dignity	ਗੌਰਵਸ਼ਾਲੀ	dignified

Build other words with these suffixes and use them in your own sentences.

UNIT XVII

੧੯੬੦ ਦੀ ਪਾਕਿਸਤਾਨੀ ਪੰਜਾਬੀ ਕਵਿਤਾ

ਜਗਤਾਰ ਸਿੰਘ

ਦੇਸ਼ ਦੀ ਵੰਡ ਪਿਛੋਂ ਪੰਜਾਬੀ ਕਾਵਿ ਸਾਹਿਤ ਵਿਚ ਇਕ ਵਿਸ਼ੇਸ਼ ਪ੍ਰੀਵਰਤਨ ਆਇਆ ਹੈ। ਪ੍ਰੋਫੈਸਰ ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ ਦੀ ਧਾਰਾ ਤੋਂ ਬਿਨਾਂ ਬਾਵਾ ਬਲਵੰਤ, ਪ੍ਰੀਤਮ ਸਿੰਘ ਸਫੀਰ, ਸੁਖਪਾਲਵੀਰ 'ਹਸਰਤ' ਸੁਖਬਾਰ, ਜਸਵੰਤ ਸਿੰਘ 'ਨੇਕੀ' ਆਦਿ ਅਜਿਹੇ ਕਵੀ ਹਨ ਜਿਨ੍ਹਾਂ ਪੰਜਾਬੀ ਕਾਵਿ ਸਾਹਿਤ ਦੀ ਰੂਪ-ਰੇਖਾ ਕਾਫ਼ੀ ਬਦਲ ਦਿੱਤੀ ਹੈ ਤੇ ਨਵੀਂ ਪੌਦ ਵਿਚੋਂ ਤਾਰਾ ਸਿੰਘ, ਸ.ਸ. ਮੀਸ਼ਾ ਆਦਿ ਦੇ ਪਰਯੋਗ ਖਾਸ ਤੌਰ ਤੇ ਸ਼ਲਾਘਾ ਯੋਗ ਹਨ । 'ਮੀਸ਼ਾ' ਇਸ ਵਰ੍ਹੇ ਵਧੇਰੇ ਚੰਗੇ ਪਰਯੋਗ ਕਰ ਰਿਹਾ ਹੈ।

ਪਰ ਨਵੀਂ ਪੌਦ ਦੇ ਬਹੁਤ ਸਾਰੇ ਸ਼ਾਹਿਰ ਅੰਮ੍ਰਿਤਾ ਪ੍ਰੀਤਮ ਤੇ ਮੋਹਨ ਸਿੰਘ ਦੀਆਂ ਲੀਹਾਂ ਤੇ ਚਲ ਰਹੇ ਹਨ, ਜਿਸ ਨਾਲ ਪੰਜਾਬੀ ਕਵਿਤਾ ਵਿਸ਼ੇ ਤੋਂ ਸਖਣੀ ਰਹਿ ਕੇ ਕੇਵਲ ਖ਼ੂਬਸੂਰਤ ਹਰਫ਼ਾਂ ਦਾ ਮਾਇਆ-ਜਾਲ ਤੇ ਰੂਪਵਾਦੀ ਹੋ ਲਈ ਹੈ। ਕੇਵਲ ਦੋ ਚਾਰ ਹੀ ਨਵੀਂ ਪੌਦ ਦੇ ਸ਼ਾਇਰ ਇਸ ਅਸਰ ਤੋਂ ਬਚ ਸਕੇ ਹਨ।

ਪਰ ਪਿਛਲੇ ਕੁਝ ਵਰ੍ਹਿਆਂ ਤੋਂ ਪਾਕਿਸਤਾਨੀ ਪੰਜਾਬੀ ਕਵਿਤਾ ਵਿਚ ਵਿਸ਼ੇ ਤੇ ਰੂਪ ਵਿਚ ਇਕ ਵਿਸ਼ੇਸ਼ ਮੋੜ ਆਇਆ ਹੈ। ਭਾਵੇਂ ਅਜੇ ਵੀ ਉਥੇ ਗੀਤ ਕਾਵਿ ਓਸੇ ਪੁਰਾਣੇ ਰਵਾਇਤੀ ਰੰਗ ਵਿਚ ਰੰਗਿਆ ਹੋਇਆ ਹੈ, ਤੇ ਇਸ ਦਾ ਕਾਰਨ ਇਹ ਵੀ ਹੈ ਕਿ ਸਾਰੇ ਸ਼ਾਇਰ, ਜਿਵੇਂ ਮੁਨੀਰ ਨਿਆਜ਼ੀ, ਅਹਿਮਦ ਰਾਹੀ, ਭੱਟੀ, ਸਲੀਮ ਕਾਸ਼ਰ, ਅਸਮਾਈਲ ਮਤਵਾਲਾ ਜਿਹੜੇ ਕਿ ਫਿਲਮੀ ਗੀਤ ਹੀ ਲਿਖ ਰਹੇ ਹਨ ਭਾਵੇਂ ਉਹ ਬੜੇ ਸਫਲ ਕਵੀ ਹਨ, ਪਰ ਏਸ ਕਾਰਨ ਕਰ ਕੇ ਗੀਤ-ਕਾਵਿ ਨੂੰ ਉਹ ਰਵਾਇਤੀ ਰੰਗ ਤੋਂ ਅਗੇ ਨਹੀਂ ਲਿਜਾ ਸਕੇ।

ਗਜ਼ਲ-ਕਾਵਿ ਵਿਚ ਰੂਪ ਦੇ ਪੱਖੋਂ ਭਾਵੇਂ ਪਾਕਿਸਤਾਨੀ ਕਵੀਆਂ ਨੇ ਢੇਰ ਪਰਯੋਗ ਨਹੀਂ ਕੀਤੇ ਪਰ ਵਿਜ਼ੇ ਦੇ ਪੱਖੋਂ ਤੇ ਰੂਪ ਪੱਖੋਂ ਉਹ ਫੇਰ ਵੀ ਭਾਰਤੀ ਕਵੀਆਂ ਤੋਂ ਕਾਫੀ ਅਗੇ ਹਨ ਤੇ ਇਨ੍ਹਾਂ ਵਰ੍ਹਿਆਂ ਵਿਚ ਜਿੰਨਾਂ ਭਾਰਤੀ ਕਵੀ ਪੰਜਾਬੀ ਨੂੰ ਹਿੰਦੀ ਸ਼ਬਦਾਂ ਦੇ ਪ੍ਰਯੋਗ ਨਾਲ ਹਿੰਦੀ-ਨੁਮਾ ਪੰਜਾਬੀ ਬਣਾ ਰਹੇ ਹਨ, ਉਥੇ ਉਨ੍ਹਾਂ ਨੇ ਉਰਦੂ ਅੱਖਰਾਂ ਦੇ ਪਰਯੋਗ ਤੋਂ ਸਗੋਂ ਸੰਕੋਚ ਕੀਤਾ ਹੈ।

ਅਜ ਕਲ੍ਹ ਪਾਕਿਸਤਾਨ ਵਿਚ ਪੋਯੋਗਵਾਦੀ ਕਵਿਤਾ ਵਧਰੇ ਰਚੀ ਜਾ ਰਹੀ ਹੈ। ਇਸ ਦਾ ਕਾਰਨ ਸ਼ਾਇਦ ਇਹ ਵੀ ਹੋਵੇ ਕਿ ਉਹ ਸਾਰੇ ਤੁਰਦੂ ਦੇ ਮੰਨੇ ਪ੍ਰਮੰਨੇ ਕਵੀ ਹਨ ਤੇ

ਉਨ੍ਹਾਂ ਨੇ ਮੋਹਨ ਸਿੰਘ-ਅੰਮ੍ਰਿਤਾ ਧਾਰਾ ਦੀ ਕਵਿਤਾ ਦਾ ਬਹੁਤ ਘਟ ਅਧਿਅਨ ਕੀਤਾ ਹੈ ਨਹੀਂ ਤਾਂ ਸ਼ਾਇਦ ਉਥੇ ਵੀ ਇਹੋ ਰੂਪਵਾਦੀ ਕਵਿਤਾ ਵਧੇਰੇ ਪ੍ਰਚਲਤ ਹੁੰਦੀ।

ਮੁਨੀਰ ਨਿਆਜ਼ੀ, ਸਲੀਮ ਕਾਸ਼ਰ, ਸ਼ਰੀਫ ਕੁੰਜਾਹੀ,ਜ਼ਫ਼ਰ ਇਕਬਾਲ, ਅਹਿਮਦ ਜ਼ਫ਼ਰ, ਅਜ਼ੀਮ ਭੱਟੀ, ਅਨੀਸ ਨਾਗੀ, ਸਲੀਮਉਲਰਹਿਮਾਨ, ਸਫਦਰ ਵਹੀਦ, ਗੌਹਰ ਨੋਸ਼ਾਹੀ, ਇਨ੍ਹਾਂ ਦੋ ਤਿੰਨ ਵਰ੍ਹਿਆਂ ਵਿਚ ਪ੍ਰਯੋਗਵਾਦੀ ਤੇ ਅਨੋਖੇ ਵਿਸ਼ੇ ਦੀ ਨਿੱਕੀ ਕਵਿਤਾ ਲੈ ਕੇ ਪਿੜ ਵਿਚ ਆਏ ਹਨ।

ਜਨਵਰੀ ੧੯੬੦ ਵਿਚ ਛਪੀ ਮੁਨੀਰ ਨਿਆਜ਼ੀ ਦੀ ਕਿਤਾਬ 'ਸਫ਼ਰ ਦੀ ਰਾਤ' ਖਾਸ ਤੌਰ ਤੇ ਵਧਾਈ ਦੀ ਪਾਤਰ ਹੈ। ਮੁਨੀਰ ਨੇ ਵਧੇਰੇ ਕਰ ਕੇ ਪ੍ਰਤੀਕਵਾਦੀ ਕਵਿਤਾ ਦੀ ਰਚਨਾ ਕੀਤੀ ਹੈ। 'ਇਕ ਪੱਕੀ ਰਾਤ' ਵਾਲੀ ਕਵਿਤਾਂ ਵਿਚ ਉਸ ਦੀ ਸ਼ੈਲੀ ਵੇਖੋ।

ਘਰ ਦੀਆਂ ਕੰਧਾਂ ਉਤੇ ਦਿੱਸਣ
ਛਿੱਟਾਂ ਲਾਲ ਫੁਹਾਰ ਦੀਆਂ।
ਅੱਧੀ ਰਾਤੀਂ ਬੂਹੇ ਖੜਕਣ,
ਡੈਣਾਂ ਚੀਕਾਂ ਮਾਰਦੀਆਂ।
ਸੱਪ ਦੀ ਸ਼ੂਕਰ ਗੂੰਜੇ ਜੀਕੂੰ,
ਗੱਲਾਂ ਗੁੱਝੇ ਪਿਆਰ ਦੀਆਂ।
ਏਧਰ ਓਧਰ ਲੁਕ ਲੁਕ ਹੱਸਣ,
ਸ਼ਕਲਾਂ ਸ਼ਹਿਰੋਂ ਪਾਰ ਦੀਆਂ।
ਰੂਹਾਂ ਵਾਂਗੂੰ ਕੋਲੋਂ ਲੰਘਣ,
ਮਹਿਕਾਂ ਬਾਸੀ ਹਾਰ ਦੀਆਂ।
ਕਬਰਸਤਾਨ ਦੇ ਰਸਤੇ ਦੱਸਣ,
ਕੂਕਾਂ ਪਹਿਰੇਦਾਰ ਦੀਆਂ।

ਮੁਨੀਰ ਨੇ ਇਸ ਨਿੱਕੀ ਜਿਹੀ ਕਵਿਤਾ ਵਿਚ ਹੀ ਇਕਲਾਪੇ ਵਿਚ ਨਪੀੜੀ, ਗਮਾਂ-ਘੇਰੀ ਜ਼ਿੰਦਗੀ ਨੂੰ ਏਨੀ ਸੁਹਣੀ ਤਰ੍ਹਾਂ ਪਰਗਟਾਇਆ ਏ ਕਿ ਇਹ ਮੁਨੀਰ ਦਾ ਹੀ ਹਿਸਾ ਹੈ। ਰੂਹਾਂ ਦਾ ਬਾਸੀ ਹਾਰ ਦੀਆਂ ਮਹਿਕਾਂ ਨਾਲ ਸਿੰਬੋਲ ਤੇ "ਅੱਧੀ ਰਾਤੀਂ ਬੂਹੇ ਖੜਕਣ, ਡੈਣਾਂ ਚੀਕਾਂ ਮਾਰਦੀਆਂ" ਕਹਿ ਕੇ ਡੈਣ ਦਾ ਗ਼ਮ ਨਾਲ ਪ੍ਰੀਤਕ ਅਨੋਖਾ ਅੰਦਾਜ਼ ਪੈਦਾ ਕਰ ਰਿਹਾ ਹੈ। ਇਸ ਵਿਚ ਹਲਕੇ ਮਨੋਵਿਗਿਆਨ ਦੀ ਧੁੰਦਲੀ ਜਹੀ ਤਸਵੀਰ ਹੈ।

ਛਿੱਟਾਂ ਲਾਲ ਫੁਹਾਰ ਦੀਆਂ, ਕਹਿ ਕੇ ਬਿਲਕੁਲ ਵਖਰੇ ਕਲਾਤਮਕ ਢੰਗ ਨਾਲ ਦਿਕ ਦੇ ਰੋਗੀ ਦੀ ਤਸਵੀਰ ਸਾਡੇ ਸਾਹਮਣੇ ਲੈ ਆਉਂਦਾ ਹੈ ਤੇ ਹੁਣ ਕਵਿਤਾ ਹੋਰ ਵੀ ਸਾਫ ਹੋ ਜਾਂਦੀ ਏ। ਜ਼ਿੰਦਗੀ ਦੇ ਸੰਘਰਸ਼ ਤੇ ਆਤਮ-ਸੰਘਰਸ਼ ਬਾਰੇ ਉਸ ਦੀ ਨਿੱਕੀ ਜਹੀ ਕਵਿਤਾ ਕਿਡੀ ਬਲਵਾਨ ਤੇ ਯਥਾਰਥ ਭਰੀ ਹੈ।

ਦੁਨੀਆਂ ਦੇ ਵਿਚ ਰਹਿਣ ਲਈ ਵੀ,
ਕੀ ਕੁਝ ਕਰਨਾ ਪੈਂਦਾ ਏ।
ਆਪਣੇ ਹੀ ਲਹੂ ਦੀਆਂ ਨਹਿਰਾਂ ਅੰਦਰ,
ਆਪੇਈ ਤਰਨਾ ਪੈਂਦਾ ਏ।
ਰਾਤਾਂ ਨੂੰ ਬੂਹੇ ਖੜਕਾਂਦੀ,
'ਵਾ ਤੋਂ ਡਰਨਾ ਪੈਂਦਾ ਏ।
ਰੋਜ਼ ਸ਼ਾਮ ਨੂੰ ਨਵੀਂ ਕਬਰ ਤੇ,
ਹੌਕਾ ਭਰਨਾ ਪੈਂਦਾ ਏ।

(ਜੀਣ ਲਈ ਜਤਨ)

ਮੁਨੀਰ ਨੇ ਇਸ ਵਿਚ 'ਰੋਜ਼ ਸ਼ਾਮ ਨੂੰ ਨਵੀਂ ਕਬਰ ਤੇ ਹੌਕਾ ਭਰਨਾ ਪੈਂਦਾ ਏ' ਕਹਿ ਕੇ ਨਿਤ ਨਵੇਂ ਸੂਰਜ ਉਪਜਦੀਆਂ ਮੁਸੀਬਤਾਂ ਜਾਂ ਗਮਾਂ ਨੂੰ ਨਵੀਂ ਕਬਰ ਨਾਲ ਤੁਲਨਾ ਦਿਤੀ ਏ। ਇਸ ਵਿਚ ਰੀਝਾਂ ਦੇ ਲਿਤਾੜੇ ਜਾਣ ਵਲ ਵੀ ਇਸ਼ਾਰਾ ਏ। ਨਿੱਕੀ ਜਹੀ ਕਵਿਤਾ ਵਿਚ ਜ਼ਿੰਦਗੀ ਦੀ ਕਠਨਾਈਆਂ ਵਿਚ ਜੀਣ ਦਾ ਇਸ਼ਾਰਾ ਬੜਾ ਕਲਾ-ਭਰਪੂਰ ਹੈ। ਮੁਨੀਰ ਛੋਟੀ ਜਹੀ ਗੱਲ ਵਿਚ ਬਹੁਤ ਵਡੀ ਗੱਲ ਕਹਿ ਜਾਣ ਦੀ ਸ਼ਕਤੀ ਰਖਦਾ ਏ। ਉਰਦੂ ਦੀ ਮਸ਼ਹੂਰ ਸਮਾਲੋਚਕ ਤੇ ਕਹਾਣੀਕਾਰ 'ਕੁਦਸੀਆ ਬਾਨੂੰ' ਦੇ ਕਹਿਣ ਅਨੁਸਾਰ 'ਅਸਲ ਵਿਚ ਮੁਨੀਰ ਦੀ ਸ਼ਾਇਰੀ ਇਕ ਰੁਤ ਏ, ਸਮਾਂ ਏ, ਇਕ ਸ਼ਹਿਰ ਏ ਤੇ ਸ਼ਹਿਰ ਵਿਚ ਵੱਸਣ ਵਾਲੀ ਮੁਟਿਆਰ ਜਿਸ ਦਾ ਬੇਲੀ ਏ ਮੁਨੀਰ। ਇਹ ਰੁਤ ਤੇ ਸਮੇਂ ਦਾ ਸ਼ੀਸ਼ਾ ਲੈ ਕੇ ਆਪਣੀਆਂ ਤਾਂਘਾਂ ਦੇ ਸੂਰਜ ਅੱਗੇ ਫਿਰਤ ਦੇਂਦੇ ਲਿਸ਼ਕਾਰੇ ਮਾਰਦਾ ਏ, ਅਸੀਂ ਤ੍ਰਬਕ ਤ੍ਰਬਕ ਜਾਂਦੇ ਹਾਂ। ਏਧਰ ਉਧਰ ਵੇਖਨੇ ਆਂ, ਪਰ ਸਾਨੂੰ ਅੱਧ ਅਸਮਾਨ ਤੀਕਰ 'ਸਰਚ ਲਾਈਟਾਂ ਜਹੀਆਂ ਹੀ ਦਿਸਦੀਆਂ ਹਨ, ਨਾ ਤੋਪ ਨਜ਼ਰ ਆਉਂਦੀ ਏ ਨਾ ਹਵਾਈ ਜਹਾਜ਼। ਮੁਨੀਰ 'ਗਮੇਂ ਜਾਨਾ' ਜਾਂ 'ਗਮੇ ਦੌਰਾਂ' ਨੂੰ ਸਿਧਾ ਨਾਂ ਲੈ ਕੇ ਨਹੀਂ ਬੁਲਾਂਦਾ, ਸਗੋਂ ਚੁੜੇਲਾਂ, ਭੂਤਨੀਆਂ, ਜਾਦੂਗਰਨੀਆਂ ਕਹਿ ਕੇ ਸੱਦਦਾ ਏ।'

ਇਸ ਦੀ ਇਕ ਅਸਲੋਂ ਨਿੱਕੀ ਜਹੀ ਕਵਿਤਾ 'ਸ਼ਹਿਰ ਦੇ ਮਕਾਨ ਵੇਖੋ'

ਆਪਣੇ ਈ ਡਰ ਤੋਂ
ਜੁੜੇ ਹੋਏ ਨੇ
ਇਕ ਦੂਜੇ ਦੇ ਨਾਲ।

ਇਹ ਦੋ ਤਿੰਨ ਸਤਰਾਂ ਦੀ ਕਵਿਤਾ ਸੱਚ ਮੁਚ ਹੀ 'ਸਰਚ ਲਾਈਟ' ਜਹੀ ਹੈ, ਪਰ ਇਸ ਵਿਚ ਗਹੁ ਨਾਲ ਵੇਖਣ ਨਾਲ ਲੰਮੀ ਕਵਿਤਾ ਵਾਲੀ ਯੋਗਤਾ ਦਿਸ ਆਉਂਦੀ ਹੈ। ਇਹ ਸਾਰੇ ਪੰਜਾਬੀ ਵਿਚ ਅਸਲੋਂ ਨਵੇਂ ਪ੍ਰਯੋਗ ਹਨ। 'ਸਫਰ ਦੀ ਰਾਤ ' ਵਿਚ ਕੁਝ ਇਕ ਗੀਤ ਵੀ ਹਨ ਪਰ ਉਹ ਰਵਾਇਤੀ ਰੰਗ ਤੋਂ ਅੱਗੇ ਨਹੀਂ ਜਾ ਸਕੇ। ਏਸੇ ਵਰ੍ਹੇ ਮਨੀਰ ਨੇ ਇਕ ਖੰਡ-ਕਾਵਿ (ਮਸਨਵੀ) ਇਕ ਬਹਾਦਰ ਦੀ ਮੌਤ ਵੀ ਲਿਖੀ ਹੈ। ਇਹ ਵੀ ਪੰਜਾਬੀ ਲਈ ਨਵੀਂ ਚੀਜ਼ ਹੈ, ਭਾਵੇਂ ਇਹ ਬਹਿਰ ਤੇ ਵਿਸ਼ੇ ਦੇ ਪੱਖੋਂ ਬਹੁਤੀ ਸਫਲ ਨਹੀਂ।

ਮੁਹੰਮਦ ਅਜ਼ੀਮ 'ਭੱਟੀ' ਇਕ ਹੋਰ ਸ਼ਾਇਰ ਹੈ ਜਿਸ ਨੇ ਨਵੇਂ ਤਜਰਬੇ ਕੀਤੇ ਹਨ। ਮੁਨੀਰ ਨਾਲੋਂ ਉਸ ਦੀ ਕਵਿਤਾ ਵਿਚ ਡੂੰਘਾਈ ਬਹੁਤ ਜ਼ਿਆਦਾ ਹੈ। ਮੁਨੀਰ ਨੇ ਸਾਰੇ ਪਰਯੋਗ ਕਾਫੀਆ ਰਦੀਫ ਦੀ ਬੰਦਸ਼ ਵਿਚ ਕੀਤੇ ਹਨ, ਪਰ ਮੁਹੰਮਦ ਅਜ਼ੀਮ ਨੇ ਇਹ ਸਭ ਤਜਰਬੇ ਕਾਫੀਆ ਰਦੀਫ ਦੀ ਕੈਦ ਤੋਂ ਬਰੀ ਹੋ ਕੇ ਕੀਤੇ ਹਨ, ਪਰ ਬਹਿਰ ਵਲ ਪੂਰਾ ਧਿਆਨ ਰਖਿਆ ਹੈ। ਇਕ ਹੋਰ ਫਰਕ ਹੈ ਮੁਨੀਰ ਤੇ ਭੱਟੀ ਦੀ ਕਵਿਤਾ ਦਾ, ਜਿਨਾਂ ਮੁਨੀਰ ਸ਼ਹਿਰੀ ਜ਼ਿੰਦਵੀ ਦੇ ਨੇੜੇ ਹੈ , ਭੱਟੀ ਉਨਾਂ ਹੀ ਪੇਂਡੂ ਜ਼ਿੰਦਗੀ ਦੇ ਨੇੜੇ ਹੈ। ਭੱਟੀ ਦੀ ਕਵਿਤਾ ਵਿਚ ਕਲਪਨਾ ਅਤੇ ਸ਼ਬਦ-ਚਿਤਰ ਵਧੇਰੇ ਹੈ।

ਸੁਕੇ ਪੱਤਰ
ਧੁਪ ਜਿਨ੍ਹਾਂ 'ਚੋਂ
ਜੀਵਨ ਦਾ ਸਤ ਕਢ ਲੈਂਦੀ ਏ।
ਲਵੀਆਂ ਟਾਹਣੀਆਂ ਨਾਲੋਂ ਟੁਟ ਕੇ
ਧਰਤੀ ਉਤੇ ਡਿਗ ਪੈਂਦੇ ਨੇ,
ਫਿਰ ਵੀ ਉਹ ਸੁਕੇ ਹੋਏ ਪਤਰ
ਸਾਡੇ ਨਾਲੋਂ ਤੇ ਚੰਗੇ ਨੇ
ਇਨ੍ਹਾਂ ਵਿਚ ਜੀਵਨ ਦਾ ਕੁਝ ਸ਼ਊਰ ਨਹੀਂ ਏ
ਚੁਪ ਚਾਪ ਈ ਮਰ ਜਾਂਦੇ ਨੇ

ਅਸੀਂ ਆਦਮੀ,
ਜਿਨ੍ਹਾਂ ਨੂੰ ਹੈ ਸ਼ਊਰ ਜੀਣ ਦਾ ਸਾਡੇ ਲਈ ਤਾਂ
ਇੰਜ ਮਰਨਾ ਵੀ ਸੌਖਾ ਨਹੀਂ ਏ।

ਕਵਿਤਾ ਵਿਚ ਇਕ ਵਿਅੰਗ ਹੈ। ਪੱਤਰਾਂ ਦਾ ਹਰਾਮੀ ਬੱਚੇ ਨਾਲ ਪ੍ਰਤੀਕ ਬਿਲਕੁਲ ਨਵਾਂ ਤੇ ਅਛੂਤਾ ਏ। ਏਸੇ ਤਰ੍ਹਾਂ ਉਸ ਦੀਆਂ 'ਪੰਜਾਬੀ ਅਦਬ' ਤੇ 'ਪੰਜ ਦਰਿਆ' ਤੇ 'ਇਕਦਾਮ' ਵਿਚ ਛਪੀਆਂ ਕਵਿਤਾਵਾਂ ਪੰਜਾਬੀ ਸਾਹਿਤ ਵਿਚ ਇਕ ਨਵਾਂ ਮੋੜ ਹਨ।

ਜ਼ਫਰ ਇਕਬਾਲ ਉਰਦੂ ਦਾ ਪ੍ਰਸਿਧ ਕਵੀ ਤੇ ਗਲਪ-ਕਾਰ ਏ। ਅਜ ਕਲ ਮਿੰਟਗੁਮਰੀ ਵਿਚ ਵਕਾਲਤ ਕਰ ਰਿਹਾ ਹੈ। ਉਸ ਨੇ ਵੀ ਵਿਸ਼ੇ ਵਿਚ ਨਵੇਂ ਨਵੇਂ ਪ੍ਰਯੋਗ ਕੀਤੇ ਹਨ। ਨਿੱਕੀ ਤੋਂ ਨਿੱਕੀ ਗੱਲ ਨੂੰ ਕਲਾ ਦੀ ਫਬਵੀਂ ਲਪੇਟ ਵਿਚ ਲਪੇਟ ਕੇ ਵਧਾ ਦੇ ਕਹਿਣਾ ਉਸ ਦੇ ਫਨ ਦਾ ਕਮਾਲ ਹੈ। ਉਸ ਦੀ ਕਵਿਤਾ ਨਿਵਾਣ ਵਲੋਂ ਤੁਰ ਦੇ ਸਿਖਰ ਤੇ ਜਾ ਕੇ ਇਕ ਦਮ ਅਸਰ ਛੱਡ ਕੇ ਮੁਕ ਜਾਂਦੀ ਏ। ਤੇ ਆਦਮੀ ਚਕ੍ਰਿਤ ਰਹਿ ਜਾਂਦਾ ਏ। ਜਿਵੇਂ ਮਹਿਕ ਦਾ ਬੁਲ੍ਹਾ ਇਕ ਦਮ ਕੋਲੋਂ ਲੰਘ ਜਾਏ ਤੇ ਆਦਮੀ ਨੂੰ ਵਿਰਾਗ ਜਿਹਾ ਲਾ ਜਾਏ। ਇਹ ਹੈ 'ਇਕਬਾਲ' ਦੀ ਕਵਿਤਾ ਦਾ ਗੁਣ।

ਨਵੀਂ ਜੁਤੀ ਨੇ, ਪਲ ਵਿਚ ਧਾਇਆ,
ਸੁਹਲ ਅੱਡੀ ਤੇ ਛਾਲਾ।
ਮੋਰਾਂ ਵਰਗਾ ਟੋਰਾ ਛੱਡ ਕੇ,
ਹੁਣ ਤੂੰ ਚਾਲ ਅਵੱਲੀ ਚੱਲੇਂ।
ਘਰੋਂ ਸਕੂਲੇ ਆਉਂਦੀ ਜਾਂਦੀ ਆਪਣੇ ਨਾਲ ਦੀਆਂ
ਕੁੜੀਆਂ ਤੋਂ
ਪਿਛੇ ਰਹਿ ਜਾਵੇਂ
ਨਾ ਮੈਂ ਸੁਹੁਲ ਮਲੂਕ,
('ਸਜਰੇ ਫੁਲ' ਵਿਚੋਂ)

ਏਸ ਤੋਂ ਬਿਨਾ ਜ਼ਫਰ ਇਕਬਾਲ ਦੀਆਂ ਏਸ ਵਰ੍ਹੇ ਛਪੀਆਂ ਕਵਿਤਾਵਾਂ ਵਿਚੋਂ "ਸੱਤ ਬਗ਼ਾਨੀ"(ਪੰਜਾਰੀ ਅਦਬ ਅਕਤੂਬਰ ੧੯੬੦) ਤੇ"ਸਜਰੇ ਫੁੱਲ" ਵਿਚ ਛਪੀਆਂ ਕਵਿਤਾਵਾ ਖ਼ਾਸ ਧਿਆਨ-ਯੋਗ ਹਨ।

ਪ੍ਰੋ: ਸ਼ਰੀਫ ਕੁੰਜਾਹੀ ਐਮ. ਏ. ਪਾਕਿਸਤਾਨ ਦੇ ਉਰਦੂ ਤੇ ਪੰਜਾਬੀ ਲਿਖਾਰੀਆਂ ਵਿਚੋਂ ਪਹਿਲੀ ਸਫ਼ ਦਾ ਮਸ਼ਹੂਰ ਕਵੀ ਹੈ। ੧੯੫੮ ਵਿਚ ਛਪੀ ਉਨ੍ਹਾਂ ਦੀ ਪੁਸਤਕ 'ਜਗਰਾਤੇ' ਜਿਹੜੀ ਕਿ ਏਧਰ ਛਪੀ ਸੀ, ਵਿਚ ਗ਼ਮਾਂ, ਮੌਲਾ ਖ਼ੈਰ ਗੁਜ਼ਾਰੇ, ਲਾਹੌਰ ਨਾਹੌਰ ਏ, ਕੌਣ ਇਹ ਖੱਖਰ ਛੇੜੇ, ਆਦਿ ਲੰਮੀਆਂ ਕਵਿਤਾਵਾਂ ਬੜੀਆਂ ਹੀ ਸਫ਼ਲ ਸਨ। ਸ਼ਰੀਫ਼ ਬੜੀਆਂ ਲੰਮਈਆਂ ਕਵਿਤਾਵਾਂ ਲਿਖਦਾ ਏ। ਏਸ ਵਰ੍ਹੇ ਵੀ ਉਸ ਨੇ ਲੰਮੀਆਂ ਕਵਿਤਾਵਾਂ ਦੇ ਕੁਝ ਨਵੇਂ ਪ੍ਰਯੋਗ ਕੀਤੇ ਹਨ। 'ਬੰਬਾਰੀ ਦੀ ਇਕ ਤਸਵੀਰ' ਵਿਚ ਅਮਨ ਬਾਰੇ ਲਿਖਦਿਆਂ ਉਸ ਨੇ ਜੰਗ ਤੇ ਬੜੀ ਹੀ ਅਨੋਖੀ ਤਰ੍ਹਾਂ ਵਿਅੰਗ ਕੀਤਾ ਹੈ। ਮੇਰੇ ਖਿਆਲ ਵਿਚ ਸ਼ਰੀਫ ਦੀ ਇਹ ਕਵਿਤਾ ਪੰਜਾਬੀ ਸਾਹਿਤ ਵਿਚ ਇਕ ਮਿਲ-ਪੱਥਰ ਹੈ। ਨਮੂਨਾ ਦੇਖੋ –

ਧੀਏ ਨੀ ਲੜਾਈਆਂ ਵਿਚ ਏਹੋ ਕੁਝ ਹੁੰਦਾ ਏ
ਤੋਪਾਂ ਦਸ ਮੂੰਹੋਂ ਹੋਰ ਪੜ੍ਹਨੀਆਂ ਆਇਤਾਂ ਨੇ
ਹਵਾਈ ਜਹਾਜ਼ਾਂ ਵਿਚੋਂ ਭਲਾ ਛੱਲੀਆਂ ਨੇ ਢੀਣੀਆਂ
ਉੱਡਦੇ ਅਕਾਸ਼ ਵਿਚ ਚੰਗੇ ਭਲੇ ਲੱਗਦੇ
ਉਂਜ ਨੇ ਦੁਗਾੜੇ ਨਿਰੀ, ਮੌਸੜੀ ਤੇ ਅੱਗ ਦੇ
ਤਕਣੇ ਨੂੰ ਹੁੰਦੀਆਂ ਧਮੂੜੀਆਂ ਵੀ ਸੁਹਣੀਆਂ
ਸੱਪਣੀਆਂ ਪੱਟ ਨਾਲੋਂ ਕੂਲੀਆਂ ਨੇ ਹੋਂਦੀਆਂ।

ਲੰਮੀਆਂ ਕਵਿਤਾਵਾਂ ਵਿਚੋਂ ਅਬਦੁਲ ਮਜੀਦ ਭੱਟੀ ਦੀਆਂ 'ਚੰਨ ਈਦ ਦਾ ਚੜ੍ਹਿਆ' ਤੇ 'ਸਹਿਤੀ', ਹਮੀਦ ਅਲੀ ਹਾਸ਼ਮੀ ਦੀ 'ਊਠਾਂ ਵਾਲੇ', ਸ਼ਹਿਜ਼ਾਦਾ ਅਹਿਮਦ ਦੀ 'ਵੇਲੇ ਦੀ ਗੱਲ', ਉਰਦੂ ਦੇ ਮਸ਼ਹੂਰ ਕਵੀ ਹਫੀਜ਼ ਜਾਲੰਧਰੀ ਦੀ 'ਦਰਦ ਦੀਆਂ ਲੱਜਤਾਂ', ਅਫਜ਼ਲ ਪਰਵੇਜ਼ ਦਾ 'ਸੱਸੀਏ ਅਕਲੋਂ ਕੱਸੀਏ', ਕਯੂਮ ਨਜ਼ਰ ਦੀ 'ਮੁੜ ਤੂੰ' ਤੇ ਹਕੀਮ ਨਾਸਰ ਦੀਆਂ 'ਲਾਹੌਰ ਦੀ ਸੈਰ' 'ਸਜਰਾ ਸੂਰਜ' ਬੜੀਆਂ ਸਫ਼ਲ ਕਵਿਤਾਵਾਂ ਹਨ।

ਏਨ੍ਹਾਂ ਤੋਂ ਬਿਨਾਂ ਅਨਾਮ 'ਅਦੀਬ' ਤੇ ਅਨੀਸ 'ਨਾਗੀ' ਦੀਆਂ ਕਵਿਤਾਵਾਂ ਖਾਸ ਤੌਰ ਤੇ ਸ਼ਲਾਘਾਯੋਗ ਹਨ। ਏਨ੍ਹਾਂ ਨੇ ਪ੍ਰਤੀਕਵਾਦੀ ਕਵਿਤਾਵਾਂ ਲਿਖੀਆਂ ਹਨ। ਅਨਾਮ ਅਦੀਬ ਦੀ 'ਸਪੇਰਾ' ਨਜ਼ਮ ਵੇਖੋ।

ਧੁੱਪ ਵਿਚ ਸੜਦਾ, ਹੌਕੇ ਭਰਦਾ
ਗਲੀ ਗਲੀ ਅਜ ਫਿਰੇ ਸਪੇਰਾ, ਬੀਨ ਵਜਾਂਦਾ
ਇਕ ਇਕ ਪੈਸਾ, ਕਠਾ ਕਰ ਕੇ
ਇਕ ਵੈਰੀ ਨੂੰ ਗਲ ਨਾਲ ਲਾ ਕੇ

ਦੁਖ ਹਯਾਤੀ ਦੇ ਇਹ ਸਹਿੰਦਾ
ਇਕ ਗਠੜੀ ਵਿਚ ਬੰਨ੍ਹ ਕੇ
ਜੀ ਨੂੰ ਖਬਰੇ ਕੋਈ ਨਾ ਢੁੱਕੇ
ਮੈਂ ਕੀ ਦੱਸਾਂ ਉਹ ਕੀ ਕਹਿੰਦਾ?
ਦਿਲ ਵਿਚ ਆਪਣੇ ਬਾਲ ਕੇ ਸ਼ੁਅਲੇ
ਦਿਲ ਵਿਚ ਆਪਣੇ ਹੌਕੇ ਭਰਦਾ।
ਗਲੀ ਗਲੀ ਅਜ ਫਿਰੇ ਸਪੇਰਾ
ਬੀਨ ਵਜਾਂਦਾ।

('ਪੰਜਾਬੀ ਅਦਬ', ਸਤੰਬਰ)

ਇਸ ਵਿਚ ਅਨਾਮ ਅਦੀਬ ਨੇ ਢਿਡ ਖਾਤਰ ਪਾਪੜ ਵੇਲ ਰਹੀ ਜ਼ਿੰਦਗੀ ਦੀ ਯਥਾਰਥ ਭਰੀ ਤਸਵੀਰਕਸ਼ੀ ਕੀਤੀ ਹੈ। ਕਿਸ ਤਰ੍ਹਾਂ ਇਨਸਾਨ ਨੂੰ ਸੱਪ ਵਰਗੀ ਚੀਜ਼ ਨੂੰ ਗਲ ਲਾਕੇ ਰੋਜ਼ਗਾਰ ਦੇ ਸਵਾਲ ਹੱਲ ਕਰਨੇ ਪੈਂਦੇ ਨੇ।

'ਪਿਆਰ ਮੁੱਢ ਤੋ ਹੀ ਦੁਖਾਂਤ ਵਿਚ ਮੁਕਦਾ ਆਇਆ ਹੈ' ਸਫਦਰ ਵਹੀਦ ਤੇ ਗੌਹਰ ਨੌਸ਼ਾਹੀ ਦੀਆਂ ਦੋ ਨਿੱਕੀਆਂ ਨਿੱਕੀਆਂ ਕਵਿਤਾਵਾਂ ਏਸ ਵਿਸ਼ੇ ਤੇ ਵੇਖੋ।

ਅੱਜ ਮੈਂ ਤੇਰੇ ਪਿਆਰ ਦੀ ਖਾਤਰ
ਉਚੀਆਂ ਲੰਮੀਆਂ ਵਾਟਾਂ ਤੁਰ ਕੇ
ਤੇਰੇ ਬੂਹੇ ਆਣ ਖਲੋਤਾ।
ਤੇਰੇ ਹੱਥੀਂ ਸ਼ਗਨਾਂ ਵਾਲੀ ਰੰਗਲੀ ਮਹਿੰਦੀ ਵੇਖੀ।
ਸਿਰ ਤੇ ਸੂਹਾ ਲੀੜਾ ਡਿੱਠਾ, ਵਾਪਸ ਮੁੜਿਆ
ਉਹ ਨਾ ਹੋਵੇ ਲੋਕੀ ਆਖਣ
ਡੋਲੀ ਡਕਣ ਆਣ ਖਲੋਤਾ
ਤੇਰੀਆਂ ਸੱਧਰਾਂ ਢਹਿ ਨਾ ਜਾਵਣ
ਤੇਰੀਆਂ ਨਜ਼ਰਾਂ ਉੱਚੀਆਂ ਰਹਿਵਣ

(ਸਫ਼ਦਰ ਵਹੀਦ)

ਏਸ ਵਿਚ ਸਫ਼ਦਰ ਵਹੀਦ ਨੇ ਗ਼ਲਤ ਕੀਮਤਾਂ ਵਿਚ ਪਿਆਰ ਦਾ ਸਫ਼ਲ ਨਾ ਹੋ ਸਕਣਾ ਤੇ ਮਹਿਬੂਬ ਦਾ ਪਰਾਏ ਵਸ ਹੋ ਜਾਣਾ ਦਰਸਾ ਕੇ ਇਸ਼ਕ ਦਾ ਹੁਸਨ ਦੀ ਪੱਤ ਰੱਖਣਾ ਬੜੇ ਸੁਚੱਜੇ ਢੰਗ ਨਾਲ ਦਰਸਾਇਆ ਹੈ। ਗੌਹਰ ਨੌਸ਼ਾਹੀ 'ਡੁੱਲ੍ਹੇ ਬੇਰ' ਵਿਚ

ਕਹਿੰਦਾ ਹੈ।

ਮੇਰੀ ਕੱਚੀ ਕਲੀ
ਤੂੰ ਮਹਿਲਾਂ ਵਿਚ ਵੱਸਣ ਵਾਲੀ
ਮੇਰੇ ਸਿਰ ਸਧਰਾਂ ਦਾ ਸਾਇਆ
ਤੇਰੇ ਸਿਰ ਵੇਲੇ ਦਾ ਤਾਜ
ਤੂੰ ਇਹ ਸਮਝੇਂ
ਤੇਰਾ ਮੇਰਾ ਕੀ ਨਿਬਾਹ
ਹੁਣ ਵੀ ਸਾਂਭ ਲੈ ਆਪਣਾ ਕੀਤਾ।
ਕਿਉਂ ਜੇ ਲੋਕੀ ਸੱਚੇ ਆਖਣ
ਡੁੱਲ੍ਹੇ ਬੇਰਾਂ ਦਾ ਕੀ ਜਾਂਦਾ।

(ਪੰਜਾਬੀ ਅਦਬ)

ਏਸ ਤੋਂ ਬਿਨਾਂ ਗੌਹਰ ਨੌਸ਼ਾਹੀ ਦੀ 'ਕੱਚੀਆਂ ਕਲੀਆਂ' ਤੇ 'ਆ ਨੀ ਫਰ ਅਜ' 'ਪੰਜ ਦਰਿਆ'(ਦਸੰਬਰ ਤੇ ਜੁਲਾਈ ਵਿਚ ਛਪੀਆਂ ਕਵਿਤਾਵਾਂ) ਵੀ ਸ਼ਲਾਘਾ ਯੋਗ ਹਨ। ਇਨ੍ਹਾਂ ਵਹੀਦ ਅਤਹਰ, ਹੁਸਨ ਅਰਾਫ਼ੀ, ਅਸਮਾਈਲ ਕਲੰਦਰ, ਖ਼ਲੀਲ ਆਤਸ਼, ਰਸ਼ੀਮ ਸੈਮੀਂ, ਮਨੂੰ ਭਾਈ ਆਦਿ ਦੇ ਯਤਨ ਵੀ ਸ਼ਲਾਘਾ ਯੋਗ ਤੇ ਬੜੇ ਈ ਸਫ਼ਲ ਹਨ। ਏਨ੍ਹਾਂ ਨੇ ਵੀ ਵਧੇਰੇ ਕਰ ਕੇ ਪ੍ਰਯੋਗਵਾਦੀ ਕਵਿਤਾ ਦੀ ਰਚਨਾ ਕੀਤੀ ਹੈ। ਏਨ੍ਹਾਂ ਤੋਂ ਬਿਨਾਂ ਅੰਮ੍ਰਿਤਾ ਪ੍ਰੀਤਮ, ਬਾਵਾ ਬਲਵੰਤ, ਆਤਮ ਹਮਰਾਹੀ, ਗੁਰਮਖ ਸਿੰਘ ਮੁਸਾਫਰ, ਦਰਸ਼ਨ ਸਿੰਘ 'ਅਵਾਰਾ', ਮੋਹਣਜੀਤ, ਰਣਧੀਰ ਸਿੰਤ 'ਚੰਦ', ਹਜ਼ਾਰਾ ਸਿੰਘ ਗੁਰਦਾਸਪੁਰੀ ਤੇ ਜਗਤਾਰ ਪਪੀਹਾ ਦੀਆਂ ਕਵਿਤਾਵਾਂ ਵੀ ਪਾਕਿਸਤਾਨ ਵਿਚ ਛੱਪਦੀਆਂ ਰਹੀਆਂ ਹਨ, ਜਿਨ੍ਹਾਂ ਬਾਰੇ ਏਸ ਲੇਖ ਵਿਚ ਜ਼ਿਕਰ ਕਰਨ ਦੀ ਕੋਈ ਲੋੜ ਨਹੀਂ।

17.1 Phrases

ਏਨ੍ਹਾਂ ਤੋਂ ਬਿਨਾਂ	besides these
ਖ਼ਾਸ ਤੌਰ ਤੇ	especially

ਬਹੁਤ ਸਾਰੇ	many a
ਲੀਹਾਂ ਤੇ ਚਲ ਰਹੇ ਹਨ	are following the line
ਦੋ ਚਾਰ ਹੀ	very few
ਏਸ ਕਾਰਣ ਕਰਕੇ	for this reason
ਮੰਨੇ ਪ੍ਰਮੰਨੇ ਕਵੀ	recognized poets
ਨਹੀਂ ਤਾਂ	otherwise
ਹੋਰ ਵੀ ਸਾਫ਼	even clearer, even more apparent
ਹੌਕਾ ਭਰਨਾ	to sigh
ਜਿਨਾਂ...ਉੰਨਾਂ ਹੀ	as much as...so
ਤਕਣੇ ਨੂੰ ਹੁੰਦੀਆਂ ਧਮੂੜੀਆਂ ਵੀ ਸੁਹਣੀਆਂ ਸੱਪਣੀਆਂ ਪੱਟ ਨਾਲੋਂ ਕੂਲੀਆਂ ਨੇ ਹੋਂਦੀਆਂ	even wasps are beautiful to look at; snakes are softer than silk
ਵਧੇਰੇ ਕਰਕੇ	mostly

17.2 Vocabulary

ਅਕਾਸ਼	sky (m.)
ਅੱਖਰ	letter (of the alphabet), word (m.)
ਅਛੂਤਾ	untouched, unique
ਅਮਨ	peace (m.)
ਅਵੱਲੀ	best
ਆਤਮ-ਸੰਘਰਸ਼	self-struggle, conflict (m.)
ਇਕਲਾਪਾ	loneliness (m.)
ਉਪਜਣਾ	to be born
ਸ਼ਊਰ	intelligence (m.)
ਸੰਕੋਚ	hesitation (m.)
ਸਖਣੀ ਰਹਿਣਾ	to be tied, to be woven
ਸ਼ਗਨ	auspicious event, omen (m.)
ਸੰਘਰਸ਼	struggle (m.)
ਸਜਰਾ	fresh
ਸੱਧਰ	desire, enthusiasm (f.)
ਸੱਪ	snake (m.)
ਸੱਪਣੀ	snake (f.)
ਸਪੇਰਾ	snake charmer (m.)
ਸਫ਼	row (f.)
ਸ਼ਬਦ-ਚਿਤਰ	word-sketch (m.)
ਸਰਚਣਾ	to be distributed
ਸ਼ਲਾਘਾ-ਯੋਗ	praiseworthy
ਸ਼ਾਇਰ	poet (m.)
ਸ਼ਾਇਰੀ	poetry (f.)
ਸਾਫ਼	clear
ਸਿਖਰ	top (m.)
ਸਿਧਾ	= ਸਿੱਧਾ , direct

ਸ਼ੀਸ਼ਾ	mirror (m.)
ਸ਼ੁਅਲਾ	burning flame (m.)
ਸੁਹੁਲ	soft, tender
ਸੂਹਾ	crimson, red
ਸ਼ੂਕਰ	whistle, hiss (f.)
ਹਯਾਤੀ	life (f.)
ਹਰਫ਼	letter (f.)
ਹਰਾਮੀ	bastardly, lazy
ਹਲ ਕਰਨਾ	to solve
ਹਵਾਈ ਜਹਾਜ਼	airplane (m.)
ਹਿੰਦੀ-ਨੁਮਾ	Hindi-like , Hindi-ized
ਹੌਕਾ	sorrow (m.)
ਹੌਕਾ	= ਹੁੱਕਾ
ਕੱਚਾ	unripe
ਕਠਨਾਈ	difficulty, hardship (f.)
ਕਮਾਲ	wonder (m.)
ਕਲੀ	bud (f.)
ਕਾਫ਼ੀਆ ਰਦੀਫ਼	a particular poetic meter (m.)
ਕੀਮਤ	price, value (f.)
ਕੂਕ	loud call, noise, shriek (f.)
ਕੂਲਾ	soft, tender
ਖੱਖਰ	wasp's nest (m.)
ਖੰਡ-ਕਾਵਿ	short epic, long poem (m.)
ਖੜਕਾਉਣਾ	to rattle (trans.)
ਖ਼ੈਰ	alms, welfare (f.)
ਗ਼ਜ਼ਲ-ਕਾਵਿ	Gazal literature (m.)
ਗਠੜੀ	bundle (f.)
ਗਮ	sorrow (f.)

ਗਮਾਂ ਘੇਰੀ	surrounded by sorrows
ਗਲਤ	wrong
ਗਲਪਕਾਰ	fiction writer (m.)
ਗੀਤਿ-ਕਾਵਿ	lyric poetry (m.)
ਗੁੱਝਣਾ	to be braided, kneaded
ਚਕ੍ਰਿਤ	astonished
ਚਾਲ	pace, mode of walking (f.)
ਚੁੜੇਲ	witch (f.)
ਛੱਲਾ	honeycomb (f.)
ਛਾਲਾ	blister (m.)
ਛਿੱਟ	sprinking (f.)
ਜਾਦੂਗਰਨੀ	wizard (f.)
ਟਾਹਣੀ	bough (f.)
ਟੋਹਾ	talking nonsense, striking a ball with a bat (m.)
ਡਕਣਾ	to obstruct, check, hinder
ਡੁੱਲ੍ਹਨਾ	to be shaken down
ਡੈਣ	witch, old woman (f.)
ਚੀਣੀ	hole (f.)
ਤਸਵੀਰ	picture (f.)
ਤਸਵੀਰਕਸ਼ੀ	painting (f.)
ਤਜਰਬਾ	experiment (m.)
ਤਰਨਾ	to swim, float
ਤ੍ਰਬਕਣਾ	to flutter
ਤੁਲਨਾ	comparison (f.)
ਦਿਕ	tuberculosis (m.)
ਦੁਗਾੜਾ	double-barrelled gun (m.)
ਦੌਰ	times, age (m.)
ਧਮੂੜੀ	yellow wasp (f.)
ਧਾਰਾ	stream (f.)

ਨਹਿਰ	canal (f.)
ਨਜ਼ਮ	poem (f.)
ਨਪੀੜ	pressure (f.)
ਨਿਬਾਹ	living, getting along (m.)
ਨਿਵਾਣ	low place, depth (m.)
ਪਹਿਰੇਦਾਰ	guard, watchman (m.)
ਪੱਟ	silk (m.)
ਪ੍ਰਤੀਕ	symbol (m.)
ਪ੍ਰਤੀਕਵਾਦੀ	symbolistic
ਪ੍ਰਯੋਗਵਾਦੀ	experimental
ਪਰਾਇਆ	someone else's, other
ਪਾਪੜ	a kind of crisp, salty wafer (m.)
ਪਾਪੜ ਵੇਲਣਾ	to work very hard
ਧੁੰਦਲਾ	dim
ਪੌਦ	generation, crop (f.)
ਫਨ	art (m.)
ਫਬਵਾਂ	well attired, ornate
ਫਿਰਤ	rotation (m.)
ਫਿਲਮੀ	pertaining to films (adj.)
ਫੁਹਾਰ	sprinkle (f.)
ਬਹਿਰ	wave (f.)
ਬਗਾਨਾ	= ਬਿਗਾਨਾ
ਬੰਦਸ਼	bondage, rhyming (f.)
ਬਲਵਾਨ	strong
ਬਾਸੀ	faded, rotten, left-over
ਬਾਲਣਾ	to kindle, burn
ਬੀਨ	type of flute used by snake-charmers
ਬੁਲ੍ਹਾ	blast of wind (m.)

ਬੂਹਾ	door, window (m.)
ਭੱਟੀ (ਭੱਠੀ)	oven (f.)
ਭੂਤਨੀ	ghost (f.)
ਮਹਿਕ	scent, fragrance (f.)
ਮਹਿਬੂਬ	beloved (m.)
ਮਹਿਲ	= ਮਹੱਲ
ਮਕਾਨ	house (m.)
ਮੰਨਾ ਪ੍ਰਮੰਨਾ	famous, recognized
ਮਲੂਕ	beautiful, tender
ਮਾਇਆ-ਜਾਲ	net of illusion, mirage (m.)
ਮੀਲ ਪੱਥਰ	milestone (m.)
ਮੁਸੀਬਤ	difficulty (f.)
ਮੁਢ	beginning (m.)
ਮੋਰ	peacock (m.)
ਮੌਤੜੀ	death (f.)
ਯਥਾਰਥ	real (adj.) reality (m.)
ਯੋਗਤਾ	ability (m.)
ਰਵਾਇਤੀ	motion, flow (f.)
ਰੁਤ	season (f.)
ਰੂਹ	soul (f.)
ਰੂਪ-ਰੇਖਾ	outline (f.)
ਰੂਪ-ਵਾਦੀ	formalist (m.)
ਰੋਜ਼ਗਾਰ	job (m.)
ਲਪੇਟ	wrapping (f.)
ਲਪੇਟਣਾ	to wrap
ਲਿਸ਼ਕਾਰਾ	glitter, shine (m.)
ਲਿਖਾਰੀ	writer (m.)
ਲੀੜਾ	cloth (m.)

ਲੇਖ	article, essay (m.)
ਵਸ	control (m.)
ਵਧਾਈ	congratulation ਵਧਾਈ ਦਾ ਪਾਤਰ ਹੋਣਾ worthy of congratulation (f.)
ਵਾਟ	path, road (f.)
ਵਿਸ਼ੇ	subject, subject matter (m.)
ਵਿਸ਼ੇਸ਼	special

17.3 Answer the following questions in Panjabi:

੧. ਦੇਸ਼ ਦੀ ਵੰਡ ਪੰਜਾਬੀ ਕਵਿਤਾ ਤੇ ਕੀ ਅਸਰ ਹੋਇਆ ਹੈ?
੨. ਕਿੰਨੇ ਕਿੰਨੇ ਕਵੀ ਸਾਹਿਤ ਦੀ ਰੂਪਰੇਖਾ ਬਦਲ ਦਿੱਤੀ ਹੈ?
੩. ਨਵੀਂ ਪੌਦ ਵਿੱਚੋਂ ਕੌਣ ਕੌਣ ਚੰਗੇ ਪ੍ਰਯੋਗ ਕਰ ਰਹੇ ਹਨ?
੪. ਨਵੀਂ ਪੌਦ ਦੇ ਬਹੁਤ ਸਾਰੇ ਕਵੀ ਕਿਸ ਰੂਪਰੇਖਾ ਤੇ ਚਲ ਰਹੇ ਹਨ?
੫. ਪਾਕਿਸਤਾਨੀ ਪੰਜਾਬੀ ਕਵਿਤਾ ਕਿਵੇਂ ਚਲ ਰਹੀ ਹੈ?
੬. ਅਸਮਾਇਲ ਮਤਵਾਲਾ ਆਪਣੇ ਗੀਤਾਂ ਨੂੰ ਕਿਉਂ ਨਹੀਂ ਅੱਗੇ ਲਿਆ ਸਕੇ?
੭. ਗਜਲ ਕਵੀ ਆਪਣੀ ਕਵਿਤਾ ਦਾ ਪ੍ਰਯੋਗ ਕਿਵੇਂ ਕਰ ਰਹੇ ਹਨ?
੮. ਅੱਜਕਲ ਪਾਕਿਸਤਾਨ ਵਿਚ ਕਿਸ ਤਰ੍ਹਾਂ ਦੀ ਕਵਿਤਾ ਦਾ ਮੋੜ ਹੈ?
੯. ਮੁਨੀਰ ਨਿਆਜ਼ੀ ਤੇ ਹੋਰ ਇਸ ਦੇ ਸਾਥੀ ਕਿਸ ਤਰ੍ਹਾਂ ਦੀ ਕਵਿਤਾ ਪੀੜ ਵਿਚ ਲੈ ਆਏ ਹਨ?
੧੦. ਮੁਨੀਰ ਨਿਆਜ਼ੀ ਦੀ "ਸਫ਼ਰ ਦੀ ਰਾਤ" ਕਦੋਂ ਛਪੀ?
੧੧. ਮੁਨੀਰ ਨਿਆਜ਼ੀ ਦੀ ਕਵਿਤਾ ਕਿਸ ਤਰ੍ਹਾਂ ਦੀ ਹੈ?
੧੨. ਛੁਟਾਂ ਲਾਲ "ਫੁਹਾਰ"(ਦੀਆਂ) ਵਿੱਚ ਕੀ ਦਰਸ਼ਾਇਆ ਗਿਆ ਹੈ?
੧੩. "ਰੋਜ਼ ਸ਼ਾਮ ਨੂੰ ਨਵੀਂ" ਕਵਿਤਾ ਵਿਚ ਕੀ ਦਰਸ਼ਾਇਆ ਗਿਆ ਹੈ?
੧੪. ਮੁਨੀਰ ਨਾਲੋਂ ਮੁਹੰਮਦ ਦੀ ਕਵਿਤਾ ਵਿਚ ਕੀ ਜਿਆਦਾ ਹੈ?
੧੫. ਮੁਨੀਰ ਅਤੇ ਭੱਟੀ ਦੀ ਕਵਿਤਾ ਵਿਚ ਕੀ ਅੰਤਰ ਹੈ?
੧੬. ਜਫਰ ਇਕਬਾਲ ਕੌਣ ਹੈ? ਅਤੇ ਕਿੱਥੇ ਰਹਿੰਦਾ ਹੈ?
੧੭. ਜਫਰ ਇਕਬਾਲ ਕਵਿਤਾ ਦਾ ਵਰਣਨ ਕਿਵੇਂ ਕਰਦਾ ਹੈ?
੧੮. ਪਾਕਿਸਤਾਨੀ ਪੰਜਾਬੀ ਲਿਖਾਰੀਆਂ ਵਿੱਚੋਂ ਪਹਿਲਾਂ ਤੇ ਮਸ਼ਹੂਰ ਕਵੀ ਕੌਣ ਹੈ?

੧੯. ਸ਼ਰੀਫ਼ ਨੇ "ਬਮ ਬਾਰੀ ਦੀ ਇਕ ਤਸਵੀਰ" ਵਿਚ ਕੀ ਦਰਸ਼ਾਇਆ ਹੈ?

17.4 Fill in the blanks:

੧. ਨਵੀਂ —— ਦੇ —— ਸ਼ਾਇਰ —— ਦੀਆਂ ਲੀਹਾਂ —— ਤੇ ਚਲ —— ਹਨ।
੨. ਭਾਵੇਂ ਉਨ੍ਹਾਂ ਨੇ —— ਪਰਯੋਗ ਨਹੀਂ ਕੀਤੇ, —— ਵਿਸ਼ੇ ਦੇ —— ਉਹ
ਭਾਰਤੀ ਕਵੀਆਂ —— ਅਗੇ ——।
੩. —— ਅਮਰੀਕਾ ਵਿਚ —— ਕਵਿਤਾ —— ਰਚੀਜਾ —— ਹੈ।
੪. ਜਿੰਦਗੀ ਦੇ —— ਤੇ —— ਬਾਰੇ ਉਸਦੀ ਕਵਿਤਾ —— ਬਲਵਾਨ ਹੈ।
੫. ਉਹ ਛੋਟੀ —— ਗੱਲ ਵਿਚ ਬਹੁਤ ਬੜੀ —— ਕਹਿ —— ਦੀ ਸ਼ਕਤੀ
—— ਹੈ।
੬. ਜਿਨਾਂ ਮੁਨੀਰ —— ਜਿੰਦਗੀ ਦੇ ਨੇੜੇ ਹੈ —— ਭੱਟੀ —— ਜਿੰਦਗੀ ਦੇ।
੭. —— ਇਹ ਵਿਸ਼ੇ ਤੇ —— ਸਫ਼ਲ ਨਹੀਂ, ਪਰ ਫੇਰ ਵੀ ਪੰਜਾਬੀ —— ——
ਚੀਜ਼ ——।
੮. ਨਿੱਕੀ —— ਨਿੱਕੀ ਗੱਲ ਨੂੰ ਵਧਾਕੇ ਉਸਦੇ ਫਨਦਾ —— ਹੈ।
੯. —— ਵਿਚ ਛਪੀਆਂ —— ਹਿੰਦੀ ਸਾਹਿਤ ਵਿਚ ਇਕ —— ਮੋੜ ਹਨ।
੧੦. —— ਖਿਆਲ —— ਉਸਦੀ ਇਹ ਕਵਿਤਾ —— ਸਾਹਿਤ ਵਿਚ —— ਹੈ।
੧੧. ਏਨ੍ਹਾਂ —— ਬਿਨਾਂ —— ਦੀਆਂ ਕਵਿਤਾਵਾਂ ਖ਼ਾਸ —— —— —— ਹਨ।
੧੨. ਗਲਤ —— ਵਿਚ ਪਿਆਰ ਦਾ ਸਫ਼ਲ —— —— ਹੈ।

17.5 Translate into Panjabi:

1. After the partition of India, a great change took place in literature.
2. Many poets of the new generation follow Eliot.
3. Now-a-days experimental poetry is being published in greater quantity.
4. He is particularly to be congratulated on his new book.
5. His poems are full of the real struggle of life.

6. He has compared the sorrows with a fresh grave.
7. They are joined together by their own fears.
8. There is one more difference between the poetry of Frost and Tagore.
9. Reading his poetry, one remains astounded.
10. The sun has taken from them the essence of their life.
11. In my opinion his new poem is a milestone in Panjabi poetry.
12. He has depicted realistically the hard life.
13. It is not good to have false values and ruin oneself.
14. There is no need to mention these poems in this article, as they are well known.

17.6 Write the prose order of the poems quoted in this article and prepare, in Panjabi, a summary of the article giving the main themes of Panjabi poetry in Pakistan.

17.7 ਜਿਨ੍ਹਾਂ ਮੁਨੀਰ ਸ਼ਹਿਰੀ ਜ਼ਿੰਦਗੀ ਦੇ ਨੇੜੇ ਹੈ , ਭੱਟੀ ਉਨ੍ਹਾਂ ਹੀ ਪੇਂਡੂ ਜ਼ਿੰਦਗੀ ਦੇ ਨੇੜੇ ਹੈ।

Bhatti: is as close to village life as Munir is to city life

Based on this construction, translate the following into Panjabi:

1. This house is as old as the other house.
2. He writes as good poetry as Frost.
3. He was as close to me as he was to you.
4. Tagore knows the life of the farmers as well as he knows the life of the laborers.
5. Gandhi was as close to Harijans as you are to Negroes.
6. This book is as interesting as the other is dull.

17.8 Study these uses of the contracted infinitive:

ਜੀਣ ਦਾ ਇਸਾਰਾ	indication of life
ਬਾਣੂੰ ਦੇ ਕਹਿਣ ਅਨੁਸਾਰ	according to (what) Ba:nũ: (says)
ਸ਼ਹਿਰ ਵਿਚ ਵੱਸਣ ਵਾਲੀ	inhabitant of the city

Translate into Panjabi:

1.. He gave me the signal to speak.

2. According to his writing, his father died when he was only three.

3. He married a fruit-seller

4. The poet gives us the power to live.

5. The singer was an inhabitant of New York City.

UNIT XVIII

ਰਾਂਝੇ ਦਾ ਘਰ ਛੱਡਣਾ

ਵਾਰਸ ਸ਼ਾਹ

ਰੂਹ ਛੱਡ ਕਲਬੂਤ ਜਿਉਂ ਵਿਦਾ ਹੁੰਦਾ,
ਤਿਵੇਂ ਇਹ ਦਰਵੇਸ਼ ਸਿਧਾਰਿਆ ਹੈ।
ਅੰਨ ਪਾਣੀ ਹਜ਼ਾਰੇ ਦਾ ਕਸਮ ਕਰ ਕੇ,
ਰਾਹ ਝੰਗ-ਸਿਆਲ ਪਧਾਰਿਆ ਹੈ।
ਕੀਤਾ ਰਿਜ਼ਕ ਨੇ ਖਰਾ ਉਦਾਸ ਰਾਂਝਾ,
ਚਲੋ ਚਲ ਹੀ ਮੂੰਹੋਂ ਪੁਕਾਰਿਆ ਹੈ।
ਕਛੇ ਵੰਝਲੀ ਮਾਰ ਕੇ ਵਿਦਾ ਹੋਇਆ,
ਵਾਰਸ, ਭਾਈ ਤੇ ਦੇਸ ਵਿਸਾਰਿਆ ਹੈ।

* * * * * * *

ਖਬਰ ਭਾਈਆਂ ਨੂੰ ਲੋਕਾਂ ਜਾ ਦਿਤੀ
ਧੀਦੋ ਰੁੱਸ ਹਜ਼ਾਰਿਓਂ ਚੱਲਿਆ ਹੈ।
ਹਲ ਵਾਹੁਣਾ ਉਸ ਤੋਂ ਹੋਇ ਨਾਹੀਂ
ਮਾਰ ਬੋਲੀਆਂ ਭਾਈਆਂ ਘੱਲਿਆ ਹੈ।
ਪਕੜ ਰਾਹ ਤੁਰਿਆ, ਹੰਝੂ ਨੈਣ ਰੋਵਣ,
ਜਿਵੇਂ ਨਦੀ ਦਾ ਨੀਰ ਉਛੱਲਿਆ ਹੈ।
ਅੱਗੋਂ ਵੀਰ ਦੇ ਵਾਸਤੇ ਭਾਈਆਂ ਨੇ,
ਅਧਵਾਟਿਉਂ ਰਾਹ ਜਾ ਮੱਲਿਆ ਹੈ।

* * * * * * *

ਰਾਂਝਾ ਆਖਦਾ, ਉਠਿਆ ਰਿਜਕ ਮੇਰਾ,
ਮੈਥੋਂ, ਭਾਈਓ, ਤੁਸੀਂ ਕੀ ਮੰਗਦੇ ਹੋ?
ਸਾਂਭ ਲਈ ਜੇ ਬਾਪ ਦੀ ਮਿਲਖ ਸਾਰੀ,
ਤੁਸੀਂ ਸਾਕ ਨਾ ਸੈਣ ਨਾ ਅੰਗ ਦੇ ਹੋ।
ਵਿਚੋਂ ਖੁਸ਼ੀ ਹੋਵੋ ਸਾਡੇ ਨਿਕਲਨੇ ਤੇ,
ਗੱਲ ਆਖਦੇ ਮੂੰਹੋਂ ਨਾ ਸੰਗਦੇ ਹੋ।
ਵੱਸ ਲਗੇ ਤਾਂ ਮੈਨੂੰ ਮਨਸੂਰ ਵਾਂਗੂੰ
ਤੁਸੀਂ ਚਾ ਸੂਲੀ ਉਤੇ ਟੰਗਦੇ ਹੋ।

ਭਲੇ ਕੰਮ ਦੇ ਵਿਚ ਨਾ ਨੀਤ ਤੁਸਾਂ,
ਰਵਾਦਾਰ ਲੜਾਈ ਤੇ ਜੰਗ ਦੇ ਹੋ।
ਵਾਰਸ ਸ਼ਾਹ ਹੁਣ ਅਸੀਂ ਉਦਾਸ ਹੋਏ,
ਤੁਸੀਂ ਖ਼ੁਸ਼ੀ ਵਸੋ ਨਾਲ ਰੰਗ ਦੇ ਹੋ।

* * * * * * *

ਭਾਈ:

ਆਖ, ਰਾਂਝਿਆ, ਭਾ ਕੀ ਬਣੀ ਤੇਰੇ,
ਦੇਸ ਬਾਪ ਦਾ ਛੱਡ ਸਿਧਾਰ ਨਾਹੀਂ।
ਵੀਰਾ, ਅੰਬੜੀਂ ਜਾਇਆ, ਜਾ ਨਾਹੀਂ,
ਸਾਨੂੰ ਨਾਲ ਫ਼ਿਰਾਕ ਦੇ ਮਾਰ ਨਾਹੀਂ।
ਇਹ ਭਾਈਆਂ ਅਸੀਂ ਹਾਂ ਵੀਰ ਤੇਰੇ,
ਕੋਈ ਹੋਰ ਵਿਚਾਰ ਵਿਚਾਰ ਨਾਹੀਂ।
ਬਖਸ਼ ਦੇਹ ਗੁਨਾਹ ਤੂੰ ਭਾਈਆਂ ਨੂੰ,
ਕੌਣ ਜੰਮਿਆਂ ਜੋ ਗੁਨ੍ਹਾਗਾਰ ਨਾਹੀਂ।
ਭਾਈਆਂ ਬਾਝ ਨਾ ਮਜਲਸਾਂ ਸੋਂਹਦੀਆਂ ਨੀ,
ਅਤੇ ਭਾਈਆਂ ਬਾਝ ਬਹਾਰ ਨਾਹੀਂ।
ਭਾਈ ਮਰਨ ਤੇ ਪੈਂਦੀਆਂ ਭੱਜ ਬਾਹੀਂ,
ਬਿਨਾਂ ਭਾਈਆਂ ਭਰੇ ਪਰਵਾਰ ਨਾਹੀਂ।
ਤਾਲਿਆਮੰਦ ਦੀਆਂ ਲੱਖ ਖ਼ੁਸ਼ਾਮਦਾਂ ਨੀ,
ਤੇ ਗਰੀਬ ਦਾ ਕੋਈ ਗ਼ਮਖ਼ਾਰ ਨਾਹੀਂ।
ਕੱਲੇ ਭਾਈਆਂ ਨੂੰ ਲੋਕ ਮਾਰਦੇ ਨੇ,
ਬਾਹਾਂ ਵਾਲਿਆਂ ਦੀ ਕੋਈ ਸਾਰ ਨਾਹੀਂ।
ਜਿਥੇ ਆਪ ਜਿਹੇ ਹੋਣ ਅੱਠ ਭਾਈ,
ਉਸ ਦੇ ਜੋੜ ਤਾਂ ਜੁਗ ਬਹਾਰ ਨਾਹੀਂ।
ਵਾਰਸ ਸ਼ਾਹ ਮੀਆਂ ਬਿਨਾ ਭਾਈਆਂ ਦੇ,
ਸਾਨੂੰ ਜੀਵਣਾ ਜੱਗ ਦਰਕਾਰ ਨਾਹੀਂ।

* * * * * *

18.1 Phrases

ਓਸ ਤੋਂ ਹੋਇ ਨਾਈਂ	it is beyond him, he could not do it
ਮਾਰ ਬੋਲੀਆਂ (ਬੋਲੀਆਂ ਮਾਰਨਾ)	to reproach
ਕਸਮ ਕਰ ਕੇ	having taken a vow of renunciation
ਚਲੋ ਚਲ ਹੀ ਪੁਕਾਰਿਆ ਹੈ	he called only "move on! let's go!"
ਕਛੇ ਵੰਝਲੀ ਮਾਰ ਕੇ	having wrapped
ਨਾ ਨੀਤ ਤੁਸਾਂ	your heart is not
ਕੋਈ ਹੋਰ ਵਿਚਾਰ ਵਿਚਾਰ ਨਾਹੀਂ	don't think otherwise

18.2 Vocabulary

ਅਧਵਾਟ	halfway (m.)
ਅੰਬੜ	mother (f.)
ਅੰਬੜੀਂ ਜਾਇਆ	full brother, true brother (m.)
ਉਛੱਲਣਾ	to spring up
ਸੰਗਣਾ	to be ashamed
ਸਾਰ	grace, care (f.)
ਸਿਧਾਰਨਾ	to go, to set off
ਸੂਲੀ	impaling stake (f.)
ਸੈਣ	close relatives, intimates (m.)
ਸੋਂਹਣਾ	to become, befit, look beautiful
ਹਲ	plow (m.)
ਕਸਮ	oath, vow (m.)
ਖਰਾ	pure, genuine

ਖੁਸ਼ਾਮਦ	flattery (f.)
ਗ਼ਮਖ਼ਾਰ	consoler, sympathizer (m.)
ਗੁਨ੍ਹਾਗਾਰ	sinner (m.)
ਗੁਨਾਹ	sin, fault (m.)
ਚਾ	= ਚਾਹ
ਜੁਗ	pair (m.)
ਜੁਡ	as long as, as large as (pron.); comparison (m.)
ਟੰਗਣਾ	to hang
ਤਾਲਿਆਮੰਦ	rich
ਤਿਵੇਂ	= ਤਿਉਂ
ਦਰਕਾਰ	need (f.)
ਦਰਵੇਸ਼	fakir, dervish (m.)
ਨੀਤ	intention (f.)
ਨੀਰ	water (m.)
ਨੂਣ	eyes (m. pl.)
ਪਧਾਰਨਾ	to come, to go
ਫ਼ਿਰਾਕ	sorrow (m.)
ਬਾਹ	strength (f.)
ਬਾਝ	without
ਬਾਪ	father (m.)
ਬੋਲੀ ਮਾਰਨਾ	to taunt, speak sarcastically, tease
ਭੱਜਣਾ	to be broken
ਭਾਬੀ	sister-in-law (f.)
ਮਜਲਸ	court, party, assembly (f.)
ਸਨਸੂਰ	Mansu:r, a saint who was hung because of his religious views
ਮੱਲਣਾ	to seize
ਮਿਲਖ	estate (f.)

ਮੀਆਂ	sir, honorific title (m.)
ਰੰਗ	enjoyment (m.)
ਕਲਬੂਤ	statue, body (m.)
ਰਵਾਦਾਰ	lover, admirer (m.)
ਰਿਜ਼ਕ	food (m.)
ਰੂਹ	soul (f.)
ਵੱਸ ਲੱਗਣਾ	to be in power
ਵੰਝਲੀ	a bamboo flute (f.)
(ਹਲ) ਵਾਹੁਣਾ	to plow
ਵਿਸਾਰਨਾ	to forget
ਵਿਦਾ	farewell (f.)
ਵੀਰ	brother (m.)

18.3 Rewrite the poem in Panjabi prose order and prepare a summary in Panjabi.

18.4 Translate into Panjabi:

1. We have forgotten our own country.
2. He kept saying only "move on, move on."
3. The people informed his brother that he was leaving.
4. Sisters-in-law reproached him for being unable to plow for a living.
5. What do you want from me?
6. If you get a chance you will harm him.
7. He cried with his eyes full of tears.
8. Do not kill because of your sorrow.
9. Do not think otherwise.
10. Who is not born in the world a sinner?

11. No one cares for the poor.
12. Without brothers, life is not worth living.
13. Manage the estate left by your father.
14. You do not put your heart to good work.
15. We became sad--everyone became sad.

18.5 Learn the following pairs, some of which are used in this poem. Use them in your own sentences:

ਗੁਨ੍ਹਾ (ਗੁਨਾਹ)	ਗੁਨ੍ਹਾਗਾਰ
ਤਾਲਿਆ	ਤਾਲਿਆਮੰਦ
ਗ਼ਮ	ਗ਼ਮਖ਼ਾਰ
ਦਰ	ਦਰਕਾਰ
ਰਵਾ	ਰਵਾਦਾਰ
ਵਿਚਾਰ	ਵਿਚਾਰਨਾ
ਮਾਰ	ਮਾਰਨਾ
ਪੁਕਾਰ	ਪੁਕਾਰਨਾ

18.6 ਜਿਉਂ/ਜਿਵੇਂ ... ਤਿਉਂ/ਤਿਵੇਂ = as...so (in the same way)

Translate into Panjabi:

1. As it rains from the sky, so the water flowed from his eyes.
2. As he reads, so he writes.
3. As I do, so does he.
4. As your grandfather died, so shall you.
5. He came there as a cloud comes.

18.7 ਹਲ ਵਾਹੁਣਾ ਉਸ ਤੋਂ ਹੋਇ ਨਾਹੀਂ ।

He would not plow (could not plow).

This use of the verb ਹੋਣਾ shows inclination or capability--with ਨਹੀਂ a lack of inclination or ability. The "doer" of the action occurs in the post-positional form with ਤੋਂ (here ਉਸ ਤੋਂ), the verb of action in the infinitive form (here ਵਾਹੁਣਾ), and ਹੋਣਾ is conjugated for tense, etc.

Translate into Panjabi:

1. He would not study.
2. He could not work hard
3. The king could not rule properly.
4. The farmer would not plow properly; he never could do it.
5. He could never run away.

UNIT XIX

ਪੰਜਾਬ ਦੀ ਸੂਰਮ ਗਤੀ ਦਾ ਇਤਿਹਾਸ

ਬਲਜੀਤ ਸਿੰਘ ਬਲੀ

ਅਜ ਪੰਜਾਬ ਨੇ ਕੌਮ ਨੂੰ ਸੰਕਟ ਵਿਚ ਵੇਖ ਕੇ ਜਿਸ ਬੀਰਤਾ ਤੇ ਦ੍ਰਿੜਤਾ ਨਾਲ ਆਪਣੀ ਕੁਰਬਾਨੀ ਦੀ ਮਿਸਾਲ ਪੇਸ਼ ਕੀਤੀ ਹੈ, ਉਸ ਦੇ ਪਿਛੇ ਇਕ ਬੜਾ ਲੰਮਾ ਇਤਿਹਾਸ ਲੁਕਿਆ ਹੋਇਆ ਹੈ। ਇਹ ਗੱਲ ਅਤਿਕਥਨੀ ਨਹੀਂ ਕਹੀ ਜਾ ਸਕਦੀ ਕਿਇਸ ਸਮੇਂ ਤੋਂ ਪਹਿਲਾਂ ਪੰਜਾਬ ਦੇ ਇਸ ਗੌਰਵ ਭਰੇ ਇਤਿਹਾਸ ਨੂੰ ਨਿਰਾ ਭਾਰਤ ਦੇ ਬਾਕੀ ਹਿਸੇ ਦੇ ਆਮ ਲੋਕਾਂ ਨੇ ਹੀ ਸਗੋਂ ਉਥੋਂ ਦੇ ਕਈ ਵਡੇ ਵਡੇ ਨੇਤਾਵਾਂ ਨੇ ਵੀ ਜਾਣਨ ਦੀ ਕੋਸ਼ਸ਼ ਨਹੀਂ ਕੀਤੀ, ਜਿਸ ਦੇ ਫਲ ਸਰੂਪ ਇਹ ਸੁਨਹਿਰੀ ਇਤਿਹਾਸ ਭਾਰਤ ਦੇ ਸਮੁਚੇ ਇਤਿਹਾਬ ਵਿਚ ਉਨੀ ਮਾਣ ਭਰੀ ਥਾਂ ਹਾਸਲ ਨਹੀਂ ਕਰ ਸਕਿਆ ਜਿੰਨੀ ਕਿ ਇਸ ਨੂੰ ਮਿਲਣੀ ਚਾਹੀਦੀ ਸੀ ਪਰ ਫਿਰ ਵੀ ਇਹ ਖੁਸ਼ੀ ਵਾਲੀ ਗੱਲ ਹੈ ਕਿ ਅਜ ਇਸ ਵਲ ਉਚੇਚਾ ਰਿਹਾ ਹੈ। ਪੰਡਤ ਜੀ ਵਲੋਂ ਦਿਤਾ ਗਿਆ ਮਾਣ ਇਸ ਨੂੰ ਹੋਰ ਉਜਾਗਰ ਤੇ ਪ੍ਰੇਰਨਾ ਭਰਿਆ ਬਣਾ ਰਿਹਾ ਹੈ।

ਇਸ ਦੀ ਭਗੋਲਿਕ ਹਾਲਤ ਅਤੇ ਇਸ ਦੇ ਇਤਿਹਾਸਕ ਕਾਰਨਾਂ ਕਰਕੇ ਪੰਜਾਬ ਵਿਚ ਸਾਗਰ ਦੀਆਂ ਲਹਿਰਾਂ ਵਾਂਗ ਬਦੇਸ਼ੀ ਜਰਵਾਣਿਆਂ ਦੇ ਇਕ ਮਗਰੋਂ ਦੂਜੇ ਹਮਲੇ ਹੁੰਦੇ ਰਹੇ ਅਤੇ ਇਹ ਹਮਲਾਵਰ ਉੱਤਰੀ ਪਛਮੀ ਦਰਿਆਂ ਨੂੰ ਉਲਾਂਘਦੇ ਭਾਰਤ ਦੇ ਬਾਕੀ ਹਿਸਿਆਂ ਨੂੰ ਲਿਤਾੜਦੇ ਰਹੇ। ਯੂਨਾਨੀ, ਸਿਥੀਅਨ, ਕੁਸ਼ਾਨ ਹੂਣ, ਅਰਬੀ, ਤੁਰਕੀ ਆਦਿ ਹਮਲਾਵਰ ਸਮੇਂ ਸਮੇਂ ਇਥੇ ਆ ਕੇ ਰਾਜ ਕਰਦੇ ਰਹੇ। ਆਪਣੇ ਪਿਆਰੇ ਦੇਸ਼ ਦੀ ਰਾਖੀ ਹਿਤ ਅਤੇ ਬਾਹਰਲੇ ਹਮਲਾਵਰਾਂ ਦਾ ਟਾਕਰਾ ਕਰਨ ਵਾਸਤੇ ਪੰਜਾਬੀ ਸੂਰਬੀਰ ਅਥਾਹ ਜੋਸ਼ ਤੇ ਬੇਮਿਸਾਲ ਬਹਾਦਰੀ ਨਾਲ ਲੜਦੇ ਰਹੇ। ਦੇਸ਼ ਨਾਲ ਪਿਆਰ ਕਰਨਾ ਸਭਨਾ ਪੰਜਾਬੀਆਂ ਨੂੰ ਜੰਮਣ ਤੋਂ ਹੀ ਸਿਖਾਇਆ ਜਾਂਦਾ ਹੈ ਅਤੇ ਇਸ ਦੀ ਮਿੱਟੀ ਵਿਚ ਵੀ ਇਹੋ ਹੀ ਤਾਸੀਰ ਬੇਓੜਕੀ ਭਰੀ ਪਈ ਹੈ ਜਿਸ ਨੂੰ ਵੇਖ ਵੇਖ ਸਾਰੇ ਹੀ ਹਮਲਾਵਰ ਦੰਗ ਰਹਿ ਜਾਂਦੇ ਸਨ। ਕਈ ਬਦੇਸ਼ੀ ਖੋਜੀ ਤੇ ਇਤਿਹਾਸਕਾਰਾਂ ਨੇ ਜੇ ਕਿਸੇ ਸਵਾਰਥ-ਵਸ ਪੰਜਾਬੀਆਂ ਨੂੰ ਭੰਡਿਆ ਹੋਵੇਗਾ, ਪਰ ਫਿਰ ਵੀ ਉਨ੍ਹਾਂ ਦੀ ਦੇਸ਼ ਭਗਤੀ ਨੂੰ ਬੜੇ ਫ਼ਖਰ ਨਾਲ ਪੇਸ਼ ਕੀਤਾ ਹੈ। ਲਗਾਤਾਰ ਜੰਗ-ਜਦਲਾਂ ਦੇ ਬਦਲਾਂ ਹੇਠ ਰਹਿਣ ਕਰਕੇ ਪੰਜਾਬੀ ਜੀਵਨ ਵਿਚ ਸਰਹੱਦੀ ਰਾਜ ਦੇ ਵਸਨੀਕ ਹੋਣ ਦੀ ਇਕ ਖ਼ਾਸ ਕਿਸਮ ਦੀ ਖ਼ਮੀਰ ਭਰ ਚੁਕੀ ਹੈ, ਜਿਸ ਕਰ ਕੇ ਇਹ ਸਾਰੇ ਸੰਸਾਰ ਵਿਚ ਪ੍ਰਸਿਧ ਹੈ।

ਲਿਖਤੀ ਇਤਿਹਾਸ ਦੀ ਗਵਾਹੀ ਸਾਡੇ ਸਾਹਮਣੇ ਹੈ। ਸਭ ਤੋਂ ਪਹਿਲਾਂ ਸਿਕੰਦਰ ਮਹਾਨ ਆਇਆ ਜਿਸ ਦੇ ਪੈਰਾਂ ਹੇਠ ਵਡੇ ਵਡੇ ਰਾਜ ਸਾਮਰਾਜ ਹਾਰ ਮੰਨੀ ਬੈਠੇ ਸਨ। ਉਸਦੀਆਂ ਸੰਸਾਰ-ਜੇਤੂ ਫ਼ੌਜਾਂ ਅਗੇ ਕੋਈ ਠਹਿਰ ਨਹੀਂ ਸੀ ਸਕਦਾ, ਪਰ ਜਿਸ ਬਹਾਦਰੀ ਨਾਲ ਪੋਰਸ ਨੇ ਸਿਕੰਦਰ ਨਾਲ ਲੋਹਾ ਲਿਆ, ਉਸ ਦਾ ਸਿਕਾ ਸਿਕੰਦਰ ਵੀ ਮੰਨ ਗਿਆ ਜਿਸ ਨੂੰ ਜਿਹਲਮ ਦੇ ਕੰਢੇ ਜ਼ਿੰਦਗੀ ਵਿਚ ਪਹਿਲੀ ਵਾਰ ਕਰਾਰੀ ਸਟ ਵੱਜੀ ਸੀ ਅਤੇ ਜਿਸ ਦੀਆਂ ਫ਼ੌਜਾਂ ਦੇ ਉਸ ਦੰਦ ਖਟੇ ਕਰ ਦਿਤੇ ਸਨ। ਇਸ ਦਾ ਵਡਾ ਕਾਰਨ ਇਹ ਵੀ ਸੀ ਕਿ ਰਾਵੀ ਤੇ ਬਿਆਸ ਦੇ ਕੰਢਿਆਂ ਤੇ ਵਸਦੇ ਅਸਵਾਕਿਆਂ ਕਠੋਈਆਂ ਤੇ ਮਲਵੀਕਿਆਂ ਦੇ ਛੋਟੇ ਛੋਟੇ ਗਣ ਰਾਜਾਂ ਦੇ ਲੋਕਾਂ ਨੇ ਰਲ ਕੇ ਸਿਕੰਦਰ ਦੀਆਂ ਫ਼ੌਜਾਂ ਦਾ ਡੱਟਕੇ ਮੁਕਾਬਲਾ ਕੀਤਾ ਸੀ ਅਤੇ ਉਨ੍ਹਾਂ ਨੂੰ ਅਗੇ ਵਧਣੋਂ ਪੂਰੇ ਤ੍ਰਾਣ ਨਾਲ ਰੋਕਿਆ ਹੀ ਨਹੀਂ ਸਗੋਂ ਵਾਪਸ ਮੁੜ ਜਾਣ ਤੇ ਮਜ਼ਬੂਰ ਵੀ ਕਰ ਛਡਿਆ ਸੀ। ਜਿਹੜੇ ਸਿਕੰਦਰ ਕਦੀ ਕਿਸੇ ਦਾ ਲੋਹਾ ਨਹੀਂ ਸੀ ਮੰਨਿਆ, ਉਹੀ ਇਸ ਲੜਾਈ ਵਿਚ ਹਿਕ ਥਾਂ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ ਤੇ ਭਾਵੇਂ ਅੰਤ ਵਿਚ ਉਸ ਨੂੰ ਪੂਰੀ ਟਿਲ ਲਾਉਣ ਤੇ ਜਿਤ ਹੋਈ, ਪਰ ਉਹ ਜਾਂਦੀ ਵਾਰੀ ਪੰਜਾਬ ਦੀ ਸੂਰਬੀਰਤਾ ਦੀ ਪੱਕੇ ਸ਼ਬਦਾਂ ਵਿਚ ਗਵਾਹੀ ਭਰ ਗਿਆ ਸੀ।

ਇਸ ਮਗਰੋਂ ਇਤਿਹਾਸ ਦਾ ਦੂਜਾ ਕਾਂਡ ਸ਼ੁਰੂ ਹੁੰਦਾ ਹੈ, ਜੋ ਪਹਿਲੇ ਨਾਲੋਂ ਵੀ ਜ਼ਿਆਦਾ ਗੌਰਮਈ ਹੈ। ਯੂਨਾਨੀ ਹਮਲੇ ਤੋਂ ਰੋਹ ਵਿਚ ਆ ਕੇ ਪੰਜਾਬੀਆਂ ਨੇ ਭਾਰਤ ਵਿਚ ਆਪਣਾ ਰਾਜ ਕਾਇਮ ਕਰਨ ਦਾ ਇਕ ਪ੍ਰੋਗਰਾਮ ਤਿਆਰ ਕਰ ਲਿਆ ਸੀ। ਇਹ ਕਿੰਨੀ ਸ਼ਾਨਦਾਰ ਗੱਲ ਹੈ ਕਿ ਸਿਕੰਦਰ ਦੀ ਮੌਤ ਤੋਂ ਮਗਰੋਂ ਸੱਤਾਂ ਸਾਲਾਂ ਦੇ ਅੰਦਰ ਅੰਦਰ ਹੀ ਪੰਜਾਬੀ ਲੋਕਾਂ ਦੀ ਦੇਸ਼ ਭਗਤੀ ਦੇ ਇਕੋ ਹੀ ਵਹਿਣ ਨੇ ਤੂਫ਼ਾਨ ਦਾ ਰੂਪ ਧਾਰ ਕੇ ਯੂਨਾਨੀ ਰਾਜ ਦੀਆਂ ਆਖ਼ਰੀ ਨਿਸ਼ਾਨੀਆਂ ਨੂੰ ਖ਼ਤਮ ਕਰ ਦਿਤਾ। ਇਸ ਲਹਿਰ ਦਾ ਮੋਢੀ ਸੀ ਟੈਕਸਲਾ ਯੂਨੀਵਰਸਿਟੀ ਦਾ ਰਾਜਨੀਤੀ ਦਾ ਇਕ ਸਿਰਮੌਰ ਅਧਿਆਪਕ ਚਾਣਕ ਜਿਸ ਨੇ ਚੰਦਰ ਗੁਪਤ ਮੋਰੀਆ ਨੂੰ ਇਸ ਮਹਾਨ ਕੰਮ ਲਈ ਤਿਆਰ ਕਰ ਕੇ ਅਗੇ ਲਿਆਂਦਾ ਸੀ। ਇਹ ਪੰਜਾਬ ਵਾਸੀਆਂ ਦੀ ਬਹਾਦਰੀ ਤੇ ਯੋਗਤਾ ਦਾ ਸਦਕਾ ਹੀ ਸੀ ਕਿ ਥੋੜੇ ਸਮੇਂ ਵਿਚ ਹੀ ਮੋਰੀਆ ਸਲਤਨਤ ਪੱਕਿਆਂ ਪੈਰਾਂ ਤੇ ਕਾਇਮ ਹੋ ਗਈ। ਇਸ ਦਾ ਨਤੀਜਾ ਇਹ ਹੋਇਆ ਕਿ ਜਦੋਂ ਸਲੋਕਸ ਨੇ ਹਾਰੇ ਹੋਏ ਯੂਨਾਨੀ ਸੂਬਿਆਂ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਬੜੀ ਕਰਾਰੀ ਹਾਰ ਹੋਈ। ਅਪਣੀ ਸਲਾਮਤੀ ਲਈ ਉਸ ਨੂੰ ਅਪਣੀ ਲੜਕੀ ਮਹਾਰਾਜਾ ਚੰਦਰ ਗੁਪਤ ਮੋਰੀਆ ਨਾਲ ਵਿਆਹੁਣੀ ਪਈ।

ਹੂਣਾਂ ਦੇ ਹਮਲੇ ਨਾਲ ਪੰਜਾਬ ਨੂੰ ਫਿਰ ਇਕ ਵਾਰ ਬੜੀ ਬੁਰੀ ਤਰ੍ਹਾਂ ਟਾਕਰਾ ਕਰਨਾ ਪਿਆ। ਪਰ ਛੇਤੀ ਹੀ ਥਾਨੇਸਰ ਤੋਂ ਪ੍ਰਭਾਕਰ ਵਰਧਨ ਨਾਂ ਦਾ ਇਕ ਯੋਧਾ ਵੀਰ ਉਠਿਆ ਜਿਸ ਦੀ ਲਲਕਾਰ ਨੇ ਪੰਜਾਬੀਆਂ ਵਿਚ ਇਕ ਨਵੀਂ ਰੂਹ ਫੂਕ ਦਿਤੀ। ਇਸ ਨਾਲ ਥਾਨੇਸਰ ਨੂੰ ਬੜੀ ਪ੍ਰਸਿਧਤਾ ਮਿਲੀ ਕਿਉਂਕਿ ਇਹ ਥਾਂ ਹਰਸ਼ ਦੇ ਰਾਜ ਦੀ ਰਾਜਧਾਨੀ ਬਣੀ। ਪ੍ਰਸਿਧ ਚੀਨੀ ਸੈਲਾਨੀ ਯੂਆਨ ਚਵਾਂਗ ਨੇ, ਜੋ ਇਸ ਵੇਲੇ ਭਾਰਤ ਦੀ ਯਾਤਰਾ ਕਰ ਰਿਹਾ ਸੀ, ਅਪਣੇ ਸਫ਼ਰ-ਨਾਮੇ ਵਿਚ ਰਾਜਾ ਹਰਸ਼ ਦੀ ਮਹਾਨਤਾ ਦਾ ਜ਼ਿਕਰ ਬੜੇ ਸੁੰਦਰ ਸ਼ਬਦਾਂ ਨਾਲ ਕੀਤਾ ਹੈ।

ਹਰਸ਼ ਦੀ ਮੌਤ ਨਾਲ ਪੰਜਾਬ ਦਾ ਇਤਿਹਾਸ ਮਧ ਕਾਲੀਨ ਸਮੇਂ ਵਿਚ ਦਾਖ਼ਲ ਹੁੰਦਾ ਹੈ। ਇਸ ਮਗਰੋਂ ਕੋਈ ਵਡੇ ਰਾਜ ਤਾਂ ਕਾਇਮ ਨਹੀਂ ਹੋਏ। ਇਸ ਸਮੇਂ ਰਾਜਪੂਤ ਰਿਆਸਤਾਂ ਨੇ ਚੰਗੀ ਚੋਖੀ ਥਾਂ ਬਣਾ ਲਈ ਸੀ। ਭੇਰੇ ਦੀ ਸ਼ਾਹੀਆ ਬੰਸ ਦੇ ਇਤਿਹਾਸ ਵਿਚ ਪਹਿਲੀ ਵਾਰ ਲਾਹੌਰ ਦਾ ਨਾਂ ਆਇਆ ਹੈ । ਇਸ ਬੰਸ ਨੇ ਕਈ ਐਸੇ ਰਾਜੇ ਪੈਦਾ ਕੀਤੇ ਹਨ, ਜਿਹੜੇ ਦੇਸ਼ ਦੀ ਆਨ ਤੇ ਸ਼ਾਨ ਦੀ ਖ਼ਾਤਰ ਲੜ ਮਰਨ ਲਈ ਤਿਆਰ ਰਹਿੰਦੇ ਸਨ । ਸ਼ਾਹੀਆ ਬੰਸ ਗ਼ਜ਼ਨੀ ਤਾਈਂ ਅਤੇ ਉੱਤਰ ਪੱਛਮ ਤੋਂ ਪਾਰ ਵਾਰ ਸਾਰੇ ਇਲਾਕੇ ਵਿਚ ਰਾਜ ਸੱਤਾ ਕਾਇਮ ਕਰ ਚੁਕੀ ਸੀ । ਮਹਾਰਾਜਾ ਜੈ ਪਾਲ ਅਤੇ ਮਹਾਰਾਜ ਅਨੰਗ ਪਾਲ ਦੇ ਨਾਂ ਇਸ ਇਤਿਹਾਸ ਵਿਚ ਬੜੇ ਮਾਣ ਨਾਲ ਲਏ ਜਾ ਸਕਦੇ ਹਨ ਜਿਨ੍ਹਾਂ ਨੇ ਮਹੁਮੂਦ ਗ਼ਜ਼ਨੀ ਨਾਲ ਲੜਾਈ ਕੀਤੀ ਅਤੇ ਅਪਣੀ ਕੁਰਬਾਨੀ ਦਾ ਸਿਕਾ ਜਮਾਇਆ। ਮਹਾਰਾਜਾ ਜੈ ਪਾਲ ਜਿਥੇ ਇਕ ਸੁਚਜਾ ਸਮਰਾਟ ਸੀ, ਉਥੇ ਇਕ ਅਣਖੀਲਾ ਫ਼ੌਜੀ ਜਰਨੈਲ ਵੀ ਸੀ। ਉਸ ਨੂੰ ਇਹ ਅਹਿਸਾਸ ਹੋ ਗਿਆ ਕਿ ਉਹ ਗ਼ਜ਼ਨੀਆਂ ਤੋਂ ਪਿਸ਼ਾਵਰ ਹਾਸਲ ਕਰਨ ਵਿਚ ਅਸਮਰਥ ਰਿਹਾ ਹੈ , ਤਾਂ ਇਸ ਖ਼ੁਨਾਮੀ ਤੋਂ ਬਚਣ ਲਈ ਅਤੇ ਜਨਤਾ ਵਿਚ ਅਣਖ ਦੇ ਸੁਆਲ ਨੂੰ ਹਰ ਇਕ ਅਸੂਲ ਤੋਂ ਉੱਚਾ ਰੱਖਣ ਵਾਸਤੇ ਉਸ ਨੇ ਅਪਣੇ ਆਪ ਅੱਗ ਵਿਚ ਸੜ ਕੇ ਜਾਨ ਦੇ ਦਿਤੀ। ਇਨ੍ਹਾਂ ਰਾਜਿਆਂ ਦੀ ਦੇਸ਼ ਭਗਤੀ ਦੀ ਭਾਵਨਾ ਅਤੇ ਫ਼ੌਜੀ ਯੋਗਤਾ ਦੀ ਇਹ ਕਿੰਨੀ ਸ਼ਾਨਦਾਰ ਮਿਸਾਲ ਹੈ ਕਿ ੬੪੭ ਈਸਵੀ ਵਿਚ ਰਾਜਾ ਹਰਸ਼ ਦੀ ਮੌਤ ਅਤੇ ੧੦੦੮ ਵਿਚ ਮਹਿਮੂਦ ਗ਼ਜ਼ਨੀ ਦੇ ਹੱਲੇ ਦੇ ਵਿਚਕਾਰਲੇ ਸਮੇਂ ਵਿਚ ਹਿੰਦੁਸਤਾਨ ਬਾਹਰਲੇ ਹਮਲਿਆਂ ਤੋਂ ਬਿਲਕੁਲ ਹੀ ਅਜ਼ਾਦ ਰਿਹਾ ਹੈ।

ਗ਼ਜਨਵੀਆਂ ਨੇ ਲਾਹੌਰ ਉਪਰ ਕਈ ਪੁਸ਼ਤਾਂ ਰਾਜ ਕੀਤਾ ਪਰ ਮੁਹੰਮਦ ਗ਼ੌਰੀ ਦੀ ਆਮਦ ਤੋਂ ਪਹਿਲਾਂ ਤਕ ਇਸਲਾਮ ਦਾ ਅਸਰ ਕੋਈ ਜ਼ੋਰ ਨਾ ਪਕੜ ਸਕਿਆ। ਮੁਹੰਮਦ ਗ਼ੌਰੀ ਨੇ ਰਾਜਪੂਤਾਂ ਨੂੰ ਉਸ ਵੇਲੇ ਦੁਭਦਾ ਵਿਚ ਫਸਾ ਦਿੱਤਾ ਜਦੋਂ ਕਿ ਉਹ ਆਪ ਹੀ ਆਪਸ

ਵਿਚ ਵੰਡੇ ਪਏ ਸਨ। ਦਿਲੀ ਤੇ ਅਜਮੇਰ ਦੇ ਸਮਰਾਟ ਪ੍ਰਿਥਵੀ ਰਾਜ ਚੌਹਾਨ ਨੇ ੧੧੯੧ ਈ: ਵਿਚ ਪਹਿਲੀ ਲੜਾਈ ਵਿਚ ਮੁਹੰਮਦ ਗ਼ੌਰੀ ਨੂੰ ਬੜੀ ਕਰਾਰੀ ਸੱਟ ਮਾਰੀ ਸੀ, ਪਰ ਦੂਜੇ ਬੰਨੇ ਹੋਰ ਕਈ ਵਿਸਾਹਘਾਤ ਰਾਜਿਆਂ ਨੇ ਗ਼ੌਰੀ ਦੀ ਕਾਫ਼ੀ ਮਦਦ ਕੀਤੀ, ਕਿ ਉਹ ਸਹੀ ਸਲਾਮਤ ਹੀ ਬਚ ਕੇ ਚਲਾ ਜਾਵੇ। ਪਰ ਮੁਹੰਮਦ ਗ਼ੌਰੀ ਦਾ ਅਗਲਾ ਹਮਲਾ ਰਾਜਪੂਤਾਂ ਲਈ ਤਬਾਹੀ ਦਾ ਕਾਰਨ ਬਣਿਆ ਜਿਨ੍ਹਾਂ ਦੇ ਹਮੇਸ਼ਾਂ ਲਈ ਦਿੱਲੀ ਦੇ ਹਥੋਂ ਚਲੇ ਜਾਣ ਨਾਲ ਭਾਰਤੀ ਰਾਜ ਵੀ ਖ਼ਤਮ ਹੋ ਗਿਆ। ਭਾਵੇਂ ਕੁਝ ਵੀ ਹੋਵੇ, ਜੇ ਅਸੀਂ ਅਪਣੀਆਂ ਰਵਾਇਤਾਂ ਉਤੇ ਇਤਬਾਰ ਕਰੀਏ, ਤਾਂ ਇਹ ਸੱਚ ਹੈ ਕਿ ਪ੍ਰਿਥਵੀ ਰਾਜ ਦੇ ਦਰਬਾਰੀ ਕਵੀ ਚਾਂਦ ਬਰਦਾਰੀ ਨੇ, ਜਿਹੜਾ ਕਿ ਪੰਜਾਬ ਦਾ ਹੀ ਜਮਪਲ ਸੀ, ਮੁੜਕੇ ਭਾਰਤ ਦੇ ਉਜਲੇ ਨਾਂ ਨੂੰ ਉਜਾਗਰ ਕਰ ਵਿਖਾਇਆ। ਪ੍ਰਿਥਵੀ ਰਾਜ ਦੇ ਹਥੋਂ ਮੁਹੰਮਦ ਗ਼ੌਰੀ ਨੂੰ ਮਰਵਾਉਣ ਵਿਚ ਚਾਂਦ ਬਰਦਾਰੀ ਦਾ ਹੀ ਹੱਥ ਦਸਿਆ ਜਾਂਦਾ ਹੈ। ਇਤਿਹਾਸ ਦਸਦਾ ਹੈ ਕਿ ਬਦੇਸ਼ਾਂ ਵਿਚ ਦੁਸ਼ਮਣ ਦੇ ਹਥੋਂ ਬਚਣ ਲਈ ਉਸ ਆਪਣੇ ਆਪ ਨੂੰ ਤੇ ਅਪਣੇ ਮਾਲਕ ਪ੍ਰਿਥਵੀ ਰਾਜ ਚੌਹਾਨ ਨੂੰ ਖ਼ਤਮ ਕਰ ਦਿਤਾ।

ਇਸਲਾਮ ਦੀ ਆਮਦ ਨਾਲ ਹਿੰਦੁਸਤਾਨ ਦੇ ਲੋਕਾਂ ਨੂੰ ਕਈ ਨਵੀਆਂ ਸਮਸਿਆਵਾਂ ਦਾ ਪਹਿਲੀ ਵਾਰ ਮੂੰਹ ਵੇਖਣਾ ਪਿਆ। ਇਹ ਨਿਰਾ ਰਾਜਸੀ ਦਾਬੇ ਦਾ ਹੀ ਸਵਾਲ ਨਹੀਂ ਸੀ, ਸਗੋਂ ਸਮੁਚੇ ਸਮਾਜ ਦਾ ਤਾਣਾ ਪੇਟਾ ਹੀ ਅਪਣਾ ਰੂਪ ਵਟਾਉਣ ਲਗ ਪਿਆ ਸੀ, ਕਿਉਂਕਿ ਇਸਲਾਮ ਦੀ ਸਮਾਜਕ ਰਹੁ-ਰੀਤੀ ਭਾਰਤੀਆਂ ਦੀ ਰਹੁ-ਰੀਤੀ ਤੋਂ ਬਿਲਕੁਲ ਹੀ ਅਡਰੇ ਰੂਪ ਵਿਚ ਸੀ।

ਭਾਰਤੀ ਸਮਾਜ ਵਿਚ ਗੁਰੂ ਨਾਨਕ ਦੇਵ ਸਿਖ ਧਰਮ ਦੇ ਬਾਨੀ ਨੇ ਜੋ ਸਵਦੇਸ਼ੀ ਅਨਸਰ ਪ੍ਰਜਵਲਤ ਕਰਨ ਦਾ ਬੀੜਾ ਚੁਕਿਆ, ਉਸ ਨੂੰ ਜਾਣਨ ਲਈ ਸਾਨੂੰ ਉਸ ਸਮੇਂ ਦੀ ਰਾਜਸਕ ਤੇ ਸਮਾਜਕ ਸਥਿਤੀ ਬਾਰੇ ਜਾਣਨਾ ਵੀ ਬਹੁਤ ਹੀ ਜ਼ਰੂਰੀ ਹੈ। ਦਿੱਲੀ ਦੇ ਤੁਰਕੀ ਸੁਲਤਾਨ ਆਪਣੀ ਰਾਜਸੀ ਸੱਤਾ ਨੂੰ ਗੁਆ ਬੈਠੇ ਸਨ। ਆਪਣੇ ਦਿਨ ਪੁਗਾਉਣ ਲਈ ਉਨ੍ਹਾਂ ਲਈ ਲੋਕਾਂ ਉਪਰ ਨਿਰਦੋਸ਼-ਜਨਤਾ ਉਪਰ ਬੇ-ਪਨਾਹ ਜੁਲਮ ਕਰਨਾ ਹੀ ਉਨ੍ਹਾਂ ਦੀ ਸਮਝ ਵਿਚ ਇਕੋ ਇਕ ਤਰੀਕਾ ਰਹਿ ਗਿਆ ਸੀ। ਇਸ ਜੁਗ਼ਾ-ਗ਼ਰਦੀ ਕਾਰਨ ਉਸ ਵੇਲੇ ਭਾਰਤੀ ਸਮਾਜ ਏਨਾ ਸਾਹ ਸਤ-ਹੀਣ ਬਣ ਗਿਆ ਸੀ ਕਿ ਸਮੇਂ ਦੀ ਸਰਕਾਰ ਦੇ ਖ਼ਿਲਾਫ਼ ਅਵਾਜ਼ ਉਠਾਉਣੀ ਉਨ੍ਹਾਂ ਲਈ ਇਕ ਅਣਹੋਣੀ ਜਿਹੀ ਗੱਲ ਬਣ ਗਈ ਸੀ।

ਗੁਰੂ ਨਾਨਕ ਦੇਵ ਨੇ ਆਪਣੇ ਸਮੇਂ ਦੀ ਇਸ ਨਿਘਰਦੀ ਜਾਂਦੀ ਹਾਲਤ ਨੂੰ ਬੜੀ ਬੁਰੀ ਤਰ੍ਹਾਂ ਮਹਿਸੂਸ ਕੀਤਾ। ਪੁਰਾਤਨ ਭਾਰਤੀ ਭਗਤੀ ਲਹਿਰ ਵਾਂਗ ਉਨ੍ਹਾਂ ਲੋਕਾਂ ਨੂੰ ਸਬਰ ਦਾ

ਘੁਟ ਪੀਣ ਲਈ ਪ੍ਰਮਾਤਮਾਂ ਦਾ ਸੰਦੇਸ਼ਾ ਨਹੀਂ ਦਿੱਤਾ। ਉਹ ਤਾਂ ਇਕ ਮਹਾਨ ਇਨਕਲਾਬੀ ਸ਼ਖਸੀਅਤ ਸਨ, ਜੋ ਭਾਰਤੀ ਸਮਾਜ ਦਾ ਸੁਧਾਰ ਕਰਨ ਲਈ ਪਲ ਪਲ ਬਿਹਬਲ ਹੋ ਰਹੇ ਸਨ। ਉਨ੍ਹਾਂ ਨੂੰ ਇਹ ਵੀ ਪਤਾ ਸੀ ਕਿ ਇਸ ਸਮਾਜਕ ਅਧੋਗਤੀ ਦਾ ਕੀ ਇਲਾਜ ਹੈ। ਜ਼ੁਲਮ ਨੂੰ ਸਹਿੰਦਿਆਂ ਸਬਰ ਸ਼ੁਕਰ ਕਰਨ ਦੀ ਥਾਂ ਉਨ੍ਹਾਂ ਤਾਂ ਪ੍ਰਮਾਤਮਾ ਨੂੰ ਇਸ ਦੇ ਖ਼ਿਲਾਫ਼ ਬੜਾ ਜ਼ਬਰਦਸਤ ਉਲ੍ਹਾਮਾਂ ਦਿਤਾ ਹੈ। ਭਾਰਤ ਦੇ ਕੋਨੇ ਕੋਨੇ ਵਿਚ ਜਾ ਕੇ ਉਨ੍ਹਾਂ ਨੇ ਲੋਕਾਂ ਵਿਚ ਸਚ ਦਾ ਹੋਕਾ ਦਿਤਾ ਅਤੇ ਇਸ ਜ਼ੁਲਮ ਦੇ ਖ਼ਿਲਾਫ਼ ਬੜੀ ਉੱਚੀ ਅਵਾਜ਼ ਉਠਾਈ। ਨਿਰਾ ਭਾਰਤ ਵਿਚ ਹੀ ਨਹੀਂ, ਸਗੋਂ ਬਦੇਸ਼ਾਂ ਵਿਚ ਜਾ ਕੇ ਆਉਣ ਵਾਲੇ ਇਨਕਲਾਬ ਦਾ ਸੰਕੇਤ ਕੀਤਾ ਅਤੇ ਸਮੂਹ ਲੋਕਾਂ ਨੂੰ ਸੱਚ, ਪਰੇਮ, ਅਣਖ ਤੇ ਅਜ਼ਾਦੀ ਭਰਿਆ ਜੀਵਨ ਜੀਣ ਦੀ ਪਰੇਰਨਾ ਦਿਤੀ। ਉਨ੍ਹਾਂ ਦੇ ਸਾਹਮਣੇ ਭਾਰਤ ਨੂੰ ਅਜ਼ਾਦ ਵੇਖਣ ਦਾ ਬੜਾ ਵਡਾ ਪਰੋਗਰਾਮ ਸੀ, ਜਿਸ ਦੀ ਖ਼ਾਤਰ ਉਹ ਇਕ ਮਿਸ਼ਨਰੀ ਸਪਿਰਟ ਨਾਲ ਸਾਰਿਆਂ ਫਿਰਕਿਆਂ ਦੇ ਮੋਹਰੀਆਂ ਨੂੰ ਮਿਲੇ ਤੇ ਖੁਲ੍ਹਮ ਖੁਲ੍ਹਾ ਉਨ੍ਹਾਂ ਨਾਲ ਵਾਦ ਵਿਵਾਦ ਕੀਤਾ। ਇਬਰਾਹੀਮ ਲੋਧੀ ਅਤੇ ਬਾਬਰ ਦੇ ਨੰਗੇ ਜ਼ੁਲਮ ਦੇ ਖ਼ਿਲਾਫ਼ ਗੁਰੂ ਨਾਨਕ ਦੇਵ ਚੁਪ ਨਾ ਰਹਿ ਸਕੇ।

ਭਾਰਤ ਦੇ ਲਿਤਾੜੇ ਜਾ ਰਹੇ ਲੋਕਾਂ ਦੇ ਦਿਲਾਂ ਵਿਚ ਸੱਚ ਦਾ ਪ੍ਰਕਾਸ਼ ਕਰਨ ਲਈ ਅਤੇ ਅਜ਼ਾਦੀ ਲਈ ਉਨ੍ਹਾਂ ਅੰਦਰ ਇਕ ਨਵੀਂ ਰੂਹ ਫੂਕਣ ਲਈ ਸਿਖ ਧਰਮ ਦਾ ਜਨਮ ਹੋਇਆ, ਜਿਸ ਦੇ ਜਨਮ ਦਾਤੇ ਗੁਰੂ ਨਾਨਕ ਦੇਵ ਨੇ ਸੰਪੂਰਨ ਬ੍ਰਾਬਰਤਾ ਦੇ ਆਦਰਸ਼ ਨੂੰ ਸਾਹਮਣੇ ਰਖ ਕੇ ਲੋਕਾਂ ਨੂੰ ਇਸ ਇਨਕਲਾਬੀ ਧਰਮ ਵਿਚ ਸ਼ਾਮਲ ਹੋਣ ਲਈ ਹੋਕਾ ਦਿਤਾ। ਅਮੀਰਾਂ ਤੇ ਗ਼ਰੀਬਾਂ ਵਿਚਲੇ ਖਪੇ ਨੂੰ ਖ਼ਤਮ ਕਰਨ ਅਤੇ ਮਸਨੂਈ ਜੀਵਨ ਨੂੰ ਨਿਰੋਲਤਾ ਪ੍ਰਦਾਨ ਕਰਨ ਵਾਸਤੇ ਊਚ ਨੀਚ ਦਾ ਭੇਦ ਭਾਵ ਮਿਟਾਉਣ ਖ਼ਾਤਰ ਗੁਰੂ ਨਾਨਕ ਦੇਵ ਨੇ ਸੰਗਤ ਤੇ ਪੰਗਤ ਦੀ ਪਰੰਪਰਾ ਚਲਾਈ। ਇਹੋ ਹੀ ਇਕ ਸੱਚੇ ਲੋਕ-ਰਾਜੀ ਅਤੇ ਸ਼ਰੇਣੀ-ਰਹਿਤ ਸਮਾਜ ਦਾ ਦਿਸਦਾ ਝਲਕਾਰਾ ਸੀ, ਜਿਸ ਨੇ ਲੋਕਾਂ ਨੂੰ ਬਦੋ ਬਦੀ ਆਪਣੇ ਵਲ ਖਿਚ ਲਿਆ ਅਤੇ ਸਮੇਂ ਦੀ ਧੱਕੇਸ਼ਾਹੀ ਵਿਰੁਧ ਖੜਾ ਹੋਣ ਦਾ ਉਨ੍ਹਾਂ ਵਿਚ ਇਕ ਨਵਾਂ ਵਿਸ਼ਵਾਸ ਪੈਦਾ ਕਰ ਦਿੱਤਾ।

ਇਸ ਤੋਂ ਮਗਰੋਂ ਅਗਲੀਆਂ ਸਦੀਆਂ ਵਿਚ ਲੋਕਾਂ ਵਲੋਂ ਤਨੋਂ ਮਨੋਂ ਅਜ਼ਾਦੀ ਦੀ ਖ਼ਾਤਰ ਜੂਝਣ ਲਈ ਜੋ ਜਦੋ-ਜਹਿਦ ਸ਼ੁਰੂ ਕੀਤੀ ਗਈ ਸੀ, ਉਸ ਦਾ ਪੰਜਾਬ ਵਿਚ ਸਿਖ ਧਰਮ ਦੀ ਪ੍ਰਗਤੀ ਅਤੇ ਫੈਲਾਅ ਨਾਲ ਬੜਾ ਡੂੰਘਾ ਸਬੰਧ ਹੈ। ਦਸਾਂ ਗੁਰੂਆਂ ਦੇ ਜੀਵਨ ਸਾਡੇ ਲਈ ਚਾਨਣ ਮਨਾਰਾ ਹਨ, ਜਿਨ੍ਹਾਂ ਨੇ ਖਿੜੇ ਮਥੇ ਅਜ਼ਾਦੀ ਦੀ ਖ਼ਾਤਰ ਮੁਸ਼ਕਲਾਂ

ਮੁਸੀਬਤਾਂ ਸਹਿ ਕੇ ਲੋਕਾਂ ਨੂੰ ਕੁਰਬਾਨੀਆਂ ਦੇਣ ਦਾ ਰਾਹ ਵਿਖਾਇਆ। ਗੁਰੂ ਸਾਹਿਬਾਂ ਦੇ ਨਿਜੀ ਜੀਵਨਾਂ ਤੇ ਉਨ੍ਹਾਂ ਦੀਆਂ ਮਿਸਾਲਾਂ ਤੋਂ ਪੰਜਾਬੀਆਂ ਨੇ ਸਪਸ਼ਟ ਤੌਰ ਤੇ ਮਹਿਸੂਸ ਕਰ ਲਿਆ ਕਿ ਇਕ ਗ਼ੁਲਾਮ ਜੀਵਨ ਜੀਣ ਨਾਲੋਂ ਅਜਾਦੀ ਲਈ ਖ਼ਤਮ ਹੋਣਾ ਚੰਗਾ ਅਤੇ ਸਫ਼ਲਾ ਹੈ। ਪੰਜਵੇਂ ਗੁਰੂ, ਗੁਰੂ ਅਰਜਨ ਦੇਵ ਅਤੇ ਨੌਵੇਂ ਗੁਰੂ, ਗੁਰੂ ਤੇਗ਼ ਬਹਾਦਰ ਜੀ ਦੀਆਂ ਮਿਸਾਲਾਂ ਅੱਜ ਵੀ ਲੌਕਾਂ ਨੂੰ ਸੱਚ ਦੀ ਖ਼ਾਤਰ ਬੇ-ਖ਼ੌਫ਼ ਹੋ ਕੇ ਜਾਨਾਂ ਵਾਰਨ ਦੀ ਪ੍ਰੇਰਨਾ ਦੇਂਦੀਆਂ ਹਨ। ਪੰਜਵੇਂ ਗੁਰੂ ਦੀ ਸ਼ਹਾਦਤ ਨੇ ਕੌਮ ਨੂੰ ਫੌਜੀ ਪੱਧਰ ਉਪਰ ਸੰਗਠਨ ਹੋਣ ਦਾ ਰਾਹ ਪੱਕਾ ਕਰ ਦਿੱਤਾ ਸੀ। ਪਰ ਦਸਵੇਂ ਗੁਰੂ ਗੋਬਿੰਦ ਸਿੰਘ ਵਲੋਂ ਅਜ਼ਾਦੀ ਸੰਗਰਾਮ ਲਈ ਕੌਮ ਦੀ ਵਾਗ ਡੋਰ ਆਪਣੇ ਹੱਥ ਵਿਚ ਲੈਣ ਨਾਲ ਜਦੋ-ਜਹਿਦ ਹੋਰ ਵੀ ਗੰਭੀਰ ਤੇ ਸਰਗਰਮ ਹੋ ਗਈ। ਆਪ ਨੇ ਇਹ ਮਸਿਸੂਸ ਕੀਤਾ ਕਿ ਹੁਣ ਇਕ ਅਜਿਹਾ ਸਮਾਂ ਆਣ ਪਹੁੰਚਿਆ ਹੈ ਜਦੋਂ ਕਿ ਲੋਕਾਂ ਵਲੋਂ ਹੱਥਾਂ ਵਿਚ ਤਲਵਾਰਾਂ ਲੈ ਕੇ ਅਜ਼ਾਦੀ ਦੀ ਖ਼ਾਤਰ ਜੂਝ ਮਰਨ ਵਾਸਤੇ ਪ੍ਰਤਿਗਿਆ ਲੈਣੀ ਪਵੇਗੀ ਅਤੇ ਇਸ ਵਾਸਤੇ ਉਨ੍ਹਾਂ ਨੂੰ ਹੋਰ ਅਸਰਦਾਰ ਤਰੀਕੇ ਨਾਲ ਸੰਗਠਨ ਕੀਤਾ ਜਾਣਾ ਚਾਹੀਦਾ ਹੈ। ਖ਼ਾਲਸੇ ਪੰਥ ਨੂੰ ਅੰਮ੍ਰਿਤ ਛਕਾਉਣ ਦੀ ਮਿਸਾਲ ਸਾਰੀ ਦੁਨੀਆਂ ਵਿਚ ਕਿਸੇ ਵੀ ਧਾਰਮਕ ਇਤਿਹਾਸ ਵਿਚ ਨਹੀਂ ਮਿਲਦੀ। ਅੰਮ੍ਰਿਤ ਛਕਾ ਕੇ ਸਿੰਘ ਸਜਣ ਲਈ ਗੁਰੂ ਗੋਬਿੰਦ ਸਿੰਘ ਨੇ ਪਹਿਲੀ ਸ਼ਰਤ ਲੋਕਾਂ ਅਗੇ ਇਹ ਰਖੀ ਸੀ ਕਿ ਸਿਰਫ਼ ਉਹੀ ਲੋਕ ਅਗੇ ਆ ਸਕਦੇ ਹਨ, ਜਿਹੜੇ ਕਿ ਅਪਣਾ ਸਿਰ ਦੇਣ ਲਈ ਤਿਆਰ ਹੋਣ। ਅੰਮ੍ਰਿਤ ਨੇ ਗੁਰੂ ਸਾਹਿਬ ਦੇ ਪੈਰੋਕਾਰਾਂ ਨੂੰ ਜੰਮਣ ਮਰਨ ਦੇ ਬੰਧਨਾਂ ਤੋਂ ਮੁਕਤ ਕਰਕੇ ਅਮਰ ਬਣਾ ਦਿੱਤਾ। ਇਸ ਅੰਮ੍ਰਿਤ ਵੇਲੇ ਦੀ ਪ੍ਰਤਿਗਿਆ ਨੇ ਲੋਕ ਦਿਲਾਂ ਨੂੰ ਏਨਾ ਸਿਰੜੀ ਬਣਾ ਦਿਤਾ ਸੀ ਕਿ ਗੁਰੂ ਸਾਹਿਬ ਦੇ ਆਪਣੇ ਨਾਬਾਲਗ ਸਾਹਿਬਜ਼ਾਦਿਆਂ ਨੇ ਹਸਦਿਆਂ ਨੀਹਾਂ ਵਿਚ ਚਿਣੇ ਜਾਣਾ ਮਨਜ਼ੂਰ ਕਰ ਲਿਆ, ਪਰ ਉਹ ਆਪਣੇ ਵਿਸ਼ਵਾਸ ਤੋਂ ਡੋਲ ਕੇ ਬਦੇਸ਼ੀ ਸਾਮਰਾਜ ਅਗੇ ਝੁਕੇ ਨਹੀਂ। ਇਸ ਵਰਗੀ ਮਿਸਾਲ ਸਾਨੂੰ ਅਜ਼ਾਦੀ ਦੇ ਇਤਿਹਾਸ ਵਿਚ ਕਿਥੇ ਮਿਲੇਗੀ?

ਗੁਰੂ ਗੋਬਿੰਦ ਸਿੰਘ ਦਾ ਸਾਰਾ ਜੀਵਨ ਬਦੇਸ਼ੀ ਰਾਜ ਦੇ ਖ਼ਿਲਾਫ਼ ਲੜਾਈਆਂ ਕਰਦਿਆਂ ਬੀਤਿਆ ਹੈ। ਉਨ੍ਹਾਂ ਨੇ ਸ਼ਾਹੀ ਫ਼ੌਜਾਂ ਦੇ ਕਈ ਵਾਰ ਦੰਦ ਖਟੇ ਕੀਤੇ। ਕਈ ਪਹਾੜੀ ਰਾਜਿਆਂ ਨੇ ਜਦੋਂ ਗੁਰੂ ਸਾਹਿਬ ਨਾਲ ਲੜਾਈਆਂ ਲੜੀਆਂ ਤਾਂ ਆਪ ਨੇ ਖ਼ੁਲ੍ਹਮ ਖੁਲਾ ਉਨ੍ਹਾਂ ਨੂੰ ਬਦੇਸ਼ੀ ਜਰਵਾਣਿਆਂ ਦੇ ਏਜੰਟ ਕਹਿ ਕੇ ਭੰਡਿਆ ਅਤੇ ਉਨ੍ਹਾਂ ਦੇ ਜੀਵਨ ਨੂੰ ਤ੍ਰਿਸਕਾਰਿਆਂ। ਗੁਰੂ ਸਾਹਿਬ ਵਲੋਂ ਮੁਗ਼ਲਈ ਫ਼ੌਜਾਂ ਨੂੰ ਮਾਰੀ ਗਈ ਕਰਾਰੀ ਸੱਟ ਨੇ ਹਿੰਦੁਸਤਾਨ ਵਿਚੋਂ

ਬਦੇਸ਼ੀ ਰਾਜ ਨੂੰ ਢਹਿੰਦੀਆਂ ਕਲਾਂ ਵਿਚ ਲਿਜਾਣਾ ਸ਼ੁਰੂ ਕਰ ਦਿਤਾ ਸੀ।

ਫਿਰ ਬੰਦਾ ਬੀਰ ਬਹਾਦਰ, ਇਕ ਵੈਰਾਗੀ ਨੇ, ਜਿਸ ਨੂੰ ਗੁਰੂ ਗੋਬਿੰਦ ਸਿੰਘ ਨੇ ਅਪਣੇ ਮਿਸ਼ਨ ਦੀ ਪੂਰਤੀ ਲਈ ਤਿਆਰ ਕਰ ਕੇ ਪੰਜਾਬ ਘੱਲਿਆ ਸੀ, ਮੁਗ਼ਲਾਂ ਨੂੰ ਪਹਿਲੀ ਵਾਰ ਬਹੁਤ ਭਾਰੀ ਸੱਟ ਮਾਰੀ ਜਿਸ ਨਾਲ ਉਹ ਫਿਰ ਸੰਭਲ ਨਾ ਸਕੇ ਅਤੇ ਉਸਦੀ ਤਲਵਾਰ ਦੇ ਕਰਾਰੇ ਵਾਰ ਨੇ ਦੱਖਣੀ ਤੇ ਪੂਰਬੀ ਪੰਜਾਬ ਨੂੰ ਮੁਗ਼ਲਈ ਰਾਜ ਤੋਂ ਅਜ਼ਾਦ ਕਰਾ ਦਿਤਾ।

ਇਸ ਮਗਰੋਂ ਕਾਫ਼ੀ ਚਿਰ ਤਕ ਪੰਜਾਬ ਨੂੰ ਅਮਨ ਦਾ ਮੂੰਹ ਵੇਖਣਾ ਨਸੀਬ ਨਾ ਹੋਇਆ। ਅਠਾਰਵੀਂ ਸਦੀ ਵਿਚ ਆ ਕੇ ਅਜ਼ਾਦੀ ਲਈ ਸਿਖਾਂ ਦੀਆਂ ਮੁਹਿੰਮਾਂ ਨੇ ਇਤਿਹਾਸ ਵਿਚ ਇਕ ਨਵਾਂ ਪਲਟਾ ਲਿਆ ਦਿਤਾ। ਇਸ ਤੋਂ ਪਹਿਲਾਂ ਤਕ ਭਾਵੇਂ ਲਗਾਤਾਰ ਰੂਪ ਵਿਚ ਪੰਜਾਬ ਵਿਚ ਅਜ਼ਾਦੀ ਸੰਗ੍ਰਾਮ ਜਾਰੀ ਰਿਹਾ, ਪਰ ਦੂਜੇ ਬੰਨੇ ਸਮੇਂ ਦੀ ਸਰਕਾਰ ਦਾ ਜ਼ੁਲਮ ਜਬਰ ਹੀ ਵਧਿਆ ਹੋਇਆ ਸੀ। ਅਠਾਰਵੀਂ ਸਦੀ ਦੇ ਰਾਜ ਪਲਟੇ ਬਾਰੇ ਇਹ ਸੰਕਲਪ ਕਰਨਾ ਅਸੰਭਵ ਹੈ ਕਿ ਜਦੋਂ ਕਿ ਸਾਰਾ ਮੁਗ਼ਲ ਸਾਮਰਾਜ ਪੰਜਾਬ ਵਿਚ ਜ਼ੋਰ ਜ਼ਬਰ ਨਾਲ ਲੋਕਾਂ ਦੇ ਅੰਦੋਲਨ ਨੂੰ ਦਬਾਉਣ ਤੇ ਤੁਲਿਆ ਹੋਇਆ ਸੀ, ਉਸ ਵੇਲੇ ਵੀ ਸਿਖਾਂ ਨੇ ਅਜ਼ਾਦੀ ਦੀ ਮਸਾਲ ਨੂੰ ਜਗਦਿਆਂ ਰਖਿਆ। ਇਹ ਬੜੀ ਹੈਰਾਨੀ ਵਾਲੀ ਗੱਲ ਹੈ ਕਿ ਇਸ ਸਦੀ ਵਿਚ ਪੰਜਾਬ ਵਾਸੀਆਂ ਉਤੇ ਅਤੇ ਖ਼ਾਸ ਕਰ ਕੇ ਸਿਖਾਂ ਉਤੇ ਅਸਹਿ ਤੇ ਅਕਹਿ ਜ਼ੁਲਮ ਕੀਤੇ ਗਏ ਉਨ੍ਹਾਂ ਦੇ ਸਿਰਾਂ ਦਾ ਮੁੱਲ ਪਾਇਆ ਗਿਆ। ਪਰ ਫਿਰ ਵੀ ਸਿਖ ਇਤਿਹਾਸ ਵਿਚ ਇਸ ਜ਼ੁਲਮਾਂ ਭਰੇ ਦੌਰ ਨੂੰ ਇਕ ਸੁਨਹਿਰੀ ਕਾਲ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਇਹੋ ਹੀ ਦ੍ਰਿੜਤਾ ਅਤੇ ਸਿਰੜ੍ਹਤਾ ਅੰਤ ਮੁਗ਼ਲਾਂ ਦੀ ਤਬਾਹੀ ਦਾ ਕਾਰਨ ਬਣੀ।

ਨਾਦਰ ਅਤੇ ਅਬਦਾਲੀ ਦੇ ਹਮਲਿਆਂ ਨੇ ਮੁਗ਼ਲਾਂ ਨੂੰ ਹੋਰ ਵੀ ਨਿਤਾਣਾ ਅਤੇ ਮਜਬੂਰ ਕਰ ਦਿਤਾ। ਅਫ਼ਗਾਨ ਮੁੜ ਕੇ ਪੰਜਾਬ ਗਿਚ ਦਾਖ਼ਲ ਹੋ ਚੁਕੇ ਸਨ ਅਤੇ ਸਿੱਖਾਂ ਨੂੰ ਹੁਣ ਇਸ ਵੇਲੇ ਦੂੰਹ ਮੋਰਚਿਆਂ ਤੋਂ ਲੜਨਾ ਪੈ ਰਿਹਾ ਸੀ। ਪਰ ਪਾਨੀਪਤ ਦੀ ਤੀਜੀ ਲੜਾਈ ਦੇ ਦੋ ਸਾਲ ਮਗਰੋਂ ਹੀ ਸਰਹੰਦ ਦੀ ਲੜਾਈ ਨੇ ਮੁਗ਼ਲਾਂ ਦੀ ਰਹਿੰਦੀ ਖੂੰਹਦੀ ਸੱਤਾ ਵੀ ਖ਼ਤਮ ਕਰ ਕੇ ਰਖ ਦਿਤੀ ਅਤੇ ਇਸ ਲੜਾਈ ਨੇ ਸਤਲੁਜ ਤਾਈਂ ਬਦੇਸ਼ੀ ਗ਼ੁਲਾਮੀ ਦੇ ਸਾਰਿਆਂ ਨਿਸ਼ਾਨਾਂ ਨੂੰ ਮਿਟਾ ਕੇ ਸਤਲੁਜ ਪਾਰ ਦੇ ਇਲਾਕਿਆਂ ਦੀ ਅਜ਼ਾਦੀ ਦਾ ਰਾਹ ਵੀ ਪੱਕਾ ਕਰ ਦਿੱਤਾ।

ਸਿੱਖਾਂ ਦੇ ਇਤਿਹਾਸ ਦਾ ਸੁਨਹਿਰੀ ਜ਼ਮਾਨਾ ਮਹਾਰਾਜਾ ਰਣਜੀਤ ਸਿੰਘ ਦੀ ਚੜ੍ਹਤ ਨਾਲ ਸਮਾਪਤ ਹੁੰਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਵੀ ਸਿਖ ਰਾਜ ਦਾ ਅਸਲੀ ਸਮਾਂ ਅਖਵਾਉਂਦਾ ਹੈ, ਪਰ ਜਿਵੇਂ ਸੋਨੇ ਨੂੰ ਕੁੰਦਨ

ਵਿਚ ਬਦਲਣ ਲਈ ਕਈ ਵਾਰ ਭੱਠੀ ਵਿਚ ਤਪਣਾ ਤੇ ਗਲਣਾ ਪੈਂਦਾ ਹੈ ਇਸੇ ਤਰ੍ਹਾਂ 'ਖ਼ਾਲਸੇ' ਦੀ ਰਾਜ ਪ੍ਰਾਪਤ ਕਰਨ ਲਈ ਪੂਰੀ ਸਦੀ ਦੇ ਲਗਭਗ ਸਿਖਾਂ ਨੂੰ ਘਰ ਘਾਟ ਛਡ ਕੇ ਮੁਗ਼ਲਾਂ-ਨਾਦਰ ਤੇ ਅਬਦਾਲੀ ਦੇ ਜ਼ੁਲਮਾਂ ਦੇ ਇਮਤਿਹਾਨਾਂ ਵਿਚੋਂ ਲੰਘਣਾ ਪਿਆ। ਇਹ ਇਮਤਿਹਾਨ ਇਨ੍ਹਾਂ ਜਾਨਬਾਜ਼ ਸਿੰਘਾਂ ਨੇ ਹਸ ਹਸ ਕੇ ਪਾਸ ਕੀਤੇ ਕਿਉਂਕਿ 'ਖ਼ਾਲਸੇ' ਦਾ ਰਾਜ ਹਾਸਲ ਕਰਨ ਲਈ ਜ਼ੁਲਮਾਂ ਜ਼ਬਰਾਂ ਨੂੰ ਸਹਾਰਨਾ ਅਪਣਾ ਸੁਭਾਗ ਸਮਝਦੇ ਹਨ ਅਤੇ ਇਸੇ ਲਈ ਇਸ ਕਠਨਾਈਆਂ ਭਰੇ ਕਾਲ ਨੂੰ ਉਹ ਜਾਣ ਕੇ ਸੁਨਹਿਰੀ ਜ਼ਮਾਨਾ ਆਖਦੇ ਹਨ ਤਾਂ ਜੋ ਉਨ੍ਹਾਂ ਵਿਚ ਦੇਸ਼ ਭਗਤੀ ਦੇ ਪ੍ਰਗਟਾਵੇ ਵਲੋਂ ਰਤੀ ਭਰ ਵੀ ਊਣ ਨਾ ਆ ਜਾਵੇ।

ਮਹਾਰਾਜਾ ਰਣਜੀਤ ਸਿੰਘ ਦੀ ਕਮਾਨ ਹੇਠ ਪੰਜਾਬ ਏਨਾ ਮਹਾਨ ਤੇ ਤਾਕਤਵਰ ਬਣ ਗਿਆ ਕਿ ਅੰਗ੍ਰੇਜ਼ ਹਿੰਦੁਸਤਾਨ ਦਾ ਬਾਕੀ ਹਿੱਸਾ ਜਿਤ ਚੁਕੇ ਸਨ, ਉਹ ਵੀ ਇਸ ਵਲ ਹਥ ਪਾਉਦੋਂ ਡਰਦੇ ਸਨ। ਸਿਖ ਰਾਜ ਦਾ ਦਬਦਬਾ ਅੰਗ੍ਰੇਜ਼ਾਂ ਤੋਂ ਛੁਟ ਕਾਬਲ ਕੰਧਾਰ ਤੇ ਅਫ਼ਗਾਨਸਤਾਨ ਦੀਆਂ ਸਰਹੱਦਾਂ ਨੂੰ ਵੀ ਪਾਰ ਕਰ ਚੁਕਿਆ ਸੀ ਅਤੇ ਇਸੇ ਦੀ ਬਦੌਲਤ ਖ਼ਾਲਸਈ ਝੰਡੇ ਜਮਰੌਦ ਤਾਈਂ ਝੂਲਣ ਲਗ ਪਏ। ਪੰਜਾਬ ਦੀ ਇਸ ਚੜ੍ਹਦੀ ਕਲਾ ਨੂੰ ਵੇਖ ਵੇਖ ਅੰਗ੍ਰੇਜ਼ ਦੰਦੀਆਂ ਪੀਹ ਰਿਹਾ ਸੀ। ਉਹ ਨਹੀਂ ਸੀ ਸਹਾਰ ਸਕਦਾ ਕਿ ਜਿਥੇ ਬਾਕੀ ਸਾਰਾ ਦੇਸ਼ ਉਨ੍ਹਾਂ ਦੇ ਕਬਜ਼ੇ ਵਿਚ ਆ ਚੁਕਿਆ ਹੋਵੇ, ਪੰਜਾਬ ਉਨ੍ਹਾਂ ਦੀ ਕਮਾਨ ਤੋਂ ਬਾਹਰ ਰਵ੍ਹੇ। ਪਰ ਇਹ ਕਿੰਜ ਹੋ ਸਕਦਾ ਸੀ। ਉਹ ਕਈ ਵਾਰ ਮਹਾਰਾਜਾ ਰਣਜੀਤ ਸਿੰਘ ਨਾਲ ਅਹਿਦਨਾਮਿਆਂ ਲਈ ਅਪਣੇ ਸੁਭਾਗ ਸਮਝਦੇ ਸਨ।

ਪੰਜਾਬ ਦੀਆਂ ਸਰਹੱਦਾਂ ਹੁਣ ਉੱਤਰ ਪੱਛਮ ਵਿਚ ਖ਼ੈਬਰ ਨੂੰ ਛੂਹਣ ਲਗ ਪਈਆਂ ਸਨ। ਉੱਤਰ ਵਿਚ ਤਿਬਤ ਅਤੇ ਪੱਛਮ ਵਿਚ ਬਲੋਚਸਤਾਨ ਪੰਜਾਬ ਦੀ ਹੱਦ ਦੇ ਹਿਸੇ ਬਣ ਚੁਕੇ ਸਨ। ਪੰਜਾਬ ਦੇ ਇਤਿਹਾਸ ਵਿਚ ਪਹਿਲਾਂ ਕਦੇ ਵੀ ਏਨੇ ਵਡੇ ਚੋੜੇ ਇਲਾਕੇ ਵਿਚ ਪੰਜਾਬੀ ਰਾਜ ਕੀਇਮ ਨਹੀਂ ਸੀ ਹੋ ਸਕਿਆ। ਦੀਵਾਨ ਮੋਹਕਮ ਚੰਦ ਅਤੇ ਹਰੀ ਸਿੰਘ ਨਲਵੇ ਸਰਦਾਰ ਵਰਗੇ ਫ਼ੌਜੀ ਜਰਨੈਲਾਂ ਦਾ ਅਸੀਂ ਨਿਪੋਲੀਅਨ ਵਰਗੇ ਜਰਨੈਲਾਂ ਨਾਲ ਮਾਣ ਨਾਲ ਮੁਕਾਬਲਾ ਕਰ ਸਕਦੇ ਹਾਂ। ਮਹਾਰਾਜਾ ਰਣਜੀਤ ਸਿੰਘ ਆਪੂੰ ਇਕ ਅੰਤਰ-ਰਾਸ਼ਟਰੀ ਪ੍ਰਸਿਧਤਾ ਵਾਲਾ ਜਰਨੈਲ ਸੀ ਜਿਸ ਨੂੰ ਅੰਗ੍ਰੇਜ਼ ਵੀ ਬੜੇ ਫ਼ਖ਼ਰ ਨਾਲ ਹਿੰਦੁਸਤਾਨ ਦਾ ਨਿਪੋਲੀਅਨ ਆਖਦੇ ਸਨ। ਹਾਰ ਖਾਣਾ ਅਜਿਹੇ ਜਰਨੈਲ ਸਿਖੇ ਨਹੀਂ ਸਨ ਅਤੇ ਨਾ ਹੀ ਆਪਣੀ ਜ਼ਿੰਦਗੀ ਵਿਚ ਇਨ੍ਹਾਂ ਨੇ ਹਾਰ ਖਾਧੀ, ਇਸੇ ਲਈ ਜਦੋਂ ਅਸੀਂ ਪੰਜਾਬ ਦੇ ਨਿਕਟ ਭੂਤ ਕਾਲ ਦੇ ਰਾਜ ਨੂੰ ਯਾਦ ਕਰਦੇ ਹਾਂ ਤਾਂ ਸਾਡਾ ਸਿਰ ਮਾਣ ਨਾਲ ਉੱਚਾ ਹੋ ਜਾਂਦਾ ਅਤੇ ਅਜੋਕੇ ਸੰਕਟ ਕਾਲ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਚੜ੍ਹਤ ਸਾਨੂੰ ਅਪਣੇ

ਵਿਸ਼ਵਾਸ ਤੇ ਇਰਾਦਿਆਂ ਵਿਚ ਪਰਪੱਕ ਹੋਣ ਦੀ ਪ੍ਰੇਰਨਾ ਦੇ ਦੀ ਹੈ।

ਸਿੱਖ ਰਾਜ ਦੀ ਸਭ ਤੋਂ ਵਧ ਮਹਾਨਤਾ ਇਸ ਗੱਲ ਵਿਚ ਹੈ ਕਿ ਇਸ ਨੇ ਉਸ ਇਤਿਹਾਸ ਨੂੰ ਹੀ ਬਦਲ ਕੇ ਰਖ ਦਿਤਾ ਜਦੋਂ ਕਿ ਹਰ ਵਾਰ ਕੋਈ ਨਾ ਕੋਈ ਪਾੜਵੀ ਮੂੰਹ ਚੁਕੀ ਪੰਜਾਬ ਦੇ ਰਸਤਿਓਂ ਹਿਦੁਸਤਾਨ ਨੂੰ ਫ਼ਤਿਹ ਕਰਨ ਆ ਜਾਦਾ ਸੀ।

ਪਰ ਸ਼ੋਕ ਸਾਨੂੰ ਇਸ ਸਵਰਾਜ ਦਾ ਸ਼ਾਨਦਾਰ ਸਮਾਂ ਕੋਈ ਬਹੁਤਾ ਚਿਰ ਵੇਖਣਾ ਨਸੀਬ ਨਾ ਹੋਇਆ। ਅੰਗ੍ਰੇਜ਼ਾਂ ਦੀਆਂ ਅੰਦਰ ਖਾਤੇ ਖ਼ਤਰਨਾਕ ਚਾਲਾਂ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਦੇ ਮਗਰੋਂ ਸਿਖ ਹੁਕਮਰਾਨਾਂ ਤੇ ਵਜ਼ੀਰਾਂ ਵਿਚ ਫੁਟ ਪਾਉਣ ਵਿਚ ਸਫ਼ਲ ਹੋ ਗਈਆਂ ਅਤੇ ਇਹ ਫ਼ਖ਼ਰ ਭਰਿਆ ਇਤਿਹਾਸ ਦਾ ਕਾਂਡ ਸਮਾਪਤ ਹੋ ਗਿਆ। ਕਿੰਨੀ ਦੁਖ ਵਾਲੀ ਗੱਲ ਹੈ ਕਿ ਜਿਨ੍ਹਾਂ ਸਰਕਾਰਾਂ ਦੇ ਸਿਰ ਤੇ ਮਹਾਰਜੇ ਦੇ ਮਗਰੋਂ ਪੰਜਾਬ ਵਾਸੀਆਂ ਨੂੰ ਮਾਣ ਸੀ, ਉਹੀ ਤੋੜ ਫੋੜ ਅਤੇ ਫੁਟ ਦਾ ਸ਼ਿਕਾਰ ਹੋ ਗਏ ਸਨ ਅਤੇ ਇੰਜ ਸਾਡੀ ਬੇੜੀ ਸਾਡੇ ਅਪਣੇ ਮਲਾਹਾਂ ਦੇ ਹਥੀਂ ਡੁਬੀ।

ਹਾਂ ! ਇਸ ਗੱਲ ਦੇ ਹੁੰਦਿਆਂ ਹੋਇਆਂ ਵੀ ਸਮੁੱਚੇ ਤੌਰ ਤੇ ਪੰਜਾਬ ਵਾਸੀ "ਇਕ ਸਰਕਾਰ" ਮਹਾਰਾਜਾ ਰਣਜੀਤ ਸਿੰਘ ਦੀਆਂ ਸਿਫ਼ਤਾਂ ਤੋਂ ਪ੍ਰੇਰਨਾ ਲੈਂਦੇ ਰਹੇ ਅਤੇ ਉਹ ਆਖ਼ਰੀ ਦਮ ਤਕ ਢਹਿੰਦੀਆਂ ਕਲਾਂ ਵਿਚ ਨਹੀਂ ਗਏ।

ਆਉਂਦੇ ਸੌ ਸਾਲਾਂ ਵਿਚ ਪੰਜਾਬ ਨੂੰ ਕਈ ਇਮਤਿਹਾਨਾਂ ਵਿਚੋਂ ਵੀ ਲੰਘਣਾ ਪਿਆ। ੧੯੪੭ ਦੀ ਅਜ਼ਾਦੀ ਦੇ ਵਿਚਕਾਰਲੇ ਸਮੇਂ ਵਿਚ ਇਕ ਸੰਗਠਨ ਰੂਪ ਵਿਚ ਪੰਜਾਬ ਦੇ ਕੋਨੇ ਕੋਨੇ ਵਿਚ ਬਦੇਸ਼ੀ ਰਾਜ ਦੇ ਖ਼ਿਲਾਫ਼ ਆਵਾਜ਼ ਉਠੀ ਅਤੇ ਜੰਗੇ ਅਜ਼ਾਦੀ ਦੇ ਸੰਗ੍ਰਾਮ ਦੀ ਲਹਿਰ ਵਧਦੀ ਰਹੀ, ਕੁਰਬਾਨੀਆਂ ਹੁੰਦੀਆਂ ਰਹੀਆਂ ਜਾਨਬਾਜ਼ ਦੇਸ਼ ਭਗਤ ਫਾਂਸੀਆਂ ਤੇ ਚੜ੍ਹਦੇ ਰਹੇ, ਕਾਲ ਕੋਠੜੀਆਂ ਦਾ ਸ਼ਿਕਾਰ ਹੁੰਦੇ ਰਹੇ, ਤੋਪਾਂ ਅਗੇ ਉਡਦੇ ਰਹੇ। ਪਰ ਇਹ ਜੋਸ਼ ਕਿਸੇ ਤਰ੍ਹਾਂ ਵੀ ਮੱਠਾ ਨਾ ਹੋਇਆ। ਸਗੋਂ ਹਰ ਚੜ੍ਹਦੇ ਸੂਰਜ ਊਸ਼ਾ ਦੀ ਲ਼ਾਲੀ ਉਨ੍ਹਾਂ ਵਿਚ ਹੋਰ ਦ੍ਰਿੜਤਾ, ਹੋਰ ਪਰਪੱਕਤਾ ਭਰਦੀ ਰਹੀ। ਜਲ੍ਹਿਆਂ ਵਾਲੇ ਬਾਗ਼ ਵਰਗੇ ਕਈ ਸਾਕੇ ਵੀ ਉਨ੍ਹਾਂ ਦੇ ਇਰਾਦਿਆਂ ਨੂੰ ਡੁਲਾ ਨਾ ਸਕੇ। ਕੌਮੀ ਅਜ਼ਾਰੇ ਲਈ ਇਨ੍ਹਾਂ ਸੰਗ੍ਰਾਮਾਂ ਨੇ ਬਹੁਤ ਵੱਡਾ ਹਿੱਸਾ ਪਾਇਆ ਹੈ, ਜਿਸ ਦੇ ਅਗੇ ਅੰਗਰੇਜ਼ ਵਰਗੀ ਮਹਾਨ ਸਾਮਰਾਜੀ ਕੌਮ ਨੇ ਗੋਡੇ ਟੇਕ ਦਿਤੇ ਅਤੇ ਭਾਰਤ ਨੂੰ ਅਜ਼ਾਦ ਕਰ ਦਿਤਾ। ਪੰਜਾਬ ਹਿੰਦੁਸਤਾਨ ਦੀ ਉਹ ਆਖ਼ਰੀ ਰਿਆਸਤ ਹੈ ਜਿਸ ਨੇ ਹਮੇਸ਼ਾਂ ਹੀ ਬਦੇਸ਼ੀ ਰਾਜ ਨੂੰ ਕਬੂਲਣ ਤੋਂ ਨਾਂਹ ਕੀਤੀ ਹੈ ਅਤੇ ਬਾਕੀ ਰਾਜਾਂ ਦੇ ਅਧੀਨ ਹੋ ਜਾਣ ਮਗਰੋਂ ਹੀ ਇਹ

ਬਦੇਸ਼ੀ ਰਾਜ ਕਬੂਲਦਾ। ਪਰ ਸ਼ੇਰ ਨੂੰ ਪਿੰਜਰੇ ਪਾਉਣਾ ਕਿਹੜਾ ਸੌਖਾ ਹੈ। ਸ਼ੇਰ ਆਖਰ ਸ਼ੇਰ ਹੀ ਹੁੰਦਾ ਹੈ। ਇਸ ਨੂੰ ਕਾਬੂ ਵਿਚ ਰਖਣਾ ਅਸਾਨ ਨਹੀਂ। ਇਸੇ ਲਈ ਪੰਜਾਬੀ ਸ਼ੇਰ ਅਜ ਫਿਰ ਨੀਫ਼ਾ ਤੇ ਲੱਦਾਖ਼ ਦੇ ਪਾੜਾਂ ਤੇ ਪਹਿਲਾਂ ਵਾਂਗ ਅਪਣੀ ਸੂਰਮਗਤੀ ਦਾ ਸਬੂਤ ਦੇ ਰਹੇ ਹਨ ਅਤੇ ਹਿੰਦੁਸਤਾਨ ਦੀ ਆਨ ਤੇ ਸ਼ਾਨ ਦੀ ਰਖਿਆ ਦੀ ਖ਼ਾਤਰ ਜਾਨਾਂ ਤਲੀ ਤੇ ਰਖ ਕੇ ਜੂਝ ਰਹੇ ਹਨ।

19.1 Phrases:

ਨਿਰਾ . . . ਸਗੋਂ	not only ... but also
ਇਕ ਮਗਰੋਂ ਦੂਜੇ	one after another
ਲੋਹਾ ਲੈਣਾ	to fight bravely
ਸਿਕਾ ਮੰਨਣਾ	greatly impressed
ਗਵਾਹੀ ਭਰਨਾ	to give testimony
ਸੱਤਾਂ ਸਾਲਾਂ ਦੇ ਅੰਦਰ ਅੰਦਰ ਹੀ	within only seven years
ਕਰਾਰੀ ਹਾਰ	resounding defeat
ਭਾਵੇਂ ਕੁਝ ਵੀ ਹੋਵੇ	no matter what happens (happened)
ਜਿਹੜਾ ਕਿ ਪੰਜਾਬ ਦਾ ਹੀ ਜਮਪਲ ਸੀ	who was born and brought up in Panjab
ਮੂੰਹ ਵੇਖਣਾ	to face
ਇਕੋ ਇਕ	the only
ਬੜੀ ਬੁਰੀ ਤਰ੍ਹਾਂ ਮਹਿਸੂਸ ਕੀਤਾ	felt very deeply, strongly
ਸਬਰ ਦਾ ਘੁਟ ਪੀਣਾ	to resign oneself
ਕਾਫ਼ੀ ਚਿਰ ਤਕ/ ਬਹੁਤਾ ਚਿਰ	for a long time
ਸਪਸ਼ਟ ਤੌਰ ਤੇ	clearly
ਅਮਨ ਦਾ ਮੂੰਹ ਵੇਖਣਾ ਨਸੀਬ ਨਾ ਹੋਇਆ	it was not their fate to live at peace
ਘਰ ਘਾਟ ਛੱਡ ਕੇ	leaving their homes and jobs
ਮੁਕਾਬਲਾ ਕਰ ਸਕਦੇ ਹਾਂ	we can compare
ਹੁੰਦਿਆਂ ਹੋਇਆਂ ਵੀ	in spite of
ਜੰਗੇਆਜ਼ਾਦੀ ਦਾ ਸੰਗ੍ਰਾਮ	freedom-struggle
ਜਾਨ ਤਲੀ ਤੇ ਰਖ ਕੇ	taking one's life in one's hands

19.2 Vocabulary

ਅਸਮਰਥ	unable
ਅਸਰਦਾਰ	influential
ਅਹਿਸਾਸ ਹੋਣਾ	to realize
ਅਹਿਦਨਾਮਾ	treaty (m.)
ਅਕਹਿ	unspeakable
ਅਖਵਾਉਣਾ	to cause to say
ਅਜ਼ਾਰ	difficulty, pain (m.)
ਅਡਰਾ	separate
ਅਣਹੋਣੀ	unthinkable (lit., which does not occur), unheard of
ਅਣਖ	high-mindedness, self-respect (m.)
ਅਣਖਿਲਾ	unbloomed
ਅੰਤਰਰਾਸ਼ਟਰੀ	international
ਅਤਿਕਥਨੀ	exaggeration (f.)
ਅੰਦਰ ਖਾਤੇ	behind doors
ਅਧਿਆਪਕ	teacher (m.)
ਅਧੋਗਤੀ	downfall (f.)
ਆਨ	prestige (f.)
ਆਪੂੰ	(him)self
ਅੰਮ੍ਰਿਤ	nectar (m.)
ਇਤਬਾਰ	trust, faith (m.)
ਇਤਿਹਾਸ	history (m.)
ਇਤਿਹਾਸਕਾਰ	historian (m.)
ਇਨਕਲਾਬ	revolution (m.)
ਇਨਕਲਾਬੀ	revolutionary
ਉਜਾਗਰ	illuminated
ਉਡਣਾ	to be blown up
ਉਲ੍ਹਾਮਾ	reproach, complaint (m.)

ਉਲੰਘਣਾ	to cross
ਊਸ਼ਾ	dawn (f.)
ਊਣ	deficiency, want of fullness (f.)
ਊਫ਼ਾਨ	boiling over (m.)
ਸੰਸਾਰ-ਜੇਤੂ	world-conquerer (m.)
ਸ਼ਹਾਦਤ	martyrdom (f.)
ਸਹੀ ਸਲਾਮਤ	safe
ਸੰਕਟ	calamity, trouble (m.)
ਸੰਕੇਤ	indication (m.)
ਸ਼ਖਸੀਅਤ	personality (f.)
ਸੰਗਠਨ	organization(m.)
ਸਜਣਾ	to become, to fit
ਸਥਿਤੀ	situation (f.)
ਸਦਕਾ	sacrifice, alms (m.)
ਸੰਦੇਸ਼ਾ	message (m.)
ਸੰਪੂਰਨ	total, complete
ਸਫ਼ਰਨਾਮਾ	travelogue (m.)
ਸਮਰਾਟ	emperor (m.)
ਸਮਾਪਤ	ended
ਸਰਹੰਦ	(great) India (m.)
ਸਰਹੱਦੀ	pertaining to the frontier (adj.)
ਸਰਗਰਮ	heated, hot
ਸ਼ਰੇਣੀ-ਰਹਿਤ ਸਮਾਜ	classless society (m.)
ਸਲਤਨਤ	kingdom (f.)
ਸਲਾਮਤੀ	safety (f.)
ਸਵਦੇਸ਼ੀ	native
ਸਵਾਰਥ	selfishness (m.) ਸਵਾਰਥ ਵਸ due to selfishness
ਸਾਹ-ਸਤ-ਹੀਣ	weak, without resolution and spirit

ਸਾਹਬਜ਼ਾਦਾ	son (lit., son of sa:hab) (m.)
ਸਾਹੀਆ	royal
ਸਾਗਰ	sea (m.)
ਸ਼ਾਨਦਾਰ	dignified, wonderful
ਸਾਮਰਾਂਜ	empire (m.)
ਸਿਕਾ ਮੰਨਣਾ	to be greatly impressed
ਸਿਕਾ ਜਮਾਉਣਾ	to have sway over
ਸਿਫ਼ਤ	quality (f.)
ਸਿਰਮੌਰ	topmost
ਸਿਰੜਾ	mad, stubborn
ਸਿਰੜੁਤਾ	madness (f.)
ਸੁਭਾਗ	good luck, good fortune (m.)
ਸੂਰਬੀਰ	brave person (m.)
ਸੂਰਮ ਗਤੀ	bravery (f.)
ਸੈਲਾਨੀ	traveller (m.)
ਸ਼ੋਕ	alas! sorrow (m.)
ਹਮਲਾ	attack (m.)
ਹਮਲਾਵਰ	attacker (m.)
ਹਾਸਲ ਕਰਨਾ	to receive, obtain
ਹੁਕਮਰਾਮ	rulers(m.)
ਹੂਣ	Hun (m.)
ਕਮਾਨ	leadership, authority (f.)
ਕਰਾਰਾ	crisp, hot, stiff ਕਰਾਰੀ ਸਟ ਵੱਜਣਾ to have a fierce battle
ਕਾਂਡ	chapter, event (m.)
ਕਾਬੂ	control (m.)
ਕਾਲਕੋਠੜੀ	death-cell (f.)
ਕੁੰਦਨ	purified gold (m.)

ਕੁਰਬਾਨੀ	sacrifice (f.)
ਖਟਾ	sour
ਖ਼ਤਰਨਾਕ	dangerous
ਖਪਾ	sacrifice (m.)
ਖ਼ਮੀਰ	nature (m.)
ਖਾਧ	food, diet (m.)
ਖਾਲਸਈ	pertaining to the Kha:lsa: (adj.)
ਖਿਲਾਫ਼	against
ਖ਼ੁਨਾਮੀ	disgrace, defame (f.)
ਖੁਲ੍ਹਮ ਖੁਲ੍ਹਾ	openly
ਖੋਜੀ	researcher (m.)
ਗਣਰਾਜ	republic (m.)
ਗੰਭਾਰ	serious, deep
ਗਲਣਾ	to melt
ਗੁਆਉਣਾ	to lose
ਗੋਡੇ ਟੇਕਣਾ	to bend, to accept defeat
ਗੌਰਵਭਰਾ	magnificent
ਗੌਰਵਮਈ	splendid, dignified
ਘੁਟ	sip, drop (m.)
ਚਾਲ	trick (f.)
ਛੁਹਣਾ	to touch
ਜੰਗ-ਜੰਦਲ	war, battle (m.)
ਜਦੋ-ਜਹਿਦ	struggle (f.)
ਜਨਮਦਾਤਾ	founder (m.)
ਜ਼ਬਰਦ ਸਤ	strong
ਜਮਪਲ	inhabitant (lit., one who is born and raised) (m.)
ਜਰਵਾਣਾ	powerful, large
ਜਾਨਬਾਜ਼	brave, courageous

ਜਾਨ ਵਾਰਨਾ	to give one's life, to sacrifice one's life
ਜ਼ਿਕਰ	mention, description (m.)
ਜੁਗ਼-ਗ਼ਰਦੀ	revolution, change (f.)
ਜ਼ੁਲਮ ਜਬਰ	tyranny (m.)
ਜੂਝਣਾ	to struggle
ਜੂਝ ਮਰਨਾ	to fight fiercely
ਝੰਡਾ	banner, flag (m.)
ਝਲਕਾਰਾ	glimpse (m.)
ਝੁਕਣਾ	to bow
ਝੂਲਣਾ	to swing
ਟਿਲ	mound (m.)
ਡੱਟਕੇ ਮੁਕਾਬਲਾ ਕਰਨਾ	to face bravely, without flinching
ਡਟਣਾ	to stand firm
ਤਬਾਹੀ	ruin (f.)
ਤ੍ਰਾਣ	protection (m.)
ਤ੍ਰਿਸਕਾਰਨਾ	to rebuke
ਤਰੀਕਾ	way, means (m.)
ਤਲੀ	palm (f.)
ਤਾਸੀਰ	quality, nature (f.)
ਤਾਕਤਵਰ	strong
ਤਾਣਾ ਪੇਟਾ	structure (m.)
ਤੁਲਿਆ ਹੋਣਾ	to be determined
ਤੋੜ ਫੋੜ	breaking, conspiracy to divide or ruin (f.)
ਦੰਗ	surprised, astonished
ਦੰਦ ਖਟੇ ਕਰਨਾ	to give a good fight, to defeat
ਦੰਦੀਆਂ ਪੀਹਣਾ	to be very angry, to gnash one's teeth
ਦਬਦਬਾ	awe (m.)
ਦਰਬਾਰੀ	pertaining to the court (adj.)

ਦ੍ਰਿੜ੍ਹਤਾ	firmness (f.)
ਦਾਖ਼ਲ ਹੋਣਾ	to enter
ਦਾਬਾ	snub, threat (m.)
ਦੁਸ਼ਮਣ	enemy (m.)
ਦੁਬਧਾ	perlexity (f.)
ਧੱਕੇਸ਼ਾਹੀ	policy of force (f.)
ਨਸੀਬ	fate (m.)
ਨੰਗਾ	naked
ਨਿਕਟ ਭੂਤ ਕਾਲ	near past (m.)
ਨਿਘਰਨਾ	to be swallowed up, to be overwhelmed
ਨਿਤਾਣਾ	weak, faint
ਨਿਰਦੋਸ਼	innocent, guiltless
ਨਿਰੋਲਤਾ	purity (f.)
ਨੀਹ	foundation of a wall (f.)
ਨੇਤਾ	leader (m.)
ਪੰਗਤ	sect, brotherhood, society (f.)
ਪੰਡਤ ਜੀ	here, Pandit Nehru
ਪ੍ਰਸਿਧਤਾ	fame (f.)
ਪ੍ਰਜਵਲਤ ਕਰਨਾ	to inflame, ignite
ਪ੍ਰਦਾਨ ਕਰਨਾ	to give
ਪਰਪੱਕ	very firm, solid, mature
ਪ੍ਰਮਾਤਮਾ	Supreme Soul, God (m.)
ਪਲਟਾ	turn (m.)
ਪਾਰਵਾਰ	around, along both sides
ਪਿੰਜਰਾ	cage (m.)
ਪੁਸ਼ਤ	generation (f.)
ਪੁਗਾਉਣਾ	to complete, fulfill
ਪੁਰਾਤਨ	ancient

ਪੈਰੋਕਾਰ	supporter, apologist (m.)
ਫੱਸਣਾ	to be caught, trapped
ਫ਼ਖਰ	proud (m.)
ਫਲਸਰੂਪ	as a result
ਫਾਂਸੀ	hanging, death-rope (f.)
ਫਿਰਕਾ	sect, group (m.)
ਫੁਟ	division (f.)
ਫੂਕਣਾ	to blow, breathe in
ਫੈਲਾਅ	expansion (m.)
ਬੰਸ	family, clan (m.)
ਬਦੋਬਦੀ	contentiously
(ਦੀ) ਬਦੌਲਤ	due to
ਬੰਧਨ	bondage (m.)
ਬੰਨ	binding, stoppage (m.)
ਬ੍ਰਾਬਰਤਾ	equality (f.)
ਬਿਹਬਲ	impatient, pained
ਬੀਰਤਾ	bravery, courage (f.)
ਬੀੜਾ ਚੁੱਕਣਾ	to undertake(a difficult enterprise)
ਬੇਓੜਕਾ	unending
ਬੇ-ਖ਼ੌਫ਼	fearless
ਬੇ ਪਨਾਹ	terrible (lit., without shelter)
ਬੇਮਿਸਾਲ	unique (lit., without example)
ਭੰਡਣਾ	to slander, defame
ਭੂਗੋਲਿਕ	geographical
ਮਸਨੂਈ	skillful
ਮਹਾਨਤਾ	greatness (f.)

ਮਜ਼ਬੂਤ	strong
ਮੱਠਾ	faint, weak
ਮਧਕਾਲੀਨ	medieval
ਮਲਾਹ	boatman (m.)
ਮੁਸੀਬਤ	hardship (f.)
ਮੁਕਤ	free
ਮੋਹਰਾ	head, chief, leader (m.)
ਮੋਰਚਾ	battlefront (m.)
ਯਾਤਰਾ	travel (f.)
ਯੂਨਾਨੀ	Greek
ਰਹਿੰਦੀ ਖੂੰਹਦੀ	remaining
ਰਹੁ-ਰੀਤੀ	way of life (f.)
ਰਤੀ	a very small weight (f.) ਰਤੀ ਭਰ ਵੀ not even the slightest
ਰਾਖੀ	protection (f.)
ਰਾਖੀਹਿਤ	in order to protect, for protection
ਰਾਜਨੀਤਿ	politics (f.)
ਲਗਾਤਾਰ	continuously
ਲਲਕਾਰ	challenge (f.)
ਲਾਬਾਲਿਗ਼	minor, not adult
ਲੋਹੀ ਲੈਣਾ	to face bravely
ਵਟਾਉਣਾ	to cause to be twisted, altered, changed
ਵਾਗਡੋਰ	rein (f.)
ਵਾਦ ਵਿਵਾਦ	debate (m.)
ਵਿਸਾਹਘਾਤ	traitorous
ਵਿਚਕਾਰਲਾ	middle, in between (adj.)
ਵੈਰਾਗੀ	ascetic (m.)

19.3 Answer the following questions in Panjabi:

੧. ਦੇਸ਼ ਦੀ ਕੁਰਬਾਨੀ ਦੇ ਪਿੱਛੇ ਕੀ ਲੁਕਿਆ ਹੋਇਆ ਹੈ?
੨. ਅੱਜਕਲ੍ਹ ਕਿਸ ਗੱਲ ਵਲ ਉਚੇਚਾ ਧਿਆਨ ਦਿੱਤਾ ਜਾ ਰਿਹਾ ਹੈ?
੩. ਕਿਸ ਵੱਲੋਂ ਦਿੱਤਾ ਗਿਆ ਮਾਣ ਦੇਸ਼ ਨੂੰ ਹੋਰ ਉਜਾਗਰ ਅਤੇ ਪ੍ਰੇਰਨਾ ਭਰਿਆ ਬਣਾ ਰਿਹਾ ਹੈ?
੪. ਵਿਦੇਸ਼ੀ ਕਿਹੜੇ ਪਾਸ਼ੋਂ ਆਏ?
੫. ਕਿਹੜੇ ਕਿਹੜੇ ਵਿਦੇਸ਼ੀ ਇੱਥੇ ਆਏ?
੬. ਸੁਰਬੀਰਤਾ ਦਾ ਪਾਠ ਸੂਰਬੀਰਾਂ ਨੂੰ ਕਿਥੋਂ ਮਿਲਦਾ ਹੈ?
੭. ਪੰਜਾਬ ਕਿਉਂ ਸਾਰੇ ਸੰਸਾਰ ਵਿਚ ਪ੍ਰਸਿੱਧ ਹੈ?
੮. ਸਭ ਤੋਂ ਪਹਿਲਾਂ ਇੱਥੇ ਕੌਣ ਆਇਆ ?
੯. ਇਤਿਹਾਸ ਦਾ ਦੂਜਾ ਕਾਂਡ ਕਦੋਂ ਸ਼ੁਰੂ ਹੁੰਦਾ ਹੈ?
੧੦. ਪੰਜਾਬੀ ਕਿਤਨੇ ਸਾਲਾਂ ਵਿਚ ਯੁਨਾਨੀ ਰਾਜ ਨੂੰ ਮਿਟਾਣ ਵਿਚ ਸਫ਼ਲ ਹੋਏ?
੧੧. ਚਾਣਕ ਕੌਣ ਸੀ?
੧੨. ਮੋਰੀਆ ਸਲਤਨਤ ਨੂੰ ਪੱਕਿਆ ਕਰਨ ਦੀ ਕਿਸਦੀ ਯੋਗਤਾ ਸੀ?
੧੩. ਹੂਲਾਂ ਦੇ ਆਣ ਤੋਂ ਬਾਦ ਕਿਹੜਾ ਯੋਧਾ ਉਠਿਆ ਸੀ?
੧੪. ਥਾਣੇਸ਼ਰ ਕਿਹਦੇ ਰਾਜ ਦੀ ਰਾਜਧਾਨੀ ਬਣੀ?
੧੫. ਕਿਸ ਨੇ ਹਰਸ਼ ਦੀ ਮਹਾਨਤਾ ਦਾ ਆਪਣੇ ਸਫ਼ਰਨਾਮੇ ਵਿੱਚ ਜ਼ਿਕਰ ਕੀਤਾ?
੧੬. ਮਹੁਮੂਦ ਗ਼ਜ਼ਲੀ ਨਾਲ ਕਿਨ੍ਹਾਂ ਨੇ ਲੜਾਈ ਕੀਤੀ?
੧੭. ਕਿਸ ਨੇ ਆਪਣੇ ਆਪ ਅੱਗ ਵਿਚ ਸੜਕੇ ਜਾਨ ਦਿੱਤੀ ਸੀ?
੧੮. ਪ੍ਰਿਥਵੀ ਰਾਜ ਨੇ ਕਦੋਂ ਮੁੰਹਮਦ ਗੌਰੀ ਨੂੰ ਕਰਾਰੀ ਸੱਟ ਮਾਰੀ ਸੀ?
੧੯. ਪ੍ਰਿਥਵੀ ਰਾਜ ਦੇ ਹਥੋਂ ਮੁਹੰਮਦ ਗੌਰੀ ਨੂੰ ਮਰਵਾਣ ਵਿਚ ਕਿਸ ਦਾ ਹੱਥ ਸੀ?
੨੦. ਗੁਰੂ ਨਾਨਕ ਦੇਵ ਨੇ ਦੇਸ਼ ਨੂੰ ਬਚਾਉਣ ਲਈ ਕੀ ਕੰਮ ਕੀਤਾ?
੨੧. ਪੰਜਵੇਂ ਗੁਰੂ ਦੀ ਸ਼ਹਾਦਤ ਨੇ ਕੀ ਕੰਮ ਕੀਤਾ?
੨੨. ਗੁਰੂ ਗੋਬਿੰਦ ਸਿੰਘ ਕੌਣ ਸਨ ਅਤੇ ਉਨ੍ਹਾਂ ਨੇ ਕੀ ਕੰਮ ਕੀਤੇ?

19.4 Fill in the blanks:

੧. ਕੌਮ —— ਸੰਕਟ ਵਿਚ —— ਕੇ ਪੰਜਾਬ ਨੇ ਆਪਣੀ —— ਦੀ ਮਿਸਾਲ —— ਕੀਤੀ ਹੈ।
੨. —— ਇਤਿਹਾਸ ਦੀ ਗਵਾਹੀ —— ਸਾਹਮਣੇ ——।
੩. ਸਿਕੰਦਰ ਕਦੀ —— ਦਾ —— —— —— ਮੰਨਿਆ।
੪. ਇਤਿਹਾਸ ਦਾ ਦੂਜਾ ਕਾਂਡ ਪਹਿਲੇ —— —— ਗੌਰ ਮਈ ਹੈ।
੫. ਰਾਜਪੂਤ ਰਿਆਸਤਾਂ ਨੇ ਚੰਗੀ —— ਥਾਂ —— —— ਸੀ।
੬. ਨਾਨਕ ਇਕ ਮਹਾਨ —— ਸ਼ਖਸੀਅਤ ——।
੭. ਮੁਹੰਮਦ ਗੌਰੀ ਦਾ ਹਮਲਾ —— ਲਈ —— ਦਾ ਕਾਰਣ ——।
੮. ਇਕ ਗ਼ੁਲਾਮ ਜੀਵਨ ਜੀਣ —— ਆਜਾਦੀ ਲਈ —— —— —— ਹੈ।
੯. ਇਸ —— ਮਿਸਾਲ —— ਇਤਿਹਾਸ ਵਿਚ —— ਮਿਲੇਗੀ?
੧੦. ਗੁਰੂਆਂ ਦੇ ਜੀਵਨ —— ਲਈ —— ਹਨ।
੧੧. ਅਠਾਰਵੀਂ ਸਦੀ ਵਿਚ ਸਿਖਾਂ ਉਤੇ —— ਤੇ —— ਜ਼ੁਲਮ —— ਗਏ।
੧੨. ਪੰਜਾਬ ਦੀ —— ਕਲਾ ਨੂੰ ਵੇਖ ਵੇਖ ਅੰਗ੍ਰੇਜ਼ —— —— ਰਿਹਾ ਸੀ।
੧੩. ਰਣਜੀਤ ਸਿੰਘ —— ਇਕ —— ਪ੍ਰਸਿਧਤਾ —— ਜਰਨੈਲ ਸੀ।
੧੪. ਸਮੁੱਚੇ —— —— ਅਸੀਂ —— ਤੋਂ ਪ੍ਰੇਰਨਾ —— ——।

19.5 Translate into Panjabi:

1. Na:nak has put an example of bravery before us.
2. It cannot be said to be an exaggeration that he upholds his principles until the last minute.
3. Panjab is not given as high a place in history as it ought to have been given.
4. For historical reasons India attracted many foreigners.
5. History is our witness that he was a brave man.
6. For the first time in his life he was badly defeated.
7. With this begins the second chapter of the history.

8. When he tried to get back the lost areas, he was killed.
9. The medieval period of history is even brighter than the previous one.
10. He felt the deteriorated condition of his time.
11. In the hearts of the people who were being trampled, he gave light.
12. His whole life was spent fighting against foreign rule.
13. The golden age of Polish poetry was in the 19th century.
14. The government was determined to suppress the movement.

19.6 Study the following uses of the participle:

1. Adjectival use:

ਆਉਂਦੇ ਸੌ ਸਾਲਾਂ ਵਿਚ	in the coming one hundred years
ਢਹਿੰਦੀਆਂ ਕਲਾਂ ਵਿਚ	in the declining stage
ਰਹਿੰਦੀ ਖੁਹੰਦੀ ਸੱਤਾ	remaining power
ਲਿਤਾੜੇ ਜਾ ਰਿਹੇ ਲੋਕਾਂ ਦੇ	of the people being trampled
ਮਾਰੀ ਗਈ ਕਰਾਰੀ ਸੱਟ	the hard struck blow

2. Adverbial use:

ਇਸ ਗੱਲ ਦੇ ਹੁੰਦਿਆਂ ਹੋਇਆਂ ਵੀ	despite this (even such a thing having happened)
ਆਜ਼ਾਦੀ ਦੀ ਮਸਾਲ ਨੂੰ ਜਗਾਦਿਆਂ ਰਖਿਆ	kept the torch of freedom burning

Translate into Panjabi:

1. Despite my working so hard, I did not succeed.
2. We kept the lamp lit all night, but you didn't come.
3. Even being late we enjoyed the play.
4. In coming years he will remain President.
5. Police arrested the thief running from the scene.
6. The people, hard hit by famine, did not lose courage.
7. Only a burning lamp gives light.
8. The above mentioned questions need answers.

UNIT XX

ਆਸ ਦਾ ਜਨਮ

ਸੰਤ ਸਿੰਘ ਸੇਖੋਂ

ਤਿੰਨ ਕਿਸਾਨ ਸੂਤੀ ਖੇਸਾਂ ਵਿਚ ਖਿਦੂ ਬਣੇ ਆਪਣੇ ਪਿੰਡ ਦੀ ਲੂਣ ਤੇਲ ਦੀ ਦੁਕਾਨ ਦੇ ਵਰਾਂਡੇ ਵਿਚ ਬੈਠੇ ਗੱਪਾਂ ਛਡ ਰਹੇ ਹਨ ਤੇ ਇਸ ਤਰ੍ਹਾਂ ਸਿਆਲ ਦੀ ਲੰਮੀ ਰਾਤ ਦਾ ਲੱਕ ਤੋੜ ਰਹੇ ਹਨ।

'ਵੋਟ ਕਿਨ੍ਹੂੰ ਦੇਣਾ ਜੇ? ਰਾਜਾ ਸਾਹਿਬ ਨੂੰ ਕਿ ਸਰਦਾਰ ਸਿੰਘ ਨੂੰ?' ਪ੍ਰੇਮ ਸਿੰਘ ਨੇ ਦੂਜੇ ਦੋਹਾਂ ਕੋਲੋਂ ਪੁਛਿਆ।

'ਸਰਦਾਰ ਸਿੰਘ ਨੂੰ ਹੋਰ ਕਿਨ੍ਹੂੰ? ਕੀ ਆਖਦੇ ਨੇ ਯਾਰ ਤੁਹਾਨੂੰ?' ਅਰਜਨ ਸਿੰਘ ਨੇ ਜਵਾਬ ਦਿਤਾ।

'ਸੋਸ਼ਲਿਸਟ।'

'ਮੈਂ ਵੀ ਉਸੇ ਨੂੰ ਦਿਆਂਗਾ' ਤੀਸਰੇ ਭਾਨ ਸਿੰਘ ਨੇ ਆਖਿਆ।

'ਓਇ, ਛਡੋ ਚੋਣਾਂ ਲਈ ਫਿਰਦੇ ਨੇ, ਬੁਢੇ ਦੁਕਾਨਦਾਰ ਨੇ ਅੰਦਰੋਂ ਖਾਂਘੀ ਜਿਹੀ ਜ਼ਬਾਨ ਵਿਚ ਆਖਿਆ', ਅੰਗਰੇਜ਼ ਐਡਾ ਭੂਲਾ ਨਹੀਂ ਜਿਡਾ ਤੁਸੀਂ ਸਮਝਿਆ।' ਕਿਸਾਨ ਉਸ ਨਾਲ ਝਗੜਨ ਨੂੰ ਤਿਆਰ ਸਨ, ਪਰ ਉਹ ਝਟ ਆਪਮਤੀ ਚੁਪ ਦੇ ਖ਼ੋਲ ਵਿਚ, ਜੋ ਦੁਕਾਨਦਾਰ ਦਾ ਸਾਰੀ ਦੁਨੀਆਂ ਤੇ ਖਾਸਾ ਹੈ, ਜਲਜੀਵ ਵਾਂਗਰ ਵੜ ਗਿਆ।

ਚੋਣ ਲੜਨ ਵਾਲਿਆਂ ਵਿਚੋਂ ਇਕ ਬੜਾ ਤਕੜਾ ਜ਼ਿਮੀਂਦਾਰ ਸੀ, ਵਡੇ ਰਾਜ-ਘਰਾਣੇ ਵਿਚੋਂ, ਤੇ ਦੂਸਰਾ ਇਕ ਸੋਸ਼ਲਿਸਟ ਸੀ, ਜੋ ਮੇਰਠ ਸਾਜ਼ਸ਼ ਕੇਸ ਵਿਚ ਕੈਦ ਰਹਿ ਚੁਕਾ ਸੀ। ਕਹਿੰਦੇ ਸਨ ਕਿ ਐਤਕਾਂ ਚੋਣਾਂ ਪਹਿਲੇ ਵਾਂਗ ਫੋਕੀ ਗੱਲ ਨਹੀਂ ਹੋਣਗੀਆਂ। ਪਹਿਲੇ ਤਾਂ ਅਮੀਰ ਆਦਮੀ ਕੌਂਸਲਾਂ ਵਿਚ ਇੱਜ਼ਤ ਦੇ ਭੁਖੇ ਜਾਂਦੇ ਸਨ। ਮੰਦੇ ਚੰਗੇ ਦੀ ਉਨ੍ਹਾਂ ਦੇ ਹਥ ਕੋਈ ਤਾਕਤ ਨਹੀਂ ਸੀ, ਬਸ ਜੇ ਕੋਈ ਝੋਲੀ-ਚੁਕ ਹੋਵੇ ਤਾਂ ਸਰਦਾਰ ਬਹਾਦਰ, ਖ਼ਾਨ ਬਹਾਦਰ ਦਾ ਖ਼ਿਤਾਬ ਪਾ ਲੈਂਦਾ। ਹੁਣ, ਸਭ ਆਖਦੇ ਸਨ, ਅੰਗਰੇਜ਼ ਰਾਜਸੀ ਤਾਕਤ ਹਿੰਦੁਸਤਾਨੀ ਜਿਮੀਂਦਾਰ ਤੇ ਸਰਮਾਏਦਾਰ ਨਾਲ ਵੰਡਣ ਲਗਾ ਸੀ, ਡਰਦਾ ਕਿ ਹੋਰ ਕਿਤੇ ਇਹ ਤਾਕਤ ਕਿਸਾਨਾਂ ਤੇ ਕਿਰਤੀਆਂ ਦੇ ਹਥਾਂ ਵਿਚ ਨਾ ਚਲੀ ਜਾਏ ਤੇ ਹੁਣ ਇਹ ਕਿਸਾਨਾ ਤੇ ਕਿਰਤੀਆ ਦੇ ਜਤਨ ਕਰਨ ਦੀ ਗੱਲ ਸੀ ਕਿ ਇਹ ਵੰਡ ਵੰਡਾਈ ਨਾ ਹੋ ਸਕੇ, ਤੇ ਉਹ ਇਸ ਨੂੰ ਵੰਡੀਦਿਆਂ ਵੰਡੀਦਿਆਂ ਖੋਹ ਲੈਣ। ਇਸ ਲਈ ਉਨ੍ਹਾਂ

ਲਈ ਜ਼ਰੂਰੀ ਸੀ ਉਹ ਸੋਸ਼ਲਿਜ਼ਮ ਤੇ ਇਸ ਦੇ ਮਦਦੀ ਕਾਂਗਰਸ ਨੂੰ ਵੋਟ ਦੇਣ। ਪ੍ਰੇਮ ਸਿੰਘ ਨੂੰ ਜਾਣੋਂ ਅੱਗ ਲਗੀ ਹੋਈ ਸੀ ਕਿ ਸਰਦਾਰ ਸਿੰਘ ਨੂੰ ਵੋਟ ਦਿਤੇ ਜਾਣ ਤੇ ਹੋਰ ਬਹੁਤ ਕਿਸਾਨ ਵੀ ਇਹ ਹੀ ਚਾਹੁੰਦੇ ਸਨ।

ਇਨ੍ਹਾਂ ਲਈ ਸੋਸ਼ਲਿਜ਼ਮ ਕਿਡੇ ਮਹਾਨ ਭਾਵ ਵਾਲੀ ਗੱਲ ਸੀ। ਉਹ ਭਿਆਨਕ ਸ਼ਕਤੀ ਜੋ ਸੌਆਂ ਪੁਸ਼ਤਾਂ ਤੋਂ ਉਨ੍ਹਾਂ ਨੂੰ ਕਿਸਮਤ ਬਣ ਕੇ ਚੰਬੜੀ ਹੋਈ ਸੀ, ਜਿਸ ਨੇ ਉਨ੍ਹਾਂ ਦੇ ਲਹੂ ਤੇ ਮਿਝ ਦੋਵੇਂ ਚੂਸ ਲਏ ਸਨ, ਸੋਸ਼ਲਿਜ਼ਮ ਸਾਮ੍ਹਣੇ ਨਕਾਰੀ ਹੋ ਜਾਵੇਗੀ। ਸ਼ਾਹੂਕਾਰ ਦੇ ਕਰਜ਼ੇ, ਜ਼ਿਮੀਂਦਾਰ ਦੀ ਬਟਾਈ, ਹੱਡ-ਤੋੜ ਸਰਕਾਰੀ ਹਾਲਾ, ਜਿਸ ਨੂੰ ਉਹ ਸ਼ਾਹੂਕਾਰ ਦੇ ਕਰਜ਼ੇ ਵਾਂਗ ਟਾਲ ਨਹੀਂ ਸਨ ਸਕਦੇ, ਜਿਸ ਵਿਚੋਂ ਉਹ ਬਟਾਈ ਦੀ ਫ਼ਸਲ ਵਾਂਗ ਕੁਝ ਚੁਰਾ ਕੇ ਨਹੀਂ ਸਨ ਕਢ ਸਕਦੇ, ਹੁਣ ਨਹੀਂ ਦੇਣੇ ਪੈਣਗੇ। ਹਰ ਇਕ ਕੋਲ ਗੁਜ਼ਾਰੇ ਜੋਗੀ ਭੋਇੰ, ਰੱਜਵੀਂ ਖਾਧ ਖ਼ੁਰਾਕ ਬੱਚਿਆਂ ਦੀ ਪੜ੍ਹਾਈ ਦਾ ਇੰਤਜ਼ਾਮ ਸਰਕਾਰ ਵਲੋਂ ਪੱਕਾ, ਉਨ੍ਹਾਂ ਦੇ ਵਿਆਹ ਤੋਂ ਵੀ ਬੇਫ਼ਿਕਰੀ। ਹੁਣ ਕੋਈ ਅਮੀਰ ਨਹੀਂ ਹਊ ਕਿ ਵਧੀਆ ਵਹੁਟੀ ਤੇ ਵਧੀਆ ਖੱਟ ਜਦੋਂ, ਛੋਟੀ ਉਮਰ ਵਿਚ, ਵੱਡੀ ਉਮਰ ਵਿਚ, ਜੀ ਕਰੇ, ਲੈ ਲਵੇ। ਨਾ ਕੋਈ ਗ਼ਰੀਬ। ਇਹ ਸਭ ਕੁਝ ਸੰਭਵ ਜੇ ਵੋਟਾਂ ਸੋਸ਼ਲਿਸਟਾਂ ਨੂੰ ਦਿਤੀਆਂ ਜਾਣ।

ਪਰ ਠੰਢੇ ਜਿਗਰੇ ਨਾਲ ਸੋਚਿਆ ਜਾਵੇ ਤਾਂ ਇਹ ਜ਼ਿਮੀਂਦਾਰ ਮੈਜਿਸਟਰੇਟ, ਸਭ ਤੋਂ ਨਰਮ ਦਿਲ ਜ਼ਿਮੀਂਦਾਰ, ਤੋਂ ਮੁਨਾਸਫ਼ ਮੈਜਿਸਟਰੇਟ ਜਿਹੜਾ ਕਈ ਵਾਰ ਬਟਾਈ ਵਿਚੋਂ ਛੋਟ ਕਰ ਦਿੰਦਾ ਹੋਵੇ, ਪੁਲਸ ਦੇ ਜ਼ੁਲਮ ਤੋਂ ਲੋਕਾਂ ਨੂੰ ਬਚਾਂਦਾ ਹੋਵੇ, ਜਿਸ ਕੋਲ ਕਿਸੇ ਕੰਮ ਲਈ ਜਾਈਏ ਤਾਂ ਜਿਥੋਂ ਤਕ ਹੋ ਸਕੇ ਜਵਾਬ ਨਾ ਦੇਵੇ, ਇਸ ਨੂੰ ਨਰਾਜ਼ ਕਰਨਾ ਕਿਧਰਲੀ ਸਿਆਣਪ ਹੋਵੇਗੀ? ਫਿਰ ਇਨ੍ਹਾਂ ਬੋਲੀਸ਼ੇਕਾਂ ਦੇ ਦਮਗਜ਼ਿਆਂ ਵਿਚ ਆ ਕੇ ਜਿਹੜੇ ਰੂਸ ਦੇ ਏਜੰਟ ਦੱਸੀਦੇ ਹੋਣ, ਜਿਹੜੇ ਵੋਟਰਾਂ ਨੂੰ ਸ਼ਰਾਬ ਨਾ ਪਿਆ ਸਕਣ, ਜਿਹੜੇ ਲਾਰੀਆਂ ਵੀ ਨਾ ਲਿਆ ਸਕਣ ਵੋਟਰਾਂ ਨੂੰ ਢੋਣ ਲਈ? ਸੋਸ਼ਲਿਸਟ ਉਮੀਦਵਾਰ ਦੀ ਵੋਟ ਪਾਣ ਤੁਰ ਕੇ ਜਾਣਾ ਪਵੇ। ਜ਼ਿਮੀਂਦਾਰ ਕਿਸਮਤ ਦਾ ਰੂਪ। ਦੂਜਾ ਫੋਕੀ ਆਸ। ਕਿਸ ਨੂੰ ਵੋਟ ਦੇਵੇ ਆਦਮੀ?

'ਭਰਾਵੋ ਸਦੀਆਂ ਤੁਸੀਂ ਗ਼ੁਲਾਮੀ ਵਿਚ ਲੰਘਾ ਦਿਤੀਆਂ। ਸਰਮਾਏਦਾਰੀ ਚੱਕੀ ਵਿਚ ਬਰੀਕ ਕਰਕੇ ਪੀਠੇ ਗਏ ਹੋ, ਤੁਹਾਡੇ ਸਰੀਰ ਵੀ ਤੇ ਤੁਹਾਡੀਆਂ ਆਤਮਾਵਾਂ ਵੀ। ਆਪਣੀਆਂ ਉਲਾਦਾਂ ਲਈ ਵੀ ਇਹੋ ਚੱਕੀ ਛਡ ਜਾਣਾ ਚਾਹੁੰਦੇ ਹੋ? ਤਾਂ ਰਾਜਾ ਸਾਹਿਬ ਨੂੰ ਵੋਟ ਦੇ ਦਿਓ। ਪਰ ਜੇ ਆਜ਼ਾਦੀ ਚਾਹੁੰਦੇ ਹੋ, ਇੱਜ਼ਤ ਚਾਹੁੰਦੇ ਹੋ ਜੇ ਆਕੜ ਕੇ ਟੁਰਨਾ ਚਾਹੁੰਦੇ ਹੋ, ਆਪਣੇ ਝੁਕੇ ਹੋਏ ਸਿਰਾਂ ਨੂੰ ਚੁਕ ਕੇ ਟੁਰਨਾ ਚਾਹੁੰਦੇ ਹੋ, ਉਏ, ਜੇ ਚਾਹੁੰਦੇ ਹੋ

ਤੁਹਾਡੀਆਂ ਉਲਾਦਾਂ ਅਜ਼ਾਦ ਹਵਾ ਵਿਚ ਜੰਮਣ, ਪਲਣ ਤੇ ਵੱਡੀਆਂ ਹੋਣ, ਤਾਂ ਸਾਥੀ ਸਰਦਾਰ ਸਿੰਘ ਨੂੰ ਵੋਟਾਂ ਦੇਣੀਆਂ ਪੈਣਗੀਆਂ। ਉਏ, ਆਜ਼ਾਦੀ ਤੇ ਇਕ ਵੋਟ ਵੀ ਖ਼ਰਚ ਨਹੀਂ ਕਰ ਸਕਦੇ? ਫਿਰ ਹੋਰ ਕੀ ਕਰ ਸਕੋਗੇ?' ਇਹ ਲਾਗੇ ਦੇ ਪਿੰਡ ਦਾ ਗੱਜਣ ਸਿੰਘ ਕਹਿ ਰਿਹਾ ਸੀ। ਗੱਜਣ ਸਿੰਘ ਹੱਡੀ ਵਾਲਾ ਬੰਦਾ, ਜਿਸ ਨੂੰ ਪੁਲਸ ਨਹੀਂ ਸੀ ਡਰਾ ਸਕਦੀ, ਜਿਸ ਨੂੰ ਸਗੋਂ ਜ਼ਿਮੀਂਦਾਰ ਡਰਦਾ ਮਾਣ ਨਾਲ ਬੁਲਾਂਦਾ ਸੀ, ਲਲਕਾਰ ਕੇ ਕਹਿ ਰਿਹਾ ਸੀ, ਸੋਸ਼ਲਿਜ਼ਮ ਦੀਆਂ ਬੰਦਖ਼ਲਾਸੀ ਦੀਆਂ, ਅਜ਼ਾਦੀ ਦੀਆਂ ਵੋਟਾਂ ਪਾਓ। ਕਿਤਨਾ ਸੱਚਾ ਜਾਪਦਾ ਸੀ? ਜਿਵੇਂ ਹੋਣਹਾਰ ਆਪ ਮੂੰਹੋਂ ਅਖਵਾ ਰਹੀ ਹੁੰਦੀ ਹੈ। ਜਰਮਨ ਕਹਾਣੀ ਵਿਚ ਬੱਚਿਆਂ ਦੇ ਬੀਨ ਵਜਣ ਵਾਲੇ ਦੇ ਗਿਰਦ ਇਕੱਠੇ ਹੋ ਜਾਣ ਵਾਂਗੂੰ ਸਾਰਾ ਪਿੰਡ ਉਸ ਦੇ ਗਿਰਦ ਇਕੱਠਾ ਹੋਇਆ ਸੀ। ਜਿਸ ਪਾਸੇ ਵੀ ਲੈ ਜਾਵੇ, ਉਹ ਉਸ ਦੇ ਪਿਛੇ ਜਾਣ ਨੂੰ ਤਿਆਰ ਸਨ, ਦਰਿਆ ਵਿਚ ਰੋੜ੍ਹ ਦੇਵੇ ਚਾਹੇ ਸੋਸ਼ਲਿਜ਼ਮ ਦੀ ਬਹਿਮਤ ਵਿਚ ਲੈ ਜਾਵੇ।

ਫਿਰ ਉਠਿਆ ਸਾਥੀ ਨੂਰ ਇਲਾਹੀ ਤੇ ਉਸ ਨੇ ਹੋਰ ਗੱਲਾਂ ਵਿਚ ਇਹ ਵੀ ਆਖਿਆ, ਭਰਾਵੋ ਸਾਥੀ ਸਰਦਾਰ ਸਿੰਘ ਦੀਆਂ ਵੋਟਾਂ ਪਾਣ ਤੁਹਾਨੂੰ ਪੋਲਿੰਗ ਸਟੇਸ਼ਨ ਤੇ ਟੁਰ ਕੇ ਜਾਣਾ ਪਏਗਾ। ਅਸਾਡੀਆ ਕੋਈ ਕਾਰੀਆਂ ਤੁਹਾਡੀ ਉਡੀਕ 'ਚ ਨਹੀਂ ਖੜੀਆ ਤੁਹਾਨੂੰ ਆਪਣੇ ਪੈਰੀਂ ਟੁਰਨਾ ਪਵੇਗਾ। ਪਰ ਕਾਹਦੇ ਲਈ? ਗ਼ੁਲਾਮੀ ਤੇ ਗਰੀਬੀ ਤੋਂ ਛੁਟਣ ਲਈ, ਆਜ਼ਾਦੀ ਪਹੁੰਚਣ ਲਈ। ਇਸ ਮੰਜ਼ਲ ਲਈ ਨੱਠੋ ਅਰ ਪਿਛਾਂਹ ਨਾ ਦੇਖੋ ਪਰਤ ਕੇ। ਹਾਂ, ਜੇ ਗ਼ੁਲਾਮੀ ਨਾਲ ਖੇਡਣਾ ਚਾਹੁੰਦੇ ਹੋ, ਲੁਟ ਨਾਲ ਤੇ ਗ਼ਰੀਬੀ ਨਾਲ, ਤਾਂ ਖੇਡੋ, ਸਰਮਾਏਦਾਰ ਜੋ ਜਹਾਨ ਦੀਆਂ ਸਭ ਚੰਗੀਆਂ ਚੀਜ਼ਾਂ ਆਪਣੇ ਲਈ ਤੇ ਗ਼ਰੀਬੀ ਤੇ ਮਜ਼ਹਬ ਤੁਹਾਡੇ ਲਈ ਵੰਡੀ ਬੈਠੇ ਨੇ। ਵਾਹ, ਦੇਖੋ ਤਾਂ ਸਈ, ਅੱਜ ਉਹ ਕਿੰਨੇ ਦਰਿਆ-ਦਿਲ ਹੋਏ ਨੇ। ਉਨ੍ਹਾਂ ਦੀਆਂ ਲਾਰੀਆਂ ਤੁਹਾਨੂੰ ਉਡੀਕ ਰਹੀਆਂ ਨੇ ਅਰ ਬੱਤਲਾ ਦੇ ਡੱਟ ਤੁਹਾਡੇ ਲਈ ਖੁਲ੍ਹ ਰਹੇ ਨੇ। ਪਰ ਫਿਰ ਬਚੇ ਪੈਦਾ ਕਰਣੇ ਛਡ ਦਿਓ ਤੇ ਜਿਹੜੇ ਪੈਦਾ ਕੀ ਕੀਤੇ ਜੇ ਉਹਨਾਂ ਦਾ ਗਲ ਘੁਟ ਦਿਓ। ਰਾਜਾ ਸਾਹਿਬ ਲਈ ਗ਼ੁਲਾਮ ਨਾ ਪੈਦਾ ਕਰੀ ਚਲੋ। ਜਾਉ, ਉਸ ਦੀਆਂ ਲਾਰੀਆਂ ਵਿਚ ਬੈਠ ਕੇ ਆਓ।'

'ਅਸੀਂ ਨਹੀਂ ਜਾਵਾਂਗੇ, ਅਸੀਂ ਨਹੀਂ ਜਾਵਾਂਗੇ।'

'ਕਾਫ਼ੀ ਹੈ, ਕਾਫ਼ੀ। ਤੁਹਾਨੂੰ ਹੁਣ ਅਸਮਾਨ ਨੇ ਵੀ ਸੁਣ ਲਿਆਂ ਹੈ। ਇਨ੍ਹਾਂ ਸਰਮਾਏਦਾਰਾਂ ਦੇ ਰੱਬ ਨੇ ਵੀ ਸੁਣ ਲਿਆ।' ਨੂਰ ਇਲਾਹੀ ਨੇ ਉਨ੍ਹਾਂ ਨੂੰ ਚੁਪ ਕਰਾਣ ਲਈ ਕਿਹਾ।

'ਉਹਨੂੰ ਸੁਣਾ ਕੇ ਛਡਾਂਗੇ। ਅਸੀਂ ਸਰਦਾਰ ਸਿੰਘ ਨੂੰ ਵੋਟਾਂ ਪਾਵਾਂਗੇ।'

'ਰਾਜਾ ਸਾਹਿਬ ਮੁਰਦਾਬਾਦ!'

'ਨਹੀਂ, ਭਰਾਵੋ ਨਹੀਂ, ਸਰਮਾਏਦਾਰੀ ਮੁਰਦਾਬਾਦ!'
'ਸਰਮਾਏਦਾਰੀ ਮੁਰਦਾਬਾਦ!'
'ਸ਼ਹਿਨਸ਼ਾਹੀ ਮੁਰਦਾਬਾਦ!'
'ਇਨਕਲਾਬ ਜ਼ਿੰਦਾਬਾਦ! ਕਿਰਤੀ ਕਿਸਾਨ ਜ਼ਿੰਦਾਬਾਦ!'

* * * * *

ਪਿੰਡ ਦੀ ਵਿਚਕਾਰਲੀ ਹੱਟੀ ਦੇ ਸਾਹਮਣੇ ਰਾਜਾ ਸਾਹਿਬ ਦੇ ਆਦਮੀਆਂ ਨੇ ਲਾਰੀ ਲਿਆ ਖੜ੍ਹਾਈ ਸੀ ਤੇ ਨਿਰਾਸ ਜਿਹੇ ਹੋ ਕੇ ਵੋਟਰਾਂ ਨੂੰ ਭਾਲ ਰਹੇ ਸਨ। ਲਾਰੀ ਵਿਚ ਤਿੰਨ ਵੋਟਰ ਬੈਠੇ ਸਨ, ਦੋ ਨੰਬਰਦਾਰ ਤੇ ਇਕ ਪਿੰਡ ਦਾ ਪਟਵਾਰੀ। ਇਕੱਠੇ ਹੋਏ ਹੋਏ, ਮਾਘ ਦੇ ਪਾਲੇ ਤੋਂ ਕੰਬਲ ਲਪੇਟੀ ਜਿਨ੍ਹਾਂ ਵਿਚੋਂ ਉਨ੍ਹਾਂ ਦੇ ਡਰੇ ਹੋਏ ਚਿਹਰੇ ਮਸਾਂ ਹੀ ਦਿਸ ਰਹੇ ਸਨ, ਉਨ੍ਹਾਂ ਵਿਚਾਰੀਆਂ, ਘਰਾਂ ਦੀਆ ਔਰਤਾਂ ਵਾਂਗ ਜਿਨ੍ਹਾਂ ਕੋਲੋਂ ਗ਼ਰੀਬੀ ਪਾਪ ਕਰਵਾ ਦੇਂਦੀ ਹੈ।

'ਕੀ ਹਾਲ ਈ, ਨੰਬਰਦਾਰਾ! ਸਰਕਾਰ ਨੂੰ ਵੋਟ ਪਾਣ ਚਲਿਆ ਏਂ? ਇਕ ਜਵਾਨ ਨੇ ਕਿਹਾ, ਉਸ ਜਥੇ ਵਿਚੋਂ ਜੋ ਢੋਲਕੀਆਂ ਛੈਣੇ ਵਜਾਂਦੇ ਗੀਤ ਤੇ ਸ਼ਬਦ ਗਾਂਦੇ ਪੋਲਿੰਗ ਸਟੇਸ਼ਨ ਨੂੰ ਜਾ ਰਹੇ ਸਨ, ਜਿਹੜੇ ਵੋਟਰ ਸਨ ਉਹ ਵੋਟਾਂ ਪਾਣ ਤੇ ਦੂਜੇ ਐਵੇਂ ਤਮਾਸ਼ਾ ਦੇਖਣ ਤੇ ਵੋਟਾਂ ਪੁਆਣ।'

'ਜਾਓ, ਭਰਾਵੋ ਜਾਓ! ਅਸੀਂ ਤਾਂ ਸਰਕਾਰ ਦੇ ਨੌਕਰ ਆਂ। ਨੌਕਰੀ ਦੇ ਬੱਧੇ ਹੋਏ। ਅਸੀਂ ਕੋਈ ਆਪਣੀ ਮਰਜ਼ੀ ਨਾਲ ਏਥੇ ਬੈਠੇ ਆ? ਤੁਸੀਂ ਦੱਸੋ ਮੈਂ ਕਿਸੇ ਹੋਰ ਨੂੰ ਨੂੰ ਰਾਜਾ ਸਾਹਿਬ ਦੀ ਵੋਟ ਦੇਣ ਨੂੰ ਆਖਿਆ ਏ?' ਇਕ ਨੰਬਰਦਾਰ ਨੇ ਆਖਿਆ।

ਨੌਜਵਾਨ ਹੱਸ ਪਏ, ਜਾਣੋ ਉਸ ਨੂੰ ਮੁਆਫ਼ ਕਰ ਦਿਤਾ ਤੇ ਚਲ ਗਏ।

ਇਕ ਹੋਰ ਜਥਾ ਆਇਆ, ਨੌਜੁਆਨਾਂ ਦਾ ਤੇ ਮੁੰਡਿਆਂ ਦਾ ਜਿਨ੍ਹਾਂ ਦੀਆਂ ਵੋਟਾਂ ਨਹੀਂ ਸਨ ਪਰ ਜੋ ਕਿਸੇ ਤਰ੍ਹਾਂ ਪੋਲਿੰਗ ਸਟੇਸ਼ਨ ਤੇ ਤਮਾਸ਼ਾ ਦੇਖਣ ਜਾਣਾ ਚਾਹੁੰਦੇ ਸਨ। ਉਨ੍ਹਾਂ ਵਿਚ ਰਲੇ ਹੋਏ ਰਾਜਾ ਸਾਹਿਬ ਦੇ ਕੁਝ ਡਰੂ ਜਿਹੇ ਵੋਟਰ ਵੀ ਸਨ। ਸਭ ਲਾਰੀ ਵਿਚ ਬੈਠ ਗਏ ਤੇ ਡਰਾਈਵਰ ਨੂੰ ਤੇ 'ਆਪਣੇ ਉਮੀਦਵਾਰ' ਦੇ ਹੋਰ ਆਦਮੀਆਂ ਨੂੰ ਵਾਜਾ ਮਾਰਨ ਕਿ ਜਲਦੀ ਹੋਵੇ। ਕੁਝ ਹੀ ਮਿੰਟਾਂ ਵਿਚ ਲਾਰੀ ਬੂੰ ਬੂੰ ਕਰਦੀ ਪਿੰਡ ਵਿਚੋਂ ਚਲੀ ਗਈ।

* * * * *

ਅੱਛਰ ਸਿੰਘ ਬੜੀ ਉਲਝਣ ਵਿਚ ਪਿਆ ਹੋਇਆ ਸੀ। ਅਮਰ ਕੌਰ, ਉਸਦੀ ਵਹੁਟੀ, ਜ਼ਿਮੀਂਦਾਰ ਦੇ ਰਿਹਾਇਸ਼ੀ ਪਿੰਡ ਦੀ ਸੀ, ਜ਼ਿਮੀਂਦਾਰ ਦੇ ਇਕ ਪਰਵਰਦਾ ਮੁਜ਼ਾਰੇ ਦੀ ਧੀ ਸੀ।

'ਅਸਾਂ ਵੋਟ ਰਾਜਾ ਸਾਹਬ ਨੂੰ ਪੌਣੀ ਏ', ਉਸ ਨੇ ਆਪਣੇ ਖ਼ਾਵੰਦ ਨੂੰ ਹੁਕਮ ਦਿਤਾ। ਉਹ ਇਕ ਸੋਹਣੀ ਮੁਟਿਆਰ ਸੀ।

ਅੱਛਰ ਸਿੰਘ ਸੰਨ੍ਹ ਤੋਂ ਫੜੇ ਚੋਰ ਵਾਂਗ ਉਸ ਵਲ ਦੇਖ ਰਿਹਾ ਸੀ। ਉਹ ਆਪਣੀ ਜ਼ਮੀਰ ਨੂੰ ਸ਼ਾਇਦ ਦਬਾ ਵੀ ਲੈਂਦਾ ਤੇ ਜ਼ਿਮੀਂਦਾਰ ਨੂੰ ਹੀ ਵੋਟ ਪਾ ਦੇਂਦਾ ਜੇ ਉਹ ਸਿਰਫ਼ ਆਪਦੇ ਪਿਉ ਕਰਕੇ ਜ਼ਿਮੀਂਦਾਰ ਦੇ ਪੱਖ ਤੇ ਹੁੰਦੇ। ਪਰ ਹਾਲੀ ਪਿਛਲੀ ਸ਼ਾਮ ਨੰਬਰਦਾਰ ਉਸ ਦੀ ਗੈਰ ਹਾਜ਼ਰੀ ਵਿਚ ਆ ਕੇ ਅਮਰ ਕੌਰ ਕੋਲੋਂ ਅੱਛਰ ਸਿੰਘ ਦੀ ਵੋਟ ਦਾ ਇਕਰਾਰ ਕਰਵਾ ਲੈ ਗਿਆ ਸੀ। ਅਮਰ ਕੌਰ ਦਾ ਕੀ ਹਕ ਸੀ ਕਿ ਉਹ ਅੱਛਰ ਸਿੰਘ ਦੀ ਵੋਟ ਇਸ ਤਰ੍ਹਾਂ ਉਸ ਦੀ ਮਰਜ਼ੀ ਤੋਂ ਬਗੈਰ ਹੀ ਕਿਸੇ ਨੂੰ ਮੰਨ ਬਹੇ?

ਅਮਰ ਕੌਰੇ, ਇਹ ਗੱਲ ਮੇਰੀ ਜ਼ਮੀਰ ਨਹੀਂ ਮੰਨਦੀ, ਉਸ ਨੇ ਉਦਾਸ ਹੋ ਕੇ ਆਖਿਆ, 'ਮੈਂ ਤੇਰੀ ਸਦਾ ਮੰਨਦਾਂ ਤੂੰ ਮੈਨੂੰ ਐਤਕੀਂ ਜਾਣ ਦੇ, ਲਚਾਰ ਨ ਕਰ।

'ਲਚਾਰੀ ਦੀ ਕੀ ਗੱਲ ਐ । ਮੈਂ ਰਾਜਾ ਸਾਹਿਬ ਦਾ ਲੂਣ ਖਾਧਾ ਇ, ਸੋ ਹਰਾਮ ਨਹੀਂ ਕਰਾਂਗੀ, ਅਸਾਂ ਉਹਨੂੰ ਵੋਟ ਦੇਣੀ ਐ।

'ਤੇ ਮੈਨੂੰ ਕੀ ਏਸ ਨਾਲ? ਮੈਂ ਤਾਂ ਉਹਦਾ ਕੁਝ ਨਹੀਂ ਦੇਣਾ, ਬਗੈਰ ਐਤਕੀ ਦੇ ਚਕੋਤੇ ਦੇ ਤੇ ਉਹਦੇ 'ਚੋਂ ਮੈਨੂੰ ਉਹ ਕੁਝ ਛਡਣ ਨਹੀਂ ਲਗਾ, ਅੱਛਰ ਸਿੰਘ ਨੇ ਦਲੇਰ ਹੋ ਕੇ ਜਵਾਬ ਦਿਤਾ।

'ਪਤਾ ਨਹੀਂ, ਮੈਂ ਹੁਣ ਤੈਨੂੰ ਕਹਿ ਦਿਤੈ ਪਈ ਵੋਟ ਰਾਜਾ ਸਾਹਿਬ ਨੂੰ ਪੌਣੀ ਐ, ਸੁਣਿਆ ਈਂ? ਅਮਰ ਕੌਰ ਨੇ ਇਕ ਸੁੰਦਰੀ ਦੇ ਅਭਿਮਾਨ ਵਿਚ ਆ ਕੇ ਗੱਲ ਟੁਕ ਦਿਤੀ।

ਅੱਛਰ ਸਿੰਘ ਪੋਲਿੰਗ ਸਟੇਸ਼ਨ ਤੇ ਹੀ ਨ ਗਿਆ, ਤੇ ਇਸ ਤਰ੍ਹਾਂ ਆਪਣੀ ਜ਼ਮੀਰ ਤੇ ਵਹੁਟੀ ਦੋਹਾਂ ਵਲੋਂ ਸੱਚਾ ਰਹਿ ਗਿਆ।

* * * * *

ਸ਼ਾਮ ਨੂੰ ਪੋਲਿੰਗ ਸਟੇਸ਼ਨ ਤੋਂ-ਵਾਪਸ ਆਂਦਿਆਂ ਕੇਹਰ ਸਿੰਘ ਨੇ ਰੋਜ਼ਾਨਾ ਅਖ਼ਬਾਰ ਦਾ ਉਸ ਦਿਨ ਦਾ ਪਰਚਾ ਖ਼ਰੀਦ ਲਿਆ।

'ਐਰੇਗਨ ਫ਼ਰੰਟ ਉਤੇ ਬਾਗੀਆਂ ਨੂੰ ਭੈੜੇ ਮੌਸਮ ਤੇ ਬਰਫ਼ ਬਾਰੀ ਨੇ ਵਧਣੋਂ ਰੋਕ ਦਿਤਾ ਹੈ। ਇਕ ਤਰ੍ਹਾਂ ਨਾਲ ਕਿਸਮਤ ਸੋਸ਼ਲਿਸਟ ਗੌਰਮਿੰਟ ਦੀ ਮਦਦ ਕਰ ਰਹੀ ਹੈ, ਉਸ ਨੇ ਪੜ੍ਹਿਆ ਤੇ ਨਰਾਇਣ ਸਿੰਘ ਨੂੰ ਅਵਾਜ਼ ਮਾਰ ਦੇ ਆਖਿਆ, 'ਵੇਖ ਓਇ ਨਰਾਇਣ ਸਿੰਘ, ਕਿਸਮਤ ਵੀ ਸੋਸ਼ਲਿਸਟ ਹੋਗੀ ਊ। ਮੌਸਮ ਵੀ ਸੋਸ਼ਲਿਸਟਾਂ ਦੀ ਮਦਦ ਕਰ ਰਿਹਾ ਕਿ ਸਪੇਨ ਚਿ।'

'ਅੱਛਾ! ' ਨਰੈਣ ਸਿੰਘ ਨੇ ਖੁਸ਼ੀ ਨਾਲ ਭਾਸਰਿਆ। 'ਵਾਹਵਾ! ਪਰ ਇਹਨਾਂ ਸੋਸ਼ਲਿਸਟ ਮਰਵਾ ਦੇਣੇ ਨੇ, ਐਬੇਸੀਨੀਆਂ ਦੇ ਹਬਸ਼ੀਆਂ ਵਾਂਗਰ। ਇਹ ਨਿਰਪੱਖ ਨਹੀਂ ਬਿਲਕੁਲ ਨਹੀਂ, ਦਿਲੋਂ ਇਹ ਮਸੋਲੀਨੀ ਵਲ ਦੇ ਨੇ।'

'ਹਾਂ, ਅੰਗਰੇਜ਼ ਸਰਮਾਇਦਾਰ ਜਮਾਤ ਵਾਲੇ ਸੋਸ਼ਲਿਜ਼ਮ ਤੋਂ ਇਤਨਾ ਡਰਦੇ ਨੇ,' ਸਾਥੀ ਨੂਰ ਇਲਾਹੀ ਨੇ ਪਿਛੋਂ ਭੱਜ ਕੇ ਨਾਲ ਮਿਲ ਕੇ ਆਖਿਆ, 'ਕਿ ਉਹ ਮਸੋਲੀਨੀ ਸਲਤਨ ਦਾ ਮੁਕਾਬਲਾ ਕਰੇ, ਪਰ ਸੋਸ਼ਲਿਜ਼ਮ ਦੀ ਕਿਤੇ ਵੀ ਮਦਦ ਨਹੀਂ ਕਰਨਗੇ। ਕਿਉਂਕਿ ਇਸ ਤਰ੍ਹਾਂ ਉਨ੍ਹਾਂ ਦੇ ਘਰ ਵਿਚ ਸੋਸ਼ਲਿਜ਼ਮ ਤਕੜਾ ਹੋ ਜਾਂਦਾ ਇ।'

'ਬਰਤਾਨਵੀ ਮਜ਼ਦੂਰ ਪਾਰਟੀ ਵੀ ਸਰ ਵਾਲਟਰ ਸਿਟਰਿਨ ਵਰਗਿਆਂ ਕੀ ਅਗਵਾਈ ਵਿਚ ਜਲਦੀ ਜਲਦੀ ਸੱਜੇ ਵਲ ਜਾ ਰਹੀ ਹੈ,' ਕਿਹਰ ਸਿੰਘ ਨੇ ਅਖ਼ਬਾਰ ਵਿਚੋਂ ਸੱਜੇ ਦਾ ਮਤਲਬ ਸਮਝਣ ਤੋਂ ਬਗ਼ੈਰ ਹੀ ਪੜ੍ਹਿਆ। ਪਰ ਜਦੋਂ ਉਸ ਨੇ ਅਗਲਾ ਵਾਕ ਪੜ੍ਹਿਆ ਤਾਂ ਜਿਤਨੀ ਲੋੜ ਸੀ ਉਤਨੀ ਉਸ ਨੂੰ ਸਮਝ ਲਗ ਗਈ। ਅਜ ਦੀ ਘੜੀ ਤੇ ਵੀਹ ਬਿਸਵੇ ਦਸਾਂ ਸਾਲਾਂ ਲਈ, ਬਰਤਾਨੀਆ ਵਿਚ ਸੋਸ਼ਲਿਜ਼ਮ ਮਰ ਚੁਕਾ ਹੈ।'

'ਅੰਗਰੇਜ਼ ਸਦਾ ਈ ਇਸ ਤਰ੍ਹਾਂ ਕਰਦੇ ਰਹੇ ਨੇ,' ਨਰਾਇਣ ਸਿੰਘ ਨੇ ਸਦੀਆਂ ਦੀ ਪੁਰਾਣੀ ਨਿਰਾਸਤਾ ਭਰੇ ਸੁਰ ਵਿਚ ਆਖਿਆ।

20.1 Phrases

ਮੰਦੇ ਚੰਗੇ ਦੀ	of good or bad, of improving or not improving
ਇੱਜ਼ਤ ਦੇ ਭੁਖੇ	hungry for prestige
ਜੇ ਕੋਈ ਝੋਲੀ ਚੁਕ ਹੋਵੇ	if someone begs, if someone flatters (the government) enough
ਕਿਤੇ ਇਹ ਤਾਕਤ ਨਾ ਚਲੀ ਜਾਵੇ	lest the power go
ਅੱਗ ਲਗੀ ਹੋਈ ਸੀ	was very angry

ਠੰਢੇ ਜਿਗਰੇ ਨਾਲ	calmly, with a cool mind
ਜਿਥੋਂ ਤਕ ਹੋ ਸਕੇ ਜ੍ਵਾਬ ਨਾ ਦੇਵੇ	as far as possible he won't let you down, won't say "no".
ਕਿਸਮਤ ਦਾ ਰੂਪ	very fortunate, lucky
ਹੱਡੀ ਵਾਲਾ ਬੰਦਾ	a man of courage, of strong will
ਜਿਵੇਂ ਹੋਣਹਾਰੂ ਆਪੁ ਮੂੰਹੋਂ ਅਖਵਾ ਰਹੀ ਹੁੰਦੀ ਹੈ	as if destiny itself is speaking through him
ਕਾਹ ਦੇ ਲਈ	for what? why?
ਦੇਖੋ ਤਾਂ ਸਈ	just see
ਉਹਨੂੰ ਸੁਣਾ ਕੇ ਛਡਾਂਗੇ	we will make him listen
ਐਵੇਂ ਤਮਾਸ਼ਾ ਦੇਖਣ	just to see the show, just for the fun of it
ਐਤਕੀ ਜਾਣ ਦੇ	let it go this time
ਗੱਲ ਟੁਕ ਦਿਤੀ	said bluntly

20.2 Vocabulary

ਅਭਿਮਾਨ	pride (m.)
ਆਕੜਨਾ	to strut
ਆਕੜਕੇ	proudly
ਆਪਮਤੀ	(him) self, on his own
ਐਡਾ	so much
ਐਤਕਾਂ	this one, of this time
ਇੰਤਜਾਮ	management, arrangement (m.)
ਉਲਝਣ	dilemma (f.)
ਉਲਾਦ	offspring (f.)
ਸਗੋਂ	even
ਸਰਮਾਏਦਾਰ	capitalist (m.)

ਸਾਜ਼ਸ਼	conspiracy (f.)
ਸੁੰਦਰੀ	beautiful woman (f.)
ਸੁਰ	voice, tone (m.)
ਸੂਤੀ	cotton (adj.)
ਹੱਡ-ਤੋੜ	hard, bone-breaking
ਹਬਸ਼ੀ	Negro (m.)
ਹਾਲਾ	tax on produce (m.)
ਹਾਲੀ	recently
ਹੋਣਹਾਰ	destiny (f.)
ਕੰਬਲ	blanket (m.)
ਕਿਧਰਲੀ	of what place? what kind of?
ਕਿਰਤੀ	worker (m.)
ਕੂਲਾ	soft
ਖੱਟ	gain, profit, income (f.)
ਖਾਸਾ	excellent, elegant, noble, pure
ਖਾਂਘੀ	coughing (f.)
ਖਾਵਿੰਦ	husband (m.)
ਖ਼ਿਤਾਬ	title (m.)
ਖਿਦੂ	ball (m.)
ਖੁਰਾਕ	diet (f.)
ਖੇਸ	cotton shawl (m.)
ਖ਼ੋਲ	sheath (m.)
ਗੱਪ	gossip, exaggeration (f.)
ਗੱਪ ਛੱਡਣਾ	to talk aimlessly
ਗ਼ਰੀਬੀ	poverty (f.)
ਗਲ ਘੁਟਣਾ	to strangle
ਗੁਜਾਰੇ ਜੋਗਾ	enough, sufficient to live on

ਗੁਲਾਮੀ	slavery (f.)
ਗੈਰ ਹਾਜਰੀ	absence (f.)
ਚੱਕੀ	gristmill (f.)
ਚਕੋਤਾ	contract money (m.)
ਚੰਬੜਨਾ	to stick, to be joined
ਚਰਾਉਣਾ	to graze
ਚੂਸਣਾ	to suck
ਛੋਟ	remission (f.)
ਜ਼ਮੀਰ	conscience (f.)
ਜਲਜੀਵ	water animals (m.)
ਜਿਗਰਾ	spirit, resolution, endurance (m.)
ਜਿੰਦਾਬਾਦ	long live! vive!
ਜਿਮੀਦਾਰ	landlord (m.)
ਟਾਲਣਾ	to postpone
ਡਰੂ	cowardly, fearful
ਤਕੜਾ	strong
ਤਮਾਸ਼ਾ	show, entertainment (m.)
ਦਮਗਜ਼ਾ	vain boasting (m.)
ਦਲੇਰ	brave, courageous
ਦੋਲਕੀ	drum (f.)
ਧੂਣਾ	to carry
ਨਕਾਜ਼ੀ	useless
ਨੱਠਣਾ	to run, flee
ਨੰਬਰਦਾਰ	village collector of taxes for irrigation (m.)
ਨਿਰਾਸਤਾ	despair (f.)
ਨੌਜਵਾਨ	youth, young man (m.)
ਪਟਵਾਰੀ	village official who keeps records of fields (m.)

ਪਰਚਾ	issue, number (of a newspaper or periodical) (m.)
ਪਰਵਰਦਾ	subordinate, dependent, subjected
ਪਾਲਾ	winter, chill (m.)
ਪਿਛਾਂਹ	backward
ਪੀਠਣਾ	to be ground
ਫੋਕਾ	empty
ਬਹਿਸਤ	heaven (f.)
ਬਟਾਈ	portion of grain given as rent by a tenant to his landlord (f.)
ਬੰਦ ਖ਼ਲਾਸੀ	freedom, release (f.)
ਬਰਫ਼ ਬਾਰੀ	snowfall (f.)
ਬਰੀਕ	thin, fine
ਬਾਗੀ	rebellion (m.)
ਬਿਸਵਾ	a measurement of area, about 1/32 of an acre (m.)
ਬੇਫ਼ਿਕਰੀ	unconcern, the state of being without worries (f.)
ਬੋਲਸ਼ਿੇਕ	Bolshevik (m.)
ਭਾਸਰਨਾ	to say, speak
ਭਾਲਨਾ	to see, look at
ਭਿਆਨਕ	terrible, frightening
ਮਦਦੀ	helper (m.)
ਮੰਦਾ	unwell
ਮਾਘ	January-February, 11th month of Hindu calendar (m.)
ਮਿਝ	marrow (f.)
ਮੁਜ਼ਾਰਾ	leasee, tenant farmer (m.)
ਮੁਨਸਫ਼	judge, justice (m.)
ਮੁਰਦਾਬਾਦ	down with! death to!
ਮੌਸਮ	weather (m.)

ਰੱਜਵਾਂ	happy, satisfied, having a full stomach
ਰਾਜ-ਘਰਾਣਾ	royal family (m.)
ਰਿਹਾਇਸ਼ੀ	native
ਰੋਜ਼ਾਨਾ ਅਖ਼ਬਾਰ	daily newspaper (m.)
ਰੋੜ੍ਹਨਾ	to push, to move (trans.)
ਲੱਕ	heart (m.)
ਲਚਾਰ ਕਰਨਾ	to force
ਲਪੇਟਣਾ	to wrap
ਲਾਗੇਦਾ	neighborly
ਲੂਣ ਹਰਾਮ ਕਰਨਾ	to betray
ਵੰਡ ਵੰਡਾਈ	division (f.)
ਵਿਸਵਾ	= ਬਿਸਵਾ
ਵੀਹ ਬਿਸਵੇ	totally, 100 per cent

20.3 Answer the following questions in Panjabi:

੧. ਕਿਸਾਨ ਕਿਥੇ ਤੇ ਕਿਵੇਂ ਬੈਠੇ ਹੋਏ ਸਨ?
੨. ਪ੍ਰੇਮ ਸਿੰਘ ਨੇ ਵੋਟਾਂ ਦੇ ਬਾਰੇ ਕੀ ਪੁੱਛਿਆ?
੩. ਅਰਜਨ ਸਿੰਘ ਨੇ ਕਿਹਨੂੰ ਵੋਟ ਦੇਣ ਲਈ ਕਿਹਾ?
੪. ਕੌਣ ਕੌਣ ਚੋਣ ਲੜਨ ਲਈ ਖੜੇ ਹੋਏ ਸੀ?
੫. ਬਹੁਤੇ ਕਿਸਾਨ ਵੀ ਕਿਸਨੂੰ ਵੋਟ ਦੇਣਾ ਚਾਹੁੰਦੇ ਸਨ?
੬. ਕਿਸਾਨਾਂ ਲਈ ਸੋਸ਼ਲਿਜ਼ਮ ਕਿਉਂ ਮਹਾਨ ਸੀ?
੭. ਜੇ ਵੋਟਾਂ ਸੋਸ਼ਲਿਸਟ ਨੂੰ ਮਿਲਣ, ਤਾਂ ਕੀ ਕੁਝ ਸੰਭਵ ਹੋ ਸਕਦਾ ਹੈ?
੮. ਚੋਣ ਲੜਨ ਵਾਲਾ ਜਿਮੀਂਦਾਰ ਕਿਸ ਤਰ੍ਹਾਂ ਦਾ ਆਦਮੀ ਸੀ? ਤੇ ਗੱਜਣ ਸਿੰਘ?
੯. ਕਿਸਾਨਾਂ ਨੇ ਨੂਰ ਇਲਾਹੀ ਦੇ ਪ੍ਰਸ਼ਨ ਦਾ ਕੀ ਉੱਤਰ ਦਿਤਾ?
੧੦. ਨੂਰ ਇਲਾਹੀ ਨੇ ਕੀ ਨਾਰੇ ਲਾਇਏ?
੧੧. ਪੈਦਲ ਜਾਣ ਵਾਲੇ ਵੋਟਰ ਕਿਵੇਂ ਸਟੇਸ਼ਨ ਨੂੰ ਜਾ ਰਹੇ ਸਨ?

੧੨. ਨੌਜਵਾਨਾਂ ਨੂੰ ਲੰਬਰਦਾਰ ਨੇ ਕੀ ਆਖਿਆ?

੧੩. ਲੰਬਰਦਾਰ ਦੀ ਗੱਲ ਸੁਣ ਕੇ ਨੌਜਵਾਨ ਕਿਉਂ ਹੱਸ ਪਏ?

੧੪. ਲਾਰੀ ਵਿਚ ਹੋਰ ਕੌਣ ਕੌਣ ਆਕੇ ਬੈਠ ਗਏ?

੧੫. ਨਰਾਇਣ ਸਿੰਘ ਨੇ ਕਿਹਰ ਸਿੰਘ ਦੀ ਗੱਲ ਦਾ ਕੀ ਜਵਾਬ ਦਿਤਾ?

20.4 Fill in the blanks:

੧. ਕਿਸਾਨ ਪਿੰਡ ਦੀ —— —— ਦੀ ਦੁਕਾਨ ਵਿਚ ਬੈਠੇ ਗੱਪਾਂ —— ——।

੨. ਵੋਟ ਕਿਸ ਨੂੰ ——, —— ਨੂੰ —— ਸਮਿਥ ਨੂੰ?

੩. ਹੋਣ —— ਵਾਲਿਆਂ —— ਇਕ ਜਿਮੀਦਾਰ ਹੈ ਤੇ —— ਇਕ ——।

੪. —— ਲਈ ਜਰੂਰੀ ਸੀ ਕਿ ਉਹ —— ਨੂੰ ਵੋਟ ——।

੫. —— ਲਈ —— —— ਮਹਾਨ ਭਾਵ ਵਾਲੀ ਗੱਲ ਹੈ।

੬. —— —— ਨਾਲ ਸੋਚਿਆ —— ਤਾਂ ਉਹ ਸਭ —— ਨਰਮਦਿਲ —— ਹੈ।

੭. ਆਜ਼ਾਦੀ —— ਇਕ ਵੋਟ —— ਖ਼ਰਚ ਨਹੀਂ —— ——।

੮. ਜਿਸ ਪਾਸੇ ਵੀ ਲੋ ——, ਉਸ ਦੇ ਪਿਛੇ —— ਨੂੰ ਤਿਆਰ ਸਨ।

੯. ਲਾਰੀਆ —— ਉਡੀਕ ਰਹੀਆਂ ——।

੧੦. ਅਸੀਂ —— ਸਰਕਾਰ ਦੇ —— ਹਾਂ।

੧੧. ਅਸੀਂ ਆਪਣੀ ਮਰਜ਼ੀ ਨਾਲ —— ਸਾਂ।

੧੨. ਮੈਂ ਬੜੀ —— ਵਿਚ ਪਿਆ —— ਸੀ।

੧੩. ਰਾਜਾ ਸਾਹਿਬ ਦਾ ਲੂਣ ਖਾਧਾ ਹੈ, ਸੋ —— —— ਕਰਾਂਗੀ।

੧੪. ਅੰਗਰੇਜ਼ ਸਦਾ —— ਇਸ ਤਰ੍ਹਾਂ —— ——।

੧੫. ਉਨ੍ਹਾਂ ਦੇ ਘਰ ਵਿਚ —— ਤਕੜਾ —— ਜਾਂਦਾ ——।

20.5 Translate into Panjabi:

1. Whom are you going to vote for? Whom else, but for the the candidate of my party?
2. The election is not just empty talk.
3. How great democracy is for them!
4. But if one thinks with a cool mind, then no one is better

than he.

5. He was the embodiment of fortune and a man of soft heart.
6. To free yourselves from slavery and poverty, vote for Roy!
7. Do not ride in his truck, even if he asks you to.
8. And the peasants shouted, "Down with capitalism, long live the revolution!
9. We are bound by our job.
10. Singing songs, they went to the polling station.
11. He was in a great dilemma.
12. I tell you right now that you have to go.
13. He just did not go to the polling station.
14. I bought the daily newspaper and began to read it.
15. The leadership in the state is rapidly moving toward the right.

20.6 Note the difference between these pairs of sentences:

ਹੁਣ ਨਹੀਂ ਦੇਣੇ ਪੈਣ	ਹੁਣ ਨਹੀਂ ਦੇਣੇ ਪੈਣਗੇ
ਮੈਂ ਵੀ ਉਸੇ ਨੂੰ ਦਿਆਂ	ਮੈਂ ਵੀ ਉਸੇ ਨੂੰ ਦਿਆਂਗਾ
ਕੀ ਕਰ ਸਕੋ ?	ਕੀ ਕਰ ਸਕੋਗੇ?
ਕਿਸਨੂੰ ਵੋਟ ਦੇਵੇ ਆਦਮੀ?	ਆਦਮੀ ਕਿਸਨੂੰ ਵੋਟ ਦੇਵੇਗਾ?

Thus the simple future is formed by adding ਗਾ (masculine) in the singular and ਗੇ in the plural to the hortative form. An exception to this is in the first person plural, for which ਗੇ is added to the first person singular hortative.

Translate into Panjabi:

1. Perhaps he may come today. If he should, I will go with him to buy a book.

2. What should a man do in such a situation?
3. He will do just what he is told.
4. What do you think he should eat if you don't give him any bread?
5. If the election is held tomorrow, for whom will you vote?
6. On the one hand there was a rich man, on the other an empty hope.
7. What should a man choose?

UNIT XXI

ਆਖਾਂ ਵਾਰਸ ਸ਼ਾਹ ਨੂੰ

ਅੰਮ੍ਰਿਤਾ ਪ੍ਰੀਤਮ

ਅਜ ਆਖਾਂ ਵਾਰਸ ਸ਼ਾਹ ਨੂੰ ਕਿਤੋਂ ਕਬਰਾਂ ਵਿਚੋਂ ਬੋਲ।
ਤੇ ਅਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ।

ਇਕ ਰੋਈ ਸੀ ਧੀ ਪੰਜਾਬ ਦੀ, ਤੂੰ ਲਿਖ ਲਿਖ ਮਾਰੇ ਵੈਣ
ਅੱਜ ਲੱਖਾਂ ਧੀਆਂ ਰੋਂਦੀਆਂ, ਤੈਨੂੰ ਵਾਰਸ ਸ਼ਾਹ ਨੂੰ ਕਹਿਣ:

ਉਠ ਦਰਦ ਮੰਦਾਂ ਦਿਆ ਦਰਦੀਆ, ਉਠ ਤਕ ਆਪਣਾ ਪੰਜਾਬ
ਅਜ ਬੇਲੇ ਲਾਸ਼ਾਂ ਵਿਛੀਆਂ ਤੇ ਲਹੂ ਦੀ ਭਰੀ ਚਨਾਬ।

ਕਿਸੇ ਨੇ ਪੰਜਾਂ ਪਾਣੀਆਂ ਵਿਚ ਦਿੱਤੀ ਜ਼ਹਿਰ ਰਲਾ
ਤੇ ਉਨ੍ਹਾਂ ਪਾਣੀਆਂ ਧਰਤ ਨੂੰ ਦਿੱਤਾ ਪਾਣੀ ਲਾ।

ਇਸ ਜ਼ਰਖੇਜ਼ ਜ਼ਮੀਨ ਦੇ ਲੂੰ ਲੂੰ ਫੁੱਟਿਆ ਜ਼ਹਿਰ
ਗਿਠ ਗਿਠ ਚੜ੍ਹੀਆਂ ਲਾਲੀਆਂ ਫੁਟ ਫੁਟ ਚੜ੍ਹਿਆ ਕਹਿਰ।

ਵਿਹੁ ਵਲਿੱਸੀ ਵਾ ਫਿਰ ਵਣ ਵਣ ਵੱਗੀ ਜਾ
ਉਹਨੇ ਹਰ ਇਕ ਵਾਂਸ ਦੀ ਵੰਝਲੀ ਦਿੱਤੀ ਨਾਗ ਬਣਾ।

ਨਾਗਾਂ ਕੀਲੇ ਲੋਕ-ਮੂੰਹ ਬਸ ਫਿਰ ਡੰਗ ਹੀ ਡੰਗ
ਪਲੋ ਪਲੀ ਪੰਜਾਬ ਦੇ ਨੀਲੇ ਪੈ ਗਏ ਅੰਗ।

ਗਲਿਓਂ ਟੁੱਟੇ ਗੀਤ ਫਿਰ ਤ੍ਰੱਕਲਿਓਂ ਟੁੱਟੀ ਤੰਦ
ਤ੍ਰਿੰਜਣੋਂ ਟੁੱਟੀਆਂ ਸਹੇਲੀਆਂ ਚਰੱਖੜੇ ਘੂਕਰ ਬੰਦ।

ਸਣੇ ਸੇਜ ਦੇ ਬੇੜੀਆਂ ਲੁੱਡਣ ਦਿਤੀਆਂ ਰੋੜ੍ਹ
ਸਣੇ ਡਾਲੀਆਂ ਪੀਂਘ ਅਜ ਪਿਪਲਾਂ ਦਿਤੀ ਤੋੜ।

ਜਿਥੇ ਵਜਦੀ ਸੀ ਫੂਕ ਪਿਆਰ ਦੀ, ਉਹ ਵੰਝਲੀ ਗਈ ਗੁਆਚ
ਰਾਂਝੇ ਦੇ ਸਭ ਵੀਰ ਅੱਜ, ਭੁੱਲ ਗਏ ਉਹਦੀ ਜਾਚ।

ਧਰਤੀ 'ਤੇ ਲਹੂ ਵੱਸਿਆ, ਕਬਰਾਂ ਪਈਆਂ ਚੋਣ
ਪ੍ਰੀਤ ਦੀਆਂ ਸ਼ਾਹਜ਼ਾਦੀਆਂ, ਅਜ ਵਿਚ ਮਜ਼ਾਰਾਂ ਰੋਣ।

ਅਜ ਸੱਭੇ ਕੈਦੋਂ ਬਣ ਗਏ, ਹੁਸਨ ਇਸ਼ਕ ਦੇ ਚੋਰ
ਅਜ ਕਿਥੋਂ ਲਿਆਈਏ ਲੱਭ ਦੇ, ਵਾਰਸ ਸ਼ਾਹ ਇਕ ਹੋਰ।

ਅੱਜ ਆਖਾਂ ਵਾਰਸਸ਼ਾਹ ਨੂੰ ਕਿਤੋਂ ਕਬਰਾਂ ਵਿਚੋਂ ਬੋਲ।
ਤੇ ਅਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ।

Va:ras Ša:h is the writer of a famous folk epic 'Hi:r and Ra:njha:'. Hi:r is described here by the poetess as "a daughter of Panjab". This poem may refer to the bloodshed of the 1946-47 riots.

1.1 Phrases:

ਕਿਤਾਬੇ ਇਸ਼ਕ	book of love
ਲਿਖ ਲਿਖ ਮਾਰੇ	wrote copiously
ਤੈਨੂੰ ਵਾਰਸ ਸ਼ਾਹ	to thee, Va:ras Ša:h
ਅਜ ਬੇਲੇ	today, at this time
ਪੰਜਾਂ ਪਾਣੀਆਂ ਵਿਚ	in the five waters (rivers) of Panjab
ਵਣ ਵਣ ਵੱਗੀ ਜਾ	is running from one forest to another
ਰਾਂਝੇ ਦੇ ਸਭ ਵੀਰ	all the brothers of Ra:njha:, i.e., fellow Panjabis

21.2 Vocabulary

ਅਗਲਾ	next
ਆਖ	call, word, saying (f.)
ਸ਼ਾਹਜ਼ਾਦੀ	princess (f.)
ਸੇਜ	bedstead (f.)
ਕਹਿਰ	wrath, anger, calamity (m.)
ਕਬਰ	grave (f.)
ਕੀਲਣਾ	to charm (a snake)
ਗਿਠ ਗਿਠ	at every place
ਗੁਆਚਣਾ	to be lost
ਘੂਕਰ	hum, buzzing, noise (m.)
ਚਨਾਬ	a river in Panjab (f.)
ਚਰੱਖੜ	spinning wheel (m.)
ਜ਼ਹਿਰ	poison (f.)
ਜਰਖੇਜ਼	fertile
ਜਾਚ	trying, estimate, examination (f.)
ਡੰਗ	sting (m.)
ਡਾਲੀ	branch (f.)
ਤੰਦ	string, thread (f.)
ਤ੍ਰੱਕਲ	spindle of a spinning wheel (m.)
ਤ੍ਰਿੰਜਣ	group of spinning women or girls (f.)
ਨਾਗ	snake (m.)
ਨੀਲਾ	blue
ਪੰਜਾ ਪਾਣੀਆਂ	five rivers -- Panjab (lit., five waters)
ਪਲੋ ਪਲੀ	bit by bit, little by little
ਪੀਂਘ	a kind of swing (f.)

ਫੋਲਣਾ	to open
ਬੰਦ	stopped, closed
ਬੇੜੀ	fetter (f.)
ਮਜ਼ਾਰ	grave (f.)
ਰਲਾਉਣਾ	to mix (trans.)
ਰੌੜ੍ਹ	flowing of water (f.)
ਲਾਸ਼	corpse (f.)
ਲਾਲੀ	redness, lady (f.)
ਲੁੱਢਣਾ	to be moved, to roll
ਲੂੰ	pore (m.)
ਵਣ	forest (m.)
ਵਰਕਾ	page, leaf of a book (m.)
ਵਾ	atmosphere, air (f.)
ਵਾਂਸ	bamboo (m.)
ਵਲਿੱਸੀ	wrapped in, full of
ਵਿਹੁ	poison (f.)
ਵਿੱਛਣਾ	to be spread
ਵੈਣ	eulogy (in poetry) (m.)

21.3 Rewrite this poem in Panjabi prose order and give a summary in Panjabi.

21.4 Translate into Panjabi:

1. Speak from somewhere--speak from wherever you are!
2. Let us open a new page in the history of the human race!
3. When one man cried you wrote a whole book.
4. Today millions suffer and you do not write.
5. Oh, compassionate one, look what is happening to your country!

6. He mixed the poison with the milk and gave it to his enemy.
7. A flower bloomed from the fertile land.
8. He made a snake out of every plant.
9. His body turned pale.
10. We need one more Gandhi, one more Buddha.
11. The graves of lovers cry.
12. There were people everywhere.

21.5 (1) Note the use of ਹੀ in the sentence:

ਡੰਗ ਹੀ ਡੰਗ ਹਨ	there are only stings and stings (there are lots of stings)

(2) Note the use of the ending -ਓਂ throughout this poem. It has the meaning "from":

ਵਿਚੋਂ	from in
ਕਿਥੋਂ	from where?
ਗਲਿਓਂ	from the street
ਤ੍ਰੱਕਲਿਓਂ	from the spindle
ਕੈਦੋਂ	from prison
ਤ੍ਰਿੰਜਣੋਂ	from the spinning women

(3) When a noun stands in apposition to a pronoun and is followed by a post-position, the latter appears twice:

ਲੱਖਾਂ ਧੀਆਂ ਤੈ ਨੂੰ, ਵਾਰਸ ਸ਼ਾਹ ਨੂੰ, ਕਹਿਣ	lakhs of daughters say to you, Va:ras Ša:h

Translate into Panjabi:

1. As far as we could see there were only people there.
2. They said to him, Mr. Singh, from where have you come?

3. The police inspector told him, the leader, "You will be released from prison today."
4. Speak you, oh Lord, from somewhere!
5. There are lots of miseries here; save us from them!
6. From the middle of Panjab a peasant came.
7. Water, water everywhere, and not a drop to drink.
8. From the city they sent for him, the poet.
9. Where do you say you came from, Ra:m?
10. He had only daughters and no sons.

UNIT XXII

ਸਵਾ ਪੰਜ ਰੁਪਏ

ਹਰਬੰਸ ਸਿੰਘ ਜੌਲੀ

ਐਤਵਾਰ ਨੂੰ ਮੈਂ ਸਿਰੀ ਦਰਬਾਰ ਸਾਹਿਬ ਦਰਸ਼ਨਾਂ ਲਈ ਗਇਆ। ਨੀਵੀਂ ਪਾਈ ਪਰਕਰਮਾ ਵਿਚ ਤੁਰੀ ਜਾਂਦਾ ਸਾਂ। ਸੰਗ ਮਰਮਰ ਤੇ ਲਿਖੀਆਂ ਹੋਈਆਂ ਸੇਵਾ ਦੀਆਂ ਰਕਮਾਂ ਪੜ੍ਹਦਾ ਜਾਂਦਾ ਸੀ। ਇਕ ਥਾਂ ਰੁਕ ਗਇਆ:

੫।)

ਗਰੀਬ ਸਿੰਘ ਵਲਦ ਕੱਥਾ ਸਿੰਘ, ਸਿਰੀ ਨਗਰ

ਪਹਿਲਾਂ ਤੇ ਇਹ ਸੋਚਿਆ, ਸਦਕੇ ਜਾਈਏ ਸਿੱਖੀ ਦੇ। ਦੇਣ ਵਾਲੇ ਨੇ ਵੀ ਆਪਣੇ ਤਿਲ ਫੁਲ ਦੀ ਕਮ-ਹੈਸੀਅਤੀ ਦਾ ਝੱਕ ਨਾ ਕੀਤਾ—ਸੁਦਾਮੇ ਦੇ ਤੰਦਲ ਬਹੁਤ ਬੜੀ ਚੀਜ਼ ਹਨ —ਅਤੇ ਕਮੇਟੀ ਵਾਲਿਆਂ ਨੇ, ਜੋ ਲੈਣ ਵਾਲੇ ਹਨ, ੫।) ਜਿੰਨੀ ਥੋਹੜੀ ਰਕਮ ਨੂੰ ਵੀ ਲਿਖਣੋਂ ਨਾਂਹ ਨਾ ਕੀਤੀ। ਏਸ ਦਰਬਾਰ ਵਿਚ ਜੋ "ਸੋ ਦਰ" ਦੀ ਅਸਥੂਲ ਸੂਰਤ ਹੈ, ਵੱਡੇ ਛੋਟੇ ਦਾ, ਅਮੀਰੀ ਗ਼ਰੀਬੀ ਦਾ ਕੋਈ ਅੰਤਰ ਨਹੀਂ ਰਵਾ ਰਖਿਆ ਜਾਂਦਾ। ਫੇਰ ਖ਼ਿਆਲ ਆਇਆ, ਵੇਖੋ ਹੋਰ ਸਾਰੀਆਂ ਕੌਮਾਂ, ਮੁਲਕਾਂ, ਜਾਤੀਆਂ, ਧਰਮਾਂ ਦੇ ਲੋਕੀ ਆਪਣੇ ਨਾਂ ਉਚੀਆਂ ਥਾਵਾਂ ਤੇ ਖੁਣਵਾਉਂਦੇ ਹਨ ਪਰ ਗੁਰਸਿਖ, ਨਾਮ ਦੇ ਰਸੀਏ, ਆਪਣੇ ਨਾਂ ਗੁਰਸਿਖਾਂ ਦਿਆਂ ਪੈਰਾਂ ਹੇਠ ਲਤੜਵਾਉਣਾ ਚਾਹੁੰਦੇ ਹਨ। ਇਹ ਨਮਰਤਾ ਦੀ ਹੱਦ ਹੈ। 'ਨਿਵ ਨਿਵ ਲਾਗਾ ਪਾਇ॥' ਇਸ ਤਰ੍ਹਾਂ ਮਾਨੋਂ ਸਾਧ ਸੰਗਤ ਦਿਆਂ ਚਰਨਾਂ ਵਿਚ ਵਾਸਾ ਵੀ ਹੁੰਦਾ ਹੈ, ਕਮਾਈ ਤਾਂ ਖ਼ੈਰ ਸਫਲ ਹੁੰਦੀ ਹੀ ਹੈ। ਫੇਰ ਇਹ ਸੁਝ ਆਈ ਕਿ ਏਥੇ ਉਰਦੂ ਹੈ, ਗੁਰਮੁਖੀ ਹੈ, ਸਿੰਧੀ ਹੈ, ਖ਼ਬਰੇ ਲੰਡੇ, ਟਾਕਰੇ ਵੀ ਹੋਣ। ਏਥੇ ਹਰਿਮੰਦਰ ਜੀ ਵਿਚ ਸਿੱਖੀ ਦੀ ਸਾਰੀ ਭੂਗੋਲਕ ਚੌੜਾਈ ਚਿਤਰੀ ਹੋਈ ਹੈ। ਗੁਰੂ ਮਹਾਰਾਜ ਦਾ ਰਾਜ ਸਾਰੀ ਪਿਰਥਮੀ ਤੇ ਹੈ, ਅਮਰੀਕਾ, ਅਫ਼ਰੀਕਾ, ਯੂਰਪ ਪਾਕਿਸਤਾਨ, ਅਰਬ, ਸਭ ਥਾਵਾਂ ਵਿਚ ਵਸਦੇ ਸਰਧਾਵਾਨਾਂ ਦੀ ਸ਼ਰਧਾ ਏਥੇ ਮਹਿਕਦੀ ਟਹਿਕਦੀ ਹੈ...

ਗਰੀਬ ਸਿੰਘ, ਹਾਂ, ਹਾਂ, ਮੈਂ ਕਹਿਆ, ਇਹ ਖ਼ਾਲਸਾ ਹੋਟਲ ਵਾਲਾ ਗਰੀਬ ਸਿੰਘ ਹੋਣਾ ਹੈ, ਜਿਸ ਦਾ ਖ਼ਾਲਸਾ ਹੋਟਲ ਸਿਰੀ ਨਗਰ, ਪਹਿਲਗਾਮ ਤੇ ਗੁਲਮਰਗ ਤਿੰਨਾਂ ਥਾਵਾਂ ਤੇ ਹੈ ਸੀ — ਹੋਵੇਗਾ ਹੁਣ ਵੀ। ਪਰ ਉਹ ਤੇ ਅਮੀਰ ਹੋ ਗਹਿਆ ਸੀ, ਉਸ ਨੇ ਕਾਹਨੂੰ ੫।) ਕੇਵਲ ਚੜ੍ਹਾਏ ਹੋਣਗੇ। ਨਾਲੇ ਉਹਦੇ ਪਿਉ ਦਾ ਨਾਂ ਕੱਥਾ ਸਿੰਘ ਨਹੀਂ ਸੀ।

ਕੱਥਾ ਸਿੰਘ ਤਾਂ ਕਿਸੇ ਗੁਰਦੁਆਰੇ ਵਿਚ ਕਥਾ ਕਰਦਾ ਹੋਣੈ। ਅਸਲ ਵਾਸੀ ਉਹ ਜੰਮੂ ਦਾ ਰਹਿਆ ਹੋਵੇਗਾ। ਫੇਰ ਸਿਰੀ ਨਗਰ ਜਾ ਕੇ ਵੱਸ ਗਇਆ, ਜਿੱਥੇ ਗਰੀਬ ਸਿੰਘ ਜੰਮਿਆ। ਨਹੀਂ, ਕੱਥਾ ਸਿੰਘ ਸਿਰੀ ਨਗਰ ਦਾ ਹੀ ਸੀ। ਉਹਦਾ ਪਿਉ ਕੱਥਾ ਵੇਚਦਾ ਹੁੰਦਾ ਸੀ, ਚੋਰੀ ਛਪੀ। ਕਿਸੇ ਦਿਨ ਫੜਿਆ ਗਇਆ ...

ਮੈਂ ਏਥੇ ਹੀ ਖਲੋਤਾ ਸਾਂ।

ਸਰਦਾਰ ਜੀ, ਮੈਂ ਗਰੀਬ ਸਿੰਘ ਹਾਂ।

ਅਛਾ! ਮੈਂ ਕਹਿਆ।

ਤੁਹਾਡੇ ਮਨ ਵਿਚ ਕੀ ਸੁਆਲ ਹੈ?

ਮੈਂ – ਤੂੰ, ਭਰਾਵਾ, ਮੇਰੇ ਦਿਲ ਦੀ ਬੁੱਝ ਲਈ।

ਉਹ – ਬਾਬਾ ਜੀ, ਬੜੀਆਂ ਮੁਸ਼ਕਲਾਂ ਨਾਲ ਮੈਂ ਆਪਣੇ ਦਾਤੇ ਦਾ ਕਰਜ਼ਾ ਲਾਹਿਆ। ਕੁਝ ਨਾ ਪੁੱਛੋ, ਕਿਸ ਤਰ੍ਹਾਂ ਦਿਨ ਕਟੀ ਕੀਤੀ। ਇਹੋ ਧੜਕਣ ਲੱਗੀ ਰਹਿੰਦੀ ਸੀ, ਸਾਰੀਆ ਮੰਨਤਾਂ ਪੂਰੀਆਂ ਕਰ ਕੇ ਮਰਾਂ, ਨਹੀਂ ਤਾਂ ਗੁਰੂ ਬਾਬੇ ਦਾ ਦੇਣਦਾਰ ਹੋਵਾਂਗਾ। ਖ਼ਬਰੇ ਕਦੋਂ ਫਿਰ ਮਨੁੱਖਾ ਜਨਮ ਮਿਲੇ ਤੇ ਕਦੋਂ ਮੈਂ ਦੇਣਾ ਲਾਹ ਸਕਾਂ।

ਮੈਂ – ਗੁਰਮੁਖਾ, ਫਿਰ ਸੁਣਾ ਦੇ ਸਾਰੀ ਵਿਥਿਆ।

* * * * *

ਮੈਂ, ਜੀ, ਸਿਰੀ ਨਗਰ, ਮੀਰਾਂ ਕਦਲ ਦੇ ਗੁਰਦੁਆਰੇ ਵਾਲੇ ਮਹਲੇ ਵਿਚ, ਰਹਿੰਦਾ ਸਾਂ। ਯਤੀਮ ਸਾਂ। ਬੁਢੀ ਮਾਂ ਭਾਂਡੇ ਮਾਂਜ ਮਾਂਜ ਕੇ ਮੈਨੂੰ ਪਾਲਦੀ ਹੁੰਦੀ ਸੀ। ਮੈਂ ੧੬-੧੭ ਵਰਿਹਾਂ ਦਾ ਹੋ ਕੇ ਭਾਂਡੇ ਟਿੰਡਰ ਮਾਂਜਣ ਤੇ ਲਗ ਗਇਆ। ਮਾਂ ਨੇ ਬਥੇਰੀ ਆਖ ਵੇਖ ਕੀਤੀ ਪਰ ਕਿਸੇ ਗ਼ਰੀਬ ਦੀ ਕੁੜੀ ਵੀ ਮੈਨੂੰ ਪਰਨਾਣ ਤੇ ਰਾਜ਼ੀ ਨਾ ਹੋਈ। ਮੈਨੂੰ ਵੀ ਵਿਆਹ ਦਾ ਸ਼ੌਕ ਸੀ। ਮੈਂ ਰਾਵਲਪਿੰਡੀ ਆ ਗਇਆ ਘਰੋਂ ਨੱਠ ਕੇ। ਓਥੇ ਨਾਨਕ ਪੁਰੇ ਦੀ ਧਰਮਸਾਲਾ ਵਿਚ ਝਾੜੂ ਬਹਾਰੀ ਦੇ ਛੱਡਦਾ ਤੇ ਰੋਟੀਆਂ ਚੜ੍ਹੀਆਂ ਛੱਕ ਛਡਦਾ। ਭਾਈ ਵੀ ਮੈਨੂੰ ਪੁੱਤਰ ਕਰ ਕੇ ਬੁਲਾਂਦਾ ਤੇ ਐਧਰ ਓਧਰ ਜਾਣ ਲਈ ਕਹੀ ਜਾਂਦਾ। ਮੈਂ ਗੋਰਾ ਤੇ ਸਾਂ ਹੀ ਕਦ ਵੀ ਚੰਗਾ ਸੀ। ਇਕ ਰੱਜ ਪੁੱਜੇ ਘਰ ਦੀ ਮੁਸ਼ਟੰਡੀ, ਪੜ੍ਹੀ ਲਿਖੀ, ਮੇਰੇ ਖੈਹੜੇ ਪੈ ਗਈ। ਕਹਿਆ ਕਰੇ, ਮੈਨੂੰ ਤੇਰੇ ਨਾਲ ਪਰੇਮ ਹੈ। ਮੈਂ ਕਹਿਆ, ਮੈਂ ਪਰੇਮ, ਸ਼ਰੇਮ ਜਾਣਦਾ ਨਹੀਂ। ਤੂੰ ਮਾਫ਼ ਕਰ। ਮੇਰੀ ਮਾਂ ਸੁਣੇਗੀ ਤਾਂ ਕੀ ਕਹੇਗੀ। ਅਸੀਂ ਗ਼ਰੀਬਾਂ ਦੇ ਪੁਤਰ, ਅਸਾਂ ਦਸਾਂ ਨਹੁੰਆਂ ਦੀ ਕਮਾਈ ਕਰ ਕੇ ਖਾਣੀ, ਹੱਡ ਘਸਾਣੇ, ਤੂੰ ਕੋਈ ਗਿਟਮਿਟ ਕਰਨ ਵਾਲਾ, ਅਰਾਮ ਤਲਸ ਲਭ ਲੈ। ਉਹ ਕਹੇ, ਨਹੀਂ, ਪਰੀਤਮ, ਤੂੰ

ਸੋਹਣਾ ਏਂ, ਮਧੁਰ ਏਂ, ਤੂੰ ਜੋਬਨ ਦਾ ਨਕਸ਼ਾ ਏਂ, ਮੈਂ ਤੇਰੇ ਪਿਛੇ ਜਾਂਨ ਕੁਰਬਾਨ ਕਰ ਦਿਆਂਗੀ। ਮੈਂ ਕਹਿਆ, ਇਹ ਚਤਰਾਈਆਂ ਕਿਸੇ ਹੋਰ ਛੁਰਛੇ, ਗੁੰਡੇ ਅੱਗੇ ਜਾ ਕੇ ਬਖਾਣੀਂ। ਮੈਨੂੰ ਤੇਰਾ ਕੋਈ ਖ਼ਿਆਲ ਨਹੀਂ। ਮੈਂ ਤੇ ਕੋਈ ਆਪਣੇ ਵਰਗੀ ਗ਼ਰੀਬ ਕੁੜੀ ਲਭਾਂਗਾ, ਜਿਹੜੀ ਮੇਰੇ ਮੋਢੇ ਨਾਲ ਮੋਢਾ ਡਾਹ ਕੇ ਕਮਾਈ ਕਰੇ, ਮੇਰਾ ਘਰ ਸਾਭੇ, ਮੇਰੀ ਮਾਂ ਦੀ ਸੇਵਾ ਕਰੇ। ਜੇ ਉਹ ਮੰਨ ਗਈ ਤਾਂ ਮੈਂ ਭਰਤੀ ਹੋ ਜਾਵਾਂਗਾ। ਇਹ ਪਹਿਲੀ ਲੜਾਈ ਦੀ ਗੱਲ ਹੈ।

ਮੈਂ – ਫੇਰ ਕੀ ਹੋਇਆ?

ਬਾਬਾ ਜੀ, ਉਹ ਗਲੋਂ ਲਹੇ ਈ ਨਾ, ਲੇਹ ਵਾਂਗ ਚੰਬੜ ਗਈ। ਪਤਾ ਨਹੀਂ ਉਸ ਨੂੰ ਮੇਰੀਆਂ ਜੂਆਂ ਵਿਚ ਕੀ ਲਭਦਾ ਸੀ। ਸਿਆਲੇ ਵਿਚ ਮੇਰਿਆਂ ਹਥਾਂ ਪੈਰਾਂ ਤੇ ਮਣ ਮਣ ਮੈਲ ਚੜ੍ਹ ਗਈ ਹੋਈ ਸੀ। ਮੈਨੂੰ ਉਹਦੇ ਕੋਲੋਂ ਮੁਜ਼ਕ ਜਹੀ ਆਇਆ ਕਰੇ। ਮੈਂ ਗੁਰੂ ਮਹਾਰਾਜ ਅਗੇ ਸੁਖਣਾ ਸੁਖੀ, ਜੇ ਇਹ ਬਲਾ ਮੇਰੇ ਸਿਰੋਂ ਟਲ ਜਾਏ ਤਾਂ ਮੈਂ ੧।) ਦਰਬਾਰ ਸਾਹਿਬ, ਸ੍ਰੀ ਅਮ੍ਰਿਤਸਰ, ਜਾ ਕੇ ਚਾਹੜਾਂਗਾ। ਉਹ ਕਹੇ, ਮੈਂ ਉਲਟੀ ਹੋ ਕੇ ਤੇਰੇ ਮੱਥੇ ਕੁਝ ਲਾ ਦਿਆਂਵੀ। ਬਸ ਜੀ, ਮਸਾਂ ਹੀ ਜਾਨ ਬਚੀ। ਮੈਨੂੰ ਇਕ ਰੇਲ ਦਾ ਬਾਬੂ ੧੨) ਮਹੀਨੇ ਤੇ ਰੋਟੀ ਕਪੜੇ ਤੇ ਲਹੌਰ ਲੈ ਆਇਆ। ਲਹੌਰ ਆ ਕੇ ਮੈਂ ਡੌਰ ਭੌਰ ਹੋ ਗਇਆ। ਸਾਡਾ ਬਾਬੂ ਬੜਾ ਵੱਢੀ ਖੋਰਾ ਸੀ। ਉਹ ਮਾਲਗੁਦਾਮ ਦਾ ਵੱਡਾ ਬਾਬੂ ਸੀ। ਰੋਜ਼ ਜੇਬਾਂ ਭਰ ਕੇ ਲਿਆਉਂਦਾ ਸੀ। ਫਲ, ਤਰਕਾਰੀ, ਕਪੜਾ, ਹੋਰ ਸਮਿਆਨ, ਕੋਲੇ – ਬਸ ਆਮਦ ਲਗੀ ਹੀ ਰਹਿੰਦੀ ਸੀ। ਮੈਨੂੰ ਮੇਰੀ ਮਾਂ ਕਹਿੰਦੀ ਹੁੰਦੀ ਸੀ, ਪੁਤਰ, ਵੱਢੀ ਦਾ ਰੁਪਈਆ ਕੱਚਾ ਪਾਰਾ ਹੁੰਦਾ ਹੈ, ਸਰੀਰ ਵਿਚੋਂ ਨਿਕਲ ਦੇ ਹੀ ਰਹਿੰਦਾ ਹੈ।

ਮੈਂ – ਤੇਰੀ ਮਾਂ ਬੜੀ ਗੁਰਮੁਖ ਹੋਣੀ ਹੈ।

ਹਾਂ, ਜੀ, ਮੇਰਾ ਪਿਉ ਕਥਾ ਕਰਦਾ ਹੁੰਦਾ ਸੀ ਗ਼ਰੀਬਾਂ ਗੁਰਬਿਆਂ ਦਿਆਂ ਮਹਲਿਆਂ ਵਿਚ। ਨਾਂ ਸੀ ਉਹਦਾ ਭੋਲਾ ਸਿੰਘ ਪਰ ਲੋਕਾਂ ਨੇ ਨਾਂ ਕੱਥਾ ਸਿੰਘ ਰੱਖ ਲਇਆ ਸੀ। ਲੌ ਜੀ, ਉਹੋ ਗਲ ਹੋਈ। ਬਾਬੂ ਰਹਿੰਦਾ ਸੀ ਦੋ ਮੋਰੀਏ ਪੁਲੋਂ ਪਾਰ, ਜਿਥੇ ਈਸਿਣਾ ਰੰਡੀਆਂ ਪੇਸ਼ਾ ਕਰਦੀਆਂ ਹੁੰਦੀਆਂ ਸਨ। ਇਕ ਰਾਤ ਬਾਬੂ ਦੇ ਡਾਕਾ ਪਇਆ। ਸਭ ਕੁਝ ਹੂੰਝ ਹਾਂਝ ਕੇ ਲੈ ਗਏ। ਡਾਕੂ ਮੁਸਲਮਾਨ ਸਨ। ਜਾਂਦਿਆਂ ਵਾਰੀ ਕਹਿਣ ਲਗੇ, ਬਬੂ. ਕਾਫ਼ਰ ਦੇ ਮੂੰਹ ਵਿਚ ਮੂਤਰ ਕੇ ਜਾਣਾ ਹੈ। ਤੁਹਾਨੂੰ ਕਾਫ਼ਰਾਂ ਨੂੰ ਸਬਕ ਸਿਖਾ ਕੇ ਛਡਣਾ ਹੈ। ਮੈਂ ਵੀ ਉਥੇ ਹੀ ਸਾਂ। ਮੈਨੂੰ ਰਾਵਲ ਪਿੰਡੀ ਵਾਲੇ ਭਾਈ ਨੇ ਪੜ੍ਹਾਇਆ ਹੋਇਆ ਸੀ, ਸਿਰ ਜਾਏ ਤੇ ਜਾਏ ਸਿੱਖੀ ਸਿਦਕ ਨਾ ਜਾਏ। ਮੈਂ ਸੋਚਿਆ, ਜਿ ਮੈਨੂੰ ਇਹਨਾਂ ਡਾਕੂਆਂ

ਛੇੜਿਆ ਤਾਂ ਮੈਂ ਉਹ ਚਾਕੂ ਜਿਹੜਾ ਆਪਣੇ ਕੋਲ ਰਖਦਾ ਹਾਂ ਹਰ ਵੇਲੇ, ਆਪਣੇ ਢਿਡ ਵਿਚ ਖੋਭ ਲਵਾਂਗਾ। ਮੈਂ ਅਰਦਾਸ ਕੀਤੀ, ਹੇ ਸਚੇ ਪਾਤਸ਼ਾਹ, ਜੇ ਮੈਂ ਇਹਨਾਂ ਦੁਸ਼ਟਾਂ ਤੋਂ ਬਚ ਜਾਂ ਤਾਂ ਮੈਂ ੧।) ਦਾ ਪ੍ਰਸ਼ਾਦ ਸਿਰੀ ਅੰਬਰਸਰ ਜਾ ਕੇ ਚਾਹੜਾਂਗਾ।

ਮੈਂ – ਉਹਨਾਂ ਤੈਨੂੰ ਕੁਝ ਨਾ ਕਹਿਆ?

ਜੀ, ਬਾਬਾ ਜੀ ਗੁਰੂ ਰਾਖਾ। ਇਕ ਕਹਿਣ ਲੱਗਾ, ਉਏ ਇਸ ਸਿਖੜੇ ਨੂੰ ਵੀ ਫੜੋ। ਦੂਜਾ ਬੋਲਿਆ, ਏਸ ਗੰਦੇ ਨੂੰ ਕੀ ਹੱਥ ਲਾਣੈਂ, ਇਹ ਤੇ ਅੱਗੇ ਹੀ ਮਰਿਆ ਪਇਆ ਹੈ। ਤੀਜਾ ਬੋਲਿਆ, ਚੁੱਕ, ਓਏ ਹਰਾਮੀਆਂ, ਇਹ ਟਰੰਕ ਚੁੱਕ ਕੇ ਮੋਟਰ ਵਿਚ ਰਖ ਆ। ਦੂਜੇ ਦਿਨ ਪੁਲਸ ਆਈ। ਬਾਬੂ ਨੂੰ ਸ਼ਕ ਸੀ, ਤੇ ਪੱਕਾ ਸ਼ਕ, ਕਿ ਚੋਰੀ ਉਸ ਦੇ ਆਪਣੇ ਇਕ ਕਲਰਕ ਦੀ ਸਾਜ਼ਸ਼ ਨਾਲ ਹੋਈ ਹੈ, ਜਿਸ ਨੂੰ ਉਹ ਨਾ ਸਿਰਫ਼ ਵੱਢੀ ਵਿਚੋਂ ਹਿਸਾ ਨਹੀਂ ਸੀ ਦੇਂਦਾ, ਬਲਕਿ ਜਿਸ ਉਤੇ ਉਸ ਨੇ ਜੁਰਮਾਨਾ ਵੀ ਦੋ ਵਾਰੀ ਕਰਾ ਦਿਤਾ ਸੀ। ਪਰ ਬਾਬੂ ਨਾਰਦ ਦੀ ਹਿੰਮਤ ਨਾ ਪਈ ਕਿ ਸਾਰੀ ਗੱਲ ਦਸੇ। ਉਸ ਨੇ ਡਾਕੇ ਦੀ ਥਾਂ ਚੋਰੀ ਦੀ ਰਪੋਟ ਲਿਖਾਈ। ਹੁਣ ਪੁਲਸ ਨੇ ਆਉਂਦਿਆਂ ਹੀ ਅਸਾਂ ਤਿੰਨਾਂ ਨੌਕਰਾਂ ਨੂੰ ਰਗੜਨਾ ਸ਼ੁਰੂ ਕਰ ਦਿਤਾ। ਚਪੜਾਸੀ ਸੀ, ਮਝ ਗਾਂ ਸਾਂਭਣ ਵਾਲਾ ਸੀ, ਤੇ ਮੈਂ ਸਾਂ। ਸਾਨੂੰ ਤਿੰਨਾਂ ਨੂੰ ਫੜ ਕੇ ਲੈ ਗਏ ਥਾਣੇ। ਖੂਬ ਜੁਤੀਆਂ ਪਈਆਂ, ਕੋਲੜੇ ਪਏ। ਗਾਹਲਾਂ ਖਾਧੀਆਂ, ਨੱਕ ਰਗੜੇ। ਮੈਂ ਮੰਨਤ ਮੰਨੀ, ਸੱਚੇ ਪਾਤਸ਼ਾਹ, ਜੇ ਏਥੋਂ ਬਚ ਜਾਵਾਂ ॥=) ਚੜ੍ਹਾਵਾਂਗਾ। ਅੱਗੋਂ ਕਦੇ ਅਮੀਰਾਂ ਦੀ ਨੌਕਰੀ ਨਹੀਂ ਕਰਨੀ। ਇਹਨਾਂ ਪਾਪੀਆਂ ਦਾ ਲੂਣ ਲਹੂ ਹੁੰਦਾ ਹੈ। ਹੁਣ ਤੇ ਸਰਕਾਰੀ ਨੌਕਰੀ ਕਰਾਂਗਾ। ਭਰਤੀ ਹੋ ਜਾਂਗਾ।

ਮੈਂ – ਸਤਿਗੁਰੂ ਬਹੁੜੇ?

ਜੀ, ਬਾਬਾ ਜੀ, ਜੇ ਚਾਹੁਣ ਤਾਂ ਐਂਜ ਬਹੁੜਦੇ ਨੇਂ, ਜਿਵੇਂ ਕੋਲ ਹੀ ਖਲੋਤੇ ਹੋਣ। ਇਕੋ ਰਾਤ ਅਸੀਂ ਹਵਾਲਾਤ ਵਿਚ ਰਹੇ। ਦੂਜੇ ਦਿਨ ਬਾਬੂ ਆਣ ਕੇ ਮੈਨੂੰ ਕਢਵਾ ਕੇ ਲੈ ਗਇਆ। ਪਤਾ ਨਹੀਂ ਕੀ ਹੋਇਆ। ਮੈਂ ਘਰ ਪਹੁੰਚ ਕੇ ਬਾਬੂ ਦੀ ਵਡੀ ਧੀ ਨੂੰ ਵਾਸਤੇ ਪਾਏ, ਬੀਬੀ, ਮੇਰੀ ਦੋ ਸਾਲ ਦੀ ਤਨਖ਼ਾਹ ਮੈਨੂੰ ਦਿਵਾ ਦਿਉ। ਮੈਂ ਆਪਣੇ ਦੇਸ ਸਿਰੀ ਨਗਰ ਜਾਵਾਂਗਾ। ਬੀਬੀ ਨੂੰ ਤਰਸ ਆ ਗਇਆ। ਉਸ ਨੇ ਆਪਣੀ ਇਕ ਚੂੜੀ ਮੈਨੂੰ ਲਾਹ ਦਿੱਤੀ ਤੇ ਕਹਿਣ ਲੱਗੀ, ਹਰਨ ਹੋ ਜਾ। ਬਾਬੂ ਜੀ ਤੇ ਅੱਗੇ ਹੀ ਲੁਟੇ ਪੁੱਟੇ ਗਏ ਨੇਂ, ਉਹਨਾਂ ਤੈਨੂੰ ਤਨਖ਼ਾਹ ਕੀ ਦੇਣੀ ਹੈ। ਮੈਂ ਹੀ ਤੈਨੂੰ ਲਿਆਉਣ ਲਈ ਆਖ ਵੇਖ ਕੇ ਬਾਬੂ ਜੀ ਨੂੰ ਭਿਜਵਾਇਆ ਸੀ।

ਮੈਂ – ਤੂੰ ਫੇਰ ਭਰਤੀ ਹੋ ਗਇਆ?

ਦੂਜੇ ਹੀ. ਦਿਨ । ਬਸਰੇ ਚਲਾ ਗਇਆ, 'ਲਸ਼ਕਰ' ਬਣ ਕੇ।

ਮੈਂ – ਲਸ਼ਕਰ ਕੀ।

ਸਫ਼ਰ ਮੈਨਾ ਵਿਚ ਚਪੜਾਸੀ। ਪਰ ਤਨਖ਼ਾਹ ਚੋਖੀ, ੬੦) ਮਹੀਨਾ, ਰੋਟੀ ਵੀ ਸਰਕਾਰੀ ਤੇ ਵਰਦੀ ਵੀ ਸਰਕਾਰੀ। ਮੈਨੂੰ ਤੇ, ਬਾਬਾ ਜੀ, ਬਾਦਸ਼ਾਹੀ ਮਿਲ ਗਈ। ਮੈਂ ਸੱਠ ਦੇ ਸੱਠ ਹੀ ਘਰ ਮਾਂ ਨੂੰ ਘੱਲ ਦੇਂਦਾ। ਭੈੜੀ ਵਾਦੀ ਮੈਂ ਕੋਈ ਲਾਗੇ ਨਹੀਂ ਲਗਣ ਦਿਤੀ ਸੀ। ਸਾਹਿਬ ਲੋਕ, ਗੋਰੇ, ਜੋ ਬਖ਼ਸ਼ੀਸ਼ ਦੇ ਜਾਂਦੇ, ਉਸ ਨਾਲ ਮੇਰਾ ਦੁਧ ਚਲ ਜਾਂਦਾ। ੧੯੨੩ ਵਿਚ ਮੈਂ ਵਾਪਸ ਆਇਆ। ਸਿਧਾ ਮਾਂ ਨੂੰ ਮਿਲਿਆ। ਮਾਂ ਨੇ ਮੇਰੀ ਅਫ਼ਸਰੀ ਤੇ ਅਮੀਰੀ ਦੀਆਂ ਧੁੱਮਾਂ ਪਾ ਰਖੀਆਂ ਸਨ। ਦਸ ਦਿਨ ਲੰਘੇ ਤੇ ਕਹਿਣ ਲਗੀ, ਲੈ, ਗ਼ਰੀਬ ਸਿੰਘਾ, ਅੱਗੇ ਇਕ ਨਹੀਂ ਸੀਓ ਜੁੜਦੀ, ਹੁਣ ਤਿੰਨ ਸਾਕ ਆਏ ਪਏ ਨੀਂ। ਚੁਣ ਲੈ। ਮੈਂ ਬੜਾ ਹਰਾਨ ਹੋਇਆ। ਮਾਂ ਨਾਲ ਲੜਨ ਲੱਗਾ ਕਿ ਇਹ ਚੁਣਨ ਵਾਲੀ ਕੀ ਭੈੜੀ ਗਲ ਆਖੀ ਆ। ਇਹ ਵੀ ਕੋਈ ਸ਼ਿਕਾਰੇ ਨੇ, ਕਿ ਸੇਬ ਨੇ, ਕਿ ਪਸ਼ਮੀਨੇ ਦੀਆਂ ਚਾਦਰਾਂ। ਗੁਜ਼ਾਰਾ ਹੀ ਕਰਨੈਂ, ਕੋਈ ਜਨਾਨੀ ਜਣਾਂ ਗੰਢ ਦਿਤੇ ਜਾਣ, ਗੁਜ਼ਾਰਾ ਕਰ ਕਰ ਲੈਣਗੇ ਜੇ ਬੇਵਕੂਫ਼ ਜਾਂ ਲੁਚੇ ਨਾਂ ਹੋਏ ਤਾਂ। ਗੱਲ ਕੀ ਜੀ, ਮੇਰਾ ਵਿਆਹ ਹੋ ਗਇਆ। ਮੈਂ ਖ਼ੁਸ਼ੀ ਵਿਚ ਆਖਿਆ, ਸਚੇ ਪਾਤਸ਼ਾਹ, ਜਿਥੇ ਮੈਂ ਪਿਛਲੀਆਂ ਸੁਖਣਾ ਲਾਹਣੀਆਂ ਨੇ ਆਪ ਹਾਜ਼ਰ ਹੋ ਕੇ ਦਰਬਾਰ ਸਾਹਿਬ, ਓਥੇ ਇਹ ਵਿਆਹ ਦੀ ਖ਼ੁਸ਼ੀਦੀ ਸੁਖਣਾ ੧।) ਵੀ ਲਾਹ ਦਿਆਂਗਾ। ਵਿਆਹ ਤੋਂ ਮਗਰੋਂ ਮੈਂ ਆਪਣੀ ਵਹੁਟੀ ਪਾਰੋ ਤੇ ਮਾਂ ਸਰਧੋ ਨਾਲ ਸਲਾਹ ਕਰਕੇ ਰੁਪਏ ਭੰਨ ਕੇ ਟਾਂਗਾ ਵਾਹਣਾ ਸਿਖਿਆ ਤੇ ਚਲਾਣਾ ਸ਼ੁਰੂ ਕਰ ਦਿਤਾ। ਬਸਰੇ ਰਹਿੰਦਿਆਂ ਮੈਨੂੰ ਖ਼ਬਰਾਂ ਸੁਣਨ ਦਾ ਝੱਸ ਪੈ ਗਇਆ ਸੀ। ਮੈਂ ਸਵਾਰੀਆਂ ਕੋਲੋਂ ਪੁਛਦਾ, ਕਿਉਂ, ਜੀ, ਕੋਈ ਤਾਜ਼ਾ ਖ਼ਬਰ ਤੇ ਸੁਣਾਓ। ਅਸੀਂ ਤੇ ਅਖ਼ਬਾਰ ਆਪ ਪੜ੍ਹ ਨਹੀਂ ਸਕਦੇ। ਇਕ ਦਿਨ ਇਕ ਅਕਾਲੀ ਸਿੰਘ ਮੇਰੇ ਟਾਂਗੇ ਤੇ ਬੈਠਾ। ਉਸ ਨੇ ਦਸਿਆ ਕਿ ਜੈਤੋ ਦਾ ਮੋਰਚਾ ਲਗਣ ਵਾਲਾ ਹੈ। ਸੂਰਮੇ ਚਾਹੀਦੇ ਨੇ। ਮੈਂ ਸੋਚਿਆ ੬੦ ਰੁਪਈਆਂ ਲਈ ਜਾਨਾਂ ਵਾਰਨ ਨੂੰ ਅਸੀਂ ਬਸਰੇ ਚਲੇ ਗਏ। ਗੁਰੂ ਦੀ ਸੇਵਾ ਵਿਚ ਮੁਫ਼ਤ ਜਾਨ ਲੜਾਉਣੀ ਸਾਡਾ ਧਰਮ ਹੈ। ਮੈਂ ਤੀਜੇ ਦਿਨ ਚੁਪ ਚੁਪੀਤਿਆਂ ਸਿਰੀ ਨਗਰੋਂ ਪੰਜਾਬ ਵਲ ਤੁਰ ਪਇਆ ਤੇ ਜੈਤੋ ਪਹੁੰਚ ਗਇਆ। ਮੋਰਚੇ ਵਿਚ ਸ਼ਾਮਲ ਹੋਇਆ। ਸਟਾਂ ਬੜੀਆਂ ਖ਼ਤਰਨਾਕ ਲਾਈਆਂ ਗਈਆਂ ਸਨ ਮੈਨੂੰ ਤੇ ਪੰਜ ਛੀ ਹੋਰਨਾਂ ਨੂੰ। ਮੈਂ ਜ਼ਖ਼ਮੀ ਪਇਆ ਸਾਂ। ਇਕ ਅਕਾਲੀ ਨੂੰ ਮੈਂ ਕਹਿਆ, ਸਿੰਘ ਜੀ, ਮੇਰਾ ਤਾਂ ਕਾਲ ਆਇਆ ਦਿਸਦਾ ਹੈ। ਗੁਰੂ ਬਾਬੇ ਦਾ ਮੈਂ ਦੇਣਦਾਰ ਹਾਂ, ੪॥=) ਮੈਂ ਸੁਖਣਾ ਦੇਣੀ ਹੈ। ਮੇਰੇ ਪਾਸ ਐਸ ਵੇਲੇ ੫।) ਹਨ। ੧੦ ਆਨਿਆਂ ਦੀ ਸੁਖਣਾ ਇਕ ਮੈਂ ਹੋਰ ਸੁਖਦਾ ਹਾਂ, ਸੋ ਮੇਰੇ ਪਿਛੋਂ ਤੁਸੀਂ ਇਹ

੫।) ਆਪ ਜਾ ਕੇ ਸਿਰੀ ਦਰਬਾਰ ਸਾਹਿਬ ਦੇ ਕੇ ਮੇਰਾ ਤੇ ਮੇਰੇ ਪਿਤਾ ਦਾ ਨਾਂ ਸੰਗ ਮਰਮਰ ਤੇ ਲਿਖਵਾ ਦੇਣਾ , ਨਾਲੇ ਸਿਰੀ ਨਗਰ।

ਮੈਂ – ਉਹ ੧੦ ਆਨਿਆਂ ਦੀ ਸੁਖਣਾ ਕੀ ਸੀ?

ਮੇਰੀ ਵਹੁਟੀ ਦੇ ਪੇਟ ਵਿਚ ਬੱਚਾ ਸੀ। ਮੈਂ ਸੁਖਿਆ ਜੇ ਮੁੰਡਾ ਹੋਵੇ ਤੇ ਸਾਡਾ ਬੰਸ ਅੱਗੇ ਤੁਰੇ। ਮੁੰਡੇ ਦੇ ਸਹਾਰੇ ਮੇਰੀ ਵਹੁਟੀ ਮੇਰੀ ਹੀ ਰਹੇਗੀ ਤੇ ਰੰਡੇਪਾ ਕਟ ਕੇ ਬੱਚੇ ਨੂੰ ਪਾਲ ਲਏਗੀ। ਗਰੀਬਾਂ ਦੀ ਇਹੋ ਕੁਝ ਹਵਸ ਹੁੰਦੀ ਹੈ।

ਮੈਂ– ਫੇਰ ਕੀ ਹੋਇਆ?

ਗ਼ਰੀਬ ਸਿੰਘ ਨੂੰ ਵਾਹਿਗੁਰੂ ਨੇ ਸ਼ਹੀਦੀ ਬਖ਼ਸ਼ੀ।

ਮੈਂ ਅੱਖੀਆਂ ਚੁਕੀਆਂ ਤਾਂ ਓਥੇ ਕੋਈ ਗ਼ਰੀਬ ਸਿੰਘ ਨਹੀਂ ਸੀ।

* * * * *

ਮੈਂ ਤੁਰੀ ਗਇਆ। ਇਹ ਗਲਬਾਤ ਹੋਈ ਸੰਤ ਗੁਰਮੁਖ ਸਿੰਘ ਵਾਲੀ ਬਾਹੀ ਵਿਚ। ਜਦੋਂ ਮੈਂ ਬਾਬਾ ਦੀਪ ਸਿੰਘ ਵਾਲੀ ਬਾਹੀ ਵਿਚ ਪੁੱਜਾ ਪਰਕਰਮਾ ਵਿਚ, ਤਾਂ ਮੇਰੇ ਪਿਛੇ ਇਕ ਜੋੜੀ ਬਾਬਾ ਅਟਲ ਸਾਹਿਬ ਵਲੋਂ ਆ ਰਹੀ ਸੀ। ਮਰਦ ਬੁਢਾ ਸੀ, ਜ਼ਨਾਨੀ ਜੁਆਨ। ਖ਼ਬਰੇ ਦੂਜੀ ਜਾਂ ਤੀਜੀ ਬੀਵੀ ਹੋਵੇਗੀ। ਬੀਵੀ ਲਾਲ ਪੀਲੀ ਹੋਈ ਊਲ ਜਲੂਲ ਬੱਕ ਰਹੀ ਸੀ। ਮੈਂ ਥੋਹੜਾ ਜਿੰਨਾ ਹੀ ਸੁਣਿਆ ਤੇ ਪਰੇਸ਼ਾਨ ਹੋ ਕੇ ਕਾਹਲੀ ਕਾਹਲੀ ਟੁਰਦਾ ਡੇਹੂਢੀ ਸਾਹਿਬ ਵਲ ਆ ਗਇਆ। ਜ਼ਨਾਨੀ ਕਹਿ ਰਹੀ ਸੀ: "ਤੁਹਾਡੀ ਤੇ ਮਤ ਮਾਰੀ ਗਈ ਹੈ। ਮੈਂ ਸੌ ਵਾਰੀ ਸਮਝਾਇਐ – ਕੋਈ ਮੈਂ ਤਤੀ ਦਾ ਵੀ ਖ਼ਿਆਲ ਕਰਿਆ ਕਰੋ। ਕਲ੍ਹ ਨੂੰ ਤੁਹਾਨੂੰ ਕੁਝ ਹੋ ਗਇਆ, ਬਹਿ ਤਾਂ ਤੁਸਾਂ ਰਹਿਣਾ ਹੀ ਨਹੀਂ, ਤਾਂ ਮੇਰਾ ਕੀ ਬਣੇਗਾ। ਖ਼ਰਚ ਕਰਨਾ ਰਾਹ ਰੰਗ ਦਾ ਹੁੰਦਾ ਹੈ। ਕਿਹੜੀ ਐਡੀ ਤੁਸਾਂ ਸੁਖਣਾ ਸੁਖੀ ਸੀ? ਕਿ ਮੈਂ ਮਰ ਜਾਵਾਂ ਤੇ ਚੌਥਾ ਵਿਆਹ ਕਰੋ? ਦੱਸੋ, ਗ਼ਜ਼ਬ ਸਾਈਂ ਦਾ, ੫।) ਦੀਆਂ ਰੋਟੀਆਂ ਵੰਡ ਆਏ। ਉਹਨਾਂ ਰੰਡੀਆਂ, ਮੁਣਸ ਖਾਣੀਆਂ ਨੂੰ ਤੇ ਦਿਹਾੜੀ ਚਾਰ ਚਾਰ ਵਾਰੀ ਰੋਟੀਆਂ ਉਹ ਆਪ ਹੀ ਵਰਤਾਦੇ ਨੇ। ਉਹੋ ੫।) ਕੰਮ ਆਉਂਦੇ। ਐਸ ਸਾਲ ਮੈਂ ਨਾ ਕੋਈ ਗਰਮ ਬਨੈਨ ਲਈ ਹੈ, ਨਾਂ ਗਰਮ ਜਰਾਬਾਂ। ਵੱਡੇ ਦਾਨੀ ਤੇ ਉੱਚੇ ਰਈਸ ਆਏ, ੫।) ਪਲਕ ਵਿਚ ਪੁੱਟ ਸੁੱਟੇ, ਜਿਵੇਂ ਗੁਰੂ ਸਾਹਿਬ ੫।) ਨਾਲ ਰੀਝ ਜਾਣਗੇ ਤੇ ਤੈਨੂੰ ਥੈਲੀਆਂ ਵਸਾ ਦੇਣਗੇ, ਤੈਨੂੰ ਜੁਆਨ ਕਰ ਦੇਣਗੇ ਤੇ ਤੇਰੇ ਘਰ ਸੱਤ ਪੁਤਰ ਕੱਠੇ ਹੀ ਭੇਜ ਦੇਣਗੇ।"

ਮੈਂ ਕਹਿਆ, ਸ਼ਾਬਾਸ਼ੇ ਤੇਰੀ ਜੰਮਣ ਵਾਲੀ ਨੂੰ।

22.1 Phrases

ਸਦਕੇ ਜਾਈਏ ਸਿੱਖੀ ਦੇ	What wouldn't we sacrifice for Sikhism!
ਨਾਮ ਦੇ ਰਸੀਏ	longing for fame
ਖੈਹੜੇ ਗਈ	was after me
ਦਸਾਂ ਨਹੁੰਆਂ ਦੀ ਕਮਾਈ	earnings of hard work
ਹੱਡ ਘਸਾਉਣਾ	to work extremely hard
ਇਹ ਚਤਰਾਈਆਂ ਕਿਸੇ ਹੋਰ ਬੁਰਛੋ	show your cleverness to someone else
ਮੈਂ ਉਲਟੀ ਹੋ ਕੇ ਤੇਰੇ ਮੱਥੇ ਕੁਝਲਾ ਦਿਆਂਗੀ	turning my back on you, I will blame you for something
ਮਸਾਂ ਹੀ ਜਾਨ ਬਚੀ	I got out of it by the skin of my teeth
੧੨) ਮਹੀਨੇ ਤੇ ਰੋਟੀ ਕਪੜੇ ਤੇ	on 12 Rs. a month plus food and clothing
ਕੱਚਾ ਪਾਰਾ	hard to digest
ਸ਼ਰੀਰ ਵਿਚੋਂ ਨਿਕਲ ਕੇ ਹੀ ਰਹਿੰਦਾ ਹੈ	it is bound to come out of one's body
ਪੇਸ਼ਾ ਕਰਨਾ	to engage in prostitution
ਸਿਰ ਜਾਏ ਤੇ ਜਾਏ ਪਰ ਸਿੱਖੀ ਸਿਦਕ ਨਾ ਜਾਏ	let the head go if it must, but not Sikh righteousness
ਰਗੜਨਾ ਸ਼ੁਰੂ ਕਰ ਦਿੱਤਾ	began to torture
ਖੂਬ ਜੁਤੀਆਂ ਪਈਆਂ	were well beaten with shoes
ਹਰਨ ਹੋ ਜਾ	run away quickly!
ਸੱਠ ਦੇ ਸੱਠ	all sixty
ਭੈੜੀ ਵਾਦੀ ਮੈਂ ਕੋਈ ਲਾਗੇ ਨਹੀਂ ਲਗਣ ਦਿੱਤੀ ਸੀ	I never allowed myself to to acquire any bad habits
ਉਸ ਨਾਲ ਦੁਧ ਚਲ ਜਾਂਦਾ	it was enough to pay for milk
ਜਾਨ ਲੜਾਉਣਾ	to fight to the death, to work very hard
ਤਿੰਨ ਸਾਕ ਆਏ ਪਏ	three offers of marriage have come
ਲਾਲ ਪੀਲੀ ਹੋਈ	angrily
ਊਲ ਜਲੂਲ ਬੱਕ ਰਹੀ ਸੀ	had been talking nonsense
ਗ਼ਜ਼ਬ ਸਾਈਂ ਦਾ	for God's sake

22.2 Vocabulary

ਅਸਥੂਲ	concrete (as opposed to subtle)
ਅਮੀਰੀ	richness, wealth, nobility (f.)
ਅਰਾਮ ਤਲਬ	fond of luxury, lazy
ਆਖ ਵੇਖ	search (f.)
ਆਮਦ	income (f.)
ਈਸਿਣਾ	wretched
ਉਲਟਾ	opposed, upside down, contrary
ਊਲ ਜਲੂਲ	nonsensical
ਸ਼ਹੀਦੀ	martyrdom (f.)
ਸੰਗਮਰਮਰ	marble (m.)
ਸਟ	blow (f.)
ਸਦਕਾ	sacrifice, charity, alms (m.)
ਸਮਿਆਨ	goods, furniture, appurtenances (m.)
ਸਰਧਾਵਾਨ	devoted
ਸ਼ਰੇਮ	used with ਪਰੇਮ
ਸ਼ਿਕਾਰਾ	houseboat (m.)
ਸਿਖਾਉਣਾ	to teach
ਸਿੱਖੀ	pertaining to Sikhism or Sikhs (adj.)
ਸਿਦਕ	righteousness, truth (m.)
ਸਿੱਧਾ	right away, immediately (adv.)
ਸੀਓ	boundary (m.)
ਸੇਵਾ	here, charity (f.)
ਹਰਨ	deer (m.)
ਹਰਾਨ	= ਹੈਰਾਨ
ਹਵਸ	whim, longing (f.)
ਹਵਾਲਾਤ	prison, cell (f.)

ਹਾਜ਼ਰ	present
ਹਾਂਝਣਾ	used with ਹੂੰਝਣਾ
ਹੂੰਝਣਾ	to sweep, collect, gather
ਕੱਚਾ	raw
ਕੱਠੇ ਹੀ	at one time
ਕਢਵਾਉਣਾ	to cause to be expelled, taken out, removed
ਕਥਾ	reading of stories from the holy books (f.)
ਕਮ-ਹੈਸੀਅਤੀ	little capability (f.)
ਕਰਜ਼ਾ	debt (m.)
ਕਲਰਕ	clerk (m.)
ਕਾਫ਼ਰ	unbeliever (m.)
ਕੋਲੜਾ	whip (m.)
ਖਾਧਾ	eaten
ਖੁਣਵਾਉਣਾ	to cause to be dug, engraved
ਖੂਬ	plenty
ਖੈਹੜਾ	obstinacy, path (m.)
ਖੋਹਬਣਾ	to pierce, thrust into
ਖੋਰਾ	eater ਵੱਢੀ ਖੋਰਾ one who takes too many bribes (m.)
ਗ਼ਜ਼ਬ	calamity, wrath (m.)
ਗੰਢ	knot (in which money or other valuables are tied) (f.)
ਗੰਦਾ	dirty
ਗਰਮ	hot
ਗਲਬਾਤ	talk, matter, thing (f.)
ਗਾਹਲ	= ਗਾਲ੍ਹ
ਗਿਟਮਿਟ ਕਰਨਾ	to speak English or other "sophisticated" language
ਗੁੰਡਾ	rogue, crook (m.)
ਗੋਰਾ	white man (m.) fair-skinned (adj.)

ਘਸਾਉਣਾ	to cause to rub
ਘੱਲਣਾ	to send
ਚਤਰਾਈ	cleverness (f.)
ਚੰਬੜਨਾ	to be pasted
ਚੜ੍ਹਾਉਣਾ	to offer (to a god)
ਚਾਹੜਣਾ	= ਚੜ੍ਹਾਉਣਾ
ਚੂੜੀ	bracelet (f.)
ਚੋਰੀ ਛਪਿਆ	printed illegally
ਚੌੜਾਈ	breadth (f.)
ਜੰਮਣਨਾ	to give birth
ਜਰਾਬ	sock (f.)
ਜਾਤੀ	caste, race (f.)
ਜੁਰਮਾਨਾ	fine (m.)
ਜੂ	= ਜੀ
ਜੋਬਨ	youth (m.)
ਜੋੜੀ	pair (f.)
ਝੱਸ	habit, taste, disposition (m.)
ਝੱਕ	fear, doubt, thought (m.)
ਝਾੜੂ	broom (f.) ਝਾੜੂ (ਬੁਹਾਰੀ) ਦੇਣਾ to sweep
ਟੀਹਕਣਾ	used with ਮਹਿਕਣਾ
ਟਰੰਕ	trunk, box (m.)
ਟਾਂਗਾ	horse buggy (m.)
ਟਿੰਡਰ	used with ਭਾਂਡਾ, pot (m.)
ਡਾਹਣਾ	to spread, to water, to engage someone in business
ਡਾਕਾ	robbery (m.)
ਡੇਹੁਢੀ	threshold (f.)

ਢਿਡ	belly (m.)
ਤਤਾ	warm
ਤੰਦਲ	puffed rice (m.)
ਤਨਖ਼ਾਹ	salary (f.)
ਤਾਜ਼ਾ	fresh
ਥੈਲੀ	money bag (f.)
ਥੋਹੜਾ	little
ਦਿਹਾੜਾ	day (m.)
ਦੁਸ਼ਟ	mean, cruel
ਦੇਣਦਾਰ	debtor (m.)
ਧੜਕਣ	throbbing, worry (f.)
ਧੁੱਮ	tumult, rumor (f.)
ਨੱਕ	nose (f.)
ਨਮਰਤਾ	humility (f.)
ਨਮਰਦ	cowardly, unmanly
ਨਿਵ ਨਿਵ	bowing down
ਪਸ਼ਮੀਨਾ	woolen
ਪਰਕਰਮਾ	circle, circling (of a shrine, etc.) (f.)
ਪਰਨਾਲਾ	water chute (to carry water from the roof) (m.)
ਪਰੀਤਮ	darling, dear (m.)
ਪਲਕ	eyelid, moment (f.)
ਪਾਤਸ਼ਾਹ	king, Lord (m.)
ਪਾਰਾ	mercury (m.)
ਪਿਰਥਮੀ	earth (f.)
ਪੀਲਾ	yellow
ਪੁੱਟਣਾ	to eradicate
ਪੇਟ	stomach (m.)

ਬਸ	enough!
ਬਹਾਰੀ	broom (f.)
ਬਹੁੜਨਾ	to come to help
ਬਖ਼ਸ਼ਣਾ	to bestow upon
ਬਖ਼ਸ਼ੀਸ਼	tip (f.)
ਬਖਾਣਨਾ	to tell, describe
ਬਚੂ	baby!
ਬਨੈਨ	sweater (m.)
ਬਲਕਿ	moreover, but also
ਬਾਹੀ	side (f.)
ਬਾਦਸ਼ਾਹੀ	royalty, kingship (f.)
ਬੀਵੀ	wife (f.)
ਬੁਰਛਣਾ	to cut slightly, trim
ਬੇਵਕੂਫ਼	= ਬੇਵਕੂਵ
ਭੰਨਣਾ	to fry
ਭਰਤੀ ਹੋਣਾ	to enlist (in the army)
ਭਾਂਡਾ	pot (m.)
ਭੂਗੋਲਕ	geographical
ਮਸਾਂ	hardly, barely
ਮਹਲਾ	street (m.)
ਮਹੀਨੇ	per month
ਮਣ	maund, measure of weight (m.)
ਮਧੁਰ	sweet
ਮੰਨਤ	prayer, request (f.)
ਮਾਲਗੁਦਾਮ	storage, warehouse (m.)
ਮੁਸ਼ਕ	odor, smell (f.)
ਮੁਸ਼ਟੰਡਾ	strong, but lacking in sense

ਮੁਣਸ	man (m.) ਮੁਣਸ ਖਾਣਾ
ਮੁਫ਼ਤ	gratis, free of charge
ਮੂਤਰ	urine (m.)
ਮੋਰੀ	drain (f.)
ਯਤੀਮ	orphan (m.)
ਰਈਸ	rich
ਰਸੀਆ	fond of pleasure, sensual
ਰਗੜਨਾ	to rub, to cause difficulty
ਰੱਜ ਪੁੱਜਾ	well-to-do, happy
ਰੰਡੀ	whore (f.)
ਰੰਡੇਪਾ	widowhood (m.)
ਰਪੋਟ	report (f.)
ਰਵਾ	in motion, going
ਰਾਖਣਾ	to save
ਰੀਝਣਾ	to be happy
ਲਸ਼ਕਰ	army, platoon (m.)
ਲਹਣਾ	= ਲਹਿਣਾ here: to take, receive
ਲੰਘਣਾ	to cross over
ਲੰੜਾ	lonely
ਲਤੜਵਾਉਣਾ	to cause to be trampled
ਲਾਹਣਾ (ਲਾਹਿਣਾ)	to bring down, to take down
ਲਾਗਾ ਪਾਇ	touched feet, fell on (his) feet (form of respectful greeting)
ਲੁਚਾ	debauched, profligate, lewd
ਲੁੱਟਣਾ	to be robbed
ਲੇਹ	paste (m.)
ਲੌਂਜੀ	lo and behold!

ਵੱਢੀ	bribe (f.) ਵੱਢੀ ਖੋਰਾ one who takes too many . bribes (m.)
ਵਰਦੀ	dress, costume (m.)
ਵਲਦ	son (m.)
ਵਾਸਤਾ	relation, connection (m.)
ਵਾਸਾ	living, residing (m.)
ਵਾਹਣਾ	= ਵਾਹੁਣਾ
ਵਾਦੀ	habit (f.)
ਵਿਥਿਆ	torment, worry (f.)

22.3 Answer the following questions in Panjabi:

੧. ਐਤਵਾਰ ਨੂੰ ਲੇਖਕ ਕਿਥੇ ਗਿਆ ਸੀ?
੨. ਉਹ ਕਿਹ ਦੀ ਪਰਕਰਮਾ ਕਰ ਰਿਹਾ ਸੀ?
੩. ਲੇਖਕ ਨੇ ਲਿਖਿਆ ਪੜਨ ਤੋਂ ਬਾਦ ਕੀ ਸੋਚਿਆ?
੪. ਦੂਜੇ ਮੁਲਕਾਂ ਅਤੇ ਧਰਮਾਂ ਦੇ ਲੋਕੀਂ ਆਪਣਾ ਨਾਂਉ ਕਿੱਥੇ ਲਿਖਾਉਣਾ ਪਸੰਦ ਕਰਦੇ ਹਨ? ਤੇ ਗੁਰਸਿਖ?
੫. ਗੁਰੂ ਮਹਾਰਾਜ ਦਾ ਰਾਜ ਕਿੱਥੇ ਫੈਲਿਆ ਹੋਇਆ ਹੈ?
੬. ਗਰੀਬ ਸਿੰਘ ਕੌਣ ਸੀ ਤੇ ਇਹਦੇ ਹੋਟਲ ਕਿੱਥੇ ਕਿੱਥੇ ਸਨ?
੭. ਲੇਖਕ ਕੋਲ ਕੌਣ ਆਇਆ ਤੇ ਉਹਨੇ ਕੀ ਆਖਿਆ?
੮. ਗਰੀਬ ਸਿੰਘ ਨੇ ਆਪਣੀ ਮੰਨਤ ਬਾਰੇ ਕੀ ਆਖਿਆ?
੯. ਗਰੀਬ ਸਿੰਘ ਕਿੱਥੇ ਰਹਿੰਦਾ ਹੁੰਦਾ ਸੀ?
੧੦. ਉਹਦੀ ਮਾਂ ਕਿਵੇਂ ਉਹਨੂੰ ਪਾਲਦੀ ਸੀ?
੧੧. ਗਰੀਬ ਸਿੰਘ ਘਰੋਂ ਨੱਠ ਕੇ ਕਿੱਥੇ ਆ ਗਿਆ?
੧੨. ਗਰੀਬ ਸਿੰਘ ਦੇ ਪੀਛੇ ਕੌਣ ਪੈ ਗਈ?
੧੩. ਪਰੇਮ ਕਰਨ ਵਾਲੀ ਕੁੜੀ ਨੂੰ ਗਰੀਬ ਸਿੰਘ ਨੇ ਕੀ ਆਖਿਆ?
੧੪. ਗਰੀਬ ਸਿੰਘ ਦੀ ਜਾਨ ਉਸ ਕੁੜੀ ਕੋਲੋਂ ਕਿਵੇਂ ਛੁਟੀ?
੧੫. ਗਰੀਬ ਸਿੰਘ ਦਾ ਬਾਪੂ ਕੀ ਕਰਦਾ ਸੀ, ਤੇ ਉਹ ਕਿੱਥੇ ਰਹਿੰਦਾ ਹੁੰਦਾ ਸੀ?

੧੬. ਫਾਕਾ ਕਿਵੇਂ ਪਿਆ ਤੇ ਗਰੀਬ ਸਿੰਘ ਕਿਵੇਂ ਬੱਚ ਗਿਆ?
੧੭. ਬਾਬੂ ਨੇ ਫਾਕੇ ਦੇ ਬਾਰੇ ਕੀ ਰਪੋਟ ਦਿੱਤੀ?
੧੮. ਚੋਰੀ ਵਿੱਚ ਬਾਬੂ ਨੇ ਕਿਹਦਾ ਨਾਉਂ ਲਾਇਆ?
੧੯. ਬਾਬਾ ਜੀ ਗਰੀਬ ਸਿੰਘ ਨੂੰ ਕਿਵੇਂ ਬਹੁੜੇ?
੨੦. ਬਾਬੂ ਦੇ ਘਰ ਦੀ ਨੌਕਰੀ ਮਗਰੋਂ ਉਹ ਕਿੱਥੇ ਭਰਤੀ ਹੋ ਗਿਆ?
੨੧. ਗਰੀਬ ਸਿੰਘ ਦਾ ਵਿਆਹ ਕਿਹ ਦੇ ਨਾਲ ਹੋਇਆ?
੨੨. ਵਿਆਹ ਤੋਂ ਮਗਰੋਂ ਉਹ ਕੀ ਕਰਨ ਲਗ ਪਿਆ?
੨੩. ਇਹ ਲੇਖਕ ਨਾਲ ਕੌਣ ਗੱਲਾਂ ਕਰ ਰਿਹਾ ਸੀ?
੨੪. ਅੱਗੇ ਵੱਧ ਕੇ ਲੇਖਕ ਨੇ ਦੂਜੀ ਕੀ ਗੱਲ ਸੁਣੀ?
੨੫ ਲੇਖਕ ਨੇ ਆਖਰ ਵਿਚ ਕੀ ਆਖਿਆ ਸੀ?

22.4 Fill in the blanks:

੧. ਸੰਗਮਰਮਰ ਤੇ ਲਿਖੀਆਂ —— ਰਕਮਾਂ ਪੜ੍ਹਦਾ —— ਸੀ।
੨. ਲੈਣ ਵਾਲੇ ਨੇ ਥੋਹੜੀ ਰਕਮ ਨੂੰ —— —— ਨਾਂਹ ਨਾ ਕੀਤੀ।
੩. ਲੋਕੀ ਆਪਣੇ ਨਾਂ —— ਥਾਵਾਂ ਤੇ —— ਹਨ।
੪. ਬੜੀਆਂ —— ਨਾਲ ਮੈਂ ਇਹ ਕੰਮ ਕੀਤਾ ਸੀ।
੫. ਕਦੋਂ ਫਿਰ ਮਨੁੰਖਾ ਜਨਮ ਮਿਲੇ —— ਮੈਂ ——।
੬. ਜੇ ਉਹ ਮੰਨ ਗਈ —— ਮੈਂ —— ਹੋ ਜਾਵਾਂਗਾ।
੭. —— ਹੀ ਜਾਨ ਬਚੀ।
੮. ਸਿਰ ਜਾਏ —— ਜਾਏ, —— ਸਿਦਕ —— ਜਾਏ।
੯. ਪੁਲਸ ਨੇ —— ਹੀ ਨੌਕਰਾਂ —— ਰਗੜਨਾ ਸ਼ੁਰੂ —— ਦਿਤਾ।
੧੦. ਉਹਨਾਂ ਤੈਨੂੰ ਰੋਟੀ ਕੀ —— ਹੈ।
੧੧. ਰੋਟੀ ਵੀ ਸਰਕਾਰੀ —— ਵਰਦੀ —— ਸਰਕਾਰੀ।
੧੨. ਦੇਸ਼ ਦੀ ਸੇਵਾ ਵਿਚ ਜਾਨ —— ਸਾਡਾ —— ਹੈ।
੧੩. ਗਰੀਬਾਂ ਦੀ ਇਹੋ —— ਹਵਸ ——।
੧੪. ਮਰਦ ਲਾਲ ਪੀਲਾ —— —— —— ਬੱਕ —— ਸੀ।
੧੫. ਸ਼ਾਬਾਸ਼ੇ ਤੇਰੀ —— ਵਾਲੀ ਨੂੰ।

22.5 Translate into Panjabi:

1. On Sunday I go to church.
2. This is the limit of sweetness.
3. He settled down in Delhi where his son was born.
4. Who knows whether we experience human birth again or not?
5. Not only was he good looking, but he was also healthy.
6. I was saved by a hair's breadth.
7. His name was Bhola: Singh, but people called him Katha: Singh.
8. We have to teach them a lesson.
9. Instead of going there, he just phoned.
10. I send all sixty rupees home.
11. He is sick already and is not going to work any more.
12. He said the fair is about to start.
13. This is all the poor people long for.
14. He was shouting nonsense in his anger.
15. This year I have neither shoes nor warm clothes.

22.6 Study the use of ਹੀ/ਈ in the following sentences. This particle in general has the function of emphasizing or intensifying some part of the sentence in which it occurs. It cannot be translated by any single English word or expression.

ਮੈਂ ਥੋਹੜਾ ਜਿਨ੍ਹਾਂ ਹੀ ਸੁਣਿਆ	I heard just a little bit
ਉਹ ਆਪ ਹੀ ਵਰਤਦੇ ਨੇ	they use themselves
ਸੱਠ ਦੇ ਸੱਠ ਈ	all sixty
ਕਮਾਈ ਤਾਂ ਖ਼ੈਰ ਸਫਲ ਹੁੰਦੀ ਹੀ ਹੈ	of course, earning does fulfill its purpose
ਕੱਥਾ ਸਿੰਘ ਸਿਰੀਨਗਰ ਹੀ ਸੀ	Katha: Singh was right in Srinagar

ਮੈਂ ਏਥੇ ਹੀ ਖਲੋਤਾ ਸਾਂ	I stood *right* here
ਉਹ ਗਲੋਂ ਲਹੇ ਹੀ ਨਾ	she *simply* won't get off (my) neck
ਮਸਾਂ ਹੀ ਜਾਨ ਬਚੀ	life was saved by a *mere* hair's breadth
ਨਿਕਲ ਕੇ ਹੀ ਰਹਿੰਦਾ ਹੈ	it is *just* bound to get out
ਪੁਲਸ ਨੇ ਆਉਂਦਿਆਂ ਹੀ ਅਸਾਂ ਰਗੜਨਾ ਸ਼ੁਰੂ ਕਰ ਦਿਤਾ	*immediately after* arriving the police began to harrass us
ਜਿਵੇਂ ਕੋਲ ਹੀ ਖਲੋਤੇ ਹੋਣ	as if he stood *right* nearby
ਮੈਂ ਹੀ ਬਾਬੂ ਜੀ ਨੂੰ ਭਿਜਵਾਇਆ ਸੀ	it was *I* who had ba:bu:ji: sent
ਦੂਜੇ ਹੀ ਦਿਨ	the *very* next day
ਮੇਰੀ ਬਹੂਟੀ ਮੇਰੀ ਹੀ ਰਹੇਗੀ	my wife will remain *mine*
ਬਹਿ ਤਾਂ ਤੁਸਾਂ ਰਹਿਣਾ ਹੀ ਨਹੀਂ	you are *certainly* not going to sit (forever)
ਲੋਕ ਹੀ ਲੋਕ ਸਨ	there were *lots* and *lots* of people
ਮੈਂ ਆਇਆ ਹੀ ਸਾਂ	*hardly* had I arrived
ਮੈਂ ਗੋਰਾ ਤੇ ਸਾਂ ਹੀ ਕਦ ਵੀ ਚੰਗਾ ਸੀ	*not only* (ਤੇ . . . ਹੀ) was I fair in complexion, but my stature was also good.
ਨਾ ਸਿਰਫ਼ ਮੈਂ ਗੋਰਾ ਸਾਂ ਬਲਕਿ ਕਦ ਵੀ ਚੰਗਾ ਸੀ	

Translate into Panjabi:

1. She was certainly a beautiful girl.
2. When I arrived she was just standing there in front of the house.
3. I had hardly begun to sing when everyone left.
4. We didn't know that it was *he* who called the police.
5. This house is simply not big enough for our family.
6. It was mere luck that I was not caught sooner.
7. The thief came on the very day that I had lent my jewels to a friend.

8. She said she loved him alone, but he could never believe her.
9. All four of their children go to school.
10. We were right in Delhi when we heard of his death.
11. There were lots and lots of birds on every tree.
12. Immediately after finishing his work he rode home on the bus.
13. Not only was she ugly, but she was mean too.
14. Why did you choose that very painting out of the whole exhibit?
15. They thought that only their child was clever and amusing.
16. He simply could not stop chasing her, although he was really tired of the game.
17. It was near this very spot that we saw the ghost.
18. I don't know why she wears that cheap hat.
19. When they built that new house they cut down all twenty of those beautiful trees.
20. There was just one piece of bread for the two of us.

UNIT XXIII

ਮੇਰਾ ਪਾਕਿਸਤਾਨੀ ਸਫ਼ਰਨਾਮਾ

ਬਲਰਾਜ ਸਾਹਨੀ

ਪਰਸੋਂ ਸ਼ਾਲਾਮਾਰ ਬਾਗ਼ ਵਿਚ ਚਾਹ ਪੀਂਦਿਆਂ ਡਾਕਟਰ ਨਜ਼ੀਰ ਤੋਂ ਪੁਛਣ ਤੇ ਜੀਅ ਕੀਤਾ ਸੀ ਕਿ ਉਹਦਾ ਜੀਵਨ-ਦ੍ਰਿਸ਼ਟੀਕੋਣ ਕੀ ਹੈ? ਜਦੋਂ ਮੋਟਰ ਦੁਬਾਰਾ ਤੁਰੀ ਤਾਂ ਇਹ ਸਵਾਲ ਪੁਛ ਈ ਲਿਆ।

ਡਾਕਟਰ ਨਜ਼ੀਰ ਦੀ ਦਰਵੇਸ਼ਾਂ ਵਾਲੀ ਸਾਦਗੀ ਤੇ ਸਾਫ਼-ਗੋਈ ਤੋਂ ਮੈਂ ਬਹੁਤ ਪ੍ਰਭਾਵਤ ਹੋਇਆ ਸਾਂ। ਉਨ੍ਹਾਂ ਦੀ ਖ਼ਾਮੋਸ਼ੀ ਵਿਚ ਵੀ ਇਕ ਤਰ੍ਹਾਂ ਦੀ ਵੰਗਾਰ ਸੀ, ਜਿਵੇਂ ਕਹਿ ਕਰਹੀ ਹੋਵੇ, "ਮਨੁਖੀ ਪਿਆਰ ਹੀ ਦੁਨੀਆਂ ਦੀ ਸਭ ਤੋਂ ਕੀਮਤੀ ਤੇ ਵਡੀ ਚੀਜ਼ ਹੈ। ਬਾਕੀ ਸਭ ਅਡੰਬਰ ਹੈ, ਤੇ ਅਡੰਬਰਾਂ ਵਿਚ ਪੈਣਾ ਜੀਵਨ ਨੂੰ ਖ਼ਰਾਬ ਕਰਨਾ ਹੈ।"

ਨਜ਼ੀਰ ਸਾਹਿਬ ਦੀ ਮੋਟਰ ਪੁਰਾਣੇ ਮਾਡਲ ਦੀ ਬੇਬੀ ਮਾਰਿਸ ਹੈ (ਇਕ ਅਜਿਹੇ ਮੁਲਕ ਵਿਚ ਜਿਥੇ ਮੋਟਰਾਂ ਦੀ ਦਰਾਮਦ ਉਪਰ ਕੋਈ ਕੰਟਰੋਲ ਨਹੀਂ, ਤੇ ਹਰ ਵੰਨਗੀ ਦੇ ਨਵੇਂ ਮਾਡਲ ਬੜੇ ਸਸਤੇ ਭਾ ਮਿਲ ਜਾਦੇ ਹਨ।) ਉਹ ਗੌਰਮਿੰਟ ਕਾਲਿਜ ਲਾਹੌਰ ਦੇ ਪ੍ਰਿੰਸੀਪਲ ਦੇ ਰੁਤਬੇ ਦਾ ਵਿਖਾਲਾ ਨਹੀਂ ਕਰਦੀ, ਕੇਵਲ ਜ਼ਰੂਰਤ ਪੂਰੀ ਕਰਦੀ ਹੈ। ਪਰ ਜਿਸ ਪ੍ਰੇਮ ਨਾਲ ਡਰਾਈਵਰ ਉਸ ਦੀ ਦੇਖ-ਭਾਲ ਕਰਦਾ ਹੈ, ਜਿਵੇਂ ਉਹਨੂੰ ਵਰਤਦਾ ਹੈ। ਆਪ-ਮੁਹਾਰੇ ਇਕ ਸੁਥਰਾ ਤੇ ਸੁਖਾਵਾਂ ਮਾਹੌਲ ਪੈਦਾ ਹੋ ਜਾਂਦਾ ਹੈ, ਜਿਸ ਉਪਰ ਨਵੇਂ ਤੋਂ ਨਵੇਂ ਮਾਡਲ ਦੀ ਗਰਾਂਡੀਲ ਸ਼ੈਵਰਲੇ ਦਾ ਮਾਲਕ ਵੀ ਰਸ਼ਕ ਖਾ ਸਕਦਾ ਹੈ। ਡਾਕਟਰ ਨਜ਼ੀਰ ਦੇ ਪੈਰੀਂ ਸਾਧਾਰਨ ਪੇਂਡੂਆਂ ਵਾਲਾ ਖੁਸਾ ਹੈ, ਕੌਰੇ ਜਹੇ ਰੰਗ ਦੀ ਪਾਪਲਿਨ ਦੀ ਪਤਲੂਨ, ਖ਼ਾਕੀ ਟਵਿਲ ਦਾ ਕੋਟ, ਸਾਦੀ ਜਹੀ ਟਾਈ। ਮਤਲਬ ਇਹ ਕਿ ਪਹਿਰਾਵੇ ਵਿਚ ਨਾ ਤਾਂ ਸਾਦਗੀ ਦਾ ਤੇ ਨਾ ਹੀ ਅਮੀਰੀ ਦਾ ਉਚੇਚਾ ਪ੍ਰਦਰਸ਼ਨ ਹੈ।

"ਮੈਂ ਕੋਈ ਕੱਟੜ ਮਜ਼੍ਹਬੀ ਆਦਮੀ ਨਹੀਂ ਹਾਂ," ਨਜ਼ੀਰ ਕਹਿਣ ਲਗੇ, "ਕੁਰਾਨ ਸ਼ਰੀਫ਼ ਨੂੰ ਮੈਂ ਅਵੱਸ਼ ਮੁਕੱਦਸ ਤਸਲੀਮ ਕਰਦਾ ਹਾਂ, ਪਰ ਇਸ ਦਾ ਇਹ ਮਤਲਬ ਨਹੀਂ ਕਿ ਦੂਜੇ ਮਜ਼੍ਹਬਾਂ ਦੀਆਂ ਕਿਤਾਬਾਂ ਦਾ ਮੈਂ ਇਹਤਰਾਮ ਨਹੀਂ ਕਰਦਾ। ਅੱਲਾਹ, ਭਗਵਾਨ ਜਾਂ ਗਾਡ ਨੂੰ ਵਖ ਵਖ ਮਜ਼੍ਹਬਾਂ ਵਾਲੇ ਲੋਕ ਬੇਸ਼ਕ ਵਖ ਵਖ ਢੰਗ ਨਾਲ ਪੂਜਦੇ ਹੋਣ ਪਰ ਉਸ ਦੀ ਆਪਣੀ ਜ਼ਾਤ ਨੂੰ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ। ਜੇ ਉਹ ਹੈ ਤਾਂ ਇਕ ਹੈ – ਤਿੰਨ ਚਾਰ ਖ਼ੁਦਾ ਨਹੀਂ ਹੋ ਸਕਦੇ। ਫੇਰ, ਮੈਂ ਇਕ ਸਾਇੰਸਦਾਨ ਹਾਂ।

ਕਈ ਵਾਰੀ ਸਾਇੰਸ ਅਜਿਹੇ ਨਤੀਜੇ ਕਢਦੀ ਹੈ ਜਿਨ੍ਹਾਂ ਮੁਤਾਬਕ ਕਾਇਨਾਤ ਨੂੰ ਰਬ ਦੀ ਲੋੜ ਹੀ ਨਹੀਂ ਜਾਪਦੀ। ਕੁਦਰਤ ਬਜ਼ਾਤੇ-ਖ਼ੁਦ ਸਭ ਤਾਕਤਾਂ ਦੀ ਮਾਲਕ ਦਿਸਣ ਲਗ ਪੈਂਦੀ ਹੈ, ਆਪ ਹੀ ਕਾਨੂੰਨ ਬਣਾਨ ਤੇ ਆਪ ਹੀ ਉਨ੍ਹਾਂ ਉਪਰ ਚਲਣ ਵਾਲੀ। ਇਸ ਪੱਖ ਤੋਂ ਖ਼ੁਦਾ ਨੂੰ ਮੰਨਣਾ ਖ਼ੌਰੇ ਗ਼ਲਤ ਈ ਹੋਵੇ। ਪਰ ਜਦੋਂ ਇਹ ਸ਼ੰਕਾ ਮੇਰੇ ਮਨ ਵਿਚ ਉਠਦੀ ਹੈ ਤਾਂ ਮੈਂ ਆਪਣੇ ਆਪ ਤੋਂ ਪੁਛਨਾਂ ਜੇ ਇਹ ਦੁਨੀਆਂ ਰਬ ਨੇ ਨਹੀਂ ਬਣਾਈ, ਆਪਣੇ ਆਪ ਬਣ ਗਈ ਹੈ, ਤਾਂ ਫੇਰ ਇਹ ਮੇਰੀਆਂ ਰੁਚੀਆਂ, ਮੇਰੀਆਂ ਮਰਜ਼ੀਆਂ ਤੇ ਖ਼ਾਹਿਸ਼ਾਂ ਦੇ ਇਤਨੀ ਅਨੁਕੂਲ ਕਿਉਂ ਹੈ? ਕੁਦਰਤ ਨੂੰ ਕੀ ਪਿਆ ਸੀ ਮੇਰੀ ਪਸੰਦ ਦਾ ਖ਼ਿਆਲ ਰਖਣ ਦਾ?"

ਇਹ ਦ੍ਰਿਸ਼ਟੀ-ਕੋਣ ਅਧਿਆਤਮਕ ਸੀ ਜਾਂ ਵਿਗਿਆਨਕ, ਮੈਂ ਕਹਿ ਨਹੀਂ ਸਕਦਾ। ਪਰ ਏਸ ਵਿਚ ਸ਼ਾਇਰਾਨਾ ਸੁਹੱਪਣ ਜ਼ਰੂਰ ਸੀ, ਅਤੇ ਜੀਵਨ-ਵਰਤਾਰੇ ਵਿਚ ਨਜ਼ੀਰ ਸ਼ਾਇਦ ਏਸੇ ਸੁਹੱਪਣ ਦਾ ਅਭਿਲਾਖੀ ਹੈ। ਉਹ ਮਨੁਖਾਂ, ਕੌਮਾਂ ਤੇ ਦੇਸ਼ਾਂ ਦੇ ਔਗੁਣਾਂ ਵਲ ਧਿਆਨ ਦੇਣ ਦੀ ਥਾਂ ਗੁਣਾਂ ਅਤੇ ਸਅਨਤਾਵਾਂ ਦਾ ਖੋਜੀ ਹੈ। ਉਹ ਵਖਰੇਵਿਆਂ ਤੇ ਤੰਗ-ਖ਼ਿਆਲੀਆਂ ਦੀਆਂ ਕੰਧਾਂ ਤੋੜਨਾ ਚਾਹੁੰਦਾ ਹੈ। ਸ਼ਾਇਦ ਏਸੇ ਕਾਰਨ ਉਹ ਮੇਰੇ ਨਾਲ ਰਾਜਨੀਤਕ ਜਾਂ ਸਮਾਜਕ ਪ੍ਰਸ਼ਨਾਂ ਉਪਰ ਬਹਿਸ ਨਹੀਂ ਛੇੜਦਾ। ਉਹ ਇਹੋ ਚਾਹੁੰਦਾ ਹੈ ਕਿ ਪਾਕਿਸਤਾਨ ਵਿਚ ਮੇਰਾ ਵਕਤ ਸੁਹਣਾ ਗੁਜ਼ਰੇ, ਮੈਂ ਫੇਰ ਵੀ ਆਵਾਂ। ਜਨਤਾ ਹਰ ਥਾਂ ਇਹੋ ਜਹੀ ਹੈ, ਉਹਦੇ ਗੁਣ ਦੋਸ਼ ਇਕੋ ਜਹੇ ਹਨ, ਦਵੈਸ਼ ਦਾ ਕੋਈ ਲਾਭ ਨਹੀਂ। ਦੋਹਾਂ ਦੇਸ਼ਾਂ ਵਿਚਾਲੇ ਫੇਰ ਮਿੱਤਰਤਾ ਹੋਏ, ਝਗੜੇ-ਝੇੜੇ ਮਿਟਣ, ਦਿਲ ਦੀ ਡੂੰਘੀ, ਗੁੱਝੀ ਤੇ ਅਮਿੱਟ ਤਾਂਘ ਉਹਦੇ ਬੋਲਾਂ ਅਤੇ ਉਹਦੀਆਂ ਖ਼ਾਮੋਸ਼ੀਆਂ ਵਿਚ ਵੀ, ਨਿਰੰਤਰ ਛਲਕਦੀ ਹੈ।

ਮੇਰੇ ਮਨ ਵਿਚ ਖ਼ਿਆਲ ਉਠਿਆ – "ਹਿੰਦੁਸਤਾਨ ਹਜ਼ਾਰਾਂ ਵਰ੍ਹਿਆਂ ਤੋਂ ਫ਼ਲਸਫ਼ੇ ਦਾ ਘਰ ਰਿਹਾ ਹੈ। ਜੀਵ ਕੀ ਹੈ, ਪ੍ਰਕਿਰਤੀ ਕੀ ਤੇ ਪਰਮਾਤਮਾ ਕੀ ਹੈ? ਇਨ੍ਹਾਂ ਸਵਾਲਾਂ ਦੇ ਜੁਆਬ ਢੂੰਡਣਾ ਨਾ ਕੇਵਲ ਸਾਡੇ ਦੇਸ਼ ਦੇ ਵਿਦਵਾਨਾਂ ਦਾ ਬਲਕਿ ਜਨਤਾ ਦਾ ਵੀ ਹਮੇਸ਼ਾਂ ਤੋਂ ਸ਼ੁਗਲ ਰਿਹਾ ਹੈ। ਯੂਰਪੀਨ ਆਲੋਚਕਾਂ ਨੇ ਸਾਡੀ ਏਸ ਪ੍ਰਬਿਰਤੀ ਦੀ ਕਾਫ਼ੀ ਹਾਸੀ ਉਡਾਈ ਹੈ, ਇਹਨੂੰ ਸਾਡੀ ਸਿਥਲਤਾ, ਜਹਾਲਤ ਅਤੇ ਮੁਫ਼ਲਿਸੀ ਦਾ ਕਾਰਨ ਦਸਿਆ ਹੈ – ਅਖ਼ੇ, ਇਹ ਲੋਕ ਕਿਵੇਂ ਤਰੱਕੀ ਕਰ ਸਕਦੇ ਹਨ, ਇਨ੍ਹਾਂ ਨੂੰ ਤਾਂ ਨਰਲੋਕ ਨਾਲੋਂ ਪਰਲੋਕ ਵਧੇਰੇ ਪਿਆਰਾ ਹੈ।

"ਨਿਸ਼ਚੇ ਉਨ੍ਹਾਂ ਦੀ ਅਲੋਚਨਾ ਖੋਖਲੀ ਅਤੇ ਨਾਜਾਇਜ਼ ਹੈ। ਪਰ ਕੀ ਸਾਡੇ ਦੇਸ਼ ਦੇ ਆਪਣੇ ਪੜ੍ਹੇ ਲਿਖੇ ਦਾਨਿਸ਼ਵਰਤਬਕੇ ਦਾ ਨਜ਼ਰੀਆ ਉਹਨਾਂ ਯੂਰਪੀਨਾਂ ਵਰਗਾ ਹੀ ਨਹੀਂ?

ਕੀ ਅਸੀਂ ਵੀ ਤਰੱਕੀ ਤੇ ਵਿਕਾਸ ਦੇ ਸਵਾਲਾਂ ਉਪਰ ਗ਼ੌਰ ਕਰਨ ਵੇਲੇ ਧਰਮ ਤੇ ਫ਼ਲਸਫ਼ੇ ਨੂੰ ਛਿੱਥੇ ਪੈ ਕੇ ਬਾਲਾਏ ਤਾਕ ਨਹੀਂ ਰਖ ਦੇਂਦੇ? ਕੀ ਕਿਸਾਨਾਂ ਮਜ਼ਦੂਰਾਂ ਬਾਰੇ ਸਾਡਾ ਚਿੰਤਨ ਕੇਵਲ ਉਨ੍ਹਾਂ ਦੀਆਂ ਆਰਥਕ ਸਮੱਸਿਆਵਾਂ ਤਕ ਸੀਮਿਤ ਨਹੀਂ ਰਹਿ ਜਾਂਦਾ? ਜਿਸ ਹਦ ਤਕ ਉਹ ਲੋਕ ਅਨਿਆਂ ਦੀਆਂ ਪੀੜਾਂ ਨੂੰ ਸਬਰ ਨਾਲ ਸਹਿ ਜਾਂਦੇ ਹਨ ਅਸੀਂ ਉਨ੍ਹਾਂ ਨੂੰ ਜਾਹਿਲ ਤੇ ਅੰਧ-ਵਿਸ਼ਵਾਸੀ ਮੰਨਦੇ ਹਾਂ। ਸਾਡੀਆਂ ਨਜ਼ਰਾਂ ਵਿਚ ਸਭ ਪੁਰਾਣੀਆਂ ਧਰਮ-ਪੁਸਤਕਾਂ, ਸਭ ਮਤ-ਮਤਾਂਤਰ, ਸਭ ਔਲੀਏ, ਮਹਾਤਮਾ ਤੇ ਸੰਤ ਵਿਕਾਸ ਦੇ ਰਾਹ ਵਿਚ ਬਾਧਾ ਪਾਣ ਵਾਲਾ ਚਕਵੂੰਹ ਹਨ। ਅਸੀਂ ਭੁਲ ਜਾਂਦੇ ਹਾਂ ਕਿ ਆਪਣੇ ਵੇਲਿਆਂ ਦੇ ਉਨ੍ਹਾਂ ਬਜ਼ਰਗਾਂ ਨੇ ਜੋ ਕੁਝ ਕੀਤਾ ਸਰਬਤ ਦੇ ਭਲੇ ਨੂੰ ਮੁਖ ਰਖ ਕੇ ਕੀਤਾ, ਅਤੇ ਨਿਡਰਤਾ ਨਾਲ ਆਪਣੇ ਰਾਹ ਤੇ ਚਲ ਕੇ ਪ੍ਰਾਣਾਂ ਤਕ ਦੀਆਂ ਅਹੂਤੀਆਂ ਦੇ ਦਿਤਆਂ। ਆਪਣੀ ਏਸ ਅਗਿਆਨਤਾ ਅਤੇ ਬਿਮੁਖਤਾ ਦਾ ਨਤੀਜਾ ਇਹ ਹੁਦਾ ਹੈ ਕਿ ਲੋਕਾਂ ਲਈ ਦਿਲ ਵਿਚ ਸੱਚਾ ਹਿਤ ਰਖਦਿਆਂ ਹੋਇਆਂ ਵੀ ਅਸੀਂ ਉਨ੍ਹਾਂ ਦੇ ਦਿਲਾਂ ਨਾਲ ਸਾਂਝਾਂ ਨਹੀਂ ਪਾ ਸਕਦੇ। ਅਸੀਂ ਭੁਲ ਜਾਂਦੇ ਹਾਂ ਕਿ ਸਾਡੇ ਦੇਸ਼ ਦੇ ਮਨੁਖ ਦੀਆਂ ਰੂਹਾਨੀ ਭੁਖਾਂ ਉਨੀਆਂ ਹੀ ਤੀਬਰ ਹਨ ਜਿੰਨੀਆਂ ਜਿਸਮਾਨੀ। ਇਹ ਉਸ ਦੇ ਪੱਛੜੇ-ਪਨ ਦਾ ਸਬੂਤ ਨਹੀਂ, ਸਗੋਂ ਉਸ ਦੀ ਉਚੇਰੀ ਸਭਿਆਚਾਰਕ ਪੱਧਰ ਦਾ ਪ੍ਰਮਾਣ ਹੈ। ਅਸੀਂ ਆਪਣੀ ਧੁਰ-ਪ੍ਰਾਚੀਨ ਵਕਤਾਂ ਤੋਂ ਅਟੁਟ ਚਲੀ ਆ ਰਹੀ ਸੰਸਕ੍ਰਿਤੀ ਦੇ ਅਨਮੋਲ ਵਿਰਸੇ ਵਲੋਂ, ਜਿਹੜੀ ਜਨਤਾ ਦੇ ਹੱਡਾਂ ਵਿਚ ਰਚੀ ਹੋਈ ਹੈ, ਅਵੇਸਲ ਹੋ ਕੇ, ਉਹਨੂੰ ਨਿਗੂਣਾ ਤੇ ਨਕਾਰਾ ਸਮਝ ਕੇ, ਅਜਿਹੀ ਥਾਂ ਸੁਟ ਛਡਿਆ ਹੈ ਜਿਥੇ ਸੁਆਰਥੀ ਸ਼ਰਾਰਤੀ ਲੁਟੇਰੇ ਉਹਨੂੰ ਆਸਾਨੀ ਨਾਲ ਭ੍ਰਿਸ਼ਟ ਸਕਦੇ ਹਨ, ਉਹਨੂੰ ਆਪਣੇ ਨਾਪਾਕ ਆਸ਼ਿਆਂ ਲਈ ਵਰਤ ਸਕਦੇ ਹਨ, ਵਿਕਾਸ ਲਈ ਪਰਮ-ਸਹਾਈ ਚੀਜ਼ਾਂ ਨੂੰ ਵਿਨਾਸ਼ ਦਾ ਸਾਧਨ ਬਣਾ ਸਕਦੇ ਹਨ। ਸਾਡੇ ਮਹਾਂਪੁਰਖਾਂ ਦੀ ਸਿਖਿਆ ਅੱਗੇ-ਵਧੂਆਂ ਦਾ ਸਾਥ ਦੇਣ ਨੂੰ ਤਾਂਘਦੀ ਹੈ, ਪਰ ਉਨ੍ਹਾਂ ਵਲੋਂ ਦੁਤਕਾਰੀ ਹੋਈ ਉਹ ਪਾਖੰਡੀ ਅਤੇ ਪਤਵੰਤੇ ਗੁਰਗਿਆਂ ਦੇ ਹੱਥ ਵਿਚ ਜਾ ਪੈਂਦੀ ਹੈ। ਨਤੀਜਾ ਇਹ ਕਿਜਨਤਾ ਦੇ ਦਿਮਾਗ਼ ਤਾਂ ਅੱਗੇ ਵਧੂਆਂ ਵਲ ਹੰਭਲਾ ਮਾਰਦੇ ਹਨ, ਪਰ ਉਨ੍ਹਾਂ ਦੇ ਦਿਲ ਪਿੱਛੇ-ਖਿਚੂਆਂ ਦੇ ਅਧੀਨ ਰਹਿ ਜਾਂਦੇ ਹਨ। ਭਲਾ ਉਹ ਸਾਂਝਾਂ ਕਿਵੇਂ ਮਜ਼ਬੂਤ ਹੋ ਸਕਦੀਆਂ ਹਨ ਜਿਨ੍ਹਾਂ ਦਾ ਦਿਲ ਨਾਲ ਰਿਸ਼ਤਾ ਨਾ ਹੋਵੇ?

"ਫੇਰ ਉਹੋ ਗ਼ਲਤੀ? ਫੇਰ ਮੈਂ ਹਿੰਦੁਸਤਾਨ ਤੇ ਪਾਕਿਸਤਾਨ ਨੂੰ ਇਕੋ ਦੇਸ਼ ਦੇ ਰੂਪ ਵਿਚ ਵੇਖਣ ਲਗ ਪਿਆ? ਪਰ ਇਸ ਵੰਡ ਨੂੰ ਵੀ ਤਾਂ ਦਿਮਾਗ਼ ਹੀ ਤਸਲੀਮ ਕਰਦਾ ਹੈ, ਦਿਲ ਤਸਲੀਮ ਨਹੀਂ ਕਰਦਾ । ਜਿਸ ਵੰਡ ਨੂੰ ਦਿਲ ਤਸਲੀਮ ਨਾ ਕਰੇ ਉਹ ਕਿੰਨੀ ਕੁ

ਪੱਕੀ ਹੈ? ਮੁਸਲਮਾਨਾਂ ਦੇ ਆਣ ਤੋਂ ਪਹਿਲਾਂ ਵੀ ਤਾਂ ਸਿੰਧ ਤੋਂ ਰਾਵੀ ਤਕ ਦੇ ਖਿੱਤੇ ਦਾ ਕਈ ਇਤਿਹਾਸ ਸੀ। ਇਹੋ ਖਿੱਤਾ ਹੀ ਤਾਂ ਕਦੇ 'ਆਰੀਆ-ਵਰਤ' ਅਖਵਾਇਆ ਸੀ। ਸ਼ਬਦ "ਹਿੰਦੂ" ਵੀ ਤਾਂ ਸਿੰਧ ਦਰਿਆ ਦੇ ਕੰਢੇ ਵਸੇ ਹੋਏ ਲੋਕਾਂ ਲਈ ਹੀ ਵਰਤਿਆ ਗਿਆ ਸੀ? ਮਹਿੰਜੋਦਾਰੋ, ਹੜੱਪਾ ਅਤੇ ਟੈਕਸਲਾ ਦੇ ਖੰਡਰਾਤ ਵੀ ਤਾਂ ਏਥੋਂ ਦੀਆਂ ਹੀ ਪ੍ਰਾਚੀਨ ਸਭਿਅਤਾਵਾਂ ਦੇ ਗਵਾਹ ਹਨ। ਕੀ ਵਰਤਮਾਨ ਮੁਸਲਮਾਨ ਵਸਨੀਕਾਂ ਦਾ ਇਸ ਸਾਰੇ ਵਿਰਸੇ ਨਾਲ ਸੰਬਧ ਟੁਟ ਗਿਆ ਹੈ? ਇਹ ਭਲਾ ਕਿਵੇਂ ਹੋ ਸਕਦਾ ਹੈ? ਇਹ ਵਿਰਸਾ ਉਨ੍ਹਾਂ ਦੀ ਬੋਲੀ, ਰਹਿਣ-ਸਹਿਣ, ਪੁਸ਼ਾਕ ਸੰਗੀਤ, ਨ੍ਰਿਤ, ਸਭਨਾਂ ਚੀਜ਼ਾਂ ਵਿਚ ਹੀ ਤਾਂ ਰਚਿਆ ਹੋਇਆ ਹੈ। ਮਿਸਾਲ ਵਜੋਂ, ਮੈਨੂੰ ਆਪਣੇ ਪੁਰਖਿਆਂ ਦੇ ਕੇਵਲ ਤੀਜੀ ਜਾਂ ਚੌਥੀ ਪੀੜੀ ਤਕ ਦੇ ਨਾਂ ਗਿਆਤ ਹਨ। ਪਰ ਉਨ੍ਹਾਂ ਤੋਂ ਪਹਿਲਾਂ ਪੁਰਖਿਆਂ ਦੀਆਂ ਅਨੇਕਾਂ ਹੋਰ ਵੀ ਤਾਂ ਪੀੜੀਆਂ ਹੋ ਗੁਜ਼ਰੀਆਂ ਹਨ। ਉਨ੍ਹਾਂ ਦੇ ਨਾਂ ਪਤਾ ਨਾ ਹੋਣ ਦਾ ਇਹ ਮਤਲਬ ਤਾਂ ਨਹੀਂ ਕਿ ਮੇਰਾ ਤੇ ਉਨ੍ਹਾਂ ਦਾ ਖ਼ੂਨ ਦਾ ਰਿਸ਼ਤਾ ਨਹੀਂ ! ਖ਼ੌਰੇ ਉਨ੍ਹਾਂ ਲੋਕਾਂ ਦੇ ਵਿਚਾਰ ਕੀ ਸਨ, ਮੇਰੇ ਵਿਚਾਰਾਂ ਤੋਂ ਕਿਤਨੇ ਵਖਰੇ ਸਨ, ਖ਼ੌਰੇ ਉਨ੍ਹਾਂ ਵਿਚੋਂ ਕਿਹੜੇ ਹਿੰਦੂ ਸਨ ਤੇ ਕਿਹੜੇ ਈਰਾਨ ਤੋਂ ਆਏ ਸਨ, ਕਿਹੜੇ ਯੂਨਾਨ ਤੋਂ ਤੇ ਕਿਹੜੇ ਅਰਬ ਤੋਂ। ਖ਼ੌਰੇ ਕਿਹੜੇ ਏਧਰੋਂ ਟੁਰ ਕੇ ਕਿਤੇ ਹੋਰ ਚਲੇ ਗਏ?

ਲਾਇਲਪੁਰ ਤੋਂ ਚਾਰ ਮੀਲ ਉਰਾਂ ਗੱਡੀ ਦਾ ਪਿਛਲਾ ਪਹੀਆ ਬਹਿ ਗਿਆ। ਸੜਕ ਦੇ ਇਕ ਪਾਸੇ "ਕੋਹੀਨੂਰ" ਮਿਲ ਦਾ ਫਾਟਕ ਸੀ। ਨਜ਼ੀਰ ਨੇ ਦਸਿਆ ਕਿ ਹੁਣ ਲਾਇਲਪੁਰ ਵਿਚ ਵੀਹ ਤੋਂ ਜ਼ਿਆਦਾ ਕਪੜੇ ਦੀਆਂ ਮਿਲਾਂ ਬਣ ਗਈਆਂ ਹਨ। ਜੋ ਨਾ ਕੇਵਲ ਪਾਕਿਸਤਾਨ ਦੀ ਜ਼ਰੂਰਤ ਪੂਰੀ ਕਰਦੀਆਂ ਹਨ ਸਗੋਂ ਵਿਦੇਸ਼ਾਂ ਵਿਚ ਵੀ ਬਹੁਤ ਸਾਰਾ ਕਪੜਾ ਭੇਜਦੀਆਂ ਹਨ। "ਕੋਹੀਨੂਰ" ਇਨ੍ਹਾਂ ਵਿਚੋਂ ਸਭ ਤੋਂ ਵਡੀ ਮਿਲ ਹੈ, ਜਿਸ ਵਿਚ ਲਗ ਭਗ ਦਸ ਹਜ਼ਾਰ ਆਦਮੀ ਕੰਮ ਕਰਦਾ ਹੈ। ਇਸ ਮਿਲ ਦੀ, ਇਤਨੀ ਹੀ ਵੱਡੀ, ਦੂਜੀ ਸ਼ਾਖਾ ਰਾਵਲਪਿੰਡੀ ਵਿਚ ਬਣਾਈ ਗਈ ਹੈ। ਇਹ ਨਿੱਜੀ ਕਾਰਖ਼ਾਨੇ ਹਨ, ਸਰਕਾਰੀ ਨਹੀਂ।

ਸੜਕ ਦੇ ਦੂਜੇ ਪਾਸੇ ਇਕ ਕਾਲਿਜ ਸੀ। ਪਹੀਆ ਠੀਕ ਹੋਣ ਡਾਕਟਰ ਨਜ਼ੀਰ ਮੈਨੂੰ ਕਾਲਿਜ ਦੇ ਅੰਦਰ ਲੈ ਗਏ। ਪ੍ਰਿੰਤੀਪਲ ਸਾਹਬ ਨੇ ਬੜੇ ਆਦਰ ਨਾਲ ਸਾਨੂੰ ਕਾਫ਼ੀ ਪਿਲਾਈ, ਅਤੇ ਗੱਲਾਂ ਦੇ ਦੌਰਾਨ ਵਿਚ ਮਾਲੂਮ ਹੋਇਆ ਕਿ ਮੇਰੇ ਪਰਮ ਮਿੱਤਰ ਪ੍ਰਸਿੱਧ ਪੱਤਰਕਾਰ ਤੇ ਫ਼ਿਲਮਕਾਰ ਖ਼ਵਾਜਾ ਅਹਿਮਦ ਅੱਬਾਸ ਨਾਲ ਉਹ ਅਲੀਗੜ੍ਹ ਵਿਚ ਇਕੱਠੇ ਪੜ੍ਹੇ ਸਨ। ਅੱਬਾਸ ਬਾਰੇ ਉਹਨਾਂ ਬੜੀ ਉਤਕੰਠਾ ਨਾਲ ਪੁਛ-ਗਿਛ ਕੀਤੀ ਅਤੇ ਮੈਥੋਂ ਵਾਅਦਾ ਲਿਆ ਕਿ ਬੰਬਈ ਵਾਪਸ ਪੁਜ ਕੇ ਮੈਂ ਜ਼ਰੂਰ ਉਨ੍ਹਾਂ ਦਾ ਪ੍ਰੇਮ-ਸੁਨੇਹਾ ਅੱਬਾਸ ਨੂੰ ਦਿਆਂ।

ਫੇਰ, ਏਸ ਤੋਂ ਥੋੜਾ ਚਿਰ ਬਾਅਦ ਬਸਾਂ ਦੇ ਅੱਡੇ ਤੇ ਮੈਨੂੰ ਉਤਾਰ ਕੇ ਡਾਕਟਰ ਨਜ਼ੀਰ ਐਗਰੀਕਲਚਰਲ ਕਾਲਿਜ ਦੇ ਮੁੰਡੀਆਂ ਦਾ ਇਮਤਿਹਾਨ ਲੈਣ ਰਵਾਨਾ ਹੋ ਗਏ। ਅਗੋਂ ਹੁਣ ਮੈਂ ਜਾਣਾਂ ਤੇ ਮੇਰਾ ਕੰਮ।

ਅੱਡੇ ਉਤੇ ਬੱਸਾਂ ਦੀ ਭੀੜ ਲਗੀ ਹੋਈ ਸੀ। ਕੋਈ ਕਿਧਰ ਜਾਣ ਵਾਲੀ ਤੇ ਕੋਈ ਕਿਧਰ। ਇਨ੍ਹਾਂ ਵਿਚ ਸਰਕਾਰੀ ਟ੍ਰਾਂਸਪੋਰਟ ਦੀਆਂ ਬਸਾਂ ਵੀ ਸਨ ਤੇ ਅਤੇ ਪ੍ਰਾਈਵੇਟ ਵੀ। ਹਿੰਦੁਸਤਾਨ ਵਾਂਗ ਏਥੇ ਵੀ ਬੱਸਾਂ ਆਵਾਜਾਈ ਦਾ ਪ੍ਰਮੁਖ ਸਾਧਨ ਬਣ ਗਈਆਂ ਹਨ। ਇਸ ਰੌਲੇ ਗੌਲੇ ਵਿਚ ਨਿਰਸੰਕੋਚ ਰਲ ਜਾਣ ਦਾ ਉਹ ਸੁਆਦ ਨਸੀਬ ਹੋਇਆ ਜਿਹੜਾ ਫ਼ਿਲਮੀ ਆਦਮੀ ਨੂੰ ਹਿੰਦੁਸਤਾਨ ਵਿਚ ਨਸੀਬ ਨਹੀਂ ਹੋ ਸਕਦਾ।

ਝੰਗ ਵਾਲੀ ਬੱਸ ਪੰਦਰਾਂ ਕੁ ਮਿੰਟਾਂ ਬਾਅਦ ਤੁਰ ਪਈ। ਇਸ ਦਾ ਡਰਾਇਵਿਰ ਬੜੀ ਰੋਅਬਲੀ ਸ਼ਖ਼ਸੀਅਤ ਦਾ ਮਾਲਕ ਸੀ। ਉਹਨੂੰ ਵੇਖਦਿਆਂ ਸਾਰ ਮੈਂ ਪਛਾਣ ਲਿਆ ਕਿ ਪਿਸ਼ਾਵਰ ਜਾਂ ਕੋਹਾਟ ਵਾਲੇ ਪਾਸੇ ਦਾ ਗੱਭਰੂ ਹੈ, ਅਤੇ ਉਹਨੂੰ ਵੀ ਮੇਰੀ ਪਿੰਡੀਵਾਲਤਾ ਦਾ ਝਟ ਅਹਿਸਾਸ ਹੁੰਦਾ ਜਾਪਿਆ। ਸ਼ਹਿਰ ਤੋਂ ਬਾਹਰ ਪੁਜ ਕੇ ਇਕ ਥਾਂ ਸਵਾਰੀ ਚੜ੍ਹਾਣ ਲਈ ਉਹਨੇ ਬਸ ਰੋਕੀ। ਓਸੇ ਛਿਣ ਮੇਰੀ ਨਜ਼ਰ ਇਕ "ਹਰੇ ਮਾਲਦੇ" ਵੇਚਣ ਵਾਲੇ ਦੀ ਛਾਬੜੀ ਉਤੇ ਪਈ ਤੇ ਮੈਂ ਉੱਤਰ ਕੇ ਖ਼ਰੀਦਣ ਲਈ ਲਲਚਾ ਪਿਆ, ਅਤੇ ਡਰਾਈਵਰ ਤੋਂ ਇਜਾਜ਼ਤ ਮੰਗੀ। ਉਹਨੇ ਜਵਾਬ ਵਿਚ ਬੋਲਾਂ ਨੂੰ ਪਿਆਰ ਨਾਲ ਪੁਚਕਾਰ ਕੇ, ਅੱਖਾਂ ਮੀਟ ਕੇ ਤੇ ਸ਼ਿਰ ਹਿਲਾ ਕੇ ਇੰਜ "ਹਾਂ" ਦਾ ਇਸ਼ਾਰਾ ਕੀਤਾ ਜਿਵੇਂ ਕਹਿ ਰਿਹਾ ਹੋਵੇ, "ਵਤਨੀਆਂ, ਤੂੰ ਬੇਸ਼ਕ ਮੇਰੇ ਤੋਂ ਜਾਨ ਮੰਗ।"

ਉਹ ਬਾਕੀ ਮੁਸਾਫ਼ਰਾਂ ਅਤੇ ਕਲੀਨਰ ਨਾਲ ਮੈਨੂੰ ਵਿਖਾ ਵਿਖਾ ਕੇ ਔਖਾ ਔਖਾ ਪੇਸ਼ ਆਂਦਾ, ਜਿਵੇਂ ਜਤਲਾ ਰਿਹਾ ਹੋਵੇ ਕਿ ਏਸ "ਪਰਦੇਸ" ਵਿਚ ਉਹ ਕਿੰਨਾ ਗ਼ੈਰ-ਮੁਤਮੀਨ ਹੈ। ਕਦੇ ਕਦੇ ਉਹ ਮੁੜ ਕੇ ਆਪਣੀਆਂ ਵਡੀਆਂ ਵਡੀਆਂ ਤੇ ਹੁਸੀਨ ਅੱਖਾਂ ਨਾਲ ਇੰਜ ਨਜ਼ਰਾਂ ਰਲਾਂਦਾ ਮੇਰੇ ਨਾਲ, ਜਿਵੇਂ ਜਿਹਲਮੋਂ ਪਾਰ ਦੇ ਪਹਾੜੀ ਦ੍ਰਿਸ਼ਾਂ ਨੂੰ ਯਾਦ ਕਰਾ ਰਿਹਾ ਹੋਵੇ। ਤੇ ਮੈਂ ਦਿਲ ਵਿਚ ਆਖਦਾ, "ਇਆਣਿਆਂ ਵਤਨੀਆਂ । ਤੂੰ ਤਾਂ ਦੇਸੋਂ ਦੋ ਸੌ ਮੀਲ ਦੂਰ ਵੀ ਨਹੀਂ। ਤੂੰ ਉਸ ਦਾ ਦੁਖ ਕੀ ਜਾਣੇ ਜਿਹੜਾ ਦੋ ਹਜ਼ਾਰ ਮੀਲ ਦੂਰ ਤੇ ਪਿਆ ਹੋਇਆ ਹੈ ਅਤੇ ਮੁੜ ਆਣ ਦਾ ਨਾਂ ਨਹੀਂ ਲੈ ਸਕਦਾ?" ਤੇ ਫੇਰ ਮੈਂ ਰੋਕਿਆ ਜਜ਼ਬਿਆਂ ਨੂੰ। ਜੇ ਕਿਤੇ ਇਸ ਨੂੰ ਪਤਾ ਲਗ ਗਿਆ ਮੈਂ ਹਿੰਦੂ ਹਾਂ, ਅਤੇ ਹਿੰਦੁਸਤਾਨੋਂ ਆਇਆ ਹਾਂ, ਤਾਂ ਕੀ ਏਸ ਤਿੱਖੇ ਗਿਆਨ ਦਾ ਆਤਸ਼ ਇਹਦੇ ਦਿਲ ਦੇ ਸੋਮਿਆਂ ਨੂੰ ਪਲ ਭਰ ਵਿਚ ਸੁਕਾ ਨਾ ਸੁਟੇਗੀ?

ਸੜਕ ਬਹੁਤੀ ਚੌੜੀ ਨਹੀਂ ਪਰ ਬੜੀ ਚੰਗੀ ਤੇ ਪਧਰੀ ਹੈ। ਟਰੱਕਾ ਦੀ ਆਵਾਜਾਈ ਦੀ ਅਣਹੋਂਦ ਵਲ ਧਿਆਨ ਜ਼ਰੂਰ ਜਾਂਦਾ ਹੈ। ਹਿੰਦੁਸਤਾਨ ਵਿਚ ਆਮ ਭੌਰ ਤੇ ਹਰ ਸ਼ਾਹਰਾਹ ਉਤੇ ਟਰੱਕ ਦਬਾ-ਦਬ ਚਲਦੇ ਹਨ। ਲਾਈਲਪੁਰ ਵਿਚ ਇਤਨੀਆਂ ਮਿੱਲਾਂ ਬਣ ਜਾਣ ਦੇ ਬਾਵਜੂਦ ਲਾਹੌਰ ਤੋਂ ਲਾਇਲਪੁਰ, ਲਾਇਲਪੁਰ ਤੋਂ ਝੰਗ ਜਾਂਦਿਆਂ ਸਾਰਾ ਰਾਹ ਸਾਜ਼ੋਨਾਦਰ ਹੀ ਕੋਈ ਮਾਲ ਨਾਲ ਲੱਦਾ ਟਰੱਕ ਵੇਖਣ ਵਿਚ ਆਇਆ ਹੋਵੇ। ਹਾਂ ਪਰ ਸਵਾਰੀ-ਬੱਸਾਂ ਦੀ ਜ਼ਰੂਰ ਭਰਮਾਰ ਸੀ। ਸੜਕ ਦੇ ਦੋਹੀਂ ਪਾਸੀਂ ਉਚੇ ਉਚੇ ਸਰੂਟੇ ਤੇ ਦੂਰ-ਦਿਗੰਤ ਤੀਕ ਫੈਲੇ ਹਰੇ ਭਰੇ ਖੇਤ ਅਜੀਬ ਬਹਾਰ ਦੇ ਰਹੇ ਸਨ।

ਕਦੇ ਕਦੇ ਕੋਈ ਬਲੋਚੀ ਪਠਾਣ ਆਪਣੀ ਡਾਚੀ ਦੀ ਰੱਸੀ ਹੱਥ ਵਿਚ ਫੜੀ ਟੁਰਦਾ ਆਉਂਦਾ ਮਿਲਦਾ। ਪਿਛੇ ਬੈਠੇ ਦੋ ਮੁਸਾਫ਼ਰਾਂ ਦੀਆਂ ਗੱਲਾਂ ਤੋਂ ਮਲੂਮ ਹੋਇਆ ਕਿ ਹਰ ਸਿਆਲੇ ਹਜ਼ਾਰਾਂ ਦੀ ਸੰਖਿਆ ਵਿਚ ਇਹ ਪਠਾਣ ਇਧਰ ਆਇਆ ਕਰਦੇ ਸੀ, ਪਰ ਇਸ ਸਾਲ ਅਫ਼ਗਾਨਿਸਤਾਨ ਨਾਲ ਖਟ ਪਟ ਹੋਣ ਕਾਰਨ ਬਹੁਤ ਘਟ ਪਠਾਣ ਆਏ ਹਨ। ਅਖ਼ੇ ਅਫ਼ਗਾਨਿਸਤਾਨ ਦਾ ਅੰਗੂਰ ਵੀ ਐਤਕੀ ਹਿੰਦੁਸਤਾਨ ਜਾ ਰਿਹਾ ਹੈ।

ਮੁਸਾਫ਼ਰਾਂ ਵਿਚ ਬਹੁ-ਗਿਣਤੀ ਕਿਰਸਾਨਾਂ ਦੀ ਸੀ, ਜੋ ਹਰ ਪੜਾਅ ਉਤੇ ਲਹਿੰਦੇ ਚੜ੍ਹਦੇ। ਹੌਲੀ ਹੌਲੀ ਝੰਗ ਦੀ ਸੰਗੀਤ-ਮਈ ਬੋਲੀ ਸੁਣਾਈ ਦੇਣ ਲਗ ਪਈ। ਮੇਰੇ ਨਾਲ ਵਾਲੀ ਸੀਟ ਉਤੇ ਇਕ ਜੱਟ ਆ ਕੇ ਬੈਠਾ। ਧੁੱਪਾਂ ਨਾਲ ਸੇਕੀ ਹੋਈ ਰੰਗਤ, ਬਾਂਕੀਆਂ ਪੇਚਦਾਰ ਮੁੱਛਾਂ, ਕਲੇਜੀ ਰੰਗ ਦਾ ਫੱਬਣੇ ਪਟਖੂੰ, ਜਿਦ੍ਹੇਹੇਠੋਂ ਖਿੰਦੇ ਤੇ ਲਿਸ਼ਕਦੇ ਪੱਟੇ ਪਏ ਝਾਤ ਮਾਰਦੇ। ਨਾਲ ਉਹਦੇ ਪੰਦਰਾਂ ਕੁ ਵਰ੍ਹਿਆਂ ਦਾ ਢਿੱਡੋਂ ਨੰਗਾ ਜਾਤਕ, ਜਿਹਨੂੰ ਵੇਖ ਕੇ ਕ੍ਰਿਸ਼ਨ ਘਨ੍ਹਈਏ ਦੀਆਂ ਸੂਰਤਾਂ ਚੇਤੇ ਆਂਦੀਆਂ ਸਨ। ਉਹਦੇ ਸਿਰ ਤੇ ਬੜਾ ਬਾਂਕਾ ਫੇਟ ਤੇ ਤੇੜ ਚਦਰੀ। ਸੀਟ ਤੇ ਇੰਜ ਤਣ ਕੇ ਬੈਠਾ ਜਿਵੇਂ ਦੂਰੋਂ ਵੇਖਿਆਂ ਖਲੋਤਾ ਜਾਪੇ। ਜਟ ਕੋਲੋਂ ਕਲੀਨਰ ਨੇ ਪੈਸੇ ਜ਼ਿਆਦਾ ਮੰਗ ਲਏ, ਜਾਂ ਜਟ ਨੂੰ ਭੁਲੇਖਾ ਲਗਿਆ ਉਨ੍ਹਾਂ ਦੀ ਆਪਸ ਵਿਚ ਚੰਗੀ ਤਕਰਾਰ ਸ਼ੁਰੂ ਹੋ ਗਈ। ਕਲੀਨਰ ਪਿਛੇ ਦਰਵਾਜ਼ੇ ਦੇ ਨਾਲ ਵਾਲੀ ਸੀਟ ਉਤੇ ਆਪਣੇ ਇਕ ਦੋਸਤ ਨਾਲ ਬੈਠਾ ਸੀ। ਦੋਵੇਂ ਲਾਹੌਰੀਏ ਸਨ। ਝੰਗ ਦਾ ਲਹਿਜਾ ਵੱਟ ਕੇ ਉਹ ਲਗੇ ਜਟ ਦੀ ਲਤ ਖਿੱਚਣ। ' ਅਖ਼ੇ "ਭਿਰਾ, ਤੂੰ ਵੀ ਇਥਾਂਈਂ ਤੇ ਅਸੀਂ ਵੀ ਇਥਾਈਂ, ਵਧ ਪੈਸੇ ਘਿਨ ਕੇ ਵਤ ਅਸਾਂ ਚੋਰ ਬਣਨੈਂ?"

ਖਿਝਿਆ ਹੋਇਆ ਜਟ, ਜਿਦ੍ਹੇ ਲਈ ਦੇ ਚਾਰ ਆਨੇ ਦਾ ਫ਼ਰਕ ਕੋਈ ਸਾਧਾਰਣ ਗੱਲ :ਨਹੀਂ ਸੀ, ਘੜੀ ਮੁੜੀ ਮੇਰੇ ਵਲ ਤਕੇ ਮੈਨੂੰ ਸਾਲਸ ਬਣਾਨ ਦੀ ਕੋਸ਼ਸ਼ ਕਰੇ "ਐਹ ਵੇਖੋਂ ਬਾਊ ਜੀ, ਮੈਂਡੇ ਨਾਲ ਠੱਠਾ ਪਏ ਕਰੇਂਦੇ ਨੇ।"

ਅਖ਼ੀਰ ਡਰਾਈਵਰ ਨੇ ਦੋਹਾਂ ਧਿਰਾਂ ਨੂੰ ਡਾਂਟ ਕੇ ਚੁਪ ਕਰਾ ਦਿਤਾ।

23.1 Phrases

ਪੁਛਣ ਤੇ ਜੀਅ ਕੀਤਾ	felt like asking
ਨਾ ਤਾਂ ...ਤੇ ਨਾ ਹੀ	neither...nor (emphatic)
ਕਾਇਨਾਤ ਨੂੰ ਰਬ ਦੀ ਲੋੜ ਹੀ ਨਹੀਂ ਜਾਪਦੀ	the universe does not seem to need God
ਦਿਸਣ ਲਗ ਪੈਂਦੀ ਹੈ	begins to seem
ਇਸ ਪੱਖ ਤੋਂ	from this point of view
ਕੁਦਰਤ ਨੂੰ ਕੀ ਪਿਆ ਸੀ?	what compelled Nature? what need did Nature have?
ਦੀ ਥਾਂ	in place of
ਕੰਧਾ ਤੋੜਨਾ	to suppress, to break the backbone
ਮੇਰਾ ਵਕਤ ਸੁਹਣਾ ਗੁਜਰੇ	I should have a good time
ਦਾਨਿਸ਼ਵਰ ਤਬਕਾ	intelligentsia
ਛਿੱਥੇ ਪੈ ਕੇ	feeling shame
ਸਰਬਤ ਦੇ ਭਲੇ ਨੂੰ ਮੁਖ ਰਖਕੇ	putting the good of all before them
ਕਿੰਨੀ ਕੁ ਪੱਕੀ ਹੈ?	how sound, firm is it?
ਮਿਸਾਲ ਵਜੋਂ	for example
ਪਿਛਲਾ ਪਹੀਆ ਬਹਿ ਗਿਆ	the rear tire was flat
ਨਾ ਕੇਵਲ ...ਸਗੋਂ	not only...but also
ਗੱਲਾਂ ਦੇ ਦੌਰਾਨ ਵਿਚ	during the conversation
ਇਮਤਿਹਾਨ ਲੈਣਾ	to test, to give an examination
ਮੇਰੀ ਪਿੰਡੀਵਾਲਤਾ ਦਾ ਅਹਿਸਾਸ ਹੁੰਦਾ ਜਾਪਿਆ	seemed to sense my place of origin
ਬੇਸ਼ਕ, ਮੇਰੇ ਤੋਂ ਜਾਨ ਮੰਗ	by all means, ask even my life
ਨਜ਼ਰ ਚਲਾਉਣਾ	to flirt
ਮੁੜ ਆਣ ਦਾ ਨਾਂ ਨਹੀਂ ਲੈ ਸਕਦਾ	cannot even think of coming back

ਬਸਾਂ ਦੀ ਭਰਮਾਰ ਸੀ	buses were plentiful
ਕਲੇਜੀ ਰੰਗ ਦਾ	black
ਢਿੱਡੋਂ ਨੰਗਾ	naked above the waist
ਝੰਗਦਾ ਲਹਿਜਾ ਵੱਟ ਕੇ	in the accent of Jhang (a place)
ਲੱਤ ਖਿੱਚਣਾ	to pull one's leg

23.2 The following English words occur in the text:

ਡਾਕਟਰ, ਮਾਡਲ, "ਬੇਬੀ ਮਾਰਿਸ", ਮੋਟਰ, ਕੰਟਰੋਲ, ਗੌਰਮਿੰਟ ਕਾਲਿਜ,
ਪ੍ਰਿੰਸੀਪਲ, ਡਰਾਈਵਰ, ਗਰਾਂਡੀਲ ਸ਼ੈਵਰਲੇ (Chevrolet)
ਪਤਲੂਨ (pantaloons,pants), ਪਾਪਲਿਨ, ਟਵਿਲ, ਕੋਟ, ਟਾਈ, ਗਾਡ (God)
ਸਾਇੰਸ, ਮਿਲ, ਬਸ, ਐਗਰੀਕਲਚਰਲ ਕਾਲਿਜ, ਟ੍ਰਾਂਸਪੋਰਟ, ਫ਼ਿਲਮ, ਕਲੀਨਰ

23.3 Vocabulary:

ਅਹੂਤੀ	sacrifice (f.)
ਅਖਵਾਉਣਾ	to cause to be called
ਅਖ਼ੇ	oh!
ਅਗਿਆਨਤਾ	ignorance (f.)
ਅੰਗੂਰ	grape (m.)
ਅੱਗੇ-ਵਧੂ	progressive (adj.)
ਅਟੁਟ	unbroken
ਅੰਡਬਰ	show (m.)
ਅਣਹੋਂਦ	nonexistence (f.)
ਅਣਮੋਲ	valuable, priceless
ਅੰਧ-ਵਿਸ਼ਵਾਸੀ	one who has blind faith (m.)
ਅਧਿਆਤਮਕ	spiritual
ਅਨਿਅ	other
ਅਨੁਕੂਲ	agreeable

ਅਭਿਲਾਖੀ	desirous
ਅਮਿੱਟ	eternal
ਅਵੱਸ਼	surely, of course
ਅਵੇਸਲਾ	careless
ਆਸ਼ਾ	intention (m.)
ਆਸਾਨੀ	ease (f.)
ਆਤਸ਼	fire (f.)
ਆਦਰ	respect (m.)
ਆਪ-ਮੁਹਾਰੇ	spontaneously, by itself
ਆਰਥਕ	= ਆਰਥਿਕ
ਆਰੀਆਵਰਤ	land of the Aryas (m.)
ਆਲੋਚਕ	critic (m.)
ਆਵਾਜਾਵੀ	coming and going, transportation, commuting (f.)
ਐਤਕੀ	now, this time
ਔਲੀਆ	Muslim saint (m.)
ਇਆਣਾ	innocent
ਇਹਤਰਾਮ	respect (m.)
ਇਜ਼ਾਜ਼ਤ	permission (f.)
ਇਥਾਈਂ	this place, here
ਉਤਕੰਠਾ	eagerness (f.)
ਉਤਾਰਨਾ	to drop, to cause to alight

ਸੰਸਕ੍ਰਿਤੀ	culture (f.)
ਸਸਤਾ	inexpensive, cheap
ਸ਼ੰਕਾ	doubt (f.)
ਸ਼ਖ਼ਸੀਅਤ	personality (f.)
ਸੰਖਿਆ	number (f.)
ਸੰਗੀਤ-ਮਈ	musical

ਸਭਨਾਂ	all
ਸਭਿਆਚਾਰਕ	civilized
ਸਰਬਤ	all (adj.)
ਸ਼ਰਾਰਤੀ	naughty
ਸਰੂਟਾ	reed (m.)
ਸਵਾਰੀ	passenger (f.)
ਸਾਇੰਸਦਾਨ	scientist (m.)
ਸ਼ਾਇਰਾਨਾ	poetic, pertaining to a poet
ਸ਼ਾਹਰਾਹ	highway, lit: royal way (m.)
ਸ਼ਾਖਾ	branch (f.)
ਸਾਜ਼ੋਨਾਦਰ ਹੀ	rarely
ਸਾਂਝਾ	share (m.)
ਸਾਧਨ	means (m.)
ਸਾਧਾਰਨ	= ਸਾਧਾਰਣ
ਸਾਫ਼-ਗੋਈ	frankness (f.)
ਸਾਲਸ	mediator (m.)
ਸਿਥਲਤਾ	laxity, slackness (f.)
ਸੀਮਤ	limited
ਸੁਆਰਥੀ	selfish
ਸੁਹੱਪਣ	beauty (m.)
ਸੁਖਾਵਾਂ	pleasant, giving happiness
ਸ਼ੁਗਲ	interest, hobby (m.)
ਸੁਥਰਾ	clean
ਸੋਮਾ	stream (m.)
ਹੰਭਲਾ	adventure (m.)
ਹਾਸੀ	laughter (f.) ਹਾਸੀ ਉਡਾਉਣਾ to laugh at
ਹੁਸੀਨ	beautiful

ਹੋ ਗੁਜ਼ਰਨਾ	to have been
ਕੱਟੜ	firm, orthodox
ਕ੍ਰਿਸ਼ਨ ਘਲੁਈਆ	Krishna
ਕਲੀਨਰ	cleaner, conductor of a bus (m.)
ਕਲੇਜੀ	= ਕਲੇਜਾ
ਕਾਇਨਾਤ	universe, animate beings in the universe (f.)
ਕਿਰਸਾਨ	peasant (m.)
ਕੁਦਰਤ	Nature (f.)
ਕੁਰਾਨ ਸ਼ਰੀਫ਼	Holy Koran (f.)
ਕੌਰਾ	spotted, variegated in color
ਖਟਪਟ	fight (f.)
ਖੰਡਰਾਤ	ruins (m.)
ਖਾਮੋਸ਼ੀ	quiet (f.)
ਖ਼ਾਹਿਸ਼	desire (f.)
ਖ਼ਾਕੀ	khaki
ਖ਼ਿੱਝਣਾ	to be teased, vexed
ਖਿੱਤਾ	area, country, province (m.)
ਖੁਸਾ	shoe (m.)
ਖੋਖਲਾ	hollow, without foundation
ਖੋਜੀ	searcher, seeker (m.)
ਖ਼ੌਰੇ	who knows? even if
ਗਿਆਤ	known
ਗੁਜ਼ਰਨਾ	to pass
ਗੁੱਝਾ	mysterious, deep
ਗੁਰਗਾ	puppet, disciple, servant, spy (m.)
ਗ਼ੈਰ-ਮੁਤਮੀਨ	dissatisfied
ਗ਼ੌਰ ਕਰਨਾ	to think over

ਘਿਨਣਾ	to take
ਚਦਰੀ	shawl (f.)
ਚਲਣਾ	to follow (a rule)
ਚਿੰਤਨ	thinking (m.)
ਛਲਕਣਾ	to flash
ਛਾਬੜੀ	basket (f.)
ਛਿਥਾ	fallen, shamed
ਛਿਣ	moment (m.)
ਜਹਾਲਤ	stupidity, barbarity (f.)
ਜਤਲਾਣਾ	to tell, show
ਜਨਤਾ	public (f.)
ਜ਼ਰੂਰਤ	necessity (f.)
ਜ਼ਾਤ	personality (f.)
ਜਾਤਕ	child (m.)
ਜਿਸਮਾਨੀ	physical
ਜੀਵਨ-ਦ੍ਰਿਸ਼ਟੀ-ਕੋਣ	attitude toward life (m.)
ਜੀਵਨ-ਵਰਤਾਰਾ	manner of living, way of life (m.)
ਝਗੜਾ-ਝੇੜਾ	conflict, etc. (m.)
ਝਾਤ	hide and seek (f.)
ਟਰੱਕ	truck, van (m.)
ਠੱਠਾ	joke, jest (m.)
ਡਾਚੀ	she-camel (f.)
ਡਾਂਟਣਾ	to scold
ਡੂੰਘਾ	deep
ਢਕ-ਵਿੰਚ	fraud, hypocrite (m.)
ਢੂੰਡਣਾ	to search
ਤਸਲੀਮ ਕਰਨਾ	to accept
ਤਣਕੇ	proudly
ਤਣਨਾ	to strut

ਤਬਕਾ	group, class (m.)
ਤਰੱਕੀ	progress (f.)
ਤਾਕਤ	strength (f.)
ਤਾਂਘਣਾ	to desire, incline, bend
ਤੀਬਰ	sharp
ਤੇੜ	part ofthe human body from the waist down (m.) ਤੇੜ ਪਾਉਣਾ to put on trousers
ਥਿੰਦਾ	stout, fat
ਦਬਾਦਬ	continuously
ਦਰਾਮਦ	import (f.)
ਦਰਿਆ	river (m.)
ਦਾਨਿਸ਼ਵਰ	intellectual
ਦੁਬਾਰਾ	second time
ਦੁਰਕਾਰਨਾ	to reject, chase away
ਦੂਰ-ਦਿਗੰਤ	far horizon (m.)
ਦੇਖਭਾਲ	care (f.)
ਦੋਸ਼	defect (m.)
ਦੌਰਾਨ	times
ਧਿਰਾ	gentleman (m.)
ਧੁਰ-ਪ੍ਰਾਚੀਨ	very ancient
ਨਸੀਬ ਹੋਣਾ	to receive, to have in one's fate
ਨਕਾਰਾ	useless
ਨਜ਼ਰਿਆ	point of view (m.)
ਨਤੀਜਾ	result (m.)
ਨਰਲੋਕ	human world, the universe (m.)
ਨਾਜ਼ਾਇਜ਼	improper
ਨਾਪਾਕ	impure
ਨਿਸ਼ਚੇ	surely

ਨਿੱਜੀ	private
ਨਿਡਰਤਾ	fearlessness (f.)
ਨਿਰਸੰਕੋਚ	without hesitation
ਨਿਰੰਤਰ	continuously, always
ਪਹੀਆ	wheel (m.)
ਪੱਛੜੇ-ਪਨ	backwardness (m.)
ਪੱਟ	thigh (m.)
ਪਟਕ੍ਹਾ	sash (m.)
ਪੱਤਰਕਾਰ	journalist (m.)
ਪਤਲੂਨ	trousers, pants (lit: pantaloons) (f.)
ਪਤਵੰਤ	honorable
ਪਧਰਾ	smooth, even
ਪਰਸੋਂ	day before yesterday, day after tomorrow
ਪ੍ਰਕਿਰਤੀ	nature (f.)
ਪ੍ਰਦਰਸ਼ਨ	show (m.)
ਪਰਦੇਸ਼	abroad (m.)
ਪ੍ਰਬਿਰਤੀ	tendency (f.)
ਪ੍ਰਭਾਵਤ	impressed
ਪਰਮ-ਸਹਾਈ	very helpful
ਪ੍ਰਮੁਖ	man (m.)
ਪਰਲੋਕ	the other world (m.)
ਪ੍ਰਾਣ	life, essence of life, breath (m.)
ਪ੍ਰੇਮ-ਸੁਨੇਹਾ	message of love, regards (m.)
ਪਾਪਲਿਨ	poplin (f.)
ਪਿੱਛੇ-ਖਿਚੂ	reactionary, lit: drawing backwards
ਪਿੰਡੀਵਾਲਤਾ	sense of knowing someone's place of origin (f.)
ਪੀੜਾ	suffering (f.)
ਪੀੜੀ	generation (f.)

ਪੁਚਕਾਰ	stroking, caressing (f.)
ਪੁਛ-ਗਿਛ	inquiry (f.)
ਪੁਰਖਾ	forefather (m.)
ਪੂਜਣਾ	to worship
ਪੇਸ਼ ਆਣਾ	to behave
ਪੇਚਦਾਰ	twisted
ਫੱਬਣਾ	to suit, to look nice, to befit
ਫਰਕ	difference (m.)
ਫ਼ਲਸਫ਼ਾ	philosophy (m.)
ਫਾਟਕ	gate (m.)
ਫ਼ਿਲਮਕਾਰ	film producer (m.)
ਫਿਲਮੀ	pertaining to films
ਫੇਟਾ	turban (m.)
ਬਸਾਂ ਦਾ ਅੱਡਾ	bus station (m.)
ਬਹਿਸ	argument (f.)
ਬਹਿਣਾ	to sit
ਬਜ਼ਾਤੇ-ਖੁਦ	by itself (himself, herself)
ਬਲੋਚੀ	of Baluchistan
ਬਾਊ ਜੀ	Sir!
ਬਾਂਕਾ	coquettish, foppish, twisted, curved
ਬਾਧਾ	hindrance (f.)
ਬਾਲਾਏ ਤਾਕ	aside
ਬਾਵਜੂਦ	in spite of
ਬਿਮੁਖਤਾ	disinclination (f.)
ਬੇਸ਼ਕ	surely, doubtless

ਭਰਮਾਰ	excess (f.)
ਭ੍ਰਿਸ਼ਟ	fallen, destroyed

ਭਾ	rate (m.)
ਭਿਰਾ	brother (m.)
ਮਹਾਂ ਪੁਰਖ	great man (m.)
ਮਜ੍ਹਬ	religion (m.)
ਮਜ੍ਹਬੀ	religious
ਮਤ-ਮਤਾਂਤਰ	religion and sects(m.)
ਮਾਹੌਲ	atmosphere (m.)
ਮਾਲਦਾ	a kind of mango (m.)
ਮਿੱਤਰਤਾ	friendship (f.)
ਮੁਸਾਫ਼ਰ	passenger, traveler (m.)
ਮੁਕੱਦਸ	pure, holy
ਮੁੱਛ	moustache (f.)
ਮੁਤਾਬਕ	according to
ਮੁਫ਼ਲਿਸੀ	poverty, indigence (f.)
ਮੂਰਤ	image, idol (f.)
ਮੈਂਡਾ	= ਮੇਰਾ ਮੈਂਡਾ ਨਾਲ with me
ਰਹਿਣ-ਸਹਿਣ	living (m.)
ਰੰਗਤ	color (f.)
ਰਚਣਾ, ਰਚਿਆ ਹੋਣਾ	to be absorbed
ਰਲਾਉਣਾ	to mix (trans.)
ਰਵਾਨਾ ਹੋਣਾ	to go
ਰਿਸ਼ਤਾ	relation (m.)
ਰੁਤਬਾ	title, position (m.)
ਰੂਹਾਨੀ	spiritual
ਰੋਅਬਲਾ	awe-inspiring
ਰੋਕਣਾ	to stop (trans.)
ਰੌਲਾ-ਗੌਲਾ	noise, uproar (m.)

ਲਹਿਜਾ	tone (m.)
ਲਤ	leg (f.)
ਲਲਚਾਉਣਾ	to attract, to cause to long for
ਲਿਸ਼ਕਣਾ	to flash, shine, glitter
ਲੁਟੇਰਾ	robber (m.)
ਵਖਰੇਂਵਾ	dissensions (m.)
ਵੰਗਾਰ	openness, explicitness (f.)
ਵਤ	again, then
ਵਤਨੀ	countryman (m.)
ਵਦੇਸ਼	= ਵਿਦੇਸ਼
ਵਰਤਮਾਨ	present, contemporary
ਵਾਅਦਾ	promise (m.)
ਵਿਕਾਸ	development (m.)
ਵਿਖਾਲਾ	show (m.)
ਵਿਗਿਆਨਕ	scientific
ਵਿਚਾਲੇ	between, among
ਵਿਦੇਸ਼	abroad (m.)
ਵਿਨਾਸ਼	destruction (m.)
ਵਿਰਸਾ	heritage (m.)

23.3 Answer the following questions in Panjabi:

੧. ਲੇਖਕ ਦਾ ਕਿਥੇ ਤੇ ਕਿਹ ਦੇ ਕੋਲੋਂ ਕੁਝ ਪੁਛਣ ਦਾ ਦਿਲ ਕੀਤਾ?

੨. ਲੇਖਕ ਨੂੰ ਡਾਕਟਰ ਨਜ਼ੀਰ ਵਿਚ ਕੀ ਨਜ਼ਰ ਆਇਆ ?

੩. ਡਾਕਟਰ ਨਜ਼ੀਰ ਦਾ ਕੁਦਰਤ ਤੇ ਭਗਵਾਨ ਬਾਰੇ ਕੀ ਵਿਚਾਰ ਸਨ? ਤੇ ਰਾਜਨੀਤੀ ਬਾਰੇ?

੪. ਸੁਆਰਥੀ ਲੁਟੇਰੇ ਕੌਣ ਹਨ? ਉਹ ਹਨਤਾ ਨਾਲ ਕਿਵੇਂ ਸਲੂਕ ਕਰਦੇ ਹਨ?

੫. ਪਾਕਿਸਤਾਨ ਦੀ ਵੰਡ ਨੂੰ ਦਿਲ ਕਿਉਂ ਨਹੀਂ ਤਸਲੀਮ ਕਰਦਾ?

੬. ਮਹਿੰਜੋਦਾਰੋ ਤੇ ਹੜੱਪਾ ਕਿਸ ਸਭਿਅਤਾ ਦੇ ਗਵਾਹ ਹਨ?

੭. ਕੀ ਪ੍ਰਾਚੀਨ ਵਿਰਸੇ ਦਾ ਮੁਸਲਮਾਨ ਵਸਨੀਕਾਂ ਨਾਲ ਕੁਝ ਸਬੰਧ ਹੈ? ਹੈ ਤਾਂ ਕੀ?
੮. ਲਾਇਲਪੁਰ ਵਿਚ ਇਸ ਵੇਲੇ ਕਿੰਨੀ ਕੁ ਕਪੜੇ ਦੀਆਂ ਮਿਲਾਂ ਬਣ ਗਈਆਂ ਹਨ?
੯. ਲੇਖਕ ਤੇ ਡਾਕਟਰ ਨਜ਼ੀਰ ਕਿਸ ਨੂੰ ਮਿਲੇ?
੧੦. ਨਜ਼ੀਰ ਸਾਹਿਬ ਨੇ ਲੇਖਕ ਨੂੰ ਕਿੱਥੇ ਉਤਾਰਿਆ? ਉੱਥੇ ਲੇਖਕ ਨੂੰ ਕੀ ਸੁਆਦ ਨਸੀਬ ਹੋਇਆ ਤੇ ਕਿਉਂ?
੧੧. ਬਸ ਰੁਕਣ ਤੋਂ ਪਿੱਛੋ ਲੇਖਕ ਦਾ ਮਨ ਕੀ ਖਰੀਦਣ ਲਈ ਲਲਚਾ ਪਿਆ?
੧੨. ਜੱਟ ਅਤੇ ਬਸ ਕਲੀਨਰ ਕੀ ਲੜਾਈ ਕਿਉਂ ਹੋਈ?
੧੩. ਜੱਟ ਲਈ ਦੋ ਚਾਰ ਆਨੇ ਦਾ ਫ਼ਰਕ ਕੋਈ ਸਾਧਾਰਨ ਗੱਲ ਕਿਉਂ ਨਹੀਂ?

23.4 Fill in the blanks:

੧. ਮੈਂ ਇੱਥੇ ਮੁੜ —— ਦਾ ਨਾਂ ਨਹੀਂ —— ——।
੨. ਕਦੇ —— ਕੋਈ-ਟੁਰਦਾ —— ਮਿਲਦਾ।
੩. ਮੁਸਾਫ਼ਰਾਂ ਵਿਚ —— ਕਿਰਸਾਣਾਂ —— ਸੀ।
੪. —— ਕਾਰ ਦਾ ਪਿਛਲਾ ਪਹੀਆ —— ਗਿਆ।
੫. ਉਹ ਔਖਾ ਔਖਾ ਪੇਸ਼ ਆਦਾ —— ਕਹਿ ਰਿਹਾ —— ਕਿ ਉਹ ਇੱਥੇ ਗ਼ੈਰ-ਮੁਤਮੀਨ ਹੈ।
੬. ਉਹਨੂੰ —— ਜਾਰ ਮੈਂ ਪਛਾਣ ਲਿਆ ਕਿ ਉਹ ਅਮ੍ਰਿਕਾ ਦਾ —— —— ਹੈ।
੭. ਬਸਾਂ ਦੇ —— ਤੇ ਉਤਾਰ —— ਉਹ ਮੂੰਹਿਆਂ ਦਾ ਇਮਤਿਹਾਨ —— ਗਏ।
੮. ਸਾਡੀ ਅਟੁਟ —— ਰਹੀ ਸੰਸਕ੍ਰਿਤੀ ਜਨਤਾ ਦੇ ਹੱਡਾਂ —— —— —— ——।
੯. ਜਨਤਾ ਹਰ ਥਾਂ —— ਜਿਹੀ ਹੈ।
੧੦. ਅਸੀਂ ਤੰਗ-ਖ਼ਿਆਲੀਆਂ ਦੀਆਂ —— —— ਚਾਹੁੰਦੇ ——।
੧੧. ਮੈਂ ਕਹਿ ਨਹੀਂ ਸਕਦਾ ਇਹ —— ਅਧਿਆਤਮਕ ਸੀ —— ਵਿਗਿਆਤਮਕ।
੧੨. ਮੈਨੂੰ ਕੀ —— ਉਸਦੀ ਪਸੰਦ ਦਾ ਖ਼ਿਆਲ —— ਦਾ?
੧੩. ਚਾਹ —— ਡਾਕਟਰ ਤੋਂ ਕੁਝ ਪੁਛਣ —— —— ਕੀਤਾ।
੧੪. ਕੁਦਰਤ ਆਪ ਹੀ ਕਾਨੂੰਨ ਬਣਾਨ —— ਹੈ ਤੇ —— —— ਉਨ੍ਹਾਂ ਉੱਪਰ —— ਵਾਲੀ।

23.5 Translate into Panjabi:

1. I felt like eating something.
2. The car is good enough to do the job.
3. If there is a God, he is one; there cannot be three or four gods.
4. Nature itself makes its laws and follows them.
5. I cannot tell whether this point of view is scientific or spiritual.
6. I just wanted to have a good time.
7. How firm can this division be if the heart does not accept it?
8. The teaching of our great people was progressive.
9. After all, there was a history of this area.
10. Not only do they fulfill the needs of Pakistan, but they send cloth abroad also.
11. Among them were government as well as private buses.
12. What do you know of the anguish of those whose home is far away?
13. I cannot even think of going back.
14. A majority of the students came from India.
15. At last he became quiet and went home.

23.6 Word Formation: Study the following words with their suffixes, learn the meaning of the suffixes and use the words in your own sentences.

1. To form an adjective from a noun:

ਜਿਸਮ — ਜਿਸਮਾਨੀ
ਅਧਿਆਤਮ — ਅਧਿਆਤਮਕ
ਵਿਗਿਆਨ — ਵਿਗਿਆਨਕ
ਸ਼ਾਇਰ — ਸ਼ਾਇਰਾਨਾ

ਯੂਰਪ — ਯੂਰਪੀਨ   ਰੋਅਬ — ਰੋਅਬਲੀ

2. To form a noun from a verb:

ਮੰਨ(ਣਾ) — ਮਅਨਤਾ   ਵੱਸ(ਣਾ) — ਵਸਨੀਕ
ਪਹਿਰ(ਨਾ) — ਪਹਿਰਵਾ

3. To form a noun from an adjective:

ਸਾਦਾ — ਸਾਦਗੀ   ਸਿਥਲ — ਸਿਥਲਤਾ

4. To form a noun from another noun:

ਸ਼ਖਸ਼ — ਸ਼ਖਸ਼ੀਅਤ   ਪੱਤਰ — ਪੱਤਰਕਾਰ
ਫ਼ਿਲਮ — ਫ਼ਿਲਮਕਾਰ   ਦਾਨਿਸ਼ — ਦਾਨਿਸ਼ਵਰ
ਸਾਇੰਸ — ਸਾਇੰਸਦਾਨ   ਕਾਰ — ਕਾਰਖ਼ਾਨਾ
ਹਿੰਦੂ — ਹਿੰਦੂਸਤਾਨ   ਅਫ਼ਗਾਨ — ਅਫ਼ਗਾਨਿਸਤਾਨ
ਪਤ — ਪਤਵੰਤ   ਸਫਰ — ਸਫਰਨਾਮਾ

Study the following prefixes. use the words in your own sentences:

1. Negative prefixes: "un-", "non-", "in-" "-less", etc.

ਜ਼ਾਇਜ਼ — ਨਾਜ਼ਾਇਜ਼   ਗੁਣ — ਔਗੁਣ
ਮੁਖ(ਤਾ) — ਬਿਮੁਖਤਾ   ਮੇਲ — ਅਣਮੇਲ
ਹੋਂਦ — ਅਣਹੋਂਦ   ਮਿੱਟ(ਣਾ)— ਅਮਿੱਟ
ਟੁਟ(ਣਾ) — ਅਟੁਟ   ਗਿਆਨ(ਤਾ) — ਅਗਿਆਨ(ਤਾ)
ਕਾਰਾ — ਨਕਾਰਾ   ਗੁਣ — ਨਿਗੁਣ(ਾ)
ਸ਼ਕ — ਬੇਸ਼ਕ   ਮੁਤਮੀਨ — ਗ਼ੈਰ-ਮੁਤਮੀਨ

2. Positive prefixes: "with", "extra", "special"

ਵਜੂਦ — ਬਾਵਜੂਦ   ਗਿਆਨ — ਵਿਗਿਆਨ

New words are formed by combining other words and omitting the post-positions or conjunctions that would otherwise intervene:

1. Combining nouns (omitting post-positions) to form another noun:

ਜੀਵਨ-ਦ੍ਰਿਸ਼ਟੀ-ਕੋਣ (ਜੀਵਨ ਦੀ ਦ੍ਰਿਸ਼ਟੀ ਦਾ ਕੋਣ)
ਜੀਵਨ-ਵਰਤਾਰਾ (ਜੀਵਨ ਦਾ ਵਰਤਾਰਾ)
ਆਰੀਆਵਰਤ (ਆਰੀਆਂ ਦਾ ਵਰਤ)
ਸ਼ਾਹਰਾਹ (ਸ਼ਾਹ ਦਾ ਰਾਹ)
ਸਵਾਰੀ-ਬਸ (ਸਵਾਰੀ ਲਈ ਬਸ)

2. Combining nouns (omitting "and" [ਤੇ , etc.]) to form a noun:

ਦੇਖ-ਭਾਲ (ਦੇਖ ਤੇ ਭਾਲ)
ਰਹਿਣ-ਸਹਿਣ (ਰਹਿਣ ਤੇ ਸਹਿਣ)
ਪੁਛ-ਗਿਛ (ਪੁਛ ਤੇ ਗਿਛ)
ਆਵਾ-ਜਾਈ (ਆਵਾ ਤੇ ਜਾਈ)
ਮਤ-ਮਤਾਂਤਰ (ਮਤ ਤੇ ਮਤਾਂਤਰ [ਮਤ + ਅੰਤਰ])

3. Combining an adjective and a noun to form another noun:

ਤੰਗਖ਼ਿਆਲ (ਤੰਗ + ਖ਼ਿਆਲ)
ਅੰਧਵਿਸ਼ਵਾਸ਼ (ਅੰਧ + ਵਿਸ਼ਵਾਸ਼)
ਮਹਾਤਮਾਂ (ਮਹਾਂ + ਆਤਮਾ)
ਮਹਾਂਪੁਰਖ (ਮਹਾਂ + ਪੁਰਖ)
ਪਰਮਾਤਮਾ (ਪਰਮ + ਆਤਮਾ)

ਬਹੁ-ਗਿਣਤੀ — or numeral + noun

ਦੂਰਦਿਰੀਂਤ (ਦੂਰ + ਦਿਰੀਂਤ) — or adverb + noun

ਧੁਰ-ਪ੍ਰਾਚੀਨ ਪਿਛੇ-ਖਿਚੂ
ਅੰਗੇ-ਵਧੂ ਦੂਰ-ਕਾਰੀ — or adverb + adjective to form an adjective

PRECEDING PAGE BLANK- NOT FILMED

UNIT XXIV

SELECTIONS FROM GURU GRANTH SAHIB

1. ਇਹੁ ਤਨੁ ਧਰਤੀ ਬੀਜ ਕਰਮਾ ਕਰੋ ਸਲਿਲ ਆਪਾਉ ਸਾਰਿੰਗਪਾਣੀ॥
ਮਨੁ ਕਿਰਸਾਣੁ ਹਰਿ ਰਿਦੈ ਜੰਮਾਇ ਲੈ ਇਉ ਪਾਵਸਿ ਪਦੁ ਨਿਰਬਾਣੀ॥ ੧ ॥
ਕਾਹੇ ਗਰਬਸਿ ਮੂੜੇ ਮਾਇਆ॥ ਪਿਤ ਸੁਤੋ ਸਗਲ ਕਾਲਤ੍ਰ ਮਾਤਾ ਤੇਰੇ ਹੋਹਿ ਨ
ਅੰਤਿ ਸਖਾਇਆ॥ ਰਹਾਉ॥ ਬਿਖੈ ਬਿਕਾਰ ਦੁਸਟ ਕਿਰਖਾ ਕਰੇ ਇਨ ਤਜਿ
ਆਤਮੈ ਹੋਇ ਧਿਆਈ॥ ਜਪੁ ਤਪੁ ਸੰਜਮੁ ਹੋਹਿ ਜਬ ਰਾਖੇ ਕਮਲੁ ਬਿਗਸੈ ਮਧੁ
ਆਸ੍ਰਮਾਈ॥ ੨ ॥ ਬੀਸ ਸਪਤਾਹਰੋ ਬਾਸਰੋ ਸੰਗ੍ਰਹੈ ਤੀਨਿ ਖੋੜਾ ਨਿਤ ਕਾਲੁ
ਸਾਰੈ॥ ਦਸ ਅਠਾਰ ਮੈ ਅਪਰੰਪਰੋ ਚੀਨੈ ਕਹੈ ਨਾਨਕੁ ਇਵ ਏਕੁ ਤਾਰੈ॥੩ ॥

* * *

2. ਕਿਰਪਾ ਕਰੇ ਗੁਰੁ ਪਾਈਐ ਹਰਿਨਾਮੋ ਦੇਇ ਦ੍ਰਿੜਾਇ॥ ਬਿਨੁ ਗੁਰ ਕਿਨੈ ਨ
ਪਾਇਓ ਬਿਰਥਾ ਜਨਮੁ ਗਵਾਇ॥ ਮਨਮੁਖ ਕਰਮ ਕਮਾਵਣੇ ਦਰਗਹ ਮਿਲੈ
ਸਜਾਇ॥ ੧ ॥ ਮਨ ਰੇ ਦੂਜਾ ਭਾਉ ਚੁਕਾਇ॥ ਅੰਤਰਿ ਤੇਰੈ ਹਰਿ ਵਸੈ ਗੁਰ
ਸੇਵਾ ਸੁਖੁ ਪਾਇ॥ ਰਹਾਉ॥ ਸਚੁ ਬਾਣੀ ਸਚੁ ਸਬਦੁ ਹੈ ਜਾ ਸਚਿ ਧਰੇ ਪਿਆਰੁ॥
ਹਰਿ ਕਾ ਨਾਮੁ ਮਨਿ ਵਸੈ ਹਉਮੈ ਕ੍ਰੋਧੁ ਨਿਵਾਰਿ॥ ਮਨਿ ਨਿਰਮਲ ਨਾਮੁ ਧਿਆਈਐ
ਤਾ ਪਾਏ ਮੋਖਦੁਆਰੁ ॥ ੨ ॥ ਹਉਮੈ ਵਿਚਿ ਜਗੁ ਬਿਨਸਦਾ ਮਰਿ ਜੰਮੈ ਆਵੈ ਜਾਇ॥
ਮਨਮੁਖ ਸਬਦੁ ਨ ਜਾਣਨੀ ਜਾਸਨਿ ਪਤਿ ਗਵਾਇ॥ ਗੁਰ ਸੇਵਾ ਨਾਉ ਪਾਈਐ ਸਚੇ
ਰਹੈ ਸਮਾਇ॥ ੩ ॥ ਸਬਦਿ ਮੰਨਿਐ ਗੁਰੁ ਪਾਈਐ ਵਿਚਹੁ ਆਪੁ ਗਵਾਇ॥ ਅਨਦਿਨੁ ਭਗਤਿ ਕਰੇ ਸਦਾ ਸਾਚੇ ਕੀ ਲਿਵ ਲਾਇ॥ ਨਾਮੁ ਪਦਾਰਥੁ ਮਨਿ ਵਸਿਆ
ਨਾਨਕ ਸਹਜਿ ਸਮਾਇ॥ ੪ ॥

* * *

3. ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥ ਤੂੰ ਮੇਰਾ
ਰਾਖਾ ਸਭਨੀ ਥਾਈ ਤਾ ਭਉਕੇਹਾ ਕਾੜਾ ਜੀਉ॥ ੧ ॥ ਤੁਮਰੀ ਕ੍ਰਿਪਾ ਤੇ ਤੁਧੁ
ਪਛਾਣਾ॥ ਤੂੰ ਮੇਰੀ ਓਟ ਤੂੰ ਹੈ ਮੇਰਾ ਮਾਣਾ॥ ਜੀਅ ਜੰਤ ਸਭਿ ਤੁਧੁ ਉਪਾਏ॥ ਜਿਤੁ

ਜਿਤੁ ਭਾਣਾ ਤਿਤੁ ਤਿਤੁ ਲਾਏ॥ ਸਭ ਕਿਛੁ ਕੀਤਾ ਤੇਰਾ ਹੋਵੈ ਨਾਹੀ ਕਿਛੁ
ਅਸਾੜਾ ਜੀਉ॥ ੩ ॥ ਨਾਮੁ ਧਿਆਇ ਮਹਾ ਸੁਖੁ ਪਾਇਆ॥ ਹਰਿਗੁਣ
ਗਾਇ ਮੇਰਾ ਮਨੁ ਸੀਤਲਾਇਆ॥ ਗੁਰਿ ਪੂਰੈ ਵਜੀ ਵਾਧਾਈ ਨਾਨਕ ਜਿਤਾ
ਬਿਖਾੜਾ ਜੀਉ॥ ੪ ॥

* * *

4. ਸਾਧੋ ਮਨ ਕਾ ਮਾਨੁ ਤਿਆਗਉ॥ ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ
ਅਹਿਨਿਸਿ ਭਾਗਉ॥ ੧ ॥ ਰਹਾਉ॥ ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ
ਮਾਨੁ ਅਪਮਾਨਾ॥ ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥
੧ ॥ ਉਸਤਤਿ ਨਿੰਦਾ ਦੋਊ ਤਿਆਗੀ ਖੋਜੈ ਪਦੁਨਿਰਬਾਨਾ ॥ ਜਨ ਨਾਨਕ
ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ॥ ੨ ॥

* * *

5. ਸਾਧੋ ਗੋਬਿੰਦ ਕੇ ਗੁਨ ਗਾਵਉ ॥ ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹਿ
ਗਵਾਵਉ॥ ੧ ॥ ਰਹਾਉ ॥ ਪਤਿਤ ਪੁਨੀਤ ਦੀਨ ਬੰਧ ਹਰਿ ਸਰਨਿ ਤਾਹਿ
ਤੁਮ ਆਵਉ॥ ਗਜ ਕੋ ਤ੍ਰਾਸ ਮਿਟਿਓ ਜਿਹ ਸਿਮਰਤ ਤੁਮ ਕਾਹੇ ਬਿਸਰਾਵਉ ॥
੧ ॥ ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ॥ ਨਾਨਕ
ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ॥ ੨ ॥

* * *

6. ਨਰ ਅਚੇਤ ਪਾਪ ਤੇ ਡਰੁ ਰੇ॥ ਦੀਨ ਦਇਆਲ ਸਗਲ ਭੈ ਪੰਜਨ ਸਰਨਿ ਤਾਹਿ ਤੁਮ
ਪਰੁ ਰੇ॥ ੧ ॥ ਰਹਾਉ॥ ਬੇਦ ਪੁਰਾਨ ਜਾਸ ਗੁਨ ਗਾਵਤ ਤਾ ਕੋ ਨਾਮੁ ਹੀਐ ਮੋ
ਧਰੁ ਰੇ॥ ਪਾਵਨ ਨਾਮੁ ਜਗਤਿ ਮੈ ਹਰਿ ਕੋ ਸਿਮਰਿ ਸਿਮਰਿ ਕਸਮਲ ਸਭੁ ਹਰੁ
ਰੇ॥ ੧ ॥ ਮਾਨਸ ਦੇਹ ਬਹੁਰਿ ਨਹ ਪਾਵੈ ਕਛੂ ਉਪਾਉ ਮੁਕਤਿ ਕਾ ਕਰੁ ਰੇ॥
ਨਾਨਕ ਕਹਤ ਗਾਇ ਕਰੁਨਾਮੈ ਭਵ ਸਾਗਰ ਕੈ ਪਾਰਿ ਉਤਰੁ ਰੇ ॥ ੨ ॥

7. ਹਰਿ ਬਿਨੁ ਰਹਿ ਨ ਸਕੈ ਮਨੁ ਮੇਰਾ॥ ਮੇਰੇ ਪ੍ਰੀਤਮ ਪ੍ਰਾਨ ਹਰਿ ਪ੍ਰਭੁ ਗੁਰੁ ਮੇਲੇ ਬਹੁਰਿ ਨ ਭਵਜਲਿ ਫੇਰਾ॥ ੧ ॥ ਰਹਾਉ ॥ ਮੇਰੈ ਹੀਅਰੈ ਲੋਚ ਲਗੀ ਪ੍ਰਭ ਕੇਰੀ ਹਰਿ ਨੈਨਹੁ ਹਰਿ ਪ੍ਰਭੁ ਹੇਰਾ ॥ ਸਤਿਗੁਰਿ ਦਇਆਲਿ ਹਰਿਨਾਮੁ ਦ੍ਰਿੜਾਇਆ ਹਰਿ ਪਾਧਰੁ ਹਰਿ ਪ੍ਰਭ ਕੇਰਾ॥ ੧ ॥ ਹਰਿ ਰੰਗੀ ਹਰਿਨਾਮੁ ਪ੍ਰਭ ਪਾਇਆ ਹਰਿ ਗੋਵਿੰਦ ਹਰਿ ਪ੍ਰਭ ਕੇਰਾ॥ ਹਰਿ ਹਿਰਦੈ ਮਨਿ ਤਨਿ ਮੀਠਾ ਲਾਗਾ ਮੁਖਿ ਮਸਤਕਿ ਭਾਗੁ ਚੰਗੇਰਾ ॥ ੨ ॥ ਲੋਭ ਵਿਕਾਰ ਜਿਨਾ ਮਨੁ ਲਾਵਾ ਹਰਿ ਵਿਸਰਿਆ ਪੁਰਖੁ ਚੰਗੇਰਾ॥ ਓਇ ਮਨਮੁਖ ਮੂੜ ਅਗਿਆਨੀ ਕਈਅਹਿ ਤਿਨ ਮਸਤਕਿ ਭਾਗੁ ਮੰਦੇਰਾ॥ ੩ ॥ ਬਿਬੇਕ ਬੁਧਿ ਸਤਿਗੁਰ ਤੇ ਪਾਇ ਗੁਰ ਗਿਆਨੁ ਗੁਰੂ ਪ੍ਰਭ ਕੇਰਾ॥ ਜਨ ਨਾਨਕ ਨਾਮੁ ਗੁਰੂ ਤੇ ਪਾਇਆ ਧੁਰਿ ਮਸਤਕਿ ਭਾਗੁ ਲਿਖੇਰਾ ॥ ੪ ॥

* * *

8. ਰਾਮ ਸਿਮਰਿ ਰਾਮ ਸਿਮਰਿ ਰਾਮ ਸਿਮਰਿ ਭਾਈ॥ ਰਾਮ ਨਾਮ ਸਿਮਰਨ ਬਿਨੁ ਬੂਡਤੇ ਅਧਿਕਾਈ॥ ੧ ॥ ਰਹਾਉ॥ ਬਨਿਤਾ ਸੁਤ ਦੇਹ ਗ੍ਰੇਹ ਸੰਪਤਿ ਸੁਖਦਾਈ॥ ਇਨ ਮੈ ਕਛੁ ਨਾਹਿ ਤੇਰੋ ਕਾਲ ਅਵਧ ਆਈ॥ ੧ ॥ ਅਜਾਮਲ ਗਜ ਗਨਿਕਾ ਪਤਿਤ ਕਰਮ ਕੀਨੇ ॥ ਤੇਊ ਉਤਰਿ ਪਾਰਿ ਪਰੇ ਰਾਮਨਾਮ ਲੀਨੇ॥ ੨ ॥ ਸੂਕਰ ਕੂਕਰ ਜੋਨਿ ਭ੍ਰਮੇ ਤਊ ਲਾਜ ਨ ਆਈ॥ ਰਾਮਨਾਮ ਛਾਡਿ ਅੰਮ੍ਰਿਤ ਕਾਹ ਬਿਖੁ ਖਾਈ॥ ੩ ॥ ਤਜਿ ਭਰਮ ਕਰਮ ਬਿਧਿ ਨਿਖੇਧ ਰਾਮਨਾਮੁ ਲੇਹੀ॥ ਗੁਰ ਪ੍ਰਸਾਦਿ ਜਨ ਕਬੀਰ ਰਾਮੁ ਕਰਿ ਸਨੇਹੀ॥ ੪ ॥

* * *

9. ਨਾਥ ਨਰਹਰ ਦੀਨ ਬੰਧਵ ਪਤਿਤ ਪਾਵਨ ਦੇਵ ॥ ਭੈ ਤ੍ਰਾਸ ਨਾਸ ਕ੍ਰਿਪਾਲ ਗੁਣ ਨਿਧਿ ਸਫਲ ਸੁਆਮੀ ਸੇਵ ॥ ੧ ॥ ਹਰਿ ਗੋਪਾਲ ਗੁਰ ਗੋਬਿੰਦ॥ ਚਰਣ ਸਰਣ ਦਇਆਲ ਕੇਸਵ ਤਾਰਿ ਜਗ ਭਵਸਿੰਧ ॥ ੧ ॥ ਰਹਾਉ॥ ਕਾਮਕ੍ਰੋਧ ਹਰਨ ਮਦਮੋਹ ਦਹਨ ਮੁਰਾਰਿ ਮਨ ਮਕਰੰਦ॥ ਜਨਮ ਮਰਣ ਨਿਵਾਰਿ ਧਰਣੀਧਰ ਪਤਿ ਰਾਖੁ ਪਰਮਾਨੰਦ॥ ੨ ॥ ਜਲਤ ਅਨਿਕ ਤਰੰਗ ਮਾਇਆ ਗੁਰ ਗਿਆਨ ਹਰਿ ਰਿਦ ਮੰਤ॥ ਛੇਦਿ ਅਹੰਬੁਧਿ ਕਰੁਣਾਮੈ ਚਿੰਤ ਮੇਟਿ ਪੁਰਖ ਅਨੰਤ ॥ ੩ ॥ ਸਿਮਰਿ

ਸਮਰਥ ਪਲ ਮਹੂਰਤ ਪ੍ਰਭ ਧਿਆਨੁ ਸਹਜ ਸਮਾਧਿ॥ ਦੀਨ ਦਇਆਲ ਪ੍ਰਸੰਨ ਪੂਰਨ
ਜਾਚੀਐ ਰਜ ਸਾਧ॥ ੪ ॥ ਮੋਹ ਮਿਥਨ ਦੁਰੰਤ ਆਸਾ ਬਾਸਨਾ ਬਿਕਾਰ ॥ ਰਖੁ
ਧਰਮ ਭਰਮਬਿਦਾਰਿ ਮਨ ਤੇ ਉਧਰੁ ਹਰਿ ਨਿਰੰਕਾਰ॥ ੫ ॥ ਧਨਾਢਿ ਆਢਿ
ਭੰਡਾਰ ਹਰਿਨਿਧਿ ਹੋਤ ਜਿਨਾ ਨ ਚੀਰ॥ ਖਲ ਮੁਗਧ ਮੂੜ ਕਟਾਖ ਸ੍ਰੀਧਰ ਭਏ
ਗੁਣਮਤਿ ਧੀਰ॥ ੬ ॥ ਜੀਵਨ ਮੁਕਤ ਜਗਦੀਸ ਜਪਿ ਮਨਿ ਧਾਰਿ ਰਿਦ ਪਰਤੀਤਿ॥
ਜੀਅ ਦਇਆ ਮਇਆ ਸਰਬਤ੍ਰ ਰਮਣੰ ਪਰਮ ਹੰਸਹ ਰੀਤਿ॥ ੭ ॥ ਦੇਤ ਦਰਸਨੁ
ਸ੍ਰਵਨ ਹਰਿ ਜਸੁ ਰਸਨ ਨਾਮ ਉਚਾਰ ॥ ਅੰਗ ਸੰਗ ਭਗਵਾਨ ਪਰਸਨ ਪ੍ਰਭ ਨਾਨਕ
ਪਤਿਤ ਉਧਾਰ॥ ੮ ॥

* * *

10. ਖੋਜਤ ਫਿਰੇ ਅਸੰਖ ਅੰਤੁ ਨ ਪਾਇਆ॥ ਸੇਈ ਹੋਏ
ਭਗਤ ਜਿਨਾ ਕਿਰਪਾਰੀਆ॥ ੧ ॥ ਹਉ ਵਾਰੀਆ ਹਰਿ ਵਾਰੀਆ॥ ੧ ॥ ਰਹਾਉ॥
ਸੁਣਿ ਸੁਣਿ ਪੰਥੁ ਡਰਾਉ ਬਹੁਤੁ ਭੈਹਾਰੀਆ॥ ਮੈ ਤਕੀ ਓਟ ਸੰਤਾਹ ਲੇਹੁ ਉਬਾਰੀਆ॥
੨ ॥ ਮੋਹਨ ਲਾਲ ਅਨੂਪ ਸਰਬ ਸਾਧਾਰੀਆ॥ ਗੁਰ ਨਿਵਿ ਨਿਵਿ ਲਾਗਉ ਪਾਇ
ਦੇਹੁ ਦਿਖਾਰੀਆ॥ ੩ ॥ ਮੈ ਕੀਏ ਮਿਤ੍ਰ ਅਨੇਕ ਇਕਸੁ ਬਲਿਹਾਰੀਆ॥ ਸਭ ਗੁਣ
ਕਿਸ ਹੀ ਨਾਹਿ ਹਰਿ ਪੂਰ ਭੰਡਾਰੀਆ॥ ੪ ॥ ਚਹੁ ਦਿਸਿ ਜਪੀਐ ਨਾਉ ਸੂਖਿ
ਸਵਾਰੀਆ॥ ਮੈ ਆਹੀ ਓੜਿ ਤੁਹਾਰਿ ਨਾਨਕ ਬਲਿਹਾਰੀਆ॥ ੫ ॥ ਗੁਰਿ ਕਾਢਿਓ
ਭੁਜਾ ਪਸਾਰਿ ਮੋਹ ਕੂਪਾਰੀਆ॥ ਮੈ ਜੀਤਿਓ ਜਨਮੁ ਅਪਾਰੁ ਬਹੁਰਿ ਨ ਹਾਰੀਆ॥
੬ ॥ ਮੈ ਪਾਇਓ ਸਰਬ ਨਿਧਾਨੁ ਅਕਥੁ ਕਥਾਰੀਆ॥ ਹਰਿ ਦਰਗਹ ਸੋਭਾਵੰਤ ਬਾਹ
ਲੁਡਾਰੀਆ॥ ੭ ॥ ਜਨ ਨਾਨਕ ਲਧਾ ਰਤਨੁ ਅਮੋਲੁ ਅਪਾਰੀਆ॥ ਗੁਰ ਸੇਵਾ ਭਉਜਲੁ
ਤਰੀਐ ਕਹਉ ਪੁਕਾਰੀਆ॥ ੮ ॥

* * *

11. ਜਾ ਤਿਸੁ ਭਾਵਾ ਤਦ ਹੀ ਗਾਵਾ॥ ਤਾ ਗਾਵੇ ਕਾ ਫਲੁ ਪਾਵਾ॥ ਗਾਵੇ ਕਾ ਫਲੁ
ਹੋਈ॥ ਜਾ ਆਪੇ ਦੇਵੈ ਸੋਈ॥ ੧ ॥ ਮਨ ਮੇਰੇ ਗੁਰ ਬਚਨੀ ਨਿਧਿ ਪਾਈ॥
ਤਾ ਤੇ ਸਚ ਮਹਿ ਰਹਿਆ ਸਮਾਈ॥ ਰਹਾਉ ॥ ਗੁਰ ਸਾਖੀ ਅੰਤਰਿ ਜਾਗੀ॥ ਤਾ
ਚੰਚਲ ਮਤਿ ਤਿਆਗੀ॥ ਗੁਰ ਸਾਖੀ ਕਾ ਉਜੀਆਰਾ॥ ਤਾ ਮਿਟਿਆ ਸਗਲ ਅੰਧਾਰਾ॥

੨॥ ਗੁਰ ਚਰਨੀ ਮਨੁ ਲਾਗਾ॥ ਤਾ ਜਮ ਕਾ ਮਾਰਗੁ ਭਾਗਾ ॥ ਭੈ ਵਿਚਿ ਨਿਰਭਉ ਪਾਇਆ॥ ਤਾ ਸਹਜੀ ਕੈ ਘਰਿ ਆਇਆ॥ ੩ ॥ ਭਣਤਿ ਨਾਨਕੁ ਬੂਝੈ ਕੋ ਬੀਚਾਰੀ॥ ਇਸੁ ਜਗ ਮਹਿ ਕਰਣੀ ਸਾਰੀ॥ ਕਰਣੀ ਕੀਰਤਿ ਹੋਈ॥ ਜਾ ਆਪੇ ਮਿਲਿਆ ਸੋਈ॥ ੪ ॥

* * *

12. ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥ ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥ ੧ ॥ ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ॥ ਅਨਹਤਾ ਸਬਦ ਵਾਜੰਤ ਭੇਰੀ॥ ੧ ॥ ਰਹਾਉ ॥ ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ॥ ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ॥ ੨ ॥ ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ॥ ਗੁਰ ਸਾਖੀ ਜੋਤਿ ਹੈ ਸੋਇ॥ ਤਿਸੁ ਭਾਵੈ ਸੁ ਆਰਤੀ ਹੋਇ॥ ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ॥ ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਮਿ ਵਾਸਾ ॥ ੪ ॥

24.1 Vocabulary

Because the language of the Guru Granth Sahib is somewhat different from modern standard Panjabi, the words from this unit will not be included in the final glossary. They are arranged here according to the numbered selections.

NOTE: The endings -ਉ and-ਇ added to words is characteristic of this dialect, as it is of other medieval Hindi dialects as well. In general, these endings have no meaning and words with them have not been listed if they appear without the endings in the Glossary.

The present participle here may take the endings -ਤਾ , -ਤੇ etc., or -ਤ, instead of the Panjabi endings - ਦਾ, - ਦੇ, etc. The simple present - ਦਾ ਹੈ is frequently contracted to -ੈ , for example ਚੀਨਦਾ ਹੈ "recognizes" becomes ਚੀਨੈ .

The ending -ਇ frequently appears appended to the stem form of a verb, with no change of meaning. The stem may represent either the perfect participle, "having ..." (normally stem + ਕੇ , for example ਦੇ ਕੇ , ਦੇ , here ਦੇਇ), or the singular imperative (for example ਜੰਮਾ , here ਜੰਮਾਇ).

The hortative ending -ਈਏ frequently appears as -ਈਐ.

1.	ਅਪਰੰਪਰੇ	unlimited, Lord, God	ਸੁਤੇ = ਸੁਤ ਓ	and son
	ਆਸ੍ਰਮਾਈ	hermitage (f.)	ਹਰਿ	Lord, Krishna (m.)
	ਆਤਮੈ=ਆਤਮਾ ਮੈ	in the soul	ਕਮਲੁ	lotus (m.)
	ਆਪਾਉ	you yourself	ਕਰੇ	karma, steps (m.)
	ਇਵ	only	ਕਾਹੇ	for what reason, why?
	ਸਖਾਇਆ	friend (m.)	ਕਾਲਤੂ	at all times
	ਸੰਗ੍ਰਹਣਾ	to collect	ਕਿਰਖਾ	weeding out (m.)
	ਸਗਲ	all, whole	ਖੇੜਾ	trap (m.)
	ਸਪਤਾਹਰੇ	weekly	ਗਰਬ = ਗਰਵ	pride (m.)
	ਸਲਿਲ	water (m.)	ਚੀਨਣਾ	to recognize
	ਸਾਰਨਾ	to set, make (a trap)	ਜਪੁ ਤਪੁ	austere devotion (m.)
	ਸਾਰਿੰਗ ਪਾਣੀ	in whose hand is the whole world, one who rears the whole world, Vishnu, God	ਤਜਣਾ	to renounce
			ਤਾਰਨਾ	to take across

ਧਿਆਣੀ meditation (m.)
ਨਿਤ every day
ਨਿਰਬਾਣੀ pertaining to Nirva:N (adj.)
ਪਦੁ position (m.)
ਪਾਵਸਿ will get
ਬਾਸਰੇ daily
ਬਿਕਾਰ defect, perversion (m.)
ਬਿਖੈ lust, desire (m.)
ਬਿਗਸਣਾ to flourish, bloom
ਮਧੁ = ਮਧੁਰ
ਮੁਠਨਾ to fool
ਮੈ in
ਰਹਾਉ refrain (m.)
ਰਿਦੈ = ਰਿਦਾ

2. ਅੰਤਰਿ heart (m.)
ਅਨਦਿਨੁ endless, eternal
ਸਹਜਿ = ਸਹਿਜੇ
ਸਚਿ truly
ਸਜਾਉਣਾ to decorate
ਸਮਾਉਣਾ to be contained in
ਸਾਚਾ truth (m.)
ਸੁਖੁ happiness (m.)
ਹਉਮੈ egoism (m.)
ਕਮਾਵਣਾ = ਕਮਾਉਣਾ
ਕਰੇ = ਕਰਕੇ
ਕਿਨੈਨ no-one
ਕਿਰਪਾ mercy (f.)
ਗਵਾਇ wasted, spent, lost
ਗੁਰ = ਗੁਰੁ = ਗੁਰੂ
ਚੁਕਾਉਣਾ to do away with, to cause to perish
ਜਾਸਨਿ therefore
ਦਰਗਹ shrine (m.)
ਦ੍ਰਿੜਾਉਣਾ = ਦ੍ਰਿੜ੍ਹਾਉਣਾ
ਧਿਆਉਣਾ to meditate upon
ਨਾਮੁ ਪਦਾਰਥੁ the (valuable) thing, i.e. the Lord's name
ਨਿਰਮਲ pure, clean
ਨਿਵਾਰਨਾ to keep off
ਪਿਆਰੁ ਧਰਨਾ to love
ਬਾਣੀ speech (f.)
ਬਿਨਸਣਾ to decay, to be ruined
ਬਿਨੁ = ਬਿਨਾਂ
ਬਿਰਥਾ uselessly, vainly
ਭਾਉ = ਭਾਵ
ਮਨਿ in heart
ਮੁਖ face, mouth, speech (m.)
ਮੋਖਦੁਆਰੁ door, gate to salvation (m.)
ਲਿਵ devotion, affection (f.)
ਵਿਚਹੁ in the middle

3. ਅਸਾੜਾ = ਸਾਡਾ
ਉਪਾਉਣਾ to make, bear, give birth
ਓਟ protection, shelter (f.)
ਸਭਨੀ = ਸਭਨਾਂ

ਸਭਿ = ਸਭੀ
ਸੀਤਲਾਉਣਾ to be pacified, to become calm, find solace
ਕਾੜਾ worry (m.)
ਕਿਛੁ = ਕੁਝ
ਕੇਹਾ of what kind?
ਜਿਤੁ ਜਿਤੁ whatever, whoever
ਜੀਅ ਜੰਤ animate beings (m. pl.)
ਜੀਉ = ਜੀਵ, ਜੀਅ
ਤਾ indeed
ਤਿਤੁ ਤਿਤੁ that and that
ਤੁਧੁ = ਤੁਧ thee
ਤੁਮਰਾ = ਤੁਹਾਡਾ
ਬੰਧਪੁ friend, brother
ਬਿਖਾੜਨਾ to scatter
ਭਉ fear, danger (m.)
ਭ੍ਰਾਤਾ = ਭਰਾ
ਭਾਣਾ desire (f.)
ਮਾਣਾ = ਮਾਣ
ਰਾਖਾ keeper, protector (m.)
ਵਾਧਾਈ = ਵਧਾਈ

4. ਅਉਰੁ and
ਅਹਿਨਿਸਿ always, day and night
ਅਤੀਤਾ free from
ਅਪਮਾਨ disgrace (m.)
ਉਸਤਤਿ praise, worship (f.)
ਸੰਗਤਿ = ਸੰਗਤ company (f.)
ਸਮ equal
ਸਾਧੋ = ਸਾਧੁ
ਸੋਗ sorrow (m.)
ਹਰਖ happiness (m.)
ਗੁਰਮੁਖਿ devotee (m.)
ਜਨ devotee (m.)
ਤਾਤੇ from that
ਤਿਆਗਣਾ to renounce
ਤਿਨਿ he
ਦੁਰਜਨ evil person (m.)
ਦੋਊ = ਦੋਵੇਂ
ਦੋਨੋ = ਦੋਵੇਂ
ਮਾਨੁ = ਮਾਣ

5. ਅਮੋਲਕ invaluable, priceless
ਸ ਰਨਿ shelter (f.)
ਸਿਮਰਤ capable, strong, forceful
ਕੈ of, to
ਗਜ elephant (m.)
ਗੋਬਿੰਦ Krishna, Lord (m.)
ਤ੍ਰਾਸ calamity (m.)
ਤਾਹਿ his, of that
ਤੁਮ = ਤੁਸੀਂ
ਦੀਨ ਬੰਧ friend of the poor (m.)
ਪਤਿਤ fallen, sinful
ਪਤਿਤ ਪੁਨੀਤ redeemer of the fallen

	ਪੰਥ	path (m.)
	ਪੁਨੀਤ	pious
	ਫੁਨਿ	again, then
	ਬਿਸਰਾਉਣਾ	to forget
	ਮਾਨਸ = ਮਾਣਸ	here: human (adj.)
	ਮੁਕਤਿ	salvation (f.)
6.	ਸਿਮਰਿ ਸਿਮਰਿ	reciting, remembering (again & again)
	ਹਰਨਾ	to take away
	ਹੀਔਂ	heart (m.)
	ਕਸਮਲ	sin (m.)
	ਕਛੂ = ਕੁਛ	
	ਕਰੁਨਾਮੈ	compassionate Lord!
	ਜਗਤਿ = ਜਗਤ	world, universe (m.)
	ਜਾਸ	whose
	ਦੀਨ ਦਇਆਲ	merciful to the poor
	ਦੇਹ	body (f.)
	ਨਹ = ਨਹੀਂ	
	ਨਰ	man (m.)
	ਪਰੁ	fall! (imperative)
	ਪਾਰਿ ਉਤਰਨਾ	to go across
	ਪਾਵਨ	pious
	ਪੁਰਾਨ	Pura:na (m.)
	ਬਹੁਰਿ	again
	ਬੇਦ	Veda (m.)
	ਭਵਸਾਗਰ	ocean of the universe (m.)
	ਭੈ ਪੰਜਨ	fear-destroying
	ਮੋ = ਮੈ	
7.	ਅਗਿਆਨੀ	ignorant
	ਸਤਿਗੁਰ (ਸਤਿਗੁਰਿ)	true teacher, God (m.)
	ਹੀਅਰੈ	heart (m.)
	ਹੇਰਨਾ	to see
	ਕੇਰਾ, ਕੇਰੀ = ਦਾ, ਦੀ	
	ਚੰਗੇਰਾ	good
	ਧੁਰਿ	all the way, exact
	ਨੈਨਹੁ	by, with eyes
	ਪ੍ਰਭ (ਪ੍ਰਭੁ)	Lord (m.)
	ਪ੍ਰਾਨ = ਪ੍ਰਾਣ	life, breath (m. pl.)
	ਪਾਧਰੁ	guest (m.)
	ਪੁਰਖੁ	man (m.)
	ਫੇਰਾ	circle, return (m.)
	ਬਿਸਰਨਾ	to be forgotten
	ਬਿਬੇਕ	knowledge (m.)
	ਬੁਧਿ = ਬੁਧੀ	
	ਭਵਜਲਿ	ocean of the world
	ਭਾਗੁ	fate, fortune (m.)
	ਮਸਤਕਿ	forehead (m.)
	ਮੰਦੇਰਾ	worthless, bad
	ਮੂੜ	stupid
	ਮੇਰੈ = ਮੇਰੇ	
	ਮੇਲਣਾ	to bring together, unite
	ਰੰਗੀ	colored

ਲਾਵਾ = ਲਾਇਆ

ਲਿਖੇਰਾ written

ਲੋਚ ਲੱਗਣਾ to desire intensely

ਲੋਭ greed (m.)

ਵਿਕਾਰ = ਬਿਕਾਰ

8. ਅਜਾਮਿਲ name of a sinner who on his deathbed called for his son, Na:ra:yana. The Lord Na:ra:yana heard and saved him.

ਅਵਧ period, time (f.)

ਸੰਪਤਿ wealth (f.)

ਸੁਖਦਾਈ pleasant, giving happiness

ਸੂਕਰ pig (m.)

ਕਬੀਰ the poet Kabir (m.)

ਕੂਕਰ dog (m.)

ਗਨਿਕਾ name of a prostitute who taught her parrot to repeat God's name and thus received salvation.

ਗ੍ਰੇਹ house, home (m.)

ਜੋਨਿ = ਜੂਨ

ਛਾਡਣਾ to give up

ਤਊ even so

ਤੇਊ they

ਨਿਖੇਧ negation (m.)

ਪਾਰਿ ਪਰੇ crossed to the other side (of the ocean of the universe)

ਬਨਿਤਾ woman, wife (f.)

ਬਿਧਿ Brahma (m.)

ਬੂਡਣਾ to sink

ਭ੍ਰਮਣਾ to wander

ਲਾਜ shame (f.)

9. ਅਹੰਬੁਧਿ sense of egoism (f.)

ਅੰਗ ਸੰਗ with, along with

ਅਨਿਕ = ਅਨੇਕ

ਆਢਿ knot (f.)

ਉਧਰਨਾ to uplift, give salvation

ਸਮਰਨ memory, remembrance (m.)

ਸਰਬਤ੍ਰ at all places, everywhere

ਸ੍ਰਵਨ listening (m.)

ਸ੍ਰੀਧਰ upholder of beauty, God (m.)

ਸੁਆਮੀ master (m.)

ਸੇਵ servant (m.)

ਕਟਾਖ crooked, askance look (f.)

ਕ੍ਰਿਪਾਲ compassionate

ਕਾਮ ਕ੍ਰੋਧ ਹਰਨ destroyer of lust and anger (m.)

ਕੇਸ਼ਵ Kešava, Lord Krishna (m.)

ਖਲ evil man (m.)

ਗੁਣਨਿਧਿ treasure of qualities (m.)

ਗੁਣਮਤਿ intelligent

ਗੋਪਾਲ rearer of cattle, Lord Krishna (m.)

ਚਿੰਤ = ਚਿੰਤਾ

ਚੀਰ cloth (m.)

ਛੇਦਣਾ to pierce

ਜਗਦੀਸ master of the world (m.)

ਜਾਚਣਾ to beg, ask for, wish

ਤਰੰਗ	wave (f.)
ਦਇਆ	mercy (f.)
ਦੀਨ ਬੰਧਵ	friend of the poor (m.)
ਦੁਰੰਤ	unquenchable (lit: whose end is far)
ਦੇਤ = ਦਿੰਦਾ	
ਧਨਾਢਿ	rich man (m.)
ਧਰਣੀਧਰ	holder of the earth (m.)
ਧੀਰ	courageous
ਨਰਹਰਿ	God--refers to God's incarnation in the form of a lion-headed man in order to save a devotee (m.)
ਨਾਸ	destruction (m.)
ਨਾਥ	Lord, master (m.)
ਨਿਰੰਕਾਰ	God!
ਪਤਿ = ਪਤ	honor (m.)
ਪਤਿਤ ਉਧਾਰ	uplifter of the fallen (m.)
ਪਤਿਤ ਪਾਵਨ = ਪਤਿਤ ਪੁਨੀਤ	
ਪਰਤੀਤਿ	devotion, love (f.)
ਪਰਮਹੰਸਹ	ascetic of the highest order, supreme soul (m.)
ਪਰਮਾਨੰਦ	supreme bliss, God (m.)
ਪੁਰਖ ਅਨੰਤ	eternal man, God (m.)
ਬਾਸਨਾ	lust (f.)
ਬਿਦਾਰਨਾ	to destroy
ਭਏ	became
ਭੰਡਾਰ	treasury (m.)
ਭਵਸਿੰਧ	ocean of the universe
ਮਇਆ	mother (f.)
ਮਹੂਰਤ	auspicious moment, period of one hour and forty-eight minutes (m.)
ਮਕਰੰਦ	lotus (m.)
ਮਦਮੋਹ ਦਹਨ	burner of pride and attachment (m.)
ਮਿਥਨ	sexual intercourse, lust (m.)
ਮੁਰਾਰਿ	Lord, Krishna (m.)
ਮੁਗਧ	stupid
ਮੇਟਣਾ	to destroy
ਰਸਨ	tongue (f.)
ਰਜ	dust (f.)
ਰਮਣੰ	being, existing (adj.)
ਰਿਦਮੰਤ	man of heart (m.)
ਰੀਤਿ = ਰੀਤੀ	

10.

ਅਸੰਖ	innumerable
ਅਕਥੁ ਕਥਾਰੀ	speaker (relator) of the unspeakable (m.)
ਅਨੂਪ	unique
ਅਮੋਲੁ	priceless
ਆਹੀ = ਸੀ	
ਇਕਸੁ	lonely, single, one
ਉਬਾਰਨਾ	to save(from drowning), to uplift, raise up
ਓਟਿ	shelter, obstruction (f.)
ਸੰਤਾਹ	saints (m. pl.)
ਸਰਬ ਸਾਧਾਰੀਆ	belonging to all people
ਸਰਬ ਨਿਧਾਨੁ	abode of all (m.)
ਸਵਾਰੀ	mender (m.)
ਸੇਈ , ਸੋਈ	he (only)
ਸੋਭਾਵੰਤ	splendid, magnificent

ਹਉ egoism (m.)
ਹਾਰਨਾ to be defeated
ਕਹਉ ਪੁਕਾਰੀਆ said loudly
ਕਾਢਣਾ = ਕੱਢਣਾ
ਕਿਰਪਾਰਨਾ to bestow mercy upon
ਕੀਏ = ਕੀਤੇ
ਕੂਪਾਰ ocean (m.)
ਚਹੁ ਦਿਸਿ all four sides

ਜੀਤਣਾ to win
ਡਰਾਉਣਾ to frighten
ਤੁਹਾਰਿ = ਤੁਹਾਡਾ
ਦੇਹੁ ਦਿਖਾਰੀਆ showed
ਪਸਾਰਨਾ to spread out

ਪਾਇ foot, feet (m.)
ਪੂਰ = ਪੂਰਨ
ਬਲਿਹਾਰੀ sacrifice (f.)
ਬਾਹ power (f.)
ਭਉਜਲੁ = ਭਵਜਲਿ
ਭੰਡਾਰੀ treasurer (m.)
ਭੁਜਾ arm (f.)
ਭੈਹਾਰੀ destroyer of fear (m.)
ਮੋਹਨਲਾਲ Lord, Krishna (m.)
ਰਤਨੁ jewel (m.)
ਲਧਣਾ to seek
ਲੁਡਾਰੀ weak, tailless
ਲੇਹੁ ਉਬਾਰੀਆ saved
ਵਾਰੀ devoted

•

11. ਅੰਧਾਰਾ darkness (m.)
ਆਪੇ by itself
ਉਜੀਆਰਾ light (m.)
ਕਰਣੀ = ਕਰਨੀ
ਕਾ = ਦਾ
ਕੀਰਤਿ fame (f.)
ਕੈ = ਕਰਕੇ
ਕੋ who?
ਗਾਵਾ = ਗਾਇਆ
ਜਮ Ya:ma, God of Death (m.)
ਜਾ = ਜੇ
ਜਾਗਣਾ to awake, to take place

ਚੰਚਲ fickle
ਤਾ that
ਤਿਸ post-positional of ਸੋ, him
ਨਿਰਭਉ fearless
ਬਚਨੀ saying (f.)
ਬੀਚਾਰੀ thoughtful
ਬੂਝਣਾ = ਬੁੱਝਣਾ
ਭਣਤਿ says
ਭਾਗਣਾ to run away
ਭਾਵਾ past participle of ਭਾਣਾ
ਭਾਣਾ to like, to please
ਮਹਿ = ਮੈ
ਮਤਿ (ਮਤ) intellect, sense (f.)

12.

ਅਨਹਤਾ ਸ਼ਬਦ	words (the sounds of prayer) which can be heard in all directions. (m.)
ਅਨਦਿਨੋ	for a long time
ਸਹਸ	thousand(s)
ਸਾਰੰਗ	a bird which drinks only rain-water and only in one season (m.)
ਹੋਇ = ਹੁੰਦਾ ਹੈ	
ਕਉ = ਨੂੰ	
ਕੈਸੀ	of what kind?
ਗਗਨ	sky (m.)
ਗੰਧ	scent (f.)
ਚੰਦੁ	moon (m.)
ਚਵਰੋ	whisk, used in ritual (m.)
ਚਾਨਣਿ	light (m.)
ਜਨਕ	as if
ਜੋਤੀ	light (m.)
ਤਵ	thy
ਤਾਰਿਕਾ ਮੰਡਲ	circle, group of stars (m.)
ਤੋਹਿ	the same
ਥਾਲੁ	large metal platter (f.)
ਦੀਪਕ	lamp (m.)
ਧੂਪੁ	incense (f.)
ਨਨ	no
ਨੈਨ = ਨੈਣ	
ਪਦ	foot (m.)
ਪਵਣੁ	wind, air, breeze (f.)
ਪਿਆਸਾ	thirsty
ਫੂਲੰਤ	pleasing
ਬਨਰਾ	bridegroom (m.)
ਬਿਮਲ	pure
ਭਵ ਖੰਡਨਾ	breaking through the universe
ਭੇਰੀ	kettle-drum (f.)
ਮਲ ਆਨਲ	spring breeze (f.)
ਮੋਹਣਾ	to attract
ਮੋਤੀ	pearl (m.)
ਰਵਿ	sun (m.)
ਲੋਭਿਤ	attracted
ਵਾਜੰਤ	being played

GLOSSARY

The NOTE preceding the Glossary of the Panjabi Reader--Level I, which is reprinted at the end of this Glossary, applies here also with regard to alphabetical order and the notation of Hindi and Urdu cognates.

ਅੰਸ਼	part (m.)
ਅਸਹਿ	intolerable [asahya]
ਅਸਤ	(sun)set (m.)
ਅਸਥਾਨ	place (m.) [stha:n]
ਅਸਥੂਲ	concrete [sthu:l]
ਅਸਬਾਬ	luggage (m.)
ਅਸੰਭਵ	impossible
ਅਸਮਰਥ	unable [asamarth]
ਅਸਰਦਾਰ	influential
ਅਸਲੀਅਤ	reality (f.)
ਅਸ਼ੋਕ ਵਾਟਿਕਾ	Ašok Garden, where Sita was placed by Ra:vaNa
ਅਹਿ	aye! [e]
ਅਹਿਸਾਸ	awareness (m.)
ਅਹਿਸਾਸ ਹੋਣਾ	to realize
ਅਹਿਦਨਾਮਾ	treaty (m.)
ਅਹਿਲ	inhabitant (m.)
ਅਹਿਲਕਾਰ	official (m.)
ਅਹੂਤੀ	sacrifice (f.)[a:huti]
ਅਕਸ	reflection (m.)
ਅਕਹਿ	unspeakable [akathya]
ਅਕਲ	intelligence (f.) [aql]
ਅਕਾਸ਼	sky (m.) [a:ka:š]
ਅਕਾਲੀ	Akali, Sikh devotee (m.)
ਅਖੰਡ	unbroken, continuous
ਅਖ਼ਤਿਆਰ ਕਰਨਾ	to take
ਅਖ਼ਬਾਰ	newspaper (m.)
ਅੱਖਰ	letter, word (m.) [aksar]
ਅਖਰੋਟ	walnut (m.)
ਅਖ਼ਲਾਕੀ	criminal
ਅਖਵਾਉਣਾ	to cause to say, to cause to be called [kahla:na:]
ਅਖਾਣ	saying (m.) [kathan]
*ਅਖੀਰ ਸਦੋਂ	at last
*ਅਖ਼ੇ	oh!
ਅੰਗ	body (m.)
ਅੱਗ	fire (f.) ਅੱਗ ਲੱਗਣਾ to catch fire [a:g]
ਅਗਰਗਾਮਤਾ	progressiveness (f.)[agra:mita:]
ਅਗਰਗਾਮੀ	progressive [agraga:mi:]
ਅਗਲਾ	next
ਅਗਿਆਨਤਾ	ignorance (f.)[ajña:ta:]
ਅੰਗੂਰ	grape (m.)
*ਅੱਗੇ-ਵਧੂ	progressive, forward-looking
ਅਚੇਤ	unconscious
ਅਛੂਤਾ	untouched, unique
ਅਛੋਹ	untouched
ਅਜ਼ਾਰ	difficulty, pain (m.)
ਅਜਿਹਾ	such [aisa:]
ਅਜੀਬ	strange
ਅਜੇ ਤੀਕ ਵੀ	right up to now, as yet [abhi:/a:j tak bhi:]
*ਅਜੋਕਾ	contemporary, of today
*ਅਝੱਕ	fixed, unblinking
ਅਟਕਣਾ	to stop
ਅਟੱਲ	immobile, permanent [aTal]
ਅਟੂਟ	unbroken [aTu:T]
ਅਡੰਬਰ	show (m.) [a:Dambar]

*ਅਡਰਾ	separate
*ਅਡੋਲ	fixed, not moving
ਅਣ-ਆਈ	unnatural
ਅਣਹੋਣੀ	unthinkable, unheard of (lit: which does not take place) [anhoni:]
*ਅਣਹੋਂਦ	non-existence (f.)
*ਅਣਖ	high-mindedness, self-respect(m.)
*ਅਣਖਿਆਲਾ	uncared for
ਅਣਖਿਲਾ	unbloomed [ankhila:]
ਅਣਮੋਲ	valuable, priceless[anmol]
ਅੰਤਮ	last [antim]
ਅੰਤਰਧਿਆਨ	lost, absorbed, hidden [antar-dhya:n]
ਅੰਤਰਰਾਸ਼ਟਰੀ	international [antar-ra:sTri:ya]
ਅਤ੍ਰਿਪਤੀ	insatiability (f.) [atṛpti]
*ਅੰਤ੍ਰੀਵ	inner, mental
*ਅੰਤਲਾ	last
ਅਤਿ	excess (f.)
*ਅਤਿਕਥਨੀ	exaggeration (f.)
ਅਤਿਥੀ	guest (m.) [atithi]
ਅਤੀ	very, much [ati]
ਅਥਾਹ	deep, limitless, immeasurable
ਅੰਦਰ ਖਾਤੇ	behind doors
ਅੰਦਰ-ਦਰਸ਼ਨ	introversion (m.) [antar-daršan]
ਅੰਦਰਲਾ	inner
ਅੰਦਾਜ਼	guess (m.)
ਅਦਾਲਤ	court (f.)
ਅਦੁਤੀ	unique [adviti:ya]
ਅੰਦੋਲਨ	movement (m.)[a:ndolan]
ਅਧ ਖ਼ੜ	middle-aged [adheR]
*ਅਧ-ਮੀਟੀ	half-closed
*ਅਧਵਾਟ	halfway (m.)
ਅੰਧਵਿਸ਼ਵਾਸੀ	one who has blind faith [andh-viŝva:si:]
ਅਧਾਰ	base, basis (m.) [a:dha:r]
ਅਧਿਆਤਮਕ	spiritual [a:dhya:tmik]
ਅਧਿਆਪਕ	teacher (m.)[adhya:pak]
ਅਧਿਐਨ	study (m.) [adhyayan]
ਅਧੀ ਰਾਤ	midnight (f.) [a:dhi: ra:t]
ਅਧੋਗਤੀ	downfall (f.) [adhogati]
ਅਨ-ਜਲ	food and water (m.) [ann-jal]
ਅਨਜਾਣ	innocent [anja:n]
ਅਨੰਦ-ਰੀਤੀ	happy ceremony (f.) [a:nand-ri:ti]
ਅਨਿਅ	other [anya]
ਅਨਿਸਚਿਤ	uncertain [aniščit]
*ਅਨੁਸਾਰੀ	follower (m.)
ਅਨੁਕੂਲ	agreeable, according to
ਅਨੁਕੂਲਤਾ	agreeability (f.)
ਅਨੁਭਵ	experience (m.)
ਅਨੁਵਾਦ	translation (m.)
ਅਨੇਕ	many
ਅਨੋਖਾ	strange, peculiar
ਅਪਭਰੰਸ਼	Apabhramŝa language
ਅਪਰਾਧ	crime (m.)
*ਅਪੜਨਾ	to reach
ਅਫਸਰ	officer (m.)
ਅਫ਼ਸੋਸ	sorrow, regret (m.)
ਅਫ਼ਗਾਨ	Afghan (m.)
*ਅੰਬਣਾ, ਅੰਬ ਜਾਣਾ	to become irritated
*ਅੰਬਰੀ	sky-blue, pertaining to the sky (adj.)
*ਅੰਬੜੀ	mother (f.) ਅੰਬੜੀ ਜਾਇਆ true brother (m.)
ਅਬੋਧ	innocent
ਅਭਿਨਯ	acting (m.)
ਅਭਿਮਾਨ	pride (m.)
ਅਭਿਲਾਖੀ	wishing, desirous [abhila:ṣi:]
ਅਮਨ	peace (m.)
ਅਮਰ	immortal
ਅੰਮ੍ਰਿਤ	nectar (m.) [amṛt]
ਅਮਲੀ	drug addict (m.)
ਅਮਾਨਤ	deposit, thing given in trust (f.)
ਅਮਿੱਟ	eternal
ਅਮੀਨ	commissioner (m.)

ਅਮੀਰੀ	richness, riches, wealth, nobility (f.)
*ਅਮੁਕ	unending, inexhaustible
ਅਰਕ	juice, spirits (m.)[arq]
ਅਰਥਾਤ	that is [artha:t]
ਅਰਦਾਸ	request (f.)
ਅਰਧ	half ਅਰਧ-ਸ਼ਤਾਬਦੀ half century (f.)[ardha-šata:bdi:]
ਅਰਮਾਨ	longing (m.)
ਅਰਾਮ ਤਲਬ	luxury-loving, lazy [a:ra:mtalab]
ਅਲੰਕਾਰਕ	decorative, using many figures of speech [a:lanka:rik]
ਅਲੱਗ	separate [alag]
ਅਲਮਾਰੀ	wardrobe (f.)
*ਅਲੋਪ	hidden [lupta]
ਅਵੱਸ਼	surely, of course [avašya]
ਔਵਲ (ਅੱਵਲ)	first, on the top [avval]
*ਅੱਵਲੀ	best
*ਅਵੇਸਲਾ	careless

ਆ

ਆਸ਼ਾ	intention (m.) [a:šaya]
ਆਸਾਨੀ	ease (f.)
ਆਸ਼ਾਵਾਦੀ	hopeful, optimistic
*ਆਹਰ	worry (m.)
ਆਹਾਰ	food (m.)
*ਆਹੂ	defect(m.) ਆਹੂ ਲਾਹਣਾ to be massacred
ਆਕ੍ਰਸ਼ਕ	attractive [a:karşak]
ਆਕੜਨਾ	to strut ਆਕੜਕੇ proudly [akaRna:] .
*ਆਖ	call, word, saying (f.)
ਆਖ਼ਰੀ	last
*ਆਖ ਵੇਖ	search (f.)
ਆਗ੍ਰਹਿ	insistence (m.)[a:graha]
ਆਗਿਆ	command (f.) [a:jña:]
ਆਚਰਨ	conduct (m.) [a:caraN]
ਆਚਾਰ	conduct (m.)
ਆਤਸ਼	fire (f.)
ਆਤਮ-ਸੰਘਰਸ਼	self-struggle (m.) [a:tm-sangharş]
ਆਤਮਕ	spiritual [a:tmik]
ਆਤਮਾ	soul (f.)
ਆਤਿਸ਼ਬਾਜ਼ੀ	fireworks (f.)
ਆਦਤ	habit (f.) ਆਦਤ ਪਾਉਣਾ to form a habit
ਆਦਰ	respect (m.)
ਆਦਿਕ	etcetera [a:di]
ਆਧਾਰ	base, basis (m.)
ਆਧੁਨਿਕ	modern
ਆਨ	prestige (f.)
*ਆਪਮਤੀ	(him)self, on his own
*ਆਪ-ਮੁਹਾਰੇ	by (it)self, spontaneously
ਆਪੂੰ	(him)self [a:p hi:]
ਆਮ	general ਆਮ ਕਰਕੇ generally ਆਮ ਤੌਰ ਤੇ generally [a:m taur se]
ਆਮਦ	income (f.)
ਆਮਦਨ	income (f.) [a:mdani:]
ਆਰਸੀ	mirror-set ring (f.)
ਆਰਤੀ	ritual of worship, worship(f.)
ਆਰਥਕ (ਆਰਥਿਕ)	economic [a:rthik]
ਆਰੰਭ	= ਅਰੰਭ
*ਆਰਾਈ	adornment (f.)
ਆਰੀਆ	Aryan (m.) ਆਰੀਆ ਵਰਤ land of the Aryans, India [a:ryavarta]
ਆਲਾ	niche (m.)
ਆਲੋਚਕ	critic (m.)
ਆਲੋਚਨਾ	criticism (f.)
ਆਵਾਜਾਈ	arrival and departure (f.)
ਆਵਾਜਾਵੀ	transportation, commuting (f.)

ਐ

ਐਟਮ	atom bomb (m.)
ਐਂਠਣਾ	to become stiff, to strut
*ਐਤਾ	so much [itna:]
*ਐਤਕੀਂ	this one, of this time

*ਐਤਕੀ	now, this time

ਔ

*ਔਕੜ	miserable condition (f.)
*ਔਖਾ-ਸੌਖਾ	difficult & easy
*ਔਖਿਆਈ	rumor (f.)
ਔਰਤ	woman (f.)
ਔਲੀਆ	Muslim saint (m.)[auliya:]

ਇ

*ਇਆਣਾ	innocent
ਇਸ਼ਕ	love
ਇਸਤ੍ਰੀ	woman (f.) [stri:]
ਇਸ਼ਨਾਨ	ritual bath (m.) [sna:n]
ਇਸ਼ਾਰਾ	sign, indication, hint (m.)
ਇਹਤਰਾਮ	respect (m.)
ਇੱਕਠ	gathered
ਇਕ ਦਮ	right away, at that moment[ek dam]
*ਇਕਲਵੰਜਾ	retirement,privacy(m.)
ਇਕੱਲਾ ਇਕੱਲਾ	each [akele akele]
ਇਕਲਾਪਾ	loneliness (m.) [akela:pan]
ਇਕ ਵੇਰ	once [ek ba:r]
ਇਕਾਂਗੀ	one act (play) (m.)[ekangi:]
ਇਖਲਾਕੀ	moral
ਇੱਛਾ	desire (f.)
*ਇੰਜ	thus, the same
ਇਜਾਜ਼ਤ	permission (f.)
ਇੰਟਰ	Intermediate examination, after 2 years of college
ਇੰਤਜ਼ਾਮ	management, arrangement (m.)
ਇਤਬਾਰ	trust, belief, faith (m.) [aitba:r]
ਇਤਰਾਜ਼	objection (m.) [aitra:j]
ਇਤਿਹਾਸ	history (m.)
ਇਤਿਹਾਸਕ	historical [aitiha:sik]
ਇਤਿਹਾਸਕਾਰ	historian (m.)
*ਇਥਾਈਂ	this place, here
ਇੰਦ੍ਰੀ	sense (f.) [indri:ya]
ਇਨਕਲਾਬ	revolution (m.)[inqala:b]
ਇਨਕਲਾਬੀ	revolutionary [inqala:bi:]
ਇਨਕਾਰ	refusal (m.) [inka:r]
*ਇਨ ਬਿਨ	exactly
ਇਨਾਮ	prize, reward (m.)
ਇਮਤਿਹਾਨ	examination (m.)[imtaha:n]
ਇਰਦ ਗਿਰਦ	around
ਇਲਾਜ	healing, cure, medicine (m.)

ਈ

ਈਸਵੀ	A.D., Christian Era (f.)
*ਈਸੈਣਾ	wretched
ਈਦ	Id, a Muslim festival (f.)
ਈਦੀ	gifts given on Id (f.)
ਈਮਾਨ	religion, conviction, truth (m.)

ਉ

*ਉਸਾਰੀ	constructing, building (f.)
ਉੱਕਣਾ	to err [u:kna:]
ਉਕਤੀ	argument (f.) [ukti]
×ਉੱਕਾ	single, alone
ਉਖੜਨਾ	to be uprooted
*ਉਂਘਲਾਉਣਾ	to doze off [ũ:ghna:]
ਉਘੜਨਾ	to be uncovered
ਉਘੜਵਾਂ	exposed, clear
*ਉੱਘਾ (ਉਘਾ)	well-known
ਉੱਚ-ਕੋਟੀ	high standard (m.)[ucca koti]
ਉਚ-ਮਧ-ਸ਼੍ਰੇਣੀ	upper middle class (f.) [ucca madhya šreNi:]
ਉਚਾਰਨਾ	to pronounce [ucca:rna:]
*ਉਚੇਚ	peculiarity, speciality (f.)
ਉੱਛਲਣਾ	to spring up [uchalna:]
*ਉਛਾੜ	covering (f.)
ਉਜੜਨਾ	to ruin
ਉਜਾਗਰ	illuminated, known
*ਉਂਝ = ਉਂਜ	
ਉਠਾਉਣਾ	to raise [uTha:na:]
ਉਡਣਾ	to fly, blow up ਉਡਾ ਦੇਣਾ to blast, to blow up [uRna:]
ਉਤਸਾਹ	courage, enthusiasm, zeal (m.) [utsa:h]
ਉਤਕੰਠਾ	eagerness (f.)

ਉੱਤਰਨਾ to descend, come to battle [utarna:]
ਉਤਾਰਨਾ to drop, to light
ਉਥੱਲ ਪੁਥੱਲ unrest, instability, (mental) conflict [uthal puthal]
ਉੱਦਮ effort [uddyam](m.)
ਉਦਾਹਰਣ example (m.)
ਉਧਾਰ loan (m.)
ਉਨਤੀ progress (f.) [unnati]
ਉਨਾਈ weaving (f.) [buna:i:]
*ਉਪ-ਸਕੱਤ੍ਰ deputy-secretary (m.)
ਉਪਜ product (f.)
ਉਪਜਣਾ to be born [upajna:]
ਉਪਤਨ ਕਰਨਾ to produce [utpann]
ਉਪਭਾਖਾ dialect [upbha:ṣa:]
ਉਪਰੰਤ after [upra:nt]
ਉਪਰਲਾ top (adj.) [u:parla:]
ਉਪ੍ਰੋਕਤ above-mentioned [uprokta]
ਉਭਾਰਨਾ to lift, raise
ਉਲ੍ਹਾਮਾਂ reproach, complaint (m.) [ula:hna:]
ਉਲਝਣ dilemma (f.)[uljhan]
ਉਲਟਾ opposed, upside down
ਉਲਟਣਾ to overturn, upset, reveal
ਉਲੰਘਣਾ to cross [la:nghna:]
ਉਲਾਦ offspring (f.) [aula:d]
ਉੱਲੂ owl (m) ਉੱਲੂ ਬਣਾਉਣਾ to fool

ਊ

ਊਸ਼ਾ dawn (f.)
*ਊਜ suspicion (f.)
ਊਠ camel (m.) [ũ:T]
*ਊਣ deficiency (f.)
*ਊਣਤਾਈ lack (f.)
ਊਫ਼ਾਨ boiling over (m.) [ufa:n]
ਊਲਜਲੂਲ nonsensical

ਓ

*ਓਦੋਂ at that time
ਓਪਰਾ other, stranger [apar]
*ਓੜਕ at last

ਸ

ਸ਼ਊਰ intelligence (m.)
ਸੰਸਕ੍ਰਿਤ Sanskrit (f.)
ਸੰਸਕ੍ਰਿਤੀ culture (f.) [sanskriti]
ਸੰਸਕਾਰ sacrament (m.)
ਸ਼ਸਤ੍ਰ-ਕਿਰਿਆ operation (f.)[ŝastra-kriya:]
ਸਸਤਾ inexpensive, cheap
ਸੰਸਾਰ-ਜੇਤੂ world-conquerer [sansa:r-vijeta:]
ਸੰਸਾਰ-ਪ੍ਰਸਿਧੀ world-fame [sansa:r prasiddhi]
ਸਹਾਈ helper (m.)
ਸ਼ਹਾਦਤ martyrdom (f.)
ਸਹਾਰਨਾ to bear, tolerate
ਸਹਿਸਰ thousand [sahasra]
ਸ਼ਹਿਦ honey (m.) [šahad]
ਸਹਿਬਾਨ pl. of ਸਾਹਿਬ
ਸਹਿਮਣਾ to hesitate, to be frightened [sahamna:]
ਸਹਿਮਤ agreed [sahmat]
ਸਹੀ ਸਲਾਮਤ safe
ਸ਼ਹੀਦ martyr (m.)
ਸ਼ਹੀਦੀ martyrdom (f.)
*ਸਹੇਲਮੱਤਾ friendliness, council of friends
ਸੰਕਟ calamity, trouble (m.)
*ਸਕੱਤ੍ਰ secretary (m.)
ਸ਼ਕਤੀ strength (f.) [šakti]
ਸੰਕਲਪ resolution (m.) [sankalp]
ਸ਼ੰਕਾ doubt (f.)
ਸ਼ਕਾਇਤ complaint (f.) [sika:yat]
ਸੰਕੇਤ indication (m.)
ਸੰਕੋਚ hesitation (m.)
ਸ਼ਖ਼ਸੀਅਤ personality (f.)
*ਸਖਣੀ ਰਹਿਣਾ to be tied, woven
ਸੰਖਿਆ number (f.) [sankhya:]
ਸੰਖੇਪ summary (m.) [sakṣep]
ਸੰਗ companionship (m.)
ਸੰਗਠਨ organization (m.)

*ਸੰਗਣਾ	to be ashamed
ਸ਼ਗਨ	auspicious event, omen (m.)[šagun]
ਸੰਗਮਰਮਰ	marble (m.)
ਸੰਗ੍ਰਿਹ	collection (m.) [sangrah]
ਸੰਗੀਤ-ਮਈ	musical [sangi:mayi:]
ਸੰਗੀਤ-ਨਾਟ	musical play (m.) [sangi:t na:tya]
*ਸਗੋਂ	even
ਸੰਘਰਸ਼	struggle (m.)
